ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES
West/East Coast Edition | Volume 12 | Issue 48 | 7 December to 13 December 2022 | Ph.: (510) 240-5949 | Email: asrtimes@gmail.com

# ਗੁਰਾਇਆ ਦੇ ਗੁਰਦੁਆਰੇ 'ਚ ਵਾਪਰੀ ਬੇਅਦਬੀ ਦੀ ਘਟਨਾ, ਮੁਲਜ਼ਮ ਕਾਬੂ

## ਦੋਸ਼ੀ ਭਈਆਂ ਨੇ ਗੁਰੂ ਦੀ ਹਜ਼ੂਰੀ ਵਿਚ ਸ਼ਰਾਬ ਪੀਤੀ, ਤਮਾਕੂ ਥੁੱਕਿਆ ਤੇ ਪਾਵਨ ਗੁਟਕੇ ਸੁੱਟੇ

## ਬੇਅਦਬੀ ਦੇ ਦੋਸ਼ੀਆਂ ਵਿਰੁੱਧ ਸਖ਼ਤ ਕਾਰਵਾਈ ਕਰੇ ਸਰਕਾਰ ਤੇ ਪ੍ਰਸ਼ਾਸਨ : ਗਿਆਨੀ ਹਰਪ੍ਰੀਤ ਸਿੰਘ

### ਰਾਜਨੀਤਕ ਜਥੇਬੰਦੀਆਂ ਵਲੋਂ ਬੇਅਦਬੀ ਦੀ ਸਖਤ ਨਿਖੇਧੀ





ਜਲੰਧਰ/ਏ.ਟੀ.ਨਿਊਜ਼ :- ਬੀਤੇ ਦਿਨੀਂ ਇਥੋਂ ਦੇ ਗੁਰਾਇਆ ਖੇਤਰ ਵਿੱਚ ਪਿੰਡ ਮਨਸੂਰਪੁਰ ਦੇ ਗੁਰਦੁਆਰਾ ਸਾਹਿਬ ਵਿੱਚ ਬੇਅਦਬੀ ਦੀ ਘਟਨਾ ਵਾਪਰੀ। ਜਲੰਧਰ ਦੇਹਾਤੀ ਪੁਲਿਸ ਅਨੁਸਾਰ ਬੇਅਦਬੀ ਦੀ ਇਸ ਘਟਨਾ ਦੇ ਮੁਲਜ਼ਮ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਗੁਰਦੁਆਰਾ ਸਾਹਿਬ ਦੇ ਮੁੱਖ ਗ੍ਰੰਥੀ ਪਰਮਜੀਤ ਸਿੰਘ ਦਾ ਕਹਿਣਾ ਸੀ ਕਿ ਗੁਰਦੁਆਰਾ ਸਾਹਿਬ ਵਿੱਚ ਦੋ ਪਰਵਾਸੀ ਮਜ਼ਦੂਰਾਂ ਨੇ ਕਾਫੀ ਹੁੱਲੜਬਾਜ਼ੀ ਕੀਤੀ, ਗੁਰਦੁਆਰੇ ਦੇ ਜ਼ਿੰਦੇ ਤੋੜ ਦਿੱਤੇ। ਅੰਦਰ ਵੜ ਕੇ ਉਨ੍ਹਾਂ ਨੇ ਗੁਟਕੇ ਖਾਧੇ, ਤੰਬਾਕੂ ਖਾਧਾ, ਸ਼ਰਾਬ ਪੀਤੀ, ਮਹਾਰਾਜ ਦੇ ਰੁਮਾਲੇ ਉਥਲ-ਪੁਥਲ ਕੀਤੇ, ਪੋਥੀਆਂ ਨੂੰ ਵੀ ਨੁਕਸਾਨ ਪਹੁੰਚਾਇਆ ਅਤੇ ਉਸ ਤੋਂ ਬਾਅਦ ਉਨ੍ਹਾਂ ਨੇ ਗੁਟਕੇ ਵੀ ਇਧਰ-ਉਧਰ ਚੁੱਕ ਕੇ ਸੁੱਟੇ।'

ਉਨ੍ਹਾਂ ਨੇ ਦਸਿਆ 'ਮੈਨੂੰ ਇਨ੍ਹਾਂ ਬਾਰੇ ਪਤਾ ਤੜਕੇ ਲੱਗਾ। ਉਸ ਨੇ ਕਿਹਾ ਕਿ ਰੋਜ਼ਾਨਾ ਵਾਂਗ ਗੁਰਦੁਆਰਾ ਸਾਹਿਬ ਦੇ ਜੰਦਰੇ ਮੈਂ ਹੀ ਖੋਲ੍ਹਦਾ ਹਾਂ। ਰੋਜ਼ਾਨਾ ਵਾਂਗ ਸਵੇਰੇ ਜਦੋਂ ਮੈਂ ਜੰਦਰੇ ਖੋਲ੍ਹਣ ਲੱਗਾ ਤਾਂ ਦੇਖਿਆ ਖੁੱਲ੍ਹੇ ਸੀ ਤਾਂ ਮੈਨੂੰ ਸ਼ੱਕ ਹੋ ਗਿਆ, ਕਿਉਂਕਿ ਉਦਾਂ ਤਾਂ ਇਹ ਜੰਦਰੇ ਖੁੱਲ੍ਹ ਨਹੀਂ ਸਕਦੇ ਸੀ ਕਿਉਂਕਿ ਚਾਬੀ ਮੇਰੇ ਕੋਲ ਹੁੰਦੀ ਹੈ। ਇੱਕ ਮੁਲਜ਼ਮ ਅਸੀਂ ਨਗਰ ਵਾਸੀਆਂ ਨੇ ਸਹਿਯੋਗ ਨਾਲ ਕਾਬੂ ਕਰ ਲਿਆ ਅਤੇ ਦੂਜਾ ਜੋ ਫਰਾਰ ਸੀ ਜੋ ਪ੍ਰਸ਼ਾਸਨ ਨੇ ਕਾਬੂ ਕਰ ਲਿਆ ਹੈ।'

ਉਨ੍ਹਾਂ ਸਰਕਾਰ ਨੂੰ ਅਪੀਲ ਕਰਦਿਆਂ ਕਿਹਾ, 'ਸਰਕਾਰ ਇਨ੍ਹਾਂ ਨੂੰ ਨੱਥ ਪਾਵੇ ਨਹੀਂ ਤਾਂ ਜਥੇਬੰਦੀਆਂ ਬੈਠੀਆਂ... ਫਿਰ ਅਸੀਂ ਅੱਤਵਾਦੀ ਤੇ ਵੱਖਵਾਦੀ ਗਿਣੇ ਜਾਂਦੇ ਹਾਂ। ਅੱਗੇ ਵੀ ਇੰਨੀਆਂ ਬੇਅਦਬੀਆਂ ਹੋਈਆਂ ਕੋਈ ਇਨਸਾਫ਼ ਨਹੀਂ ਮਿਲਿਆ। ਐੱਸਐੱਸਪੀ ਦਿਹਾਤੀ ਜਲੰਧਰ ਸਵਰਨਦੀਪ ਸਿੰਘ ਨੇ ਘਟਨਾ ਬਾਰੇ ਜਾਣਕਾਰੀ ਦਿੰਦਿਆਂ ਕਿਹਾ, 'ਸਾਨੂੰ ਜਾਣਕਾਰੀ ਮਿਲੀ ਕਿ ਇੱਥੇ ਗੁਰਦੁਆਰਾ ਸਾਹਿਬ ਵਿੱਚ ਕੁਝ ਬੰਦੇ ਅੰਦਰ ਵੜ ਗਏ ਹਨ, ਜੋ ਸ਼ਰਾਬੀ ਹਾਲਤ ਵਿੱਚ ਸਨ। ਉਨ੍ਹਾਂ ਨੇ ਗੋਲਕ ਤੋੜਨ ਦੀ ਵੀ ਕੋਸ਼ਿਸ਼ ਕੀਤੀ ਪਰ ਸਫ਼ਲ ਨਹੀਂ ਹੋਏ। ਫਿਰ ਉਨ੍ਹਾਂ ਨੇ ਉੱਥੇ ਬੈਠ ਕੇ ਸ਼ਰਾਬ ਪੀਤੀ ਅਤੇ ਬੇਅਦਬੀ ਕਰਨ ਦੀ



ਕੋਸ਼ਿਸ਼ ਕੀਤੀ। ਪਿੰਡ ਵਾਲਿਆਂ ਨੇ ਥਾਣੇ ਦੱਸਿਆ ਤੇ ਗੋਰਾਇਆ ਦੇ ਐੱਸਐੱਚਓ ਨੇ ਫੌਰਨ ਪਹੁੰਚ ਕੇ ਕਾਰਵਾਈ ਕੀਤੀ।'

ਇੱਕ ਬੰਦਾ ਸੰਗਤ ਨੇ ਕਾਬੂ ਕਰ ਲਿਆ ਸੀ ਅਤੇ ਇੱਕ ਫਰਾਰ ਸੀ ਜਿਸ ਨੂੰ ਅਸੀਂ ਬਾਅਦ ਵਿੱਚ ਕਾਬੂ ਕਰ ਲਿਆ। 'ਉਨ੍ਹਾਂ ਨੇ ਅੱਗੇ ਕਿਹਾ, 'ਸਖ਼ਤ ਤੋਂ ਸਖ਼ਤ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ। ਐੱਸਐੱਸਪੀ ਨੇ ਕਿਹਾ ਕਿ ਫਿਲਹਾਲ ਤਾਂ ਚੋਰੀ ਦੀ ਮਨਸ਼ਾ ਹੀ ਲੱਗ ਰਹੀ ਹੈ ਬਾਕੀ ਜਾਂਚ ਵਿੱਚ ਪਤਾ ਲੱਗੇਗਾ ਕਿ ਅਸਲ ਮਨਸ਼ਾ ਕੀ ਸੀ।

**ਬੇਅਦਬੀ ਦੀ ਨਿਖੇਧੀ**

ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਨੇ ਕਿਹਾ, 'ਮੈਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਮਨਸੂਰਪੁਰ ਵਿੱਚ ਹੋਈ ਬੇਅਦਬੀ ਦੀ ਸਖ਼ਤ ਨਿੰਦਾ ਕਰਦਾ ਹਾਂ। ਉਨ੍ਹਾਂ ਕਿਹਾ ਕਿ ਮੈਂ ਮੁੱਖ ਮੰਤਰੀ ਭਗਵੰਤ ਮਾਨ ਨੂੰ ਅਪੀਲ ਕਰਦਾ ਹਾਂ ਕਿ ਡੀਜੀਪੀ ਪੰਜਾਬ ਨੂੰ ਦੋਸ਼ੀਆਂ ਖ਼ਿਲਾਫ਼ ਫ਼ੌਰੀ ਤੇ ਸਖ਼ਤ ਕਾਰਵਾਈ ਕਰਨ ਲਈ ਨਿਰਦੇਸ਼ ਦੇਣ। ਇਹ ਦੁੱਖ ਭਰਿਆ ਕੰਮ ਨਾ ਮਾਫ਼ੀ ਯੋਗ ਹੈ।' ਪੰਜਾਬ ਕਾਂਗਰਸ ਦੇ ਸੂਬਾ ਪ੍ਰਧਾਨ ਰਾਜਾ ਵੜਿੰਗ ਨੇ ਕਿਹਾ ਕਿ ਮੈਂ ਗੁਰਾਇਆ ਨੇੜੇ ਪਿੰਡ ਮਨਸੂਰਪੁਰ ਵਿੱਚ ਹੋਈ ਬੇਅਦਬੀ ਦੀ ਘਟਨਾ ਦੀ ਨਿਖੇਧੀ

(ਬਾਕੀ ਸਫ਼ਾ 29 'ਤੇ)

### ਮਾਮਲਾ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਹੱਤਿਆ ਕਾਂਡ ਦਾ

# ਅਮਰੀਕਾ ਤੋਂ ਗੋਲਡੀ ਬਰਾੜ ਨੂੰ ਭਾਰਤ ਲਿਆਉਣਾ ਸੌਖਾ ਨਹੀਂ

## ➢ ਅਜੇ ਤਕ ਗੋਲਡੀ ਬਰਾੜ ਦੀ ਗ੍ਰਿਫ਼ਤਾਰੀ ਦਾ ਕੋਈ ਸਬੂਤ ਨਹੀਂ ਮਿਲਿਆ ➢ ਭਗਵੰਤ ਮਾਨ ਦੇ ਗ੍ਰਿਫ਼ਤਾਰੀ ਬਾਰੇ ਦਾਅਵੇ, ਹਵਾਈ ਫਾਇਰ ਨਿਕਲੇ

- ➢ ਕੇਂਦਰ ਨੇ ਪੰਜਾਬ ਪੁਲਿਸ ਤੋਂ ਮੰਗਿਆ ਗੋਲਡੀ ਬਰਾੜ ਦਾ ਨਵਾਂ ਡੋਜ਼ੀਅਰ
- ➢ ਮਜੀਠੀਆ ਨੇ ਆਪ ਸਰਕਾਰ ਉਪਰ ਝੂਠ ਬੋਲਣ ਦੇ ਦੋਸ਼ ਲਗਾਏ
- ➢ ਗੋਲਡੀ ਬਰਾੜ ਨੇ ਸੋਸ਼ਲ ਮੀਡੀਆ 'ਤੇ ਗ੍ਰਿਫ਼ਤਾਰੀ ਤੋਂ ਕੀਤਾ ਇਨਕਾਰ





ਜਲੰਧਰ/ਏ.ਟੀ.ਨਿਊਜ਼ :- ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੀ ਹੱਤਿਆ ਦੇ ਦੋਸ਼ੀ ਗੈਂਗਸਟਰ ਗੋਲਡੀ ਬਰਾੜ ਦੇ ਕੈਲੀਫੋਰਨੀਆ ਵਿਚ ਗ੍ਰਿਫ਼ਤਾਰ ਹੋਣ ਦੀ ਖ਼ਬਰ ਬੀਤੇ ਹਫ਼ਤੇ ਜਿੱਥੇ ਭਾਰਤ ਦੇ ਸਾਰੇ ਮੀਡੀਆ ਚੈਨਲਾਂ 'ਤੇ ਚੱਲ ਰਹੀ ਹੈ, ਉੱਥੇ ਹੀ ਯੂਐੱਸਏ ਦੀ ਇਕ ਵੈੱਬਸਾਈਟ 'ਮੁਤਾਬਕ ਗੋਲਡੀ ਬਰਾੜ ਦੀ ਕੈਲੀਫੋਰਨੀਆ ਸੁਰੱਖਿਆ ਦਸਤਿਆਂ ਵੱਲੋਂ ਗ੍ਰਿਫ਼ਤਾਰੀ ਸਿੱਧੂ ਮੂਸੇਵਾਲਾ ਹੱਤਿਆ ਕਾਂਡ ਵਿਚ ਨਹੀਂ ਬਲਕਿ ਕਿਸੇ ਹੋਰ ਕੇਸ ਵਿਚ ਪੁੱਛਗਿੱਛ ਲਈ ਕੀਤੀ ਗਈ ਸੀ। ਤਾਜ਼ਾ ਜਾਣਕਾਰੀ ਅਨੁਸਾਰ ਅਜੇ ਤਕ ਗੋਲਡੀ ਬਰਾੜ ਦੀ ਗ੍ਰਿਫ਼ਤਾਰੀ ਦਾ ਕੋਈ ਸਬੂਤ ਨਹੀਂ ਮਿਲਿਆ ਹੈ। ਇਹ ਵੀ ਜਾਣਕਾਰੀ ਮਿਲੀ ਹੈ ਕਿ ਗੋਲਡੀ ਬਰਾੜ ਨੇ ਅਮਰੀਕਾ ਵਿਚ ਸਿਆਸੀ ਸ਼ਰਨ ਲਈ ਅਪਲਾਈ ਕੀਤਾ ਹੋਇਆ ਹੈ। ਉੱਥੇ ਹੀ ਗੋਲਡੀ ਬਰਾੜ ਦੀ ਗ੍ਰਿਫ਼ਤਾਰੀ 'ਤੇ ਸਿੱਧੂ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਨੇ ਕਿਹਾ ਕਿ ਉਨ੍ਹਾਂ ਕੋਲ ਅਜੇ ਪੱਕੀ ਖ਼ਬਰ ਨਹੀਂ ਆਈ ਹੈ, ਇਹ ਸਿਰਫ਼ ਮੀਡੀਆ ਰਿਪੋਰਟਸ ਹਨ। ਜਦ ਕਿ ਮੁੱਖ ਮੰਤਰੀ ਭਗਵੰਤ ਮਾਨ ਨੇ ਖ਼ੁਦ ਹਵਾ ਵਿਚ ਤੀਰ ਛੱਡਿਆ ਸੀ ਕਿ ਬੀਤੇ ਦਿਨੀਂ ਗੋਲਡੀ ਦੀ ਗ੍ਰਿਫ਼ਤਾਰੀ ਬਾਰੇ ਅਮਰੀਕੀ ਜਾਂਚ ਏਜੰਸੀ ਐੱਫਬੀਆਈ ਨੇ ਗ੍ਰਹਿ ਮੰਤਰਾਲੇ ਜ਼ਰੀਏ ਪੰਜਾਬ ਪੁਲਿਸ ਨਾਲ ਸੰਪਰਕ ਕੀਤਾ ਸੀ। ਅੰਮ੍ਰਿਤਸਰ ਵਿਚ ਇਕ ਸਮਾਗਮ ਦੌਰਾਨ ਸਿੱਧੂ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਸੀ ਕਿ ਉਹ ਗੋਲਡੀ ਬਰਾੜ 'ਤੇ ਇਨਾਮ ਰੱਖੇ। ਜਿਹੜਾ ਵੀ ਉਸ ਨੂੰ ਫੜ ਕੇ ਲਿਆਵੇ

(ਬਾਕੀ ਸਫ਼ਾ 29 'ਤੇ)

### ਵਿਦੇਸ਼ਾਂ ਵਿੱਚੋਂ ਹਵਾਲਗੀ ਕਾਫ਼ੀ ਔਖੀ

#### ਪੁਰਤਗਾਲ ਅਤੇ ਹਾਂਗਕਾਂਗ ਵਿੱਚ ਫੜੇ ਗਏ ਪੰਮਾ ਅਤੇ ਰੋਮੀ ਦੀ ਅਜੇ ਤੱਕ ਨਹੀਂ ਮਿਲੀ ਹਵਾਲਗੀ

ਜਲੰਧਰ : ਇਹ ਵੀ ਸਵਾਲ ਉੱਠ ਰਹੇ ਹਨ ਕਿ ਕੀ ਭਾਰਤ ਸਰਕਾਰ ਗੋਲਡੀ ਬਰਾੜ ਨੂੰ ਇੱਥੇ ਲਿਆ ਸਕੇਗੀ ? ਕਿਉਂਕਿ ਪੰਜਾਬ ਸੰਤਾਪ ਦੀ ਗੱਲ ਕਰੀਏ ਤਾਂ ਉਸ ਵੇਲੇ ਵੀ ਕਈ ਖਾੜਕੂ ਦੇਸ਼ ਛੱਡ ਕੇ ਵਿਦੇਸ਼ਾਂ ਵਿਚ ਸਿਆਸੀ ਸ਼ਰਨ ਲੈਣ ਵਿਚ ਕਾਮਯਾਬ ਹੋ ਗਏ ਤੇ ਅੱਜ ਤਕ ਸਰਕਾਰ ਦੇ ਹੱਥ ਕੁਝ ਨਹੀਂ ਲੱਗ ਸਕਿਆ। ਇਸ ਲਈ ਗੋਲਡੀ ਬਰਾੜ ਦੀ ਭਾਰਤ ਹਵਾਲਗੀ ਆਪਣੇ-ਆਪ ਵਿਚ ਸਰਕਾਰ ਲਈ ਵੱਡੀ ਚੁਣੌਤੀ ਹੈ। ਗੋਲਡੀ ਬਰਾੜ ਨੂੰ ਕੈਲੀਫੋਰਨੀਆ ਤੋਂ ਗ੍ਰਿਫ਼ਤਾਰ ਕਰਨ ਲਈ ਪੁਲਿਸ ਨੂੰ ਇੰਟਰਪੋਲ ਦੀ ਮਦਦ ਲੈਣੀ ਪਵੇਗੀ। ਜਿੰਨਾ ਚਿਰ ਇਸ ਸੰਬੰਧੀ ਪੂਰੀ ਕਾਗਜ਼ੀ ਕਾਰਵਾਈ ਮੁਕੰਮਲ ਨਹੀਂ ਹੋ ਜਾਂਦੀ, ਗੋਲਡੀ ਨੂੰ ਕਿਸੇ ਵੀ ਦੇਸ਼ ਦੀ ਪੁਲਿਸ ਹੱਥ ਨਹੀਂ ਪਾ ਸਕੇਗੀ।

ਮੁਲਜ਼ਮਾਂ ਦੀ ਵਿਦੇਸ਼ਾਂ ਵਿੱਚੋਂ ਹਵਾਲਗੀ ਕਾਫ਼ੀ ਔਖੀ ਹੈ। ਪਟਿਆਲਾ ਪੁਲਿਸ ਨੂੰ ਲੋੜੀਂਦੇ ਦੋ ਮੁਲਜ਼ਮਾਂ ਦੇ ਵਿਦੇਸ਼ਾਂ ਵਿੱਚ ਫੜੇ ਜਾਣ ਦੇ ਬਾਵਜੂਦ ਭਾਰਤ ਲਿਆਉਣ ਵਿਚ ਸਫਲ

(ਬਾਕੀ ਸਫ਼ਾ 29 'ਤੇ)

# ਇੰਡੋ ਅਮੈਰਕਿਨ ਹੈਰੀਟੇਜ ਫੋਰਮ ਨੇ ਸ਼ਹੀਦ ਕਰਤਾਰ ਸਿੰਘ ਸਰਾਭਾ ਅਤੇ ਸਾਥੀਆਂ ਦੀ ਯਾਦ 'ਚ ਕਰਵਾਇਆ ਸ਼ਹੀਦੀ ਸਮਾਗਮ

## ਸਮੁੱਚਾ ਸਮਾਗਮ ਪੰਜਾਬੀ ਬੁੱਧੀਜੀਵੀ ਸਵ. ਡਾ. ਗੁਰੂਮੇਲ ਸਿੱਧੂ ਨੂੰ ਕੀਤਾ ਗਿਆ ਸਮਰਪਿਤ



ਫਰਿਜ਼ਨੋ/ਕੁਲਵੀਰ ਹੇਅਰ :- ਇੰਡੋ ਅਮੈਰਿਕਨ ਹੈਰੀਟੇਜ ਫੋਰਮ ਫਰਿਜ਼ਨੋ ਵਲੋਂ ਸ਼ਹੀਦ ਕਰਤਾਰ ਸਿੰਘ ਸਰਾਭਾ ਅਤੇ ਸਾਥੀਆਂ ਦੀ ਯਾਦ ਮਨਾਉਣ ਸਬੰਧੀ ਸ਼ਹੀਦੀ ਸਮਾਗਮ ਬਹੁਤ ਹੀ ਉਤਸ਼ਾਹ ਨਾਲ ਕਰਵਾਇਆ। ਇਸ ਵਾਰ ਦਾ ਸਮਾਗਮ ਉੱਘੇ ਲੇਖਕ ਤੇ ਪੰਜਾਬੀ ਬੁੱਧੀਜੀਵੀ ਸਵ. ਡਾ. ਗੁਰੂਮੇਲ ਸਿੱਧੂ ਜੋ ਕਿ ਇੰਡੋ ਅਮੈਰਿਕਨ ਹੈਰੀਟੇਜ ਫੋਰਮ ਦੇ ਸਲਾਹਕਾਰ ਵੀ ਸਨ ਅਤੇ ਪਿਛਲੇ ਦਿਨੀਂ ਸਦੀਵੀ ਵਿਛੋੜਾ ਦੇ ਗਏ ਸਨ ਨੂੰ ਸਮਰਪਿਤ ਕੀਤਾ ਗਿਆ। ਇਸ ਸਮਾਗਮ ਵਿਚ ਉੱਚ ਕੋਟੀ ਦੇ ਬੁਲਾਰੇ ਅਤੇ ਭਾਰੀ ਗਿਣਤੀ ਵਿਚ ਭਾਈਚਾਰੇ ਦੇ ਲੋਕਾਂ ਨੇ ਹਿੱਸਾ ਲਿਆ। ਡਾ. ਗੁਰੂਮੇਲ ਸਿੱਧੂ ਦੇ ਪਰਿਵਾਰਕ ਮੈਂਬਰ ਵੀ ਵਿਸ਼ੇਸ਼ ਤੌਰ 'ਤੇ ਸ਼ਾਮਿਲ ਹੋਏ। ਸਮਾਗਮ ਦੀ ਸ਼ੁਰੂਆਤ ਇੰਦਰਜੀਤ ਚੁਗਾਵਾਂ ਨੇ ਕਰਦਿਆਂ ਸਭ ਨੂੰ ਜੀ ਆਇਆਂ ਕਹਿੰਦਿਆਂ ਗਾਇਕ ਰਾਜ ਬਰਾੜ ਨੂੰ ਇਕ ਗੀਤ ਪੇਸ਼ ਕਰਨ ਲਈ ਸੱਦਾ ਦਿੱਤਾ। ਉਪਰੰਤ ਹਰਜਿੰਦਰ ਢੇਸੀ ਨੇ ਸਟੇਜ ਸੰਭਾਲਦਿਆਂ ਸ਼ਹੀਦ ਕਰਤਾਰ ਸਿੰਘ ਸਰਾਭਾ, ਬਿਸ਼ਨੂ ਗਨੇਸ਼ ਪਿੰਗਲੇ, ਸਰੈਣ ਸਿੰਘ ਛੋਟਾ, ਸਰੈਣ ਸਿੰਘ ਵੱਡਾ, ਜਗਤ ਸਿੰਘ, ਹਰਨਾਮ ਸਿੰਘ ਅਤੇ ਬਖਸ਼ੀਸ਼ ਸਿੰਘ ਨੂੰ ਸ਼ਰਧਾਂਜਲੀ ਭੇਂਟ ਕੀਤੀ। ਇਸ ਮੌਕੇ ਡਾ. ਗੁਰੂਮੇਲ ਸਿੱਧੂ ਦੇ ਜੀਵਨ ਬਾਰੇ ਅਤੇ ਉਨ੍ਹਾਂ ਦੁਆਰਾ ਲਿਖੀਆਂ ਕਿਤਾਬਾਂ ਦੀ ਵਿਸਥਾਰਿਤ ਜਾਣਕਾਰੀ ਦਿੱਤੀ ਗਈ। ਬੁਲਾਰਿਆਂ ਵਿਚ ਕਹਾਣੀਕਾਰ ਕਰਮ ਸਿੰਘ ਨੇ ਉਨ੍ਹਾਂ ਨਾਲ ਬਿਤਾਏ ਪਲ ਹਾਜ਼ਰੀਨ ਨਾਲ ਸਾਂਝੇ ਕਰਦਿਆਂ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਭੇਂਟ ਕੀਤੇ। ਡਾ. ਅਰਜਨ ਸਿੰਘ ਜੋਸ਼ਨ ਨੇ ਡਾ. ਸਿੱਧੂ ਵਲੋਂ ਲਿਖੀਆਂ ਕਿਤਾਬਾਂ ਬਾਰੇ ਵਿਸ਼ੇਸ਼ ਤੌਰ 'ਤੇ ਚਰਚਾ ਕੀਤੀ। ਅਵਤਾਰ ਸਿੰਘ ਗੋਦਰਾ ਵਲੋਂ ਡਾ. ਸਿੱਧੂ ਨੂੰ ਬਹੁਪੱਖੀ ਲੇਖਕ ਐਲਾਨਦਿਆਂ ਕਿਹਾ ਕਿ ਉਨ੍ਹਾਂ ਸਮਾਜ ਦੇ ਹਰ ਵਿਸ਼ੇ 'ਤੇ ਲਿਖਿਆ। ਸੁਰਿੰਦਰ ਮੰਡਾਲੀ ਨੇ ਇੰਡੋ ਅਮੈਰਿਕਨ ਹੈਰੀਟੇਜ ਫੋਰਮ ਵਲੋਂ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਦਿਆਂ ਡਾ. ਗੁਰੂਮੇਲ ਸਿੱਧੂ ਨੂੰ ਫੋਰਮ ਵਲੋਂ ਸ਼ਰਧਾਂਜਲੀ ਭੇਂਟ ਕੀਤੀ ਗਈ। ਦਲਜੀਤ ਰਿਆੜ ਵਲੋਂ ਡਾ. ਸਿੱਧੂ ਨੂੰ ਯਾਦ ਕਰਦਿਆਂ ਉਨ੍ਹਾਂ ਵਲੋਂ ਸੰਪਾਦਿਤ ਕਿਤਾਬ 'ਸ਼ਬਦਾਂ ਦਾ ਸ਼ਗਨ' ਵਿਚ ਛਪੀ ਕਵਿਤਾ ਪੇਸ਼ ਕੀਤੀ।

ਸਾਧੂ ਸਿੰਘ ਸੰਘਾ ਨੇ ਸ਼ਹੀਦਾਂ ਅਤੇ ਡਾ. ਸਿੱਧੂ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਦੇ ਕਿਹਾ ਕਿ ਸ਼ਹੀਦ ਸਭ ਦੇ ਸਾਂਝੇ ਹੁੰਦੇ ਹਨ। ਸਾਰੇ ਸ਼ਹੀਦਾਂ ਨੂੰ ਬਰਾਬਰ ਦਾ ਰੁਤਬਾ ਦੇਣਾ ਚਾਹੀਦਾ ਹੈ। ਸੰਤੋਖ ਮਿਨਹਾਸ ਨੇ ਡਾ. ਸਿੱਧੂ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਦੇ ਇਕ ਕਵਿਤਾ ਪੇਸ਼ ਕੀਤੀ। ਪੰਜਾਬੀ ਟ੍ਰਿਬਿਊਨ ਦੇ ਸਾਬਕਾ ਸੰਪਾਦਕ ਦਲਜੀਤ ਸਰਾਂ ਨੇ ਡਾ. ਸਿੱਧੂ ਬਾਰੇ ਯਾਦਾਂ ਸਾਂਝੀਆਂ ਕੀਤੀਆਂ ਅਤੇ ਉਨ੍ਹਾਂ ਕਿਹਾ ਕਿ ਉਹ ਸਦਾ ਆਪਣੇ ਸ਼ਬਦਾਂ ਦੇ ਰੂਪ 'ਚ ਸਾਡੇ ਵਿਚ ਹਾਜ਼ਰ ਰਹਿਣਗੇ। ਆਂਚਲ ਹੇਅਰ ਨੇ ਇੰਡੋ ਅਮੈਰਿਕਨ ਹੈਰੀਟੇਜ ਫੋਰਮ ਦੀ ਇਸਤਰੀ ਵਿੰਗ ਵਲੋਂ ਸਭ ਹਾਜ਼ਰੀਨ ਦਾ ਧੰਨਵਾਦ ਕਰਦਿਆਂ ਇਕ ਸ਼ੇਅਰ ਨਾਲ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਂਟ ਕੀਤੀ ਅਤੇ ਡਾ. ਸਿੱਧੂ ਦੀਆਂ ਯਾਦਾਂ ਸਾਂਝੀਆਂ ਕਰਦਿਆਂ ਉਨ੍ਹਾਂ ਦੁਆਰਾ ਲਿਖੀ ਇਕ ਕਵਿਤਾ ਪੇਸ਼ ਕੀਤੀ। ਉਸਤਾਦ ਸ਼ਾਇਰ ਹਰਜਿੰਦਰ ਕੰਗ ਵਲੋਂ ਡਾ. ਸਿੱਧੂ ਨਾਲ ਪੁਸਤਕਾਂ ਦੇ ਸਫ਼ਰ ਦੀ ਗੱਲਬਾਤ ਕੀਤੀ ਗਈ। ਉਨ੍ਹਾਂ ਡਾ. ਸਿੱਧੂ ਦੀ ਯਾਦ ਵਿਚ ਇਕ ਹੋਰ ਸਮਾਗਮ ਕਰਵਾਉਣ ਦਾ ਵੀ ਐਲਾਨ ਕੀਤਾ। ਗੁਰਦੁਆਰਾ ਸਿੰਘ ਸਭਾ ਦੇ ਮੁੱਖ ਗ੍ਰੰਥੀ ਭਾਈ ਮਲਕੀਤ ਸਿੰਘ ਨੇ ਵਿਸਥਾਰ ਨਾਲ ਗਦਰੀ ਬਾਬਿਆਂ ਅਤੇ ਡਾ. ਸਿੱਧੂ ਬਾਰੇ ਵਿਚਾਰਾਂ ਕੀਤੀਆਂ। ਅਕਾਸ਼ ਦੀਪ ਕੌਰ ਰੁੜਕਾ ਕਲਾਂ ਵਲੋਂ ਕਰਤਾਰ ਸਿੰਘ ਸਰਾਭਾ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ। ਮਾਸਟਰ ਸੁਰਜੀਤ ਸਿੰਘ ਵਲੋਂ ਸ਼ਹੀਦ ਕਰਤਾਰ ਸਿੰਘ ਸਰਾਭਾ ਅਤੇ ਸਮੂਹ ਸ਼ਹੀਦਾਂ ਨੂੰ ਸਮਰਪਿਤ ਕਵਿਤਾ ਪੇਸ਼ ਕੀਤੀ। ਫਿਲਮੀ ਅਦਾਕਾਰ ਕਿਮੀ ਵਰਮਾ ਵਲੋਂ ਫੋਰਮ ਦੇ ਇਸ ਉਪਰਾਲੇ ਦੀ ਭਰਪੂਰ ਸ਼ਲਾਘਾ ਕੀਤੀ ਗਈ ਅਤੇ ਫੋਰਮ ਦੇ ਹਰ ਸਮਾਗਮ ਵਿਚ ਹਾਜ਼ਰ ਹੋਣ ਬਾਰੇ ਕਿਹਾ। ਉਨ੍ਹਾਂ ਇਸ ਮੌਕੇ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਦਿਆਂ ਕਿਹਾ ਕਿ ਸਾਡੇ ਗੌਰਵਮਈ ਇਤਿਹਾਸ ਬਾਰੇ ਬੱਚਿਆਂ ਨੂੰ ਜਾਣਕਾਰੀ ਦੇਣਾ ਬਹੁਤ ਹੀ ਜ਼ਰੂਰੀ ਹੈ। ਫੋਰਮ ਦੇ ਉੱਪ ਪ੍ਰਧਾਨ ਪ੍ਰਗਟ ਸਿੰਘ ਵਲੋਂ ਸ਼ਹੀਦਾਂ ਦੀਆਂ ਘਾਲਣਾਵਾਂ ਤੇ ਕੁਰਬਾਨੀਆਂ ਨੂੰ ਸਲਾਮ ਕਰਦਿਆਂ ਸ਼ਰਧਾ ਸੁਮਨ ਅਰਪਨ ਕੀਤੇ। ਸ਼ਿਦਰਪਾਲ ਸਿੰਘ ਰਠੌੜ ਵਲੋਂ ਇਕ ਸ਼ੇਅਰ ਅਤੇ ਗੀਤ ਪੇਸ਼ ਕੀਤਾ। ਗਾਇਕ ਪੱਪੀ ਭਦੌੜ ਨੇ 'ਤੂੰ ਅੱਜ ਵੀ ਤੇਈ ਸਾਲ ਦਾ' ਅਤੇ ਅਵਤਾਰ ਗਰੇਵਾਲ ਨੇ 'ਕਰਤਾਰ ਸਰਾਭਾ ਜਿਹਾ ਅਣਖੀ' ਗੀਤ ਪੇਸ਼ ਕੀਤੇ। ਕਮਲਜੀਤ ਬੈਨੀਪਾਲ ਨੇ ਬਹੁਤ ਖੂਬਸੂਰਤ ਗੀਤ 'ਲੋਕੋ ਸੂਰਮੇ ਉਮਰਾਂ ਥੋੜੀਆਂ ਪਾਲਿਆ ਕਰਦੇ ਨੇ' ਪੇਸ਼ ਕੀਤਾ। ਪ੍ਰਿੰਸੀਪਲ ਬਲਵਿੰਦਰ ਸਿੰਘ ਡਾ. ਸਿੱਧੂ ਦੀ ਬੁਕ 'ਚ ਛਪੀ ਗਦਰ ਲਹਿਰ ਬਾਰੇ ਜਾਣਕਾਰੀ ਦਿੱਤੀ ਅਤੇ ਇੰਡੋ ਅਮੈਰਿਕਨ ਹੈਰੀਟੇਜ ਫੋਰਮ ਵਲੋਂ ਸਭ ਦਾ ਧੰਨਵਾਦ ਕੀਤਾ। ਜੀ.ਐੱਚ.ਜੀ. ਸੰਗੀਤ ਤੇ ਡਾਂਸ ਅਕੈਡਮੀ ਵਲੋਂ ਤਿਆਰ ਛੋਟੀਆਂ ਬੱਚੀਆਂ ਵਲੋਂ ਗਿੱਧਾ ਭੰਗੜਾ ਦੀਆਂ ਆਈਟਮਾਂ ਪੇਸ਼ ਕਰਕੇ ਵਾਹ ਵਾਹ ਖੱਟੀ ਗਈ। ਇਸ ਮੌਕੇ ਬਖਤੌਰ ਸਿੰਘ ਸੋਡਾ ਮਹਿਲ ਕਲਾਂ ਸਗੰਰੂਰ ਨੂੰ ਫੋਰਮ ਵਲੋਂ ਇਕ ਸ਼ਾਲ ਅਤੇ ਡਾ. ਗੁਰੂਮੇਲ ਸਿੰਘ ਸਿੱਧੂ ਦੀ ਕਿਤਾਬ ਭੇਂਟ ਕਰ ਕੇ ਸਨਮਾਨਿਤ ਕੀਤਾ ਗਿਆ।



# ਅਮਰੀਕਾ ਨੇ ਅਲਕਾਇਦਾ, ਪਾਕਿਸਤਾਨੀ ਤੇ ਤਾਲਿਬਾਨ ਦੇ ਮੈਂਬਰ ਕੌਮਾਂਤਰੀ ਅਤਿਵਾਦੀ ਐਲਾਨੇ

## ਅਫ਼ਗਾਨਿਸਤਾਨ 'ਚ ਅਤਿਵਾਦੀ ਗਤੀਵਿਧੀਆਂ ਉਤੇ ਕੰਟਰੋਲ ਕਰੇਗਾ ਅਮਰੀਕਾ : ਬਲਿੰਕਨ

ਵਾਸ਼ਿੰਗਟਨ/ਏ.ਟੀ.ਨਿਊਜ਼ :- ਅਮਰੀਕਾ ਨੇ ਅਲਕਾਇਦਾ ਅਤੇ ਪਾਕਿਸਤਾਨੀ ਤਾਲਿਬਾਨ ਜਥੇਬੰਦੀਆਂ ਦੇ ਚਾਰ ਮੈਂਬਰਾਂ ਨੂੰ ਕੌਮਾਂਤਰੀ ਅਤਿਵਾਦੀ ਐਲਾਨਿਆ ਹੈ। ਅਮਰੀਕਾ ਦੇ ਵਿਦੇਸ਼ ਮੰਤਰੀ ਐਂਟਨੀ ਬਲਿੰਕਨ ਨੇ ਇਹ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਬਾਈਡਨ ਪ੍ਰਸ਼ਾਸਨ ਇਹ ਯਕੀਨੀ ਬਣਾਏਗਾ ਕਿ ਕੋਈ ਵੀ ਅਤਿਵਾਦੀ ਅਫ਼ਗਾਨਿਸਤਾਨ ਵਿੱਚ ਪੈਰ ਨਾ ਜਮਾ ਸਕੇ। ਜਿਨ੍ਹਾਂ ਨੂੰ ਆਲਮੀ ਅਤਿਵਾਦੀ ਵਜੋਂ ਨਾਮਜ਼ਦ ਕੀਤਾ ਗਿਆ ਹੈ ਉਨ੍ਹਾਂ ਵਿੱਚ ਭਾਰਤੀ ਉਪ ਮਹਾਂਦੀਪ ਵਿੱਚ ਅਲ ਕਾਇਦਾ (ਏਕਿਊਆਈਐੱਸ) ਦਾ ਅਮੀਰ ਓਸਾਮਾ ਮਹਿਮੂਦ, ਏਕਿਊਆਈਐੱਸ ਦਾ ਡਿਪਟੀ ਅਮੀਰ ਆਤਿਫ ਯਾਹੀਆ ਗੌਰੀ ਅਤੇ



ਜਥੇਬੰਦੀ ਵਿੱਚ ਭਰਤੀ ਕਰਨ ਵਾਲਾ ਮੁਹੰਮਦ ਮਾਰੂਫ ਸ਼ਾਮਲ ਹਨ। ਇਸੇ ਤਰ੍ਹਾਂ ਪਾਕਿਸਤਾਨ ਦੇ ਖ਼ੈਬਰ ਪਖ਼ਤੂਨਖਵਾ ਵਿੱਚ ਅਤਿਵਾਦੀਆਂ ਨੂੰ ਪਨਾਹ ਦੇਣ ਵਾਲੇ ਤਹਿਰੀਕ-ਏ-ਤਾਲਿਬਾਨ ਪਾਕਿਸਤਾਨ (ਟੀਟੀਪੀ) ਦੇ ਡਿਪਟੀ ਅਮੀਰ ਕਾਰੀ ਅਮਜਦ 'ਤੇ ਵੀ ਰੋਕ ਲਾ ਦਿੱਤੀ ਗਈ ਹੈ। ਇਸ ਕਦਮ ਤੋਂ ਬਾਅਦ ਇਨ੍ਹਾਂ ਮੈਂਬਰਾਂ ਦੀ ਉਹ ਸਾਰੀ ਜਾਇਦਾਦ ਤੇ ਹੋਰ ਹਿੱਤ ਜੋ ਅਮਰੀਕਾ ਦੇ ਅਧਿਕਾਰ ਖੇਤਰ ਵਿਚ ਹੋਣਗੇ, ਉਤੇ ਰੋਕ ਲਾ ਦਿੱਤੀ ਜਾਵੇਗੀ। ਅਮਰੀਕਾ ਦਾ ਕੋਈ ਵੀ ਵਿਅਕਤੀ ਇਨ੍ਹਾਂ ਨਾਲ ਲੈਣ-ਦੇਣ ਨਹੀਂ ਕਰ ਸਕੇਗਾ। ਇਕ ਬਿਆਨ ਵਿਚ ਬਲਿੰਕਨ ਨੇ ਕਿਹਾ ਕਿ ਅਮਰੀਕਾ, ਅਫ਼ਗਾਨਿਸਤਾਨ 'ਚੋਂ ਕਾਰਵਾਈਆਂ ਕਰ ਰਹੇ ਟੀਟੀਪੀ ਤੇ ਏਕਿਊਆਈਐੱਸ ਜਿਹੇ ਗਰੁੱਪਾਂ ਉਤੇ ਲਗਾਮ ਕੱਸਣ ਲਈ ਵਚਨਬੱਧ ਹੈ।

# ਟੇਲੈਂਟ ਸ਼ੋਅ ਆਫ ਪੰਜਾਬੀ ਕਲਚਰ ਦੌਰਾਨ ਫਰਿਜ਼ਨੋ 'ਚ ਪੰਜਾਬੀ ਮੁੰਡੇ ਕੁੜੀਆਂ ਨੇ ਵਿਖਾਏ ਜੌਹਰ









ਫਰਿਜ਼ਨੋ (ਕੈਲੀਫੋਰਨੀਆ)/ ਗੁਰਿੰਦਰਜੀਤ ਨੀਟਾ ਮਾਛੀਕੇ/ਕੁਲਵੰਤ ਧਾਲੀਆਂ :- ਫਰਿਜਨੋ ਦੇ ਟਾਵਰ ਥੇਇਟਰ ਵਿੱਚ ਪੰਜਾਬੀ ਫਿਲਮਾਂ ਦੀ ਮਸਹੂਰ ਹੀਰੋਇਨ ਕਿਮੀ ਵਰਮਾ ਵੱਲੋਂ ਪੰਜਾਬੀ ਸੱਭਿਆਚਾਰ ਅਤੇ ਵਿਰਸੇ ਨੂੰ ਪ੍ਰਮੋਟ ਕਰਨ ਲਈ ਟੇਲੈਂਟ ਸ਼ੋਅ ਆਫ ਪੰਜਾਬੀ ਕਲਚਰ ਨਾਮੀਂ ਸ਼ੋਅ ਕਰਵਾਇਆ ਗਿਆ। ਇਸ ਦੌਰਾਨ ਪੰਜਾਬੀਆਂ ਨਾਲ ਖਚਾਖਚ ਭਰੇ ਹਾਲ ਦੌਰਾਨ ਪੰਜਾਬੀਆਂ ਨੇ ਆਪਣੇ ਫਨ ਦਾ ਮੁਜ਼ਾਹਰਾ ਕਰਦਿਆਂ ਹਰ ਇੱਕ ਨੂੰ ਪੰਜਾਬੀਅਤ ਦੇ ਰੰਗ ਵਿੱਚ ਰੰਗਿਆ। ਸਟੇਜ ਦੀ ਸ਼ੁਰੂਆਤ ਭਾਵੁਕ ਹੁੰਦਿਆਂ ਕਿਮੀ ਵਰਮਾ ਨੇ ਛੋਟੇ ਸਾਹਿਬਜ਼ਾਦਿਆਂ ਨੂੰ ਯਾਦ ਕਰਦਿਆਂ ਸਭਨਾਂ ਨੂੰ ਨਿੱਘੀ ਜੀ ਆਇਆਂ ਆਖਕੇ ਕੀਤੀ। ਉਪਰੰਤ ਛੋਟੇ ਸਾਹਿਬਜ਼ਾਦੇ ਫ਼ਿਲਮ ਦੇ ਗੀਤ ਨੇ ਹਰ ਇੱਕ ਅੱਖ ਨਮ ਕਰ ਦਿੱਤੀ। ਇਸ ਗੀਤ ਨੂੰ ਤਰਿਪਤਜੀਤ ਕੌਰ ਨੇ ਰੂਹ



ਨਾਲ ਗਾਇਆ। ਰੋਇਲ ਟਰਬਨ ਵਾਲੇ ਵੀਰ ਨੇ ਪੱਗ ਦੀ ਮਹਾਨਤਾ ਬਾਰੇ ਦੱਸਦਿਆਂ ਸਟੇਜ ਤੋਂ ਪੱਗ ਬੰਨ੍ਹਣੀ ਸਿਖਾਈ। ਉਪਰੰਤ ਛੋਟੇ ਬੱਚਿਆਂ ਦੀਆਂ ਮਨਮੋਹਕ ਪੇਸ਼ਕਾਰੀਆਂ ਨੇ ਸਭਨਾਂ ਦੇ ਮਨ ਮੋਹ ਲਏ। ਬਰਾਇਡਲ ਸ਼ੋਅ ਦੌਰਾਨ ਸਜ-ਧਜਕੇ ਆਈਆ ਮੁਟਿਆਰਾਂ ਨੇ ਸਟੇਜ ਨੂੰ ਹੋਰ ਵੀ ਚਾਰ ਚੰਨ ਲਾ ਦਿੱਤੇ। ਇਕੱਲੀ ਇਕੱਲੀ ਮੁਟਿਆਰ ਨੇ ਪੂਰਾ ਤਾਣ ਕੇ ਲਾ ਕੇ ਆਪੋ ਆਪਣੀ ਆਈਟਮ ਨੂੰ ਬਾਖ਼ੂਬੀ ਨਿਭਾਇਆ। ਤਰਨਜੀਤ ਕੌਰ ਕਲੇਰ ਨੇ ਆਪਣੀ ਟੀਮ ਨਾਲ ਸਿੰਮੀ ਨਾਚ ਨੱਚਕੇ ਸਭਨਾਂ ਨੂੰ ਝੂਮਣ ਲਾ ਦਿੱਤਾ। ਜੀ. ਐਚ. ਜੀ. ਡਾਂਸ ਐਂਡ ਸੰਗੀਤ ਅਕੈਡਮੀ ਦੇ ਬੱਚਿਆਂ ਨੇ ਭੰਗੜੇ ਅਤੇ ਗਿੱਧੇ ਦੇ ਖ਼ੂਬ ਜੌਹਰ ਵਿਖਾਏ। ਪੱਪੀ ਭਦੌੜ ਨੇ ਇੱਕ ਗੀਤ ਰਾਹੀ ਹਾਜਰੀ ਲਵਾਈ। ਕਿਮੀ ਵਰਮਾ ਨੇ ਜੀ. ਐਚ. ਜੀ. ਭੰਗੜੇ ਦੀ ਟੀਮ ਨਾਲ ਆਪਣੀ ਬਾਕਮਾਲ ਪੇਸ਼ਕਾਰੀ ਕਰਕੇ ਹਾਲ ਤਾੜੀਆਂ ਨਾਲ ਗੂੰਜਣ ਲਾ ਦਿੱਤਾ। ਭੰਗੜਾ ਕੋਚ ਜਸਪ੍ਰੀਤ ਸਿੱਧੂ ਦੀ ਅਦਾਕਾਰੀ ਦੀ ਹਰ ਕੋਈ ਤਰੀਫ ਕਰਦਾ ਨਜ਼ਰ ਆਇਆ। ਅਖੀਰ ਵਿੱਚ ਭੰਗੜਾ ਕਿੰਗ ਸਰਬਜੀਤ ਚੀਮਾ ਨੇ ਆਪਣੇ ਨਵੇਂ ਪੁਰਾਣੇ ਗੀਤਾਂ ਦੀ ਐਸੀ ਛਹਿਬਰ ਲਾਈ ਕਿ ਪੰਜਾਬੀਆਂ ਨੇ ਨੱਚ ਨੱਚ ਅੰਬਰੀ ਧੂੜ੍ਹ ਚੜ੍ਹਾ ਦਿੱਤੀ। ਢੇਸੀ ਪਰਿਵਾਰ ਦੀਆਂ ਸਕਿੱਟਾਂ ਨੇ ਦਰਸ਼ਕਾਂ ਦਾ ਖ਼ੂਬ ਧਿਆਨ ਖਿੱਚਿਆ। ਅਖੀਰ ਵਿੱਚ ਸਭਨਾਂ ਨੂੰ ਸਪਾਂਸਰਾਂ ਵੱਲੋਂ ਇਨਾਮ ਦੇ ਕੇ ਸਨਮਾਨਿਤ ਕੀਤਾ ਗਿਆ। ਪੱਪੀ ਭਦੌੜ, ਬਿੱਟੂ ਦੇਵਗਨ ਅਤੇ ਜੋਰੇ ਢੋਲੀ ਦੇ ਮਿਊਜ਼ੀਕਲ ਗਰੁੱਪ ਦੀ ਹਰ ਕੋਈ ਤਾਰੀਫ ਕਰਦਾ ਨਜ਼ਰ ਆਇਆ। ਸਟੇਜ ਸੰਚਾਲਨ ਜੋਤ ਰਣਜੀਤ ਕੌਰ ਅਤੇ ਸਨੀ ਬੱਬਰ ਨੇ ਬਾਖ਼ੂਬੀ ਕੀਤਾ। ਅਖੀਰ ਅਮਿੱਟ ਪੈੜਾਂ ਛੱਡਦਾ ਇਹ ਪ੍ਰੋਗਰਾਮ ਯਾਦਗਾਰੀ ਹੋ ਨਿਬੜਿਆ।

# ਸਹਾਇਤਾ ਸੰਸਥਾ ਲਈ ਫੰਡ ਇਕੱਤਰਤਾ ਤੇ ਮਡੈਸਟੋ ਏਰੀਏ ਦੇ ਸਮੂਹ ਪੰਜਾਬੀਆਂ ਵੱਲੋਂ ਬੇਮਿਸਾਲ ਹੁੰਗਾਰਾ

ਮਡੈਸਟੋ (ਕੈਲੀਫੋਰਨੀਆ)/ਨੀਟਾ ਮਾਛੀਕੇ / ਕੁਲਵੰਤ ਧਾਲੀਆਂ :- ਮਡਿਸਟੋ ਦੇ ਲਾਗਲੇ ਸਹਿਰ ਰਿਪਨ ਦੇ ਕਮਿਊਂਨਟੀ ਸੈਂਟਰ ਵਿਖੇ ਮਡਿਸਟੋ ਸਹਾਇਤਾ ਟੀਮ ਦੇ ਉਦਮ ਸਦਕਾ ਇੱਕ ਵਿਸੇਸ ਫੰਡ ਰੇਜਰ ਦਾ ਉਪਰਾਲਾ ਸਹਾਇਤਾ ਸੰਸਥਾ ਲਈ ਕੀਤਾ ਗਿਆ। ਇਸ ਮੌਕੇ ਵੱਡੀ ਗਿਣਤੀ ਵਿੱਚ ਪੰਜਾਬੀਆਂ ਨੇ ਪਹੁੰਚ ਕੇ ਆਪਣਾ ਦਸਵੰਧ ਕੱਢਿਆ ਅਤੇ ਹਜ਼ਾਰਾਂ ਡਾਲਰ ਇਕੱਤਰ ਕਰਕੇ ਸਹਾਇਤਾ ਸੰਸਥਾ ਦੀ ਝੋਲ਼ੀ ਪਾਏ। ਇੱਥੇ ਇਹ ਗੱਲ ਜ਼ਿਕਰਯੋਗ ਹੈ ਕਿ ਸਹਾਇਤਾ ਸੰਸਥਾ 2005 ਵਿੱਚ ਡਾ. ਹਰਕੇਸ ਸਿੰਘ ਸੰਧੂ ਦੇ ਯਤਨਾਂ ਸਦਕੇ ਹੋਂਦ ਵਿੱਚ ਆਈ ਸੀ ਅਤੇ ਉਦੋਂ ਤੋਂ ਹੀ ਦੇਸ਼ਾਂ ਵਿਦੇਸ਼ਾਂ ਵਿੱਚ ਲੋੜਵੰਦ ਲੋਕਾਂ ਅਤੇ ਬੱਚਿਆਂ ਦੀ ਪੜ੍ਹਾਈ ਲਈ ਉਪਰਾਲੇ ਕਰ ਰਹੀ ਹੈ। ਇਸ ਸਮਾਗਮ ਦੀ ਸੁਰੂਆਤ ਹਰਸਿਮਰਨ ਸੰਗਰਾਮ ਸਿੰਘ ਨੇ ਸਭਨਾਂ ਨੂੰ ਨਿੱਘੀ ਜੀ ਆਖਦਿਆਂ, ਸਹਾਇਤਾ ਸੰਸਥਾ ਦੇ ਕੰਮਾਂ ਤੋਂ ਸੰਗਤ ਨੂੰ ਜਾਣੂ ਕਰਾਉਂਦਿਆਂ ਕੀਤੀ। ਸਪਾਂਸਰਾਂ ਨੇ ਇਸ ਮੌਕੇ ਸੰਸਥਾ ਦੀ ਹਰ ਤਰ੍ਹਾਂ ਦੀ ਮੱਦਦ ਕਰਨ ਲਈ ਵਚਨ-ਬੱਧਤਾ ਪ੍ਰਗਟਾਈ। ਹਰਸਿਮਰਨ ਸੰਗਰਾਮ ਸਿੰਘ ਨੇ ਸੰਸਥਾ ਦੀਆਂ ਉਪਲਬਧੀਆਂ ਤੋਂ ਆਏ ਮਹਿਮਾਨਾਂ ਨੂੰ ਜਾਣੂ ਕਰਵਾਇਆ। ਇਸ ਮੌਕੇ ਦਲਜੀਤ ਸਿੰਘ ਖਹਿਰਾ, ਅੰਮ੍ਰਿਤ ਧਾਲੀਵਾਲ, ਰੂਬੀ ਵੜੈਂਚ ਦੀ ਜੁਬਾਨੀਂ ਗੂੰਗੇ-ਬਹਿਰੇ ਅਤੇ ਬੇਘਰੇ ਬੱਚੇ ਬੱਚੀਆਂ ਦੀਆਂ ਦਰਦਨਾਕ ਕਹਾਣੀਆਂ ਸੁਣਕੇ ਹਰ ਅੱਖ ਨਮ ਹੋ ਗਈ। ਜਗਦੀਪ ਸਿੰਘ ਸਹੋਤਾ ਨੇ ਵੀਡੀਓ ਚਲਾ ਕੇ ਸਹਾਇਤਾ ਦੇ ਕੰਮਾਂ ਤੇ ਪੰਛੀ ਝਾਤ ਪਵਾਈ। ਕਸਮੀਰ ਸਿੰਘ ਗਿੱਲ ਨੇ ਦੱਸਿਆ ਕਿ ਸਹਾਇਤਾ ਸੰਸਥਾ ਜਿਹੜੀ ਕਿ 2005 ਤੋਂ ਮਨੁੱਖਤਾ ਦੀ ਸੇਵਾ ਲਈ ਨਿਰਸਵਾਰਥ ਕਾਰਜ ਕਰਕੇ ਚਰਚਾ ਵਿੱਚ ਰਹੀ ਹੈ। ਇਹ ਸੰਸਥਾ ਦਾਨੀ ਸੱਜਣਾਂ ਦੇ ਸਾਥ ਨਾਲ ਦੀਨ-ਦੁਖੀਆਂ ਦੀ ਮਦਦ ਕਰਦੀ ਆ ਰਹੀ ਹੈ ਅਤੇ ਇਸ ਸ਼ੁੱਭ-ਕਾਰਜ ਲਈ ਮਡੈਸਟੋ ਏਰੀਏ ਦੇ ਸਮੂਹ ਸਪਾਂਸਰ ਸੱਜਣਾਂ ਨੂੰ ਵਧਾਈ ਦਿੱਤੀ ਅਤੇ ਆਏ ਉਨ੍ਹਾਂ ਸਮੂਹ ਦਾਨੀ ਸੱਜਣਾਂ ਦਾ ਧੰਨਵਾਦ ਕੀਤਾ। ਇਸ ਮੌਕੇ ਜਿੱਥੇ ਸਹਾਇਤਾ ਨੇ ਆਪਣੇ ਕੰਮਾਂ ਤੋਂ ਦਾਨੀ ਸੱਜਣਾਂ ਨੂੰ ਜਾਣੂ ਕਰਵਾਇਆ, ਓਥੇ ਇਸ ਸਮਾਗਮ ਦੌਰਾਨ ਡੀਜੇ ਰੂਬੀ, ਰਾਇਲ ਡੀਕੋਰ ਅਤੇ ਅਮਰ ਇੰਡੀਆ ਕੋਜੀਨ ਅਤੇ ਬੈਕੁੰਟਹਾਲ ਫੇਅਰਫੀਲਡ ਦਾ ਵਿਸ਼ੇਸ਼ ਯੋਗਦਾਨ ਰਿਹਾ। ਇਸ ਮੌਕੇ ਕਰੀਬ 41701 ਡਾਲਰ ਦਾਨੀ ਸੱਜਣਾਂ ਦੇ ਸਹਿਯੋਗ ਨਾਲ ਇਕੱਤਰ ਹੋਏ।

# ਕੈਨੇਡਾ ਵਿਖੇ ਓਪਨ ਵਰਕ ਪਰਮਿਟ ਵਾਲਿਆਂ ਦੇ ਜੀਵਨ ਸਾਥੀ ਵੀ ਕਰ ਸਕਣਗੇ ਕੰਮ




ਟੋਰਾਂਟੋ/ਏ.ਟੀ.ਨਿਊਜ਼ :- ਕੈਨੇਡਾ ਨੇ ਐਲਾਨ ਕੀਤਾ ਹੈ ਕਿ ਸਾਲ 2023 ਦੀ ਸ਼ੁਰੂਆਤ ਤੋਂ ਉਨ੍ਹਾਂ ਦੇ ਮੁਲਕ ਵਿਚ ਓਪਨ ਵਰਕ ਪਰਮਿਟ ਧਾਰਕਾਂ ਦੇ ਪਤੀ/ਪਤਨੀ ਵੀ ਕੰਮ ਕਰਨ ਦੇ ਯੋਗ ਹੋਣਗੇ।

ਸਰਕਾਰ ਨੇ ਇਹ ਫ਼ੈਸਲਾ ਓਪਨ ਵਰਕ ਪਰਮਿਟ ਧਾਰਕਾਂ ਦੇ ਪਰਿਵਾਰਾਂ ਨੂੰ ਇਕੱਠਿਆਂ ਰੱਖਣ ਲਈ ਕੀਤਾ ਹੈ। ਕੈਨੇਡਾ ਦੇ ਇਮੀਗਰੇਸ਼ਨ ਮੰਤਰੀ ਸੀਨ ਫਰੇਜ਼ਰ ਨੇ ਕਿਹਾ, 'ਇਸ ਨਾਲ ਕੰਮ ਦੇਣ ਵਾਲਿਆਂ ਲਈ ਕਾਮੇ ਲੱਭਣੇ ਆਸਾਨ ਹੋਣਗੇ ਅਤੇ ਪਰਿਵਾਰ ਵੀ ਇਕੱਠੇ ਰਹਿ ਸਕਣਗੇ।' ਉਨ੍ਹਾਂ ਕਿਹਾ ਕਿ ਸਰਕਾਰ ਦੇ ਇਸ ਕਦਮ ਨਾਲ ਕੈਨੇਡਾ ਦੇ ਦੋ ਲੱਖ ਤੋਂ ਵੱਧ ਵਰਕਰ ਆਪਣੇ ਪਰਿਵਾਰਾਂ ਨਾਲ ਰਹਿ ਸਕਣਗੇ ਤੇ ਕੰਮ ਕਰ ਸਕਣਗੇ। ਉਨ੍ਹਾਂ ਕਿਹਾ ਕਿ ਸਰਕਾਰ ਦੀ ਨਵੀਂ ਨੀਤੀ ਨਾਲ ਉਮੀਦ ਹੈ ਕਿ ਕੈਨੇਡਾ ਨੂੰ ਇੱਕ ਲੱਖ ਤੋਂ ਵੱਧ ਨਵੇਂ ਕਾਮੇ ਮਿਲਣਗੇ।

# ਉੱਤਰੀ ਕੈਰੋਲੀਨਾ ਵਿਚ ਸਬ ਸਟੇਸ਼ਨਾਂ ਤੇ ਗੋਲ਼ੀਬਾਰੀ ਕਾਰਨ ਬਿਜਲੀ ਸਪਲਾਈ ਗੁੱਲ



ਸੈਕਰਾਮੈਂਟੋ/ਹੁਸਨ ਲੜੋਆ ਬੰਗਾ :- ਉੱਤਰੀ ਕੈਰੋਲੀਨਾ ਵਿਚ ਕਾਰਥੇਜ ਵਿਖੇ ਗੋਲ਼ੀਬਾਰੀ ਕਾਰਨ ਸਬ ਸਟੇਸ਼ਨਾਂ ਨੂੰ ਪੁੱਜੇ ਨੁਕਸਾਨ ਦੇ ਸਿੱਟੇ ਵਜੋਂ 40000 ਦੇ ਕਰੀਬ ਖਪਤਕਾਰਾਂ ਦੀ ਬਿਜਲੀ ਸਪਲਾਈ ਗੁੱਲ ਹੋ ਗਈ। ਅਧਿਕਾਰੀਆਂ ਵੱਲੋਂ ਖ਼ੁਲਾਸਾ ਕੀਤਾ ਗਿਆ ਹੈ ਕਿ ਉਨ੍ਹਾਂ ਨੂੰ ਅਜਿਹੇ ਸਬੂਤ ਮਿਲੇ ਹਨ ਜਿਨ੍ਹਾਂ ਤੋਂ ਪਤਾ ਲੱਗਦਾ ਹੈ ਕਿ ਗੋਲ਼ੀਬਾਰੀ ਕਰਕੇ ਸਬ ਸਟੇਸ਼ਨਾਂ ਨੂੰ ਜਾਣਬੁਝ ਕੇ ਨੁਕਸਾਨ ਪਹੁੰਚਾਇਆ ਗਿਆ ਹੈ। ਇਸ ਖੁਲਾਸੇ ਤੋਂ ਬਾਅਦ ਹੰਗਾਮੀ ਸਥਿਤੀ ਦਾ ਐਲਾਨ ਕੀਤਾ ਗਿਆ ਹੈ ਤੇ ਘਟਨਾ ਦੀ ਅਪਰਾਧਿਕ ਨਜ਼ਰੀਏ ਤੋਂ ਜਾਂਚ ਪੜਤਾਲ ਕੀਤੀ ਜਾਵੇਗੀ। ਮੂਰੀ ਕਾਊਂਟੀ ਦੇ ਸ਼ੈਰਿਫ ਰੋਨੀ ਫੀਲਡਸ ਅਨੁਸਾਰ ਅਜਿਹੇ ਸੰਕੇਤ ਮਿਲੇ ਹਨ ਕਿ ਵੱਖ-ਵੱਖ ਥਾਵਾਂ 'ਤੇ ਦੋ ਸਬ ਸਟੇਸ਼ਨਾਂ ਨੂੰ ਗਿਣ ਮਿੱਥ ਕੇ ਨਿਸ਼ਾਨਾ ਬਣਾਇਆ ਗਿਆ ਹੈ। ਮਾਮਲਾ ਜਾਂਚ ਅਧੀਨ ਹੈ। ਉਨ੍ਹਾਂ ਕਿਹਾ ਕਿ ਇਕ ਜਾਂ ਇਕ ਤੋਂ ਵੱਧ ਹਮਲਾਵਰਾਂ ਨੇ ਸਬ ਸਟੇਸ਼ਨਾਂ ਉਪਰ ਗੋਲ਼ੀਬਾਰੀ ਕੀਤੀ ਹੈ।

# ਸਾਬਕਾ ਰਾਸ਼ਟਰਪਤੀ ਟਰੰਪ ਦੀਆਂ ਮੁਸ਼ਕਿਲਾਂ ਵਧੀਆਂ, ਉਨ੍ਹਾਂ ਦੀਆਂ 2 ਕੰਪਨੀਆਂ ਟੈਕਸ ਫਰਾਡ ਸਕੀਮ ਵਿਚ ਦੋਸ਼ੀ ਕਰਾਰ

## ਜਨਵਰੀ ਵਿਚ ਸੁਣਾਈ ਜਾਵੇਗੀ ਸਜ਼ਾ, ਲੱਗ ਸਕਦਾ ਹੈ ਭਾਰੀ ਜੁਰਮਾਨਾ



ਸੈਕਰਾਮੈਂਟੋ/ਹੁਸਨ ਲੜੋਆ ਬੰਗਾ :- ਸਾਬਕਾ ਰਾਸ਼ਟਰਪਤੀ ਡੋਨਲਡ ਟਰੰਪ ਦੀਆਂ ਮੁਸ਼ਕਿਲਾਂ ਉਸ ਵੇਲੇ ਹੋਰ ਵਧ ਗਈਆਂ ਜਦੋਂ ਮੈਨਹਟਨ ਦੀ ਇਕ ਜਿਊਰੀ ਨੇ ਉਨਾਂ ਦੀਆਂ 2 ਕੰਪਨੀਆਂ ਨੂੰ ਕ੍ਰਿਮੀਨਲ ਟੈਕਸ ਫਰਾਡ ਸਕੀਮ ਵਿਚ ਉਨ੍ਹਾਂ ਵਿਰੁੱਧ ਲਾਏ ਗਏ ਸਾਰੇ ਦੋਸ਼ਾਂ ਵਿਚ ਦੋਸ਼ੀ ਕਰਾਰ ਦੇ ਦਿੱਤਾ। ਜਿਊਰੀ ਦੇ ਇਸ ਫੈਸਲੇ ਕਾਰਨ 2024 ਵਿਚ ਤੀਸਰੀ ਵਾਰ ਉਨ੍ਹਾਂ ਦੇ ਰਾਸ਼ਟਰਪਤੀ ਦੀ ਚੋਣ ਲੜਨ ਦੀਆਂ ਸੰਭਾਵਨਾਵਾਂ ਪ੍ਰਭਾਵਿਤ ਹੋ ਸਕਦੀਆਂ ਹਨ। ਟਰੰਪ ਕਾਰਪੋਰੇਸ਼ਨ ਨੂੰ 9 ਦੋਸ਼ਾਂ ਤੇ ਟਰੰਪ ਪੇਰੋਲ ਕਾਰਪੋਰੇਸ਼ਨ ਨੂੰ ਸਾਰੇ 8 ਦੋਸ਼ਾਂ ਵਿਚ ਦੋਸ਼ੀ ਕਰਾਰ ਦਿੱਤਾ ਗਿਆ ਹੈ। ਇਨ੍ਹਾਂ ਜੁਰਮਾਂ ਲਈ ਕੰਪਨੀਆਂ ਨੂੰ 16 ਲੱਖ ਡਾਲਰ ਤੱਕ ਜੁਰਮਾਨਾ ਹੋ ਸਕਦਾ ਹੈ। ਟਰਾਇਲ ਜੱਜ ਮੈਨਹਟਨ ਸੁਪਰੀਮ ਕੋਰਟ ਜਸਟਿਸ ਜੁਆਨ ਮਰਕਨ ਨੇ ਫੈਸਲੇ ਉਪਰੰਤ ਕਿਹਾ ਕਿ ਕੰਪਨੀਆਂ ਨੂੰ ਸਜ਼ਾ ਅਗਲੇ ਸਾਲ 13 ਜਨਵਰੀ ਨੂੰ ਸੁਣਾਈ ਜਾਵੇਗੀ। ਮੈਨਹਟਨ ਡਿਸਟ੍ਰਿਕਟ ਅਟਾਰਨੀ ਐਲਵਿਨ ਬਰਾਗ ਜਿਨ੍ਹਾਂ ਦੇ ਦਫਤਰ ਨੇ ਦੋਸ਼ ਲਾਏ ਸਨ, ਨੇ ਕਿਹਾ ਹੈ ਕਿ ਇਸ ਫੈਸਲੇ ਨੇ ਸਾਬਤ ਕਰ ਦਿੱਤਾ ਹੈ ਕਿ ਮੈਨਹਟਨ ਵਿਚ ਨਿਆਂ ਦੇ ਮਾਪਦੰਡ ਸਾਰਿਆਂ ਲਈ ਇਕੋ ਜਿਹੇ ਹਨ। ਬਚਾਅ ਪੱਖ ਦੇ ਅਟਾਰਨੀ ਐਲਨ ਫਿਊਟਰਫਸ ਨੇ ਕਿਹਾ ਹੈ ਕਿ ਯਕੀਨਨ ਫੈਸਲੇ ਨੂੰ ਚੁਣੌਤੀ

(ਬਾਕੀ ਸਫ਼ਾ 29 'ਤੇ)

# ਅਕਾਲ ਤਖਤ ਸਾਹਿਬ ਵਲੋਂ ਗਿ. ਇਕਬਾਲ ਸਿੰਘ ਤਨਖਾਹੀਆ ਕਰਾਰ

## ਤਖਤ ਸਾਹਿਬ ਦੇ ਪ੍ਰਬੰਧਕੀ ਬੋਰਡ ਦੇ ਪ੍ਰਧਾਨ, ਜਨ: ਸਕੱਤਰ ਤੇ ਇਕ ਮੈਂਬਰ ਨੂੰ ਵੀ ਲਗਾਈ ਧਾਰਮਿਕ ਤਨਖਾਹ

### ਜਥੇਦਾਰ ਵੱਲੋਂ ਤਖਤ ਪਟਨਾ ਸਾਹਿਬ ਪ੍ਰਬੰਧਕੀ ਬੋਰਡ ਦੇ ਕਰਮਚਾਰੀਆਂ ਦੇ ਨਸ਼ਿਆਂ ਸਬੰਧੀ ਟੈਸਟ ਕਰਵਾਉਣ ਦੇ ਕੀਤੇ ਗਏ ਫੈਸਲੇ ਦਾ ਪਟਨਾ ਸਾਹਿਬ ਵਿਖੇ ਸਖਤ ਵਿਰੋਧ

ਅੰਮ੍ਰਿਤਸਰ/ਏ.ਟੀ.ਨਿਊਜ਼ :- ਤਖਤ ਸ੍ਰੀ ਪਟਨਾ ਸਾਹਿਬ ਪ੍ਰਬੰਧਕੀ ਬੋਰਡ ਦੇ ਵਿਵਾਦ ਦੇ ਮਾਮਲੇ ਵਿੱਚ ਸ੍ਰੀ ਅਕਾਲ ਤਖਤ ਤੋਂ ਪੰਜ ਸਿੰਘ ਸਾਹਿਬਾਨ ਵੱਲੋਂ ਸਾਬਕਾ ਜਥੇਦਾਰ ਗਿਆਨੀ ਇਕਬਾਲ ਸਿੰਘ ਨੂੰ ਤਨਖਾਹੀਆ ਕਰਾਰ ਦਿੱਤਾ ਗਿਆ ਹੈ, ਜਦੋਂਕਿ ਪ੍ਰਬੰਧਕੀ ਬੋਰਡ ਦੇ ਤਿੰਨ ਮੈਂਬਰਾਂ ਨੂੰ ਤਨਖਾਹ ਲਾਈ ਗਈ ਹੈ। ਇਨ੍ਹਾਂ ਤੋਂ ਇਲਾਵਾ ਬੋਰਡ ਦੇ ਇੱਕ ਮੈਂਬਰ ਨੂੰ ਉੱਥੋਂ ਦੇ ਪੰਜ ਪਿਆਰਿਆਂ ਵੱਲੋਂ ਲਾਈ ਗਈ ਤਨਖਾਹ ਨੂੰ ਪੂਰਾ ਕਰਨ ਲਈ ਆਦੇਸ਼ ਦਿੱਤੇ ਗਏ ਹਨ।

ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦੀ ਅਗਵਾਈ ਹੇਠ ਪੰਜ ਸਿੰਘ ਸਾਹਿਬਾਨ ਦੀ ਸ੍ਰੀ ਅਕਾਲ ਤਖਤ ਵਿਖੇ ਹੋਈ ਇਕੱਤਰਤਾ ਵਿੱਚ ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ, ਸ੍ਰੀ ਅਕਾਲ ਤਖਤ ਦੇ ਮੁੱਖ ਗ੍ਰੰਥੀ ਗਿਆਨੀ ਮਲਕੀਅਤ ਸਿੰਘ, ਸ੍ਰੀ ਦਰਬਾਰ ਸਾਹਿਬ ਦੇ ਗ੍ਰੰਥੀ ਗਿਆਨੀ ਸੁਲਤਾਨ ਸਿੰਘ ਅਤੇ ਭਾਈ ਮੰਗਲ ਸਿੰਘ ਸ਼ਾਮਲ ਸਨ।

ਤਖਤ ਸ੍ਰੀ ਪਟਨਾ ਸਾਹਿਬ ਪ੍ਰਬੰਧਕੀ ਬੋਰਡ ਦੇ ਚੱਲ ਰਹੇ ਵਿਵਾਦ ਦੇ ਮਾਮਲੇ ਨੂੰ ਵਿਚਾਰਨ ਮਗਰੋਂ ਅਗਲੇਰੀ ਕਾਰਵਾਈ ਸ੍ਰੀ ਅਕਾਲ ਤਖਤ ਦੀ ਫਸੀਲ ਤੋਂ ਕੀਤੀ ਗਈ। ਇਸ ਸਬੰਧੀ ਤਖਤ ਸ੍ਰੀ ਪਟਨਾ ਸਾਹਿਬ ਪ੍ਰਬੰਧਕੀ ਕਮੇਟੀ ਦੇ ਸਾਰੇ ਮੈਂਬਰ ਤਲਬ ਕੀਤੇ ਗਏ ਸਨ। ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਤਖਤ ਸ੍ਰੀ ਪਟਨਾ ਸਾਹਿਬ ਪ੍ਰਬੰਧਕੀ ਬੋਰਡ ਦੇ ਤਿੰਨ ਮੈਂਬਰਾਂ ਮਹਿੰਦਰ



ਸਿੰਘ, ਰਾਜਾ ਸਿੰਘ ਅਤੇ ਇੰਦਰਜੀਤ ਸਿੰਘ ਨੂੰ ਤਨਖਾਹੀਆ ਕਰਾਰ ਦਿੱਤੇ ਦੋ ਸਾਬਕਾ ਜਥੇਦਾਰਾਂ ਦੀਆਂ ਸੇਵਾਵਾਂ ਬਹਾਲ ਕਰਨ ਦੇ ਦੋਸ਼ ਹੇਠ ਧਾਰਮਿਕ ਸਜਾ ਸੁਣਾਈ ਹੈ। ਉਨ੍ਹਾਂ ਨੂੰ ਤਖਤ ਸ੍ਰੀ ਪਟਨਾ ਸਾਹਿਬ ਵਿਖੇ ਪੰਜ ਦਿਨ ਰੋਜਾਨਾ ਇੱਕ-ਇਕ ਘੰਟਾ ਸੰਗਤਾਂ ਦੇ ਜੋੜੇ ਸਾਫ ਕਰਨ, ਜੂਠੇ ਬਰਤਨ ਮਾਂਜਣ ਅਤੇ ਝਾੜੂ ਮਾਰਨ ਦੀ ਸੇਵਾ ਲਾਈ ਗਈ ਹੈ। ਬਾਅਦ ਵਿੱਚ ਹਰ ਇੱਕ ਨੂੰ 501 ਰੁਪਏ ਦੀ ਕੜਾਹ-ਪ੍ਰਸਾਦ ਦੀ ਦੇਗ ਕਰਵਾ ਕੇ ਖਿਮਾ ਯਾਚਨਾ ਦੀ ਅਰਦਾਸ ਦੇ ਆਦੇਸ਼ ਦਿੱਤੇ ਗਏ ਹਨ।

ਇਸ ਦੌਰਾਨ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਉਨ੍ਹਾਂ ਨੂੰ ਸ਼ਿਕਾਇਤ ਮਿਲੀ ਹੈ ਕਿ ਤਖਤ ਸ੍ਰੀ ਪਟਨਾ ਸਾਹਿਬ ਪ੍ਰਬੰਧਕੀ ਬੋਰਡ ਦੇ ਵਧੇਰੇ ਮੁਲਾਜਮ ਤੰਬਾਕੂ ਆਦਿ ਨਸ਼ਿਆਂ ਦਾ ਸੇਵਨ ਕਰਦੇ ਹਨ। ਉਨ੍ਹਾਂ ਪ੍ਰਬੰਧਕੀ ਕਮੇਟੀ ਨੂੰ ਮੁਲਾਜਮਾਂ ਦੇ ਨਸ਼ਿਆਂ ਸਬੰਧੀ ਟੈਸਟ ਕਰਵਾਉਣ ਤੇ ਦੋਸ਼ੀ ਮੁਲਾਜਮਾਂ ਦੀਆਂ ਸੇਵਾਵਾਂ ਖਤਮ ਕੀਤੇ ਜਾਣ ਸਬੰਧੀ ਆਦੇਸ਼ ਦਿੱਤੇ। ਉਨ੍ਹਾਂ ਤਖਤ ਸਾਹਿਬ ਦੇ ਗ੍ਰੰਥੀ ਭਾਈ ਗੁਰਦਿਆਲ ਸਿੰਘ ਦੀਆਂ ਸੇਵਾਵਾਂ ਵੀ ਤੁਰੰਤ ਤਬਦੀਲ ਕਰਨ ਦੇ ਆਦੇਸ਼ ਦਿੱਤੇ ਹਨ।

ਇੱਕ ਹੋਰ ਮੈਂਬਰ ਹਰਬੰਸ ਸਿੰਘ ਨੂੰ ਉਥੋਂ ਦੇ ਪੰਜ ਪਿਆਰਿਆਂ ਵੱਲੋਂ ਲਾਈ ਗਈ ਤਨਖਾਹ ਨੂੰ ਹੀ ਪੂਰਾ ਕਰਨ ਦੇ ਆਦੇਸ਼ ਦਿੱਤੇ ਹਨ। ਗਿਆਨੀ ਇਕਬਾਲ ਸਿੰਘ ਨੂੰ ਸ੍ਰੀ ਅਕਾਲ ਤਖਤ ਵੱਲੋਂ ਕੈਂਪਸ ਖਾਲੀ ਕਰਨ ਦੇ ਦਿੱਤੇ ਗਏ ਆਦੇਸ਼ ਦੀ ਉਲੰਘਣਾ ਕਰਨ ਦੇ ਦੋਸ਼ ਹੇਠ ਤਨਖਾਹੀਆ ਕਰਾਰ ਦਿੱਤਾ ਗਿਆ ਹੈ। ਜ਼ਿਕਰਯੋਗ ਹੈ ਕਿ ਪ੍ਰਬੰਧਕੀ ਕਮੇਟੀ ਨੇ ਉਨ੍ਹਾਂ ਦੀਆਂ ਸੇਵਾਵਾਂ ਖਤਮ ਕਰ ਦਿੱਤੀਆਂ ਸਨ। ਉਨ੍ਹਾਂ ਨੇ ਇਸ ਫੈਸਲੇ ਨੂੰ ਅਦਾਲਤ ਵਿੱਚ ਚੁਣੌਤੀ ਦਿੱਤੀ ਸੀ। ਇਨ੍ਹਾਂ ਤੋਂ ਇਲਾਵਾ ਤਖਤ ਪਟਨਾ ਸਾਹਿਬ ਦੇ ਵਧੀਕ ਹੈੱਡ ਗ੍ਰੰਥੀ ਭਾਈ ਬਲਦੇਵ ਸਿੰਘ ਕੋਲੋਂ ਪੰਜ ਬਾਣੀਆਂ ਦਾ ਪਾਠ ਜੁਬਾਨੀ ਸੁਣਨ ਵਾਸਤੇ ਉਥੋਂ ਦੇ ਪੰਜ ਪਿਆਰਿਆਂ ਨੂੰ ਆਦੇਸ਼ ਦਿੱਤੇ ਗਏ ਹਨ। ਉਨ੍ਹਾਂ ਨੇ ਪ੍ਰਬੰਧਕੀ ਕਮੇਟੀ ਨੂੰ ਆਦੇਸ਼ ਦਿੱਤਾ ਕਿ ਜੇਕਰ ਭਾਈ ਬਲਦੇਵ ਸਿੰਘ ਤਖਤ ਦਾ ਪ੍ਰਬੰਧ ਮਰਿਆਦਾ ਅਨੁਸਾਰ ਚਲਾਉਣ ਦੇ ਯੋਗ ਨਹੀਂ ਤਾਂ ਉਨ੍ਹਾਂ ਨੂੰ ਬਦਲ ਦਿੱਤਾ ਜਾਵੇ। ਉਨ੍ਹਾਂ ਜਥੇਦਾਰ ਭਾਈ ਰਣਜੀਤ ਸਿੰਘ ਗੌਹਰ ਦੀਆਂ ਸੇਵਾਵਾਂ ਖਤਮ ਕਰਨ ਅਤੇ ਉਨ੍ਹਾਂ ਖਿਲਾਫ ਆਈ ਸ਼ਿਕਾਇਤ ਸਬੰਧੀ ਪੜਤਾਲੀਆ ਕਮੇਟੀ ਨੂੰ ਆਪਣੀ ਜਾਂਚ ਜਾਰੀ ਰੱਖਣ ਤੇ ਇਸ ਦੀ ਜਾਂਚ ਰਿਪੋਰਟ ਸ੍ਰੀ ਅਕਾਲ ਤਖਤ ਭੇਜਣ ਦੇ ਆਦੇਸ਼ ਦਿੱਤੇ। ਪ੍ਰਬੰਧਕੀ ਕਮੇਟੀ ਦੇ ਚੱਲ ਰਹੇ ਵਿਵਾਦ ਬਾਰੇ ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ ਪੁਰਬ ਉਪਰੰਤ 15 ਜਨਵਰੀ ਤੋਂ ਪਹਿਲਾਂ ਪਟਨਾ ਸਾਹਿਬ ਪ੍ਰਬੰਧਕੀ ਕਮੇਟੀ ਦੇ ਅਹੁਦੇਦਾਰਾਂ ਦੀ ਚੋਣ ਲਾਜਮੀ ਤੌਰ ’ਤੇ ਕਰਵਾਈ ਜਾਵੇ ਪਰ ਉਦੋਂ ਤੱਕ ਪੁਰਾਣੀ ਕਮੇਟੀ ਹੀ ਕੰਮ ਕਰਦੀ ਰਹੇਗੀ। ਉਨ੍ਹਾਂ ਨੇ ਬੋਰਡ ਦੇ ਮੈਂਬਰ ਮਹਿੰਦਰਪਾਲ ਸਿੰਘ ਅਤੇ ਰਾਜਾ ਸਿੰਘ ਨੂੰ ਕਿਹਾ ਕਿ ਉਨ੍ਹਾਂ ਨੇ ਤਨਖਾਹੀਏ ਕਰਾਰ ਦਿੱਤੇ ਮੈਂਬਰਾਂ ਨੂੰ ਸ਼ਾਮਲ ਕਰਕੇ ਆਪਣਾ ਬਹੁਮਤ ਸਾਬਤ ਕਰਨ ਦਾ ਯਤਨ ਕੀਤਾ ਹੈ ਜੋ ਮਰਿਆਦਾ ਦੇ ਖਿਲਾਫ ਹੈ। ਪ੍ਰਬੰਧਕੀ ਕਮੇਟੀ ਦੇ ਸਹਿਯੋਗ ਲਈ ਇੱਕ ਪੰਜ ਮੈਂਬਰੀ ਕਮੇਟੀ ਦਾ ਵੀ ਗਠਨ ਕੀਤਾ ਗਿਆ।

ਜਥੇਦਾਰ ਦੇ ਫੈਸਲੇ ਦਾ ਪਟਨਾ ਸਾਹਿਬ ’ਚ ਵਿਰੋਧ

ਸ੍ਰੀ ਅਕਾਲ ਤਖਤ ਦੇ ਜਥੇਦਾਰ ਵੱਲੋਂ ਤਖਤ ਸ੍ਰੀ ਪਟਨਾ ਸਾਹਿਬ ਪ੍ਰਬੰਧਕੀ ਬੋਰਡ ਦੇ ਕਰਮਚਾਰੀਆਂ ਦੇ ਨਸ਼ਿਆਂ ਸਬੰਧੀ ਟੈਸਟ ਕਰਵਾਉਣ ਦੇ ਕੀਤੇ ਗਏ ਫੈਸਲੇ ਦਾ ਪਟਨਾ ਸਾਹਿਬ ਵਿਖੇ ਸਖਤ ਵਿਰੋਧ ਹੋਇਆ ਹੈ। ਇਸੇ ਤਰ੍ਹਾਂ ਪ੍ਰਬੰਧਕੀ ਬੋਰਡ ਦੇ ਦੋ ਮੈਂਬਰਾਂ, ਜਿਨ੍ਹਾਂ ਨੂੰ ਤਨਖਾਹ ਲਾਈ ਗਈ ਹੈ, ਨੇ ਸ੍ਰੀ ਅਕਾਲ ਤਖਤ ਦੇ ਜਥੇਦਾਰ ਦੇ ਇਸ ਫੈਸਲੇ ਨਾਲ ਅਸਹਿਮਤੀ ਪ੍ਰਗਟਾਈ ਹੈ। ਮਿਲੇ ਵੇਰਵਿਆਂ ਮੁਤਾਬਕ ਤਖਤ ਸ੍ਰੀ ਪਟਨਾ ਸਾਹਿਬ ਪ੍ਰਬੰਧਕੀ ਬੋਰਡ ਦੇ ਕੁਝ ਕਰਮਚਾਰੀਆਂ ਤੇ ਹੋਰਨਾਂ ਵੱਲੋਂ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦੇ ਫੈਸਲੇ ਦਾ ਵਿਰੋਧ ਕੀਤਾ ਗਿਆ ਹੈ। ਇਸ ਸਬੰਧ ਵਿੱਚ ਰੋਸ ਵਿਖਾਵਾ ਕੀਤਾ ਗਿਆ ਅਤੇ ਪੁਤਲਾ ਸਾੜਿਆ ਗਿਆ।

# ਮਾਨ ਵਲੋਂ ਭਾਈ ਅੰਮ੍ਰਿਤਪਾਲ ਸਿੰਘ ਖਾਲਸਾ ਦੀ ਹਮਾਇਤ

## ਕਿਹਾ ਕਿ ਸੰਤ ਭਿੰਡਰਾਂਵਾਲਿਆਂ ਤੋਂ ਬਾਅਦ ਸਿੱਖ ਲਹਿਰ ਵਿਚ ਆਈ ਖੜ੍ਹੋਤ ਨੂੰ ਕੇਵਲ ਭਾਈ ਅੰਮ੍ਰਿਤਪਾਲ ਸਿੰਘ ਹੀ ਪੂਰਨ ਕਰ ਰਹੇ ਹਨ

ਫਤਹਿਗੜ੍ਹ ਸਾਹਿਬ/ਏ.ਟੀ.ਨਿਊਜ਼ :- ਸ. ਸਿਮਰਨਜੀਤ ਸਿੰਘ ਮਾਨ ਐਮ.ਪੀ ਅਤੇ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਕਿਹਾ ‘ਜਦੋਂ ਤੋਂ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਵਾਲਿਆਂ ਦੀ ਸ਼ਹਾਦਤ ਹੋਈ ਹੈ, ਉਦੋਂ ਧਰਮ ਪ੍ਰਚਾਰ ਅਤੇ ਸਮਾਜਿਕ ਕਦਰਾਂ-ਕੀਮਤਾਂ ਨੂੰ ਪ੍ਰਫੁੱਲਿਤ ਕਰਨ ਵਿਚ ਲੰਮੇ ਸਮੇਂ ਤੋਂ ਖੜ੍ਹੋਤ ਬਣੀ ਹੋਈ ਸੀ। ਸੰਤਾਂ ਤੋਂ ਲੈ ਕੇ ਅੱਜ ਤੱਕ ਦੇ ਖਲਾਅ ਵਿਚ ਕਿਸੇ ਵੀ ਟਕਸਾਲ, ਸੰਤ-ਮਹਾਪੁਰਖ, ਡੇਰੇਦਾਰਾਂ ਆਦਿ ਪ੍ਰਚਾਰਕਾਂ ਨੇ ਆਪਣੀ ਕੌਮੀ ਜਿੰਮੇਵਾਰੀ ਨੂੰ ਪੂਰਨ ਨਹੀਂ ਕੀਤਾ ਅਤੇ ਬਹੁਤ ਵੱਡਾ ਖਲਾਅ ਬਣਿਆ ਹੋਇਆ ਸੀ ਜਿਸ ਨੂੰ ਵਾਰਿਸ ਪੰਜਾਬ ਦੇ ਜਥੇਬੰਦੀ ਦੇ ਨਵੇਂ ਬਣੇ ਮੁਖੀ ਭਾਈ ਅੰਮ੍ਰਿਤਪਾਲ ਸਿੰਘ ਖਾਲਸਾ ਨੇ ਹੀ ਤੋੜਿਆ ਹੈ ਅਤੇ ਇਸ ਕਦਰ ਕੌਮੀ ਅਤੇ ਮਨੁੱਖਤਾ ਪੱਖੀ ਸੋਚ ਨੂੰ ਸਮਰਪਿਤ ਹੋ ਕੇ ਉਨ੍ਹਾਂ ਨੇ ਅੰਮ੍ਰਿਤ ਸੰਚਾਰ ਅਤੇ ਸਿੱਖ ਨੌਜਵਾਨੀ ਨੂੰ ਨਸ਼ਿਆਂ ਵਿਚੋਂ ਕੱਢਣ ਅਤੇ ਪੁਰਾਤਨ ਪੰਜਾਬ ਦੇ ਵਿਰਸੇ-ਵਿਰਾਸਤ ਨੂੰ ਸਾਂਭਣ ਦਾ ਬਹੁਤ ਅਹਿਮ ਬੀੜਾ ਚੁੱਕਿਆ ਹੈ। ਇਹ ਹੋਰ ਵੀ ਖੁਸ਼ੀ ਅਤੇ ਫਖਰ ਵਾਲਾ ਵਰਤਾਰਾ ਹੋਇਆ ਹੈ ਕਿ ਪਿੰਡਾਂ, ਕਸਬਿਆਂ ਅਤੇ ਸ਼ਹਿਰਾਂ ਵਿਚ ਵੱਸਣ ਵਾਲੀ ਨੌਜਵਾਨੀ ਜਿਸ ਵਿਚ ਸਾਡੇ ਸਭ ਵਰਗਾਂ ਦੇ ਬੱਚੇ ਅਤੇ ਬੱਚੀਆਂ ਹਨ, ਉਨ੍ਹਾਂ ਵੱਲੋਂ ਸ੍ਰੀ ਅਕਾਲ ਤਖਤ ਸਾਹਿਬ ਤੋਂ ਤਖਤ ਸ੍ਰੀ ਕੇਸਗੜ੍ਹ ਸਾਹਿਬ ਤੱਕ 23 ਨਵੰਬਰ ਤੋਂ ਸ਼ੁਰੂ ਕੀਤੀ ‘ਖਾਲਸਾ ਵਹੀਰ’ ਦੇ ਪ੍ਰੋਗਰਾਮ ਨੂੰ ਬਹੁਤ ਵੱਡਾ ਸਹਿਯੋਗ ਦੇ ਰਹੇ ਹਨ, ਜਿਸ ਵਿਚ ਵੱਡੇ ਇਕੱਠਾਂ ਨੂੰ ਸੁਬੋਧਿਤ ਹੁੰਦੇ ਹੋਏ ਭਾਈ ਅੰਮ੍ਰਿਤਪਾਲ ਸਿੰਘ ਖਾਲਸਾ ਕੌਮੀ ਸੋਚ ਉਤੇ ਪਹਿਰਾ ਦਿੰਦੇ ਹੋਏ ਬਾਦਲੀਲ ਢੰਗ ਨਾਲ ਨੌਜਵਾਨੀ ਨੂੰ ਆਪਣੇ ਮਹਾਨ ਕੌਮੀ ਵਿਰਸੇ-ਵਿਰਾਸਤ ਤੋਂ ਜਾਣੂ ਕਰਵਾ ਕੇ ਕੇਵਲ ਨਸ਼ਿਆਂ ਵਿਚ ਗਲਤਾਨ ਹੋਈ ਨੌਜਵਾਨੀ ਨੂੰ ਇਸ ਦਲਦਲ ਵਿਚੋਂ ਹੀ ਨਹੀਂ ਕੱਢ ਰਹੇ ਬਲਕਿ ਉਨ੍ਹਾਂ ਨੂੰ



ਗੁਰਸਿੱਖੀ ਪ੍ਰੇਰਣਾ ਰਾਹੀਂ ਅਮਲੀ ਜੀਵਨ ਵਾਲੇ ਗੁਰਸਿੱਖ ਬਣਾਉਣ ਦੇ ਨਾਲ-ਨਾਲ ਪੰਜਾਬ ਸੂਬੇ, ਪੰਜਾਬੀਆਂ ਅਤੇ ਸਿੱਖ ਕੌਮ ਨਾਲ ਹਰ ਖੇਤਰ ਵਿਚ ਜ਼ਿਆਦਤੀਆਂ ਕਰਦੇ ਆ ਰਹੇ ਸੈਂਟਰ ਤੇ ਪੰਜਾਬ ਦੇ ਹੁਕਮਰਾਨਾਂ ਨੂੰ ਕੌਮਾਂਤਰੀ ਪੱਧਰ ਤੇ ਬਾਦਲੀਲ ਢੰਗ ਨਾਲ ਵੱਡੀ ਚੁਣੌਤੀ ਬਣਕੇ ਵੀ ਦ੍ਰਿੜਤਾ ਅਤੇ ਦੂਰਅੰਦੇਸ਼ੀ ਨਾਲ ਸਿੱਝ ਰਹੇ ਹਨ। ਜਿਸਦੀ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਹੀ ਨਹੀਂ ਬਲਕਿ ਦੇਸ਼-ਵਿਦੇਸਾਂ ਵਿਚ ਬੈਠੇ ਸਭ ਇਨਸਾਨੀ ਕਦਰਾਂ-ਕੀਮਤਾਂ ਨੂੰ ਪਿਆਰ ਕਰਨ ਵਾਲੇ ਵਰਗ ਵੀ ਭਰਪੂਰ ਪ੍ਰਸ਼ੰਸਾ ਕਰ ਰਹੇ ਹਨ ਅਤੇ ਇਸ ਗੱਲ ’ਤੇ ਫਖਰ ਕਰ ਰਹੇ ਹਨ ਕਿ ਪੰਜਾਬ ਸੂਬੇ ਨੂੰ ਅਤੇ ਸਿੱਖ ਕੌਮ ਨੂੰ ਸਹੀ ਦਿਸ਼ਾ ਵੱਲ ਤੋਰਨ ਅਤੇ ਹਰ ਬੁਰਾਈ ਵਿਰੁੱਧ ਜੂਝਣ ਦੀ ਗੁਰਬਾਣੀ ਰਾਹੀਂ ਸ਼ਕਤੀ ਦੇਣ ਵਾਲੀ ਨੌਜਵਾਨ ਸ਼ਖਸੀਅਤ ਪ੍ਰਾਪਤ ਹੋ ਗਈ ਹੈ ਅਤੇ ਹੁਣ ਕੌਮ ਅਤੇ ਸਮੁੱਚੇ ਪੰਜਾਬੀ ਆਪਣੀ ਧਰਮੀ ਅਤੇ ਸਿਆਸੀ ਮੰਜਿਲ ਨੂੰ ਅਵੱਸ਼ ਪ੍ਰਾਪਤ ਕਰਕੇ ਰਹਿਣਗੇ।’ਸ. ਮਾਨ ਨੇ ਸਮੁੱਚੇ ਪੰਜਾਬ ਵਿਚ ਵੱਸਣ ਵਾਲੇ ਸਭ ਵਰਗਾਂ ਹਿੰਦੂਆਂ, ਮੁਸਲਿਮ, ਸਿੱਖ, ਇਸਾਈਆਂ, ਰੰਘਰੇਟਿਆਂ, ਕਬੀਲਿਆਂ ਦੇ ਨਿਵਾਸੀਆਂ ਨੂੰ ਸਮੂਹਿਕ ਤੌਰ ’ਤੇ ਇਹ ਅਪੀਲ ਕੀਤੀ ਕਿ ਉਹ ਭਾਈ ਅੰਮ੍ਰਿਤਪਾਲ ਸਿੰਘ ਖਾਲਸਾ ਵੱਲੋਂ ਵਿੱਢੀ ਖਾਲਸਾ ਵਹੀਰ ਦੇ ਮਨੁੱਖਤਾ ਪੱਖੀ ਮਕਸਦ ਵਿਚ ਤਨੋ-ਮਨੋ-ਧਨੋ ਹਰ ਤਰ੍ਹਾਂ ਸਹਿਯੋਗ ਕਰਨ ਦੀ ਜਿੰਮੇਵਾਰੀ ਨਿਭਾਉਣ ਅਤੇ ਖਾਲਸਾ ਪੰਥ ਉਨ੍ਹਾਂ ਸਭਨਾਂ ਨੂੰ ਬਾਬਾ ਬੰਦਾ ਸਿੰਘ ਬਹਾਦਰ ਅਤੇ ਮਹਾਰਾਜਾ ਰਣਜੀਤ ਸਿੰਘ ਵਰਗੇ ਹਰ ਪੱਖ ਤੋਂ ਪੂਰਨ ਰਾਜ ਭਾਗ ਦੇਵੇਗਾ। ਜਿਸ ਵਿਚ ਕਿਸੇ ਵੀ ਇਕ ਵੀ ਇਨਸਾਨ ਨਾਲ ਕੋਈ ਰੱਤੀ ਭਰ ਵੀ ਨਾ ਤਾਂ ਬੇਇਨਸਾਫੀ ਹੋ ਸਕੇਗੀ ਅਤੇ ਨਾ ਹੀ ਕਿਸੇ ਨਾਲ ਕੋਈ ਵਿਤਕਰਾ ਹੋ ਸਕੇਗਾ ਬਲਕਿ ਸਭਨਾਂ ਨੂੰ ਬਰਾਬਰਤਾ ਦੇ ਆਧਾਰ ’ਤੇ ਵੇਖਿਆ ਜਾਵੇਗਾ। ਪਾਰਦਰਸ਼ੀ ਸਾਫ-ਸੁਥਰਾ ਅਜਿਹਾ ਇਨਸਾਫ ਪਸੰਦ ਰਾਜ ਕਾਇਮ ਕਰਾਂਗੇ ਜੋ ਦੁਨੀਆ ਵਿਚ ਇਕ ਵੱਖਰੀ ਮਿਸਾਲ ਕਾਇਮ ਕਰੇਗਾ ਅਤੇ ਇਹ ਰਾਜ ਭਾਗ ਸਮੁੱਚੀ ਦੁਨੀਆ ਵਿਚ ‘ਖਾਲਸੇ ਦੇ ਬੋਲਬਾਲੇ’ ਦਾ ਪ੍ਰਤੀਕ ਹੋਵੇਗਾ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

Editor: Malkeet Singh Manager: Pardeep Singh Sub: Editor: Balwinderpal Singh, Sarbjeet Kaur Sarb Online Interview Host: Balraj Pannu

Proof Editor: Prabhjot Kaur Designer: Anil Kumar Content Composer: Amritpal Singh US Distributor: Amritsar Times Inc. Owner: Amritsar Times Pvt Ltd.

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.

All legal disputes must be handled in the courts of State of Punjab in India.

# ਬੀਬੀ ਜਗੀਰ ਕੌਰ ਨੇ ਕਾਨਫਰੰਸ ਕਰਕੇ ਸੁਖਬੀਰ ਬਾਦਲ ਵਿਰੁੱਧ ਮੋਰਚਾ ਖੋਲ੍ਹਿਆ

## ਬਾਦਲਾਂ 'ਤੇ ਵਰ੍ਹੇ ਬੀਬੀ ਜਗੀਰ ਕੌਰ, ਸਵਾਂਗ ਰਚਣ ਦੇ ਮਾਮਲੇ 'ਚ ਡੇਰਾ ਮੁਖੀ ਨੂੰ ਛੱਡਣ 'ਤੇ ਚੁੱਕੇ ਸਵਾਲ

**➢ ਚੋਣਾਂ ਦੌਰਾਨ ਬਾਦਲਾਂ ਦੇ ਨਾਂ 'ਤੇ ਵੋਟਾਂ ਨਹੀਂ ਪੈਣਗੀਆਂ : ਬੀਬੀ ਜਗੀਰ ਕੌਰ ➢ ਬੀਬੀ ਜਗੀਰ ਕੌਰ ਦੀ ਸਿਧਾਂਤਕ ਲੜਾਈ ਵਿਚ ਡਟ ਕੇ ਸਾਥ ਦੇਵਾਂਗਾ : ਬਰਾੜ**



ਜਲੰਧਰ/ਏ.ਟੀ.ਨਿਊਜ਼ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ ਨੇ ਹਲਕਾ ਭੁਲੱਥ ਦੇ ਅਕਾਲੀ ਵਰਕਰਾਂ ਨਾਲ ਮੀਟਿੰਗ ਕਰਕੇ ਸ਼ਕਤੀ ਪ੍ਰਦਰਸ਼ਨ ਕੀਤਾ ਤੇ ਬਾਦਲਾਂ 'ਤੇ ਤਿੱਖੇ ਸ਼ਬਦੀ ਵਾਰ ਕੀਤੇ। ਹਲਕੇ ਵਿਚ ਵੱਡੀ ਕਾਨਫਰੰਸ ਦੌਰਾਨ ਉਨ੍ਹਾਂ ਕਿਹਾ ਕਿ ਬਾਦਲ ਪੰਥ ਨੂੰ ਦੱਸਣ ਕਿ ਉਨ੍ਹਾਂ ਨੇ 2007 ਵਿਚ ਡੇਰਾ ਸਿਰਸਾ ਮੁਖੀ ਨੂੰ ਸਵਾਂਗ ਰਚਣ ਦੇ ਮਾਮਲੇ ਵਿੱਚ ਕਿਉਂ ਛੱਡਿਆ ? ਉਨ੍ਹਾਂ ਕਿਹਾ ਕਿ ਅੱਜ ਸ਼੍ਰੋਮਣੀ ਅਕਾਲੀ ਦਲ ਦੀ ਹਾਲਤ ਏਨੀ ਪਤਲੀ ਹੋ ਗਈ ਹੈ ਕਿ ਕੋਈ ਵੀ ਅਕਾਲੀ ਆਗੂ ਪਾਰਟੀ ਦੇ ਚੋਣ ਨਿਸ਼ਾਨ ਤੱਕੜੀ 'ਤੇ ਚੋਣ ਲੜਨ ਲਈ ਤਿਆਰ ਨਹੀਂ ਹੈ ਤੇ ਪਾਰਟੀ ਆਗੂ ਮੰਨ ਰਹੇ ਹਨ ਚੋਣਾਂ ਦੌਰਾਨ ਬਾਦਲਾਂ ਦੇ ਨਾਂ 'ਤੇ ਵੋਟਾਂ ਨਹੀਂ ਪੈਣਗੀਆਂ।

ਬੀਬੀ ਜਗੀਰ ਕੌਰ ਨੇ ਕਿਹਾ ਕਿ ਪਾਰਟੀ ਇੱਕ ਪਰਿਵਾਰ ਦੀ ਨਹੀਂ ਹੈ। ਉਨ੍ਹਾਂ ਕਿਹਾ ਕਿ ਬੀਤੇ ਸਮੇਂ ਵਿੱਚ ਅਕਾਲੀ ਦਲ 'ਤੇ ਨਸ਼ੇ ਫੈਲਾਉਣ ਦੇ ਦੋਸ਼ ਲੱਗੇ। ਉਨ੍ਹਾਂ ਆਖਿਆ ਕਿ ਜਦੋਂ ਪਾਰਟੀ 'ਤੇ ਡੇਰਾ ਮੁਖੀ ਨੂੰ ਮੁਆਫੀ ਦੇਣ ਦੇ ਦੋਸ਼ ਲੱਗੇ ਤਾਂ ਪਾਰਟੀ ਨੇ ਲੋਕਾਂ ਦੇ ਸ਼ੰਕੇ ਦੂਰ ਨਹੀਂ ਕੀਤੇ। ਉਨ੍ਹਾਂ ਕਿਹਾ ਕਿ ਉਨ੍ਹਾਂ ਪਾਰਟੀ ਪ੍ਰਧਾਨ (ਸੁਖਬੀਰ ਬਾਦਲ) ਨੂੰ ਸਲਾਹ ਵੀ ਦਿੱਤੀ ਸੀ ਕਿ ਸ੍ਰੀ ਅਕਾਲ ਤਖਤ ਸਾਹਿਬ ਅੱਗੇ ਪੇਸ਼ ਹੋਣ ਜਾਣ ਅਤੇ ਆਪਣੀਆਂ ਗਲਤੀਆਂ ਮੰਨ ਲੈਣ। ਉਨ੍ਹਾਂ ਇਹ ਵੀ ਕਿਹਾ ਬਾਦਲ ਨਾਨਕਸ਼ਾਹੀ ਕੈਲੰਡਰ ਲਾਗੂ ਕਰਨ ਤੋਂ ਰੋਕਦੇ ਰਹੇ ਸਨ। ਸੀਨੀਅਰ ਅਕਾਲੀ ਆਗੂ ਜਗਮੀਤ ਸਿੰਘ ਬਰਾੜ ਨੇ ਵੀ ਇਸ ਮੀਟਿੰਗ ਨੂੰ ਸੰਬੋਧਨ ਕੀਤਾ। ਬੀਬੀ ਜਗੀਰ ਕੌਰ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਨੂੰ ਹਾਸ਼ੀਏ 'ਤੇ ਧੱਕ ਦਿੱਤਾ ਗਿਆ ਹੈ ਅਤੇ ਜਦੋਂ ਅਕਾਲੀ ਆਗੂ ਸਵਾਲ ਉਠਾਉਂਦੇ ਸਨ ਤਾਂ ਉਨ੍ਹਾਂ ਨੂੰ ਟਾਲ ਦਿੱਤਾ ਜਾਂਦਾ ਹੈ। ਬੀਬੀ ਜਗੀਰ ਕੌਰ ਨੇ ਕਿਹਾ ਕਿ ਕੁਝ ਦਿਨ ਪਹਿਲਾਂ ਸੁਖਬੀਰ ਦੀ ਭੈਣ ਪ੍ਰਨੀਤ ਕੌਰ ਉਨ੍ਹਾਂ ਨੂੰ ਮਿਲਣ ਲਈ ਬੇਗੋਵਾਲ ਆਏ ਸਨ ਅਤੇ ਉਨ੍ਹਾਂ ਕਿਹਾ ਕਿ ਉਨ੍ਹਾਂ (ਬੀਬੀ) ਨੂੰ ਪਾਰਟੀ ਵਿੱਚੋਂ ਕੱਢ ਕੇ ਸੁਖਬੀਰ ਨੇ ਗਲਤ ਕੀਤਾ ਹੈ। ਇਸ ਨਾਲ ਪਾਰਟੀ ਨੂੰ ਨੁਕਸਾਨ ਹੋਇਆ ਹੈ। ਉਨ੍ਹਾਂ ਦਾਅਵਾ ਕੀਤਾ ਕਿ 80 ਫੀਸਦੀ ਨੇਤਾ ਅੰਦਰੂਨੀ ਤੌਰ 'ਤੇ ਉਸ ਨਾਲ ਸਹਿਮਤ ਹਨ ਅਤੇ ਉਹ ਖ਼ੁਸ਼ ਹਨ ਕਿ ਉਸ ਨੇ ਬਾਦਲਾਂ ਨੂੰ ਚੁਣੌਤੀ ਦਿੱਤੀ ਹੈ।

ਬੀਬੀ ਜਗੀਰ ਕੌਰ ਨੇ ਮੰਗ ਕੀਤੀ ਹੈ ਕਿ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਤੁਰੰਤ ਕਰਵਾਈਆਂ ਜਾਣ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਦੀ ਇਹ ਡਿਊਟੀ ਹੈ ਕਿ ਉਹ ਮਿੱਥੇ ਸਮੇ ਮੁਤਾਬਕ ਇਹ ਚੋਣਾਂ ਕਰਵਾਏ ਪਰ ਅਫ਼ਸੋਸ ਕਿ ਸਿੱਖਾਂ ਨੂੰ ਵਾਰ ਵਾਰ ਮੰਗ ਕਰਨੀ ਪੈਂਦੀ ਹੈ ਕਿ ਇਹ ਚੋਣਾਂ ਕਰਾਈਆਂ ਜਾਣ। ਉਨ੍ਹਾਂ ਕਿਹਾ ਹਰ 5 ਸਾਲਾਂ ਬਾਅਦ ਇਹ ਚੋਣਾਂ ਹੋਣੀਆਂ ਜ਼ਰੂਰੀ ਹਨ ਪਰ ਹੁਣ ਲੰਮਾ ਸਮਾਂ ਬੀਤ ਜਾਣ ਤੋਂ ਬਾਅਦ ਵੀ ਚੋਣਾਂ ਨਹੀਂ ਕਰਵਾਈਆਂ ਜਾਂਦੀਆਂ, ਜਿਸ ਕਰ ਕੇ ਸਿੱਖ ਸੰਗਤਾਂ ਦੇ ਅੰਦਰ ਰੋਸ ਹੈ।

ਕਾਬਿਲੇ ਜ਼ਿਕਰ ਹੈ ਕਿ ਦੇਸ਼ ਆਜ਼ਾਦ ਹੋਣ ਪਿੱਛੋਂ ਕਦੇ ਵੀ ਮਿੱਥੇ ਸਮੇ 'ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਨਹੀਂ ਹੋਈਆਂ। ਅੰਗਰੇਜ਼ੀ ਰਾਜ ਵਿਚ ਜਨਰਲ ਹਾਊਸ ਦੀ ਮਿਆਦ 3 ਸਾਲ ਹੁੰਦੀ ਸੀ ਤੇ ਚੋਣਾਂ ਵੀ ਸਮੇਂ ਸਿਰ ਹੁੰਦੀਆਂ ਸਨ। ਅੰਗਰੇਜ਼ੀ ਰਾਜ ਦੇ 21 ਸਾਲਾਂ ਵਿਚ ਇਹ ਚੋਣਾਂ 7 ਵਾਰ ਹੋਈਆਂ। ਅਜ਼ਾਦ ਭਾਰਤ ਵਿਚ 75 ਸਾਲਾਂ ਦੇ ਇਤਿਹਾਸ ਵਿਚ 5 ਵਾਰ ਇਹ ਚੋਣਾਂ ਹੋਈਆਂ। ਸੰਨ 1944 ਵਿਚ ਅਕਾਲੀ ਦਲ ਦੇ ਕਹਿਣ 'ਤੇ ਸ਼੍ਰੋਮਣੀ ਕਮੇਟੀ ਚੋਣਾਂ ਦਾ ਸਮਾਂ 3 ਤੋਂ 5 ਸਾਲ ਕਰ ਦਿੱਤਾ ਗਿਆ ਤੇ ਉਦੋਂ ਤੋਂ ਲੈ ਕੇ ਹੁਣ ਤੱਕ ਇਹ ਚੋਣਾਂ ਕਦੇ ਵੀ ਸਮੇਂ ਸਿਰ ਨਹੀਂ ਹੋ ਸਕੀਆਂ।

ਬੀਬੀ ਜਗੀਰ ਕੌਰ ਨੇ ਕਿਹਾ ਕਿ ਉਨ੍ਹਾਂ ਲਈ ਮਾਣ ਵਾਲੀ ਗੱਲ ਹੈ ਕਿ ਭੁਲੱਥ ਹਲਕੇ ਦੇ ਲੋਕ ਸ਼੍ਰੋਮਣੀ ਅਕਾਲੀ ਦਲ ਨਾਲ ਨਹੀਂ ਸਗੋਂ ਉਨ੍ਹਾਂ ਨਾਲ ਖੜ੍ਹੇ ਹਨ ਤੇ ਉਨ੍ਹਾਂ ਵਾਂਗ ਹੀ ਸਿਧਾਂਤਾਂ ਦੀ ਗੱਲ ਕਰਦੇ ਹਨ। ਉਨ੍ਹਾਂ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਵਿਚ ਸਿੱਖ ਬਾਦਲਾਂ ਦੀ ਦਖਲਅੰਦਾਜ਼ੀ ਨੂੰ ਚੰਗਾ ਨਹੀਂ ਸੀ ਸਮਝਦੇ, ਜਿਸ ਕਾਰਨ ਸ਼੍ਰੋਮਣੀ ਅਕਾਲੀ ਦਲ ਦੀ ਛਵੀ ਹੁਣ ਖਤਮ ਹੋਣ ਕਿਨਾਰੇ ਹੈ। ਉਨ੍ਹਾਂ ਪਾਰਟੀ ਆਗੂਆਂ ਤੇ ਵਰਕਰਾਂ ਨੂੰ ਵਿਸ਼ਵਾਸ਼ ਦੁਆਇਆ ਕਿ ਉਹ ਕਿਸੇ ਹੋਰ ਵੀ ਪਾਰਟੀ ਵਿਚ ਨਹੀਂ ਜਾਣਗੇ ਤੇ ਸਿਧਾਂਤਾਂ ਦੀ ਲੜਾਈ ਲੜ ਕੇ ਸ਼੍ਰੋਮਣੀ ਅਕਾਲੀ ਦਲ ਨੂੰ ਮੁੜ ਸੁਰਜੀਤ ਕਰਨਗੇ। ਉਨ੍ਹਾਂ ਨੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨਾਲ ਮੁਲਾਕਾਤ ਕਰਨ ਤੋਂ ਬਾਅਦ ਇਥੇ ਸਪੱਸ਼ਟ ਕੀਤਾ ਕਿ ਸਿੱਖ ਧਰਮ ਦੀ ਸੁਪਰੀਮ ਅਥਾਰਿਟੀ ਅੱਗੇ ਪੇਸ਼ ਹੋਣ ਤੋਂ ਬਾਅਦ ਉਹ ਹੁਣ ਕਿਸੇ ਦੁਨਿਆਵੀ ਕਮੇਟੀ ਜਾਂ ਅਨੁਸ਼ਾਸਨੀ ਕਮੇਟੀ ਅੱਗੇ ਪੇਸ਼ ਨਹੀਂ ਹੋਣਗੇ।

ਕਾਨਫਰੰਸ ਵਿਚ ਉਚੇਚੇ ਤੌਰ 'ਤੇ ਸ਼ਾਮਲ ਹੋਏ ਸੀਨੀਅਰ ਅਕਾਲੀ ਆਗੂ ਤੇ ਸਾਬਕਾ ਮੈਂਬਰ ਪਾਰਲੀਮੈਂਟ ਜਗਮੀਤ ਸਿੰਘ ਬਰਾੜ ਨੇ ਬੀਬੀ ਜਗੀਰ ਕੌਰ ਨੂੰ ਭਰੋਸਾ ਦੁਆਇਆ ਕਿ ਉਹ ਉਨ੍ਹਾਂ ਵਲੋਂ ਵਿੱਢੀ ਸਿਧਾਂਤਕ ਲੜਾਈ ਵਿਚ ਉਨ੍ਹਾਂ ਦਾ ਡਟ ਕੇ ਸਾਥ ਦੇਣਗੇ। ਉਨ੍ਹਾਂ ਕਿਹਾ ਕਿ ਭਾਵੇਂ ਸ਼੍ਰੋਮਣੀ ਅਕਾਲੀ ਦਲ ਵਲੋਂ ਉਨ੍ਹਾਂ ਨੂੰ ਪਾਰਟੀ ਵਿਚੋਂ ਕੱਢਣ ਦੀਆਂ ਧਮਕੀਆਂ ਦਿੱਤੀਆਂ ਜਾ ਰਹੀਆਂ ਹਨ, ਇਸ ਦੇ ਬਾਵਜੂਦ ਵੀ ਉਹ ਆਪਣੇ ਸਿਧਾਂਤਾਂ ਤੇ ਲੋਕਾਂ ਦੇ ਸਵਾਲਾਂ ਨਾਲ ਖੜ੍ਹੇ ਹਨ।

# ਮੈਲਬਰਨ ਵਿਚ ਖਾਲਿਸਤਾਨੀ ਲਹਿਰ ਤੋਂ ਭਾਰਤ ਔਖਾ

## ਮੋਦੀ ਦੀ ਆਗਾਮੀ ਆਸਟ੍ਰੇਲੀਆ ਯਾਤਰਾ ਤੋਂ ਪਹਿਲਾਂ ਭਾਰਤ ਨੇ ਆਸਟ੍ਰੇਲੀਆ ਸਰਕਾਰ ਨੂੰ ਸਾਵਧਾਨ ਕੀਤਾ

ਨਵੀਂ ਦਿੱਲੀ/ਏ.ਟੀ.ਨਿਊਜ਼ :- ਮੈਲਬਰਨ ਵਿੱਚ ਭਾਰਤੀ ਭਾਈਚਾਰੇ ਦੇ ਸਮਾਗਮ ਵਿੱਚ ਖਾਲਿਸਤਾਨੀ ਝੰਡੇ ਲਹਿਰਾਉਣ ਤੋਂ ਪ੍ਰੇਸ਼ਾਨ ਭਾਰਤ ਸਰਕਾਰ ਨੇ ਆਸਟ੍ਰੇਲੀਆ ਵਿੱਚ ਖਾਲਿਸਤਾਨੀਆਂ ਦੇ ਉਭਾਰ ਨੂੰ ਲੈ ਕੇ ਆਸਟ੍ਰੇਲੀਆ ਸਰਕਾਰ ਦੇ ਸਿਖਰਲੇ ਅਧਿਕਾਰੀਆਂ ਨੂੰ ਚੌਕਸ ਕੀਤਾ ਹੈ। ਭਾਰਤ ਨੇ ਇਹ ਪੇਸ਼ਕਦਮੀ ਅਜਿਹੇ ਮੌਕੇ ਕੀਤੀ ਹੈ ਜਦੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਗਲੇ ਦਿਨਾਂ ਵਿੱਚ ਕੁਆਡ (ਚਾਰ ਮੁਲਕੀ ਸਮੂਹ) ਆਗੂਆਂ ਦੀ ਮੀਟਿੰਗ ਲਈ ਆਸਟ੍ਰੇਲੀਆ ਜਾ ਰਹੇ ਹਨ।

ਕਾਬਿਲੇਗੌਰ ਹੈ ਕਿ ਮੈਲਬਰਨ ਵਿੱਚ 19 ਨਵੰਬਰ ਨੂੰ ਭਾਰਤੀ ਭਾਈਚਾਰੇ ਵੱਲੋਂ ਕਰਵਾਏ ਸਮਾਗਮ ਵਾਸਤੇ ਫੰਡ ਆਸਟ੍ਰੇਲੀਅਨ ਸਰਕਾਰ ਨੇ ਦਿੱਤੇ ਸਨ। ਸਮਾਗਮ ਦੌਰਾਨ ਵੱਡੀ ਗਿਣਤੀ ਖਾਲਿਸਤਾਨੀ ਹਮਾਇਤੀਆਂ ਨੇ ਖਾਲਿਸਤਾਨੀ ਝੰਡੇ ਲਹਿਰਾਏ। 'ਦਿ ਆਸਟ੍ਰੇਲੀਅਨ' ਨੇ ਆਪਣੀ ਰਿਪੋਰਟ ਵਿੱਚ ਕਿਹਾ ਕਿ ਭਾਰਤੀ ਅਧਿਕਾਰੀਆਂ ਨੇ ਵਿਦੇਸ਼ ਮੰਤਰੀ ਪੈਨੀ ਵੌਂਗ ਤੇ ਗ੍ਰਹਿ ਮੰਤਰੀ ਕਲੇਅਰ ਓ'ਨੀਲ ਤੱਕ ਪਹੁੰਚ ਕਰਕੇ ਖਾਲਿਸਤਾਨੀ ਲਹਿਰ ਨੂੰ ਆਸਟ੍ਰੇਲੀਆ ਖਾਸ ਕਰਕੇ ਮੈਲਬਰਨ ਵਿੱਚ ਵਧਦੀ ਹਮਾਇਤ 'ਤੇ ਚਿੰਤਾ ਜਤਾਈ ਹੈ। ਖਾਲਿਸਤਾਨੀਆਂ ਵੱਲੋਂ ਭਾਰਤ ਵਿੱਚ ਵੱਖਰੇ ਰਾਜ ਦੀ ਮੰਗ ਨੂੰ ਲੈ ਕੇ ਕੈਨੇਡਾ ਵਿੱਚ ਕਰਵਾਈ ਜਾ ਰਹੀ 'ਰਾਇਸ਼ੁਮਾਰੀ' ਖਿਲਾਫ ਵੀ ਭਾਰਤ ਨੇ ਆਪਣਾ ਉਜਰ ਜਤਾਇਆ ਸੀ। ਭਾਰਤੀ ਅਧਿਕਾਰੀਆਂ ਨੇ ਆਸਟ੍ਰੇਲੀਆ ਦੇ ਦੋਵਾਂ ਮੰਤਰੀਆਂ ਨੂੰ ਦੱਸਿਆ ਕਿ ਖਾਲਿਸਤਾਨੀ ਲਹਿਰ ਦਾ ਇਤਿਹਾਸ ਖਾੜਕੂਵਾਦ ਨਾਲ ਜੁੜਿਆ ਹੈ ਤੇ ਬੀਤੇ ਵਿੱਚ ਇਸ ਮੁੱਦੇ ਨੂੰ ਲੈ ਕੇ ਕਾਫੀ ਹਿੰਸਾ ਵੀ ਹੋਈ ਹੈ। ਭਾਰਤੀ ਅਧਿਕਾਰੀਆਂ ਨੇ ਕਿਹਾ ਕਿ ਖਾੜਕੂਵਾਦ ਦੇ ਦੌਰ ਬਾਅਦ ਕਈ ਸਿੱਖ ਆਸਟ੍ਰੇਲੀਆ, ਕੈਨੇਡਾ, ਅਮਰੀਕਾ ਤੇ ਯੂ.ਕੇ. ਵਿੱਚ ਪਰਵਾਸ ਕਰ ਗਏ ਹਨ, ਜਿੱਥੇ ਉਹ ਭਾਈਚਾਰੇ ਦੇ ਨੌਜਵਾਨਾਂ ਨੂੰ ਵੱਖਰੇ ਰਾਜ ਦੀ ਮੰਗ ਨੂੰ ਲੈ ਕੇ ਆਪਣੇ ਨਾਲ ਜੋੜ ਰਹੇ ਹਨ। ਮੈਲਬਰਨ ਵਿੱਚ ਕੀਤਾ ਸਮਾਗਮ ਵਿਕਟੋਰੀਅਨ ਗੁਰਦੁਆਰਾ ਕੌਂਸਲ ਦੇ ਬੈਨਰ ਹੇਠ ਕਰਵਾਇਆ ਗਿਆ ਸੀ, ਜਿਸ ਲਈ ਫੰਡਿੰਗ ਸੂਬਾ ਸਰਕਾਰ ਨੇ ਦਿੱਤੀ ਸੀ।

# ਕੈਨੇਡਾ-ਭਾਰਤ ਉਡਾਣਾਂ ਲਈ ਨਵੇਂ ਸਮਝੌਤੇ ਵਿਚ ਪੰਜਾਬ ਨੂੰ ਅੱਖੋਂ ਪਰੋਖੇ ਕਰਨ 'ਤੇ ਸ਼੍ਰੋਮਣੀ ਕਮੇਟੀ ਵਲੋਂ ਨਿੰਦਾ

## ਕਿਹਾ ਕਿ ਗੁਰੂ ਨਗਰੀ ਪ੍ਰਤੀ ਪੱਖਪਾਤੀ ਰਵੱਈਏ ਕਾਰਣ ਦੇਸ਼ ਵਿਦੇਸ਼ ਦੇ ਸਿੱਖਾਂ ਅੰਦਰ ਭਾਰੀ ਰੋਸ

ਅੰਮ੍ਰਿਤਸਰ/ਏ.ਟੀ.ਨਿਊਜ਼ :- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਕੈਨੇਡਾ ਤੇ ਭਾਰਤ ਵਿਚ ਹਵਾਈ ਉਡਾਣਾਂ ਨੂੰ ਲੈ ਕੇ ਹੋਏ ਨਵੇਂ ਸਮਝੌਤੇ ਵਿਚ ਪੰਜਾਬ ਅਤੇ ਖ਼ਾਸਕਰ ਸ੍ਰੀ ਗੁਰੂ ਰਾਮਦਾਸ ਜੀ ਅੰਤਰਰਾਸ਼ਟਰੀ ਹਵਾਈ ਅੱਡਾ ਅੰਮ੍ਰਿਤਸਰ ਨੂੰ ਨਜ਼ਰਅੰਦਾਜ਼ ਕਰਨ 'ਤੇ ਸਖ਼ਤ ਇਤਰਾਜ਼ ਪ੍ਰਗਟ ਕੀਤਾ ਹੈ। ਸ਼੍ਰੋਮਣੀ ਕਮੇਟੀ ਦੇ ਬੁਲਾਰੇ ਤੇ ਜਨਰਲ ਸਕੱਤਰ ਭਾਈ ਗੁਰਚਰਨ ਸਿੰਘ ਗਰੇਵਾਲ ਨੇ ਕਿਹਾ ਕਿ ਇਹ ਗੁਰੂ ਨਗਰੀ ਪ੍ਰਤੀ ਪੱਖਪਾਤੀ ਰਵੱਈਆ ਹੈ, ਜਿਸ ਕਾਰਨ ਦੇਸ਼ ਵਿਦੇਸ਼ ਦੇ ਸਿੱਖਾਂ ਅੰਦਰ ਭਾਰੀ ਰੋਸ ਪਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਨਵੇਂ ਸਮਝੌਤੇ ਤਹਿਤ ਭਾਰਤ ਦੇ ਕਈ ਸ਼ਹਿਰਾਂ ਤੋਂ ਉਡਾਣਾਂ ਲਈ ਹਵਾਈ ਅੱਡਿਆਂ ਨੂੰ ਸ਼ਾਮਲ ਕੀਤਾ ਗਿਆ ਹੈ, ਪਰ ਸ੍ਰੀ ਅੰਮ੍ਰਿਤਸਰ ਨੂੰ ਅੱਖੋਂ ਪਰੋਖੇ ਕਰ ਕੇ ਪੰਜਾਬੀਆਂ ਤੇ ਖ਼ਾਸਕਰ ਸਿੱਖਾਂ ਨਾਲ ਵਿਤਕਰਾ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਦੇ ਇਸੇ ਸਾਲ ਹੋਏ ਬਜਟ ਇਜਲਾਸ ਦੌਰਾਨ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵੱਲੋਂ ਅੰਮ੍ਰਿਤਸਰ ਤੋਂ ਸਿੱਧੀਆਂ ਹਵਾਈ ਉਡਾਣਾਂ ਲਈ ਵਿਸ਼ੇਸ਼ ਮਤਾ ਪਾਸ ਕਰ ਕੇ ਭਾਰਤ ਸਰਕਾਰ ਦੇ ਸਬੰਧਤ ਮੰਤਰਾਲਿਆਂ ਨੂੰ ਭੇਜਿਆ ਗਿਆ ਸੀ, ਪਰ ਫਿਰ ਵੀ ਸਰਕਾਰ ਨੇ ਜਾਣਬੁੱਝ ਕੇ ਪੰਜਾਬ ਨੂੰ ਉਡਾਣਾਂ ਦਾ ਬਣਦਾ ਹਿੱਸਾ ਨਹੀਂ ਦਿੱਤਾ। ਇਹ ਪੰਜਾਬੀਆਂ ਨਾਲ ਨਾਇਨਸਾਫੀ ਹੈ। ਭਾਈ ਗਰੇਵਾਲ ਨੇ ਕਿਹਾ ਕਿ ਪੂਰੇ ਵਿਸ਼ਵ ਵਿਚ ਵੱਡੀ ਗਿਣਤੀ ਸਿੱਖ ਵੱਸੇ ਹੋਏ ਹਨ ਅਤੇ ਕੈਨੇਡਾ ਅੰਦਰ ਵੀ ਪੰਜਾਬੀਆਂ ਤੇ ਸਿੱਖਾਂ ਦੀ ਗਿਣਤੀ ਘੱਟ ਨਹੀਂ ਹੈ। ਪੰਜਾਬ ਨਾਲ ਸਬੰਧਤ ਕੈਨੇਡਾ 'ਚ ਵਸਦੇ ਲੋਕਾਂ ਨੂੰ ਆਵਾਜਾਈ ਲਈ ਕਈ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਉਨ੍ਹਾਂ ਨੂੰ ਦਿੱਲੀ ਤੋਂ ਪੰਜਾਬ ਪੁੱਜਣ ਲਈ ਜਿਥੇ ਆਪਣੇ ਕੀਮਤੀ ਸਮੇਂ ਦਾ ਨੁਕਸਾਨ ਝੱਲਣਾ ਪੈ ਰਿਹਾ ਹੈ, ਉਥੇ ਹੀ ਉਨ੍ਹਾਂ 'ਤੇ ਵੱਡਾ ਆਰਥਿਕ ਬੋਝ ਵੀ ਬਣਿਆ ਹੋਇਆ ਹੈ। ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਅਪੀਲ ਕੀਤੀ ਕਿ ਅੰਮ੍ਰਿਤਸਰ ਸਥਿਤ ਸ੍ਰੀ ਗੁਰੂ ਰਾਮਦਾਸ ਜੀ ਅੰਤਰਰਾਸ਼ਟਰੀ ਹਵਾਈ ਅੱਡੇ ਤੋਂ ਵੀ ਕੈਨੇਡਾ-ਭਾਰਤ ਉਡਾਣਾਂ ਵਿੱਚੋਂ ਬਣਦਾ ਹਿੱਸਾ ਜ਼ਰੂਰ ਦਿੱਤਾ ਜਾਵੇ।



# ਮਾਮਲਾ ਮੂਸੇਵਾਲਾ ਕਤਲ ਕਾਂਡ ਦਾ

## ਪੁਲਿਸ ਬੱਬੂ ਮਾਨ ਤੇ ਮਨਕੀਰਤ ਔਲਖ ਤੋਂ ਪੁੱਛ-ਪੜਤਾਲ ਕਰੇਗੀ

ਮਾਨਸਾ/ਏ.ਟੀ.ਨਿਊਜ਼ :- ਸਿੱਧੂ ਮੂਸੇਵਾਲਾ ਕਤਲ ਕੇਸ ਦੀ ਜਾਂਚ ਤਹਿਤ ਪੁਲਿਸ ਨੇ ਗਾਇਕ ਬੱਬੂ ਮਾਨ, ਮਨਕੀਰਤ ਔਲਖ ਤੇ ਦਿਲਪ੍ਰੀਤ ਢਿੱਲੋਂ ਨੂੰ ਪੁੱਛ-ਪੜਤਾਲ ਲਈ ਸੱਦਿਆ ਹੈ। ਮਾਨਸਾ ਦੇ ਐੱਸਐੱਸਪੀ ਡਾ. ਨਾਨਕ ਸਿੰਘ ਨੇ ਕਿਹਾ ਕਿ ਗਾਇਕਾਂ ਨੂੰ ਮਾਨਸਾ 'ਚ ਪੇਸ਼ ਹੋਣ ਲਈ ਸੰਮਨ ਜਾਰੀ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਸੁਰੱਖਿਆ ਦੇ ਮੱਦੇਨਜਰ ਪੁਲਿਸ ਨੇ ਗਾਇਕਾਂ ਨੂੰ ਵੱਖ-ਵੱਖ ਤਰੀਕਾਂ 'ਤੇ ਸੱਦਿਆ ਹੈ ਜਿਨ੍ਹਾਂ ਦਾ ਖੁਲਾਸਾ ਨਹੀਂ ਕੀਤਾ ਜਾ ਸਕਦਾ ਹੈ। ਗਾਇਕਾਂ ਤੋਂ ਇਲਾਵਾ ਪੁਲਿਸ ਨੇ ਸੰਗੀਤ ਨਿਰਦੇਸ਼ਕ ਨਿਸ਼ਾਨ ਸਿੰਘ, ਜੋ ਕਿ ਇੱਕ ਸੀਨੀਅਰ ਪੁਲਿਸ ਅਧਿਕਾਰੀ ਦਾ ਪੁੱਤਰ ਦੱਸਿਆ ਗਿਆ ਹੈ ਤੇ ਬਾਵਾ ਸੰਧੂ, ਜੋ ਕਿ ਪੰਜਾਬ ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਦਾ ਨਜ਼ਦੀਕੀ ਹੈ, ਨੂੰ ਵੀ ਤਲਬ ਕੀਤਾ ਹੈ। ਇਸ ਤੋਂ ਇਲਾਵਾ ਮੁਕਤਸਰ ਜ਼ਿਲ੍ਹੇ ਦੇ ਪਿੰਡ ਭੰਗਚੜ੍ਹੀ ਦੇ ਦੋ ਜਣਿਆਂ ਨੂੰ ਵੀ ਬੁਲਾਇਆ ਗਿਆ ਹੈ। ਪੁਲਿਸ ਨੇ ਮਰਹੂਮ ਯੂਥ ਅਕਾਲੀ ਆਗੂ ਵਿੱਕੀ ਮਿੱਡੂਖੇੜਾ ਦੇ ਭਰਾ ਅਜੈਪਾਲ ਸਿੰਘ ਮਿੱਡੂਖੇੜਾ ਨੂੰ ਵੀ ਬੁਲਾਇਆ ਸੀ ਤੇ ਉਹ ਪਿਛਲੇ ਹਫ਼ਤੇ ਪੁਲਿਸ ਕੋਲ ਪੇਸ਼ ਹੋਇਆ ਸੀ। ਪੁਲਿਸ ਮੁਤਾਬਕ ਇਨ੍ਹਾਂ ਵਿਅਕਤੀਆਂ ਦੇ ਨਾਂ ਵੀ ਮੂਸੇਵਾਲਾ ਦੇ ਪਿਤਾ ਨੇ ਆਪਣੇ ਪੁੱਤਰ ਦੇ ਕਤਲ ਵਿੱਚ ਉਨ੍ਹਾਂ ਦੀ ਭੂਮਿਕਾ ਸਬੰਧੀ ਜਾਂਚ ਦੀ ਮੰਗ ਕਰਦਿਆਂ ਦਿੱਤੇ ਸਨ। ਪੰਜਾਬ ਪੁਲਿਸ ਦੀ ਵਿਸ਼ੇਸ਼ ਜਾਂਚ ਟੀਮ (ਐੱਸਆਈਟੀ) ਨੇ ਹੁਣ ਤੱਕ ਇਸ ਮਾਮਲੇ ਵਿੱਚ 36 ਲੋਕਾਂ ਨੂੰ ਮੁਲਜ਼ਮ ਵਜੋਂ ਦਰਜ ਕੀਤਾ ਹੈ ਤੇ 24 ਮੁਲਜ਼ਮਾਂ ਖ਼ਿਲਾਫ਼ 1850 ਪੰਨਿਆਂ ਦੀ ਚਾਰਜਸ਼ੀਟ ਦਾਖ਼ਲ ਕੀਤੀ ਹੈ। ਜ਼ਿਕਰਯੋਗ ਹੈ ਕਿ ਇਸ ਕੇਸ ਵਿਚ ਗਾਇਕ ਮਨਕੀਰਤ ਔਲਖ ਦਾ ਨਾਂ ਪਹਿਲਾਂ ਵੀ ਕਾਫੀ ਉੱਭਰਿਆ ਸੀ।



## ਭ੍ਰਿਸ਼ਟਾਚਾਰ ਦੇ ਦੋਸ਼ਾਂ ਕਾਰਨ ਧਰਮਸੋਤ ਖ਼ਿਲਾਫ਼ ਚੱਲੇਗਾ ਮੁਕੱਦਮਾ, ਪੰਜਾਬ ਸਰਕਾਰ ਤੋਂ ਵਿਜੀਲੈਂਸ ਨੂੰ ਮਿਲੀ ਮਨਜ਼ੂਰੀ

ਚੰਡੀਗੜ੍ਹ/ਏ.ਟੀ.ਨਿਊਜ਼ :- ਪੰਜਾਬ ਵਿਜੀਲੈਂਸ ਬਿਊਰੋ ਨੇ ਸਾਬਕਾ ਜੰਗਲਾਤ ਮੰਤਰੀ ਸਾਧੂ ਸਿੰਘ ਧਰਮਸੋਤ ਖ਼ਿਲਾਫ਼ ਸਮਰੱਥ ਅਦਾਲਤ ਵਿਚ ਮੁਕੱਦਮਾ ਚਲਾਉਣ ਲਈ ਸੂਬਾ ਸਰਕਾਰ ਦੇ ਪ੍ਰਸ਼ਾਸਨਿਕ ਵਿਭਾਗ ਤੋਂ ਪ੍ਰਵਾਨਗੀ ਹਾਸਲ ਕਰ ਲਈ ਹੈ। ਸਾਬਕਾ ਮੰਤਰੀ ਨੂੰ ਵਿਜੀਲੈਂਸ ਬਿਊਰੋ ਨੇ ਜੂਨ ਮਹੀਨੇ ਵਿਭਾਗ ਵਿਚ ਖੈਰ ਦੇ ਦਰੱਖਤਾਂ ਦੀ ਕਟਾਈ ਲਈ ਪਰਮਿਟ ਦੇਣ, ਅਧਿਕਾਰੀਆਂ ਦੇ ਤਬਾਦਲੇ, ਖ਼ਰੀਦਦਾਰੀ ਅਤੇ ਐੱਨਓਸੀ ਜਾਰੀ ਕਰਨ ਨਾਲ ਸਬੰਧਤ ਸੰਗਠਿਤ ਭ੍ਰਿਸ਼ਟਾਚਾਰ ਵਿਚ ਸ਼ਾਮਲ ਹੋਣ ਦੇ ਦੋਸ਼ਾਂ ਹੇਠ ਗ੍ਰਿਫ਼ਤਾਰ ਕੀਤਾ ਸੀ। ਵਿਜੀਲੈਂਸ ਨੇ 6 ਜੂਨ ਨੂੰ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਕੇਸ ਦਰਜ ਕੀਤਾ ਸੀ।



# ਐਗਜ਼ਿਟ ਪੋਲ 2022 : ਗੁਜਰਾਤ ਵਿਚ ਮੁੜ ਬਣ ਸਕਦੀ ਹੈ ਭਾਜਪਾ ਦੀ ਸਰਕਾਰ

### ➢ ਕਾਂਗਰਸ ਦੀ ਦੂਜੇ ਨੰਬਰ ਉਪਰ ਤੇ ਆਪ ਦੀ ਫਾਡੀ ਰਹਿਣ ਦੀ ਸੰਭਾਵਨਾ ➢ ਹਿੰਦੂ ਰਾਸ਼ਟਰਵਾਦ ਦਾ ਏਜੰਡਾ ਤੇ ਕਾਰਪਰੇਟ ਘਰਾਣੇ ਭਾਜਪਾ ਦੀ ਤਾਕਤ ਬਣੇ

ਅਹਿਮਦਾਬਾਦ/ਏ.ਟੀ.ਨਿਊਜ਼ :- ਗੁਜਰਾਤ ਵਿਧਾਨ ਸਭਾ ਚੋਣ 2022 ਦੇ ਦੋਵਾਂ ਪੜਾਵਾਂ ਲਈ ਵੋਟਿੰਗ ਖ਼ਤਮ ਹੋ ਗਈ ਹੈ। ਚੋਣਾਂ ਦੇ ਦੂਜੇ ਪੜਾਅ ਵਿਚ 93 ਸੀਟਾਂ 'ਤੇ ਵੋਟਿੰਗ ਹੋਈ। ਪਹਿਲੇ ਪੜਾਅ ਵਿਚ 1 ਦਸੰਬਰ ਨੂੰ 89 ਸੀਟਾਂ 'ਤੇ ਵੋਟਾਂ ਪਈਆਂ ਸਨ। ਤੁਹਾਨੂੰ ਦੱਸ ਦੇਈਏ ਕਿ ਗੁਜਰਾਤ ਵਿਧਾਨ ਸਭਾ ਵਿੱਚ ਕੁੱਲ 182 ਸੀਟਾਂ ਹਨ। ਕੁੱਲ 833 ਉਮੀਦਵਾਰਾਂ ਦੀ ਕਿਸਮਤ ਦਾ ਫ਼ੈਸਲਾ ਹੁਣ 8 ਦਸੰਬਰ ਨੂੰ ਹੋਵੇਗਾ। ਜਾਰੀ ਹੋਏ ਐਗਜ਼ਿਟ ਪੋਲ ਸੂਬੇ ਵਿਚ ਭਾਜਪਾ ਦੀ ਸਰਕਾਰ ਮੁੜ ਆਉਣ ਦੀ ਭਵਿੱਖਬਾਣੀ ਕਰਦੇ ਹਨ।




ਇਸ ਸਮੇਂ ਗੁਜਰਾਤ ਵਿੱਚ ਭਾਰਤੀ ਜਨਤਾ ਪਾਰਟੀ (ਭਾਰਤੀ ਜਨਤਾ ਪਾਰਟੀ) ਦੀ ਸਰਕਾਰ ਹੈ ਅਤੇ ਭੂਪੇਂਦਰ ਭਾਈ ਪਟੇਲ ਮੁੱਖ ਮੰਤਰੀ ਹਨ। ਇਸ ਵਾਰ ਵੀ ਭਾਜਪਾ ਨੇ ਉਨ੍ਹਾਂ ਨੂੰ ਮੁੱਖ ਮੰਤਰੀ ਅਹੁਦੇ ਦਾ ਚਿਹਰਾ ਐਲਾਨ ਦਿੱਤਾ ਹੈ। ਭਾਜਪਾ ਦਾ ਮੁੱਖ ਮੁਕਾਬਲਾ ਕਾਂਗਰਸ ਅਤੇ ਆਮ ਆਦਮੀ ਪਾਰਟੀ ਨਾਲ ਹੈ ਜੋ ਸੂਬੇ ਵਿੱਚ ਪਹਿਲੀ ਵਾਰ ਵਿਧਾਨ ਸਭਾ ਚੋਣਾਂ ਲੜ ਰਹੀ ਹੈ। 'ਆਪ' ਨੇ ਵੀ ਇਸ ਚੋਣ ਵਿੱਚ ਆਪਣੀ ਪੂਰੀ ਤਾਕਤ ਝੋਕੀ ਸੀ।

ਰਿਪਬਲਿਕ ਟੀਵੀ ਅਤੇ ਪੀ-ਮਾਰਕ ਦੇ ਐਗਜ਼ਿਟ ਪੋਲ ਮੁਤਾਬਕ ਗੁਜਰਾਤ ਵਿੱਚ ਇੱਕ ਵਾਰ ਫਿਰ ਪੂਰਨ ਬਹੁਮਤ ਨਾਲ ਭਾਜਪਾ ਦੀ ਸਰਕਾਰ ਬਣ ਸਕਦੀ ਹੈ। ਭਾਜਪਾ ਨੂੰ 128-148, ਕਾਂਗਰਸ ਨੂੰ 30-42 ਅਤੇ ਆਪ ਨੂੰ 2-10 ਸੀਟਾਂ ਮਿਲਣ ਦਾ ਅਨੁਮਾਨ ਹੈ।

ਨਿਊਜ਼ ਐਕਸ ਦੇ ਐਗਜ਼ਿਟ ਪੋਲ ਮੁਤਾਬਕ ਇਕ ਵਾਰ ਫਿਰ ਭਾਜਪਾ ਦੀ ਸਰਕਾਰ ਬਣਨ ਜਾ ਰਹੀ ਹੈ। ਭਾਜਪਾ ਨੂੰ ਇਸ ਵਾਰ 117-140 ਸੀਟਾਂ ਮਿਲਣ ਦੀ ਭਵਿੱਖਬਾਣੀ ਕੀਤੀ ਗਈ ਹੈ। ਇਸ ਦੇ ਨਾਲ ਹੀ ਕਿਹਾ ਗਿਆ ਹੈ ਕਿ ਕਾਂਗਰਸ ਨੂੰ 34-51 ਅਤੇ ਆਮ ਆਦਮੀ ਪਾਰਟੀ ਨੂੰ 6-13 ਸੀਟਾਂ ਮਿਲਣਗੀਆਂ।

ਇੰਡੀਆ ਟੂਡੇ ਗਰੁੱਪ-ਐਕਸਿਸ ਮਾਈ ਇੰਡੀਆ ਦੇ ਐਗਜ਼ਿਟ ਪੋਲ ਦੇ ਅਨੁਸਾਰ, ਭਾਜਪਾ ਇੱਕ ਵਾਰ ਫਿਰ ਗੁਜਰਾਤ ਵਿੱਚ ਪੂਰਨ ਬਹੁਮਤ ਨਾਲ ਸਰਕਾਰ ਬਣਾਉਣ ਲਈ ਤਿਆਰ ਹੈ। ਇਸ ਵਾਰ ਭਾਜਪਾ ਨੂੰ 128-144, ਕਾਂਗਰਸ ਨੂੰ 30-42 ਅਤੇ ਆਮ ਆਦਮੀ ਪਾਰਟੀ ਨੂੰ 2-10 ਸੀਟਾਂ ਮਿਲਣ ਦੀ ਗੱਲ ਆਖੀ ਗਈ ਹੈ।

ਟੀਵੀ-9 ਗੁਜਰਾਤੀ ਐਗਜ਼ਿਟ ਪੋਲ ਮੁਤਾਬਕ ਗੁਜਰਾਤ ਵਿੱਚ ਭਾਜਪਾ ਨੂੰ 125-130, ਕਾਂਗਰਸ ਨੂੰ 40-50 ਅਤੇ ਆਮ ਆਦਮੀ ਪਾਰਟੀ ਨੂੰ 3-5 ਸੀਟਾਂ ਮਿਲ ਸਕਦੀਆਂ ਹਨ। ਇਸ ਤਰ੍ਹਾਂ ਸੂਬੇ ਵਿੱਚ ਮੁੜ ਇਤਿਹਾਸ ਰਚਦਿਆਂ ਭਾਜਪਾ ਪੂਰਨ ਬਹੁਮਤ ਨਾਲ ਸਰਕਾਰ ਬਣਾਏਗੀ।

**ਭਾਜਪਾ ਦਾ ਗੁਜਰਾਤ ਮਾਡਲ ਹਿੰਦੂ ਰਾਸ਼ਟਰਵਾਦ ਦੀ ਪ੍ਰਯੋਗਸ਼ਾਲਾ**

2002 ਦੀਆਂ ਚੋਣਾਂ ਭਾਰਤੀ ਜਨਤਾ ਪਾਰਟੀ ਨੇ ਮੁਸਲਮਾਨਾਂ ਖ਼ਿਲਾਫ਼ ਨਫ਼ਰਤ ਫੈਲਾ ਕੇ ਜਿੱਤੀਆਂ ਸਨ; 2007 ਦੀਆਂ ਚੋਣਾਂ ਸਮੇਂ ਵੀ ਫ਼ਿਰਕੂ ਪੱਤਾ ਚਲਾਇਆ ਗਿਆ ਅਤੇ ਮੁੜ 2012 ਵਿਚ 'ਗੁਜਰਾਤ ਮਾਡਲ' ਪ੍ਰਚਾਰ ਕੇ ਸੂਬੇ ਦੀ ਸੱਤਾ ਤੋਂ ਕੇਂਦਰੀ ਸੱਤਾ ਵੱਲ ਕਦਮ ਪੁੱਟਣ ਲਈ ਚੋਣ ਜਿੱਤੀ। 2017 ਵਿਚ ਡਬਲ ਇੰਜਣ ਵਾਲੀ ਸਰਕਾਰ ਕਹਿ ਕੇ ਬਲ ਦੇ ਸਿਰ 'ਤੇ ਚੋਣ ਜਿੱਤੀ। ਅਸਲ ਵਿਚ ਗੁਜਰਾਤ ਨੂੰ ਹਿੰਦੂ ਰਾਸ਼ਟਰ ਦੀ ਉਸਾਰੀ ਲਈ ਇਕ ਕਿਸਮ ਨਾਲ ਪ੍ਰਯੋਗਸ਼ਾਲਾ ਹੀ ਬਣਾਇਆ ਗਿਆ।

ਕੇਂਦਰ ਸਰਕਾਰ ਚਲਾਉਣ ਵਾਲਿਆਂ ਨੇ ਕਾਰਪੋਰੇਟ ਘਰਾਣਿਆਂ ਦੇ ਪੈਸਿਆਂ ਤੋਂ ਲੈ ਕੇ ਫ਼ਿਰਕੂ ਸਿਆਸਤ ਨੂੰ ਸਤਾ ਕਾਇਮੀ ਲਈ ਵਰਤਿਆ ਹੈ। ਇਸ ਦੇ ਮੁਕਾਬਲੇ 27 ਸਾਲਾਂ ਵਿਚ ਵਾਰ ਵਾਰ ਹਾਰ ਖਾਣ ਤੋਂ ਬਾਅਦ ਕਾਂਗਰਸ ਪਾਰਟੀ ਨੇ ਮੋਦੀ-ਸ਼ਾਹ ਜੋੜੀ ਨੂੰ ਕੇਂਦਰ ਵਿਚ ਰੱਖ ਕੇ ਗੁਜਰਾਤ ਦੀ ਰੱਖਿਆ ਕਰਨ ਅਤੇ ਗੁਜਰਾਤੀਆਂ ਦੀ ਬਹਾਲੀ ਲਈ ਕਾਂਗਰਸ ਪਾਰਟੀ ਨੂੰ ਸੱਤਾ ਸੌਂਪਣ ਦੀ ਵਕਾਲਤ ਕੀਤੀ ਹੈ। ਦੇਸ਼ ਦੇ ਪੱਧਰ 'ਤੇ ਉੱਭਰਨ ਵਾਸਤੇ ਆਮ ਆਦਮੀ ਪਾਰਟੀ ਨੇ ਲੋਕਾਂ ਦੀ ਬੇਚੈਨੀ ਜਿਹੜੀ ਮਹਿੰਗਾਈ ਤੋਂ ਲੈ ਕੇ ਰੁਜ਼ਗਾਰ ਤੱਕ ਵਧੀ ਹੈ, ਨੂੰ ਆਪਣਾ ਏਜੰਡਾ ਬਣਾਉਣ ਦਾ ਯਤਨ ਕੀਤਾ ਹੈ। ਇਸ ਨੇ ਪੰਜਾਬ ਮਾਡਲ ਦੇ ਤੌਰ 'ਤੇ ਭਗਵੰਤ ਮਾਨ ਰਾਹੀਂ ਨਵੀਂ ਪਹਿਲਕਦਮੀ ਦੀ ਕੋਸ਼ਿਸ਼ ਕੀਤੀ ਹੈ ਪਰ ਜੋ ਬਾਹੂਬਲ ਅਤੇ ਪੈਸੇ ਦੀ ਤਾਕਤ ਰਾਹੀਂ ਭਾਜਪਾ ਨੇ ਕਰਨ ਦਾ ਯਤਨ ਕੀਤਾ ਹੈ, ਉਹ ਸਭ ਦੇ ਸਾਹਮਣੇ ਹੈ। ਕਾਰਪੋਰੇਟ ਘਰਾਣੇ ਜਿਸ ਤਰ੍ਹਾਂ ਇਲੈਕਟੋਰਲ ਬਾਂਡ ਖ਼ਰੀਦ ਕੇ ਭਾਜਪਾ ਨੂੰ ਤਾਕਤਵਰ ਕਰ ਰਹੇ ਹਨ, ਉਸ ਤੋਂ ਸਾਫ਼ ਦਿਖਾਈ ਦਿੰਦਾ ਹੈ ਕਿ ਦਿੱਲੀ ਦੀ ਤਾਕਤ ਅਤੇ ਸੱਤਾ ਗੁਜਰਾਤ ਵਿਚ ਕਿਵੇਂ ਦਿਖਾਈ ਜਾ ਰਹੀ ਹੈ। ਇਨ੍ਹਾਂ ਚੋਣਾਂ ਵਿਚ ਕਾਰਪੋਰੇਟ ਘਰਾਣਿਆਂ ਨੇ 1500 ਕਰੋੜ ਦੇ ਲਗਭਗ ਭਾਜਪਾ ਨੂੰ ਪਾਰਟੀ ਸਹਾਇਤਾ ਦੇ ਨਾਂ ਹੇਠ ਦਿੱਤੇ ਹਨ। ਹੋਰ ਇਲੈਕਟੋਰਲ ਬਾਂਡਾਂ ਰਾਹੀਂ ਭਾਜਪਾ ਨੂੰ 506 ਕਰੋੜ ਇਕੱਤਰ ਹੋਏ ਹਨ। ਕਾਂਗਰਸ ਪਾਰਟੀ ਨੂੰ ਸਿਰਫ਼ 10 ਕਰੋੜ ਰੁਪਏ ਅਤੇ ਆਮ ਆਦਮੀ ਪਾਰਟੀ ਨੂੰ 32 ਲੱਖ ਰੁਪਏ ਇਲੈਕਟੋਰਲ ਬਾਂਡ ਰਾਹੀਂ ਇਕੱਤਰ ਹੋਏ ਹਨ। ਇਨ੍ਹਾਂ ਚੋਣਾਂ ਵਿਚ ਮੀਡੀਆ ਉਪਰ ਅੰਦਾਜ਼ਨ 500 ਕਰੋੜ ਰੁਪਏ ਅਤੇ ਹੋਰ ਪ੍ਰਚਾਰ-ਪ੍ਰਸਾਰ ਲਈ 1000 ਕਰੋੜ ਰੁਪਏ ਖ਼ਰਚ ਆਉਣ ਦਾ ਅੰਦਾਜ਼ਾ ਹੈ। ਦੇਸ਼ ਵਿਚ ਡਬਲ ਇੰਜਣ ਦੀ ਸਰਕਾਰ ਰਾਹੀਂ ਦੋ ਵੱਡੇ ਧਨਾਢਾਂ ਦਾ ਸਰਮਾਇਆ 12 ਲੱਖ ਕਰੋੜ ਅਤੇ 7 ਲੱਖ ਕਰੋੜ ਤੱਕ ਪਹੁੰਚ ਗਿਆ ਹੈ। ਭਾਰਤ ਵਿਚ ਸਿਰਫ਼ 100 ਘਰਾਣਿਆਂ ਕੋਲ 65 ਲੱਖ ਕਰੋੜ ਦੀ ਪੂੰਜੀ ਹੈ। ਇਨ੍ਹਾਂ ਦੀ ਅਮੀਰੀ ਵਿਚ ਬੇਹਤਾਸ਼ਾ ਵਾਧਾ ਡਬਲ ਇੰਜਣ ਸਰਕਾਰ ਰਾਹੀਂ ਹੀ ਹੋਇਆ ਹੈ ਪਰ ਜਿਨ੍ਹਾਂ ਵੱਡੇ ਘਰਾਣਿਆਂ ਨੇ ਇਨ੍ਹਾਂ ਦੇ ਡਰ ਤੋਂ ਆਪਣਾ ਸਰਮਾਇਆ ਵਿਦੇਸ਼ਾਂ ਵਿਚ ਲਗਾਇਆ ਹੈ, ਉਨ੍ਹਾਂ ਦੀ ਗਿਣਤੀ 2022 ਦੇ ਅੰਕੜਿਆਂ ਅਨੁਸਾਰ 8000 ਦੇ ਲਗਭਗ ਹੈ। ਇਹਨਾਂ ਘਰਾਣਿਆਂ ਨੂੰ ਐਨਫੋਰਸਮੈਂਟ ਏਜੰਸੀ ਤੋਂ ਲੈ ਕੇ ਐੱਨਆਈਏ ਤੱਕ ਦਾ ਡਰ ਸਤਾਉਂਦਾ ਸੀ। ਜਿਹੜੇ ਸਿਆਸੀ ਫੰਡ ਦੇਣ ਤੋਂ ਲੈ ਕੇ (ਬਾਕੀ ਸਫ਼ਾ 29 'ਤੇ)

## ਵਿਸ਼ਵ ਬੈਂਕ ਦੀ ਇਕ ਰਿਪੋਰਟ

# ਪ੍ਰਵਾਸੀ ਭਾਰਤੀਆਂ ਨੇ ਭੇਜਿਆ ਸਭ ਤੋਂ ਵੱਧ ਵਿਦੇਸ਼ੀ ਪੈਸਾ



ਨਵੀਂ ਦਿੱਲੀ/ਏ.ਟੀ.ਨਿਊਜ਼ :- ਵਿਸ਼ਵ ਬੈਂਕ ਦੀ ਇਕ ਰਿਪੋਰਟ ਮੁਤਾਬਕ ਭਾਰਤ ਦੂਜੇ ਦੇਸ਼ਾਂ ਦੇ ਮੁਕਾਬਲੇ ਪ੍ਰਵਾਸੀਆਂ ਦੁਆਰਾ ਆਪਣੇ ਮੂਲ ਦੇਸ਼ ਨੂੰ ਭੇਜੇ ਗਏ ਪੈਸੇ ਕਮਾਉਣ ਵਿਚ ਸਭ ਤੋਂ ਅੱਗੇ ਹੈ। ਵਿਸ਼ਵ ਬੈਂਕ ਦੀ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ 2022 ਵਿੱਚ ਭਾਰਤ ਦਾ ਰੈਮਿਟੈਂਸ 100 ਅਰਬ ਡਾਲਰ ਤੱਕ ਪਹੁੰਚਣ ਦੀ ਉਮੀਦ ਹੈ। ਪਿਛਲੇ ਸਾਲ ਦੇ ਮੁਕਾਬਲੇ ਇਹ 7.5 ਫੀਸਦੀ ਤੋਂ ਵਧ ਕੇ 12 ਫੀਸਦੀ ਹੋ ਸਕਦਾ ਹੈ। ਰਿਪੋਰਟ 'ਚ ਕਿਹਾ ਗਿਆ ਹੈ ਕਿ 2021 ਵਿਚ 89.4 ਅਰਬ ਡਾਲਰ ਰੈਮਿਟੈਂਸ ਭਾਰਤ ਆਇਆ ਸੀ ਜੋ 2022 ਵਿਚ 100 ਅਰਬ ਡਾਲਰ ਤੱਕ ਪਹੁੰਚ ਸਕਦਾ ਹੈ। ਦੂਜੇ ਪਾਸੇ, ਭਾਰਤ ਤੋਂ ਬਾਅਦ ਮੈਕਸੀਕੋ, ਚੀਨ, ਫਿਲੀਪੀਨਜ, ਮਿਸਰ ਅਤੇ ਪਾਕਿਸਤਾਨ ਦੇ ਰੈਮਿਟੈਂਸ ਕਮਾਉਣ ਵਾਲੇ ਚੋਟੀ ਦੇ ਦਸ ਦੇਸ਼ਾਂ ਵਿੱਚ ਰਹਿਣ ਦੀ ਉਮੀਦ ਹੈ। ਇਸ ਵਿਚ ਮੈਕਸੀਕੋ ਤੋਂ 60 ਅਰਬ ਡਾਲਰ, ਚੀਨ ਤੋਂ 51 ਅਰਬ ਡਾਲਰ, ਫਿਲੀਪੀਨਜ ਤੋਂ 38 ਅਰਬ ਡਾਲਰ, ਮਿਸਰ ਤੋਂ 32 ਅਰਬ ਡਾਲਰ ਅਤੇ ਪਾਕਿਸਤਾਨ ਤੋਂ 29 ਅਰਬ ਡਾਲਰ ਆਉਣ ਦੀ ਉਮੀਦ ਹੈ। ਵਿਸ਼ਵ ਬੈਂਕ ਦੀ ਰਿਪੋਰਟ 'ਚ ਕਿਹਾ ਗਿਆ ਹੈ ਕਿ ਖੇਤਰੀ ਪੱਧਰ 'ਤੇ ਇਸ ਸਾਲ ਦੱਖਣੀ ਏਸ਼ੀਆ 'ਚ ਰੈਮਿਟੈਂਸ ਕਰੀਬ 3.5 ਫੀਸਦੀ ਵਧ ਕੇ 163 ਅਰਬ ਡਾਲਰ ਤੱਕ ਪਹੁੰਚ ਗਿਆ ਹੈ।

# ਚੀਨ, ਅਮਰੀਕਾ ਤੇ ਭਾਰਤ ਨੂੰ ਧਮਕਾਉਣ ਲੱਗਾ

### ➢ ਅਮਰੀਕਾ ਨਾਲ ਭਾਰਤ ਦੇ ਫ਼ੌਜੀ ਅਭਿਆਸ 'ਤੇ ਇਤਰਾਜ਼ ਜਤਾਇਆ
### ➢ ਚੀਨ ਵਲੋਂ ਚਿਤਾਵਨੀ ਕਿ ਭਾਰਤ ਨਾਲ ਸਾਡੇ ਸੰਬੰਧਾਂ ਵਿਚ ਅਮਰੀਕਾ ਦਖ਼ਲ ਨਾ ਦੇਵੇ
### ➢ ਚੀਨ ਨਾਲ ਚੱਲ ਰਹੇ ਤਣਾਅ ਦਰਮਿਆਨ ਅਮਰੀਕਾ ਨੇ ਲਾਂਚ ਕੀਤਾ ਸਭ ਤੋਂ ਖ਼ਤਰਨਾਕ ਜਹਾਜ਼

ਚੀਨ ਨੇ ਅਮਰੀਕਾ ਨਾਲ ਭਾਰਤ ਦੇ ਫੌਜੀ ਅਭਿਆਸ 'ਤੇ ਇਤਰਾਜ਼ ਜਤਾਇਆ ਹੈ। ਚੀਨ ਦੇ ਇਸ ਦੋਸ਼ ਬਾਰੇ ਭਾਰਤੀ ਵਿਦੇਸ਼ ਮੰਤਰਾਲੇ ਨੇ ਕਿਹਾ ਕਿ ਚੀਨ ਖੁਦ ਇਸ ਸਮਝੌਤੇ ਦੀ ਉਲੰਘਣਾ ਕਰ ਰਿਹਾ ਹੈ। ਉੱਤਰਾਖੰਡ ਦੇ ਔਲੀ ਵਿਚ ਚੱਲ ਰਹੇ ਭਾਰਤ-ਅਮਰੀਕਾ ਸਾਂਝੇ ਫੌਜੀ ਅਭਿਆਸ ਸੰਬੰਧੀ ਚੀਨ ਵੱਲੋਂ ਉਠਾਏ ਗਏ ਇਤਰਾਜ਼ ਦਾ ਭਾਰਤ ਨੇ ਢੁੱਕਵਾਂ ਜਵਾਬ ਦਿੱਤਾ ਹੈ। ਯਾਦ ਰਹੇ ਕਿ ਭਾਰਤ ਦਾ ਅਮਰੀਕਾ ਨਾਲ ਪਹਿਲਾਂ ਵੀ ਫੌਜੀ ਅਭਿਆਸ ਹੁੰਦਾ ਰਿਹਾ ਹੈ ਅਤੇ ਇਹ ਇਸ ਦਾ 18ਵਾਂ ਸੰਸਕਰਨ ਹੈ। ਆਖਰੀ ਅਭਿਆਸ ਅਕਤੂਬਰ 2021 ਵਿੱਚ ਅਮਰੀਕਾ ਦੇ ਅਲਾਸਕਾ ਵਿੱਚ ਹੋਇਆ ਸੀ। ਉਦੋਂ ਚੀਨ ਨੇ ਕੋਈ ਪ੍ਰਤੀਕਰਮ ਨਹੀਂ ਪ੍ਰਗਟਾਇਆ ਸੀ ਪਰ ਇਸ ਵਾਰ ਉਸ ਨੇ ਦੋਸ਼ ਲਾਇਆ ਕਿ ਭਾਰਤ ਨੇ ਅਜਿਹਾ ਕਰਕੇ 1993 ਅਤੇ 1996 ਦੇ ਸਮਝੌਤਿਆਂ ਦੀ ਉਲੰਘਣਾ ਕੀਤੀ ਹੈ। ਦਰਅਸਲ ਦੋਵਾਂ ਦੇਸ਼ਾਂ ਵਿਚਾਲੇ ਇਨ੍ਹਾਂ ਸਮਝੌਤਿਆਂ ਦਾ ਮੁੱਖ ਮਕਸਦ ਵਿਸ਼ਵਾਸ ਵਧਾਉਣਾ ਸੀ। ਇਸ ਤਹਿਤ ਨੌਂ ਨੁਕਤਿਆਂ 'ਤੇ ਸਹਿਮਤੀ ਬਣੀ। ਇਹ ਫੈਸਲਾ ਕੀਤਾ ਗਿਆ ਸੀ ਕਿ ਕੋਈ ਵੀ ਧਿਰ ਤਾਕਤ ਜਾਂ ਫੌਜ ਦੀ ਵਰਤੋਂ ਨਹੀਂ ਕਰੇਗਾ। 1996 ਦੇ ਸਮਝੌਤੇ ਵਿੱਚ ਇਹ ਵੀ ਕਿਹਾ ਗਿਆ ਸੀ ਕਿ ਐਲ ਏ ਸੀ ਦੇ ਦੋ-ਕਿਲੋਮੀਟਰ ਖੇਤਰ ਦੇ ਅੰਦਰ ਕੋਈ ਗੋਲੀਬਾਰੀ, ਅੱਗ ਦੀ ਰੋਸ਼ਨੀ, ਧਮਾਕੇ ਜਾਂ ਖਤਰਨਾਕ ਰਸਾਇਣਾਂ ਦੀ ਵਰਤੋਂ ਨਹੀਂ ਹੋਵੇਗੀ। ਦੋਵੇਂ ਧਿਰਾਂ ਐਲ ਏ ਸੀ 'ਤੇ ਫੌਜ ਦੀ ਵਰਤੋਂ ਕਰਨ ਦੀ ਧਮਕੀ ਵੀ ਨਹੀਂ ਦੇਣਗੇ। ਜੇਕਰ ਅਸੀਂ ਇਸ ਸਮਝੌਤੇ ਦੇ ਮੱਦੇਨਜ਼ਰ ਗਲਵਾਨ ਤੋਂ ਡੋਕਲਾਮ ਤੱਕ ਐਲਏਸੀ ਦੀ ਸਥਿਤੀ ਨੂੰ ਦੇਖਦੇ ਹਾਂ ਤਾਂ ਇਹ ਸਪੱਸ਼ਟ ਹੈ ਕਿ ਚੀਨ ਖੁਦ ਆਪਣੀ ਗੱਲ 'ਤੇ ਕਾਇਮ ਨਹੀਂ ਹੈ। ਇਸੇ ਲਈ ਚੀਨ ਦੇ ਇਸ ਦੋਸ਼ 'ਤੇ ਭਾਰਤ ਦੇ ਵਿਦੇਸ਼ ਮੰਤਰਾਲੇ ਨੇ ਕਿਹਾ ਕਿ ਚੀਨ ਖੁਦ ਇਸ ਸਮਝੌਤੇ ਦੀ ਉਲੰਘਣਾ ਕਰ ਰਿਹਾ ਹੈ। ਭਾਰਤ ਨੇ ਇਸ ਮੁੱਦੇ 'ਤੇ ਕਿਸੇ ਤੀਜੇ ਦੇਸ਼ ਨੂੰ ਵੀਟੋ ਨਹੀਂ ਦਿੱਤਾ ਤਾਂ ਜੋ ਉਹ ਆ ਕੇ ਇਸ ਵਿਚ ਦਖਲ ਦੇਵੇ। ਦਰਅਸਲ, ਚੀਨ ਅਮਰੀਕਾ ਦੇ ਡੂੰਘੇ ਹੁੰਦੇ ਸਬੰਧਾਂ ਨੂੰ ਲੈ ਕੇ ਕਾਫੀ ਬੇਚੈਨ ਹੈ। ਇਸ ਬਾਰੇ ਉਹ ਅਮਰੀਕਾ ਨੂੰ ਭਾਰਤ ਅਤੇ ਚੀਨ ਦੇ ਸਬੰਧਾਂ ਵਿੱਚ (ਬਾਕੀ ਸਫ਼ਾ 29 'ਤੇ)



## ਅਮਰੀਕਾ ਨੇ ਪ੍ਰਮਾਣੂ ਬੰਬਾਰ ਬੀ-21 ਰੇਡਰ ਏਅਰਕ੍ਰਾਫਟ ਲਾਂਚ ਕੀਤਾ

ਵਾਸ਼ਿੰਗਟਨ : ਚੀਨ ਨਾਲ ਵਧਦੇ ਤਣਾਅ ਦੇ ਵਿਚਕਾਰ, ਅਮਰੀਕਾ ਨੇ ਆਖਰਕਾਰ ਪ੍ਰਮਾਣੂ ਬੰਬਾਰ ਬੀ-21 ਰੇਡਰ ਏਅਰਕ੍ਰਾਫਟ ਲਾਂਚ ਕਰ ਦਿੱਤਾ ਹੈ। ਕਈ ਸਾਲਾਂ ਤੋਂ ਅਮਰੀਕਾ ਗੁਪਤ ਤਰੀਕੇ ਨਾਲ ਇਸ ਜਹਾਜ਼ ਨੂੰ ਵਿਕਸਿਤ ਕਰਨ ਵਿੱਚ ਲੱਗਾ ਹੋਇਆ ਸੀ।

ਇਹ ਜਹਾਜ਼ ਰਾਫੇਲ ਤੋਂ ਵੀ ਤੇਜ਼ ਦੱਸਿਆ ਜਾ ਰਿਹਾ ਹੈ। ਰਾਫੇਲ ਪੰਜਵੀਂ ਪੀੜ੍ਹੀ ਦਾ ਲੜਾਕੂ ਜਹਾਜ਼ ਹੈ, ਜਦੋਂ ਕਿ ਬੀ-21 ਰੇਡਰ ਛੇਵੀਂ ਪੀੜ੍ਹੀ ਦਾ ਹੈ। ਕੈਲੀਫੋਰਨੀਆ ਦੇ ਪਾਮਡੇਲ ਸਥਿਤ ਮਿਲਟਰੀ ਬੇਸ 'ਤੇ ਲਾਂਚ ਕਰਨ ਤੋਂ ਪਹਿਲਾਂ ਇਸ ਦੀਆਂ ਵਿਸ਼ੇਸ਼ਤਾਵਾਂ ਬਾਰੇ ਦੱਸਿਆ ਗਿਆ ਸੀ। ਕਾਲੇ ਰੰਗ ਦਾ ਨਿਊਕਲੀਅਰ ਸਟੀਲਥ ਬੰਬ ਬੀ-2 ਸਪਿਰਟ ਦੀ ਥਾਂ ਲਵੇਗਾ। ਇਸ ਦਾ ਨਿਰਮਾਣ ਪੈਂਟਾਗਨ ਦੇ ਪ੍ਰਮਾਣੂ ਆਧੁਨਿਕੀਕਰਨ ਦਾ ਹਿੱਸਾ ਹੈ। ਇਸ ਵਿੱਚ ਸਿਲੋ ਲਾਂਚ ਕੀਤੀਆਂ ਬੈਲਿਸਟਿਕ ਮਿਜ਼ਾਈਲਾਂ ਅਤੇ ਪਣਡੁੱਬੀ ਵਾਰਹੈੱਡ ਵੀ ਸ਼ਾਮਲ ਹਨ।

ਹਵਾਈ ਸੈਨਾ ਨੇ ਪਹਿਲਾਂ 2010 ਵਿੱਚ £550 ਮਿਲੀਅਨ ਦੀ ਔਸਤਨ ਕੀਮਤ 'ਤੇ 100 ਜਹਾਜ਼ਾਂ ਦੀ ਖਰੀਦ ਲਈ ਕੀਮਤ ਤੈਅ ਕੀਤੀ ਸੀ, ਜੋ ਅੱਜ ਲਗਭਗ $753 ਮਿਲੀਅਨ ਹੈ। ਹਾਲਾਂਕਿ, ਇਹ ਅਸਪੱਸ਼ਟ ਹੈ ਕਿ ਹਵਾਈ ਸੈਨਾ ਅਸਲ ਵਿੱਚ ਕਿੰਨਾ ਖਰਚ ਕਰ ਰਹੀ ਹੈ।

ਮਾਮਲਾ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦਾ

# ਹਾਈਕੋਰਟ ਨੇ ਦਿੱਤੇ ਹੁਕਮ ਕਿ ਸੌਦਾ ਸਾਧ ਨੂੰ ਸਾਰੇ ਦਸਤਾਵੇਜ਼ ਮੁਹੱਈਆ ਕਰਵਾਏ ਜਾਣ

## ਸੌਦਾ ਸਾਧ ਵਲੋਂ 'ਸਿੱਟ' ਦੀ ਬਜਾਏ ਸੀ.ਬੀ.ਆਈ. ਤੋਂ ਜਾਂਚ ਕਰਵਾਉਣ ਦੀ ਮੰਗ



ਚੰਡੀਗੜ੍ਹ/ਏ.ਟੀ.ਨਿਊਜ਼ :- ਪੰਜਾਬ ਤੇ ਹਰਿਆਣਾ ਹਾਈਕੋਰਟ ਨੇ ਪੰਜਾਬ ਸਰਕਾਰ ਨੂੰ ਡੇਰਾ ਸਿਰਸਾ ਮੁਖੀ ਰਾਮ ਰਹੀਮ ਨੂੰ ਬੇਅਦਬੀ ਮਾਮਲੇ ਨਾਲ ਸਬੰਧਿਤ ਸਾਰੇ ਦਸਤਾਵੇਜ਼ ਮੁਹੱਈਆ ਕਰਵਾਉਣ ਦੇ ਹੁਕਮ ਦਿੱਤੇ ਹਨ। ਹਾਈਕੋਰਟ ਨੇ ਇਹ ਹੁਕਮ ਡੇਰਾ ਮੁਖੀ ਦੀ ਪਟੀਸ਼ਨ 'ਤੇ ਸੁਣਵਾਈ ਕਰਦਿਆਂ ਦਿੱਤਾ ਹੈ। ਰਾਮ ਰਹੀਮ ਦੇ ਵਕੀਲ ਵਲੋਂ ਕਿਹਾ ਗਿਆ ਹੈ ਕਿ ਪੰਜਾਬ ਸਰਕਾਰ ਵਲੋਂ ਰਾਮ ਰਹੀਮ ਨੂੰ ਬਹੁਤੇ ਦਸਤਾਵੇਜ਼ ਨਹੀਂ ਦਿੱਤੇ ਜਾ ਰਹੇ ਹਨ। ਇਨ੍ਹਾਂ ਦਸਤਾਵੇਜ਼ਾਂ ਦੀ ਅਣਹੋਂਦ ਕਾਰਨ ਰਾਮ ਰਹੀਮ ਲਈ ਮਾਮਲੇ ਵਿਚ ਆਪਣਾ ਪੱਖ ਪੇਸ਼ ਕਰਨ 'ਚ ਦਿੱਕਤ ਆ ਰਹੀ ਹੈ। ਮੁਲਜ਼ਮ ਨੂੰ ਕੇਸ ਦੌਰਾਨ ਆਪਣਾ ਬਚਾਅ ਕਰਨ ਦਾ ਕਾਨੂੰਨੀ ਹੱਕ ਹੈ। ਇਸ ਕੇਸ ਦੀ ਸੁਣਵਾਈ ਫ਼ਰੀਦਕੋਟ ਦੀ ਜ਼ਿਲ੍ਹਾ ਅਦਾਲਤ ਵਿਚ ਚੱਲ ਰਹੀ ਹੈ। ਹਾਈਕੋਰਟ ਨੇ ਨਿਰਦੇਸ਼ ਦਿੱਤੇ ਹਨ ਕਿ ਪੰਜਾਬ ਸਰਕਾਰ ਰਾਮ ਰਹੀਮ ਨੂੰ ਸਾਰੇ ਦਸਤਾਵੇਜ਼ ਮੁਹੱਈਆ ਕਰਵਾਏ ਤੇ ਨਾਲ ਹੀ ਇਹ ਦਸਤਾਵੇਜ਼ ਪੈਨ ਡਰਾਈਵ ਵਿਚ ਪਾ ਕੇ ਰਾਮ ਰਹੀਮ ਦੇ ਵਕੀਲ ਨੂੰ ਦਿੱਤੇ ਜਾਣ। ਬੇਅਦਬੀ ਮਾਮਲੇ ਵਿਚ ਸੌਦਾ ਸਾਧ ਨੇ ਪੰਜਾਬ ਪੁਲਿਸ ਦੀ 'ਸਿੱਟ' ਦੀ ਬਜਾਏ ਸੀ.ਬੀ.ਆਈ. ਤੋਂ ਜਾਂਚ ਕਰਵਾਉਣ ਦੀ ਮੰਗ ਕੀਤੀ ਹੈ।

# ਬ੍ਰਿਟਿਸ਼ ਸਿੱਖ ਸਕੂਲ਼ 'ਚ ਸ਼ਹੀਦੀ ਸਾਕਿਆਂ ਦੇ ਪ੍ਰੋਗਰਾਮ ਆਰੰਭ





ਚੰਡੀਗੜ੍ਹ/ਏ.ਟੀ.ਨਿਊਜ਼ :- ਦਸੰਬਰ ਮਹੀਨਾ ਸਿੱਖ ਇਤਿਹਾਸ ਵਿੱਚ ਕੁਰਬਾਨੀਆਂ ਭਰਿਆ ਹੈ ਜੋ ਸਾਡੇ ਚੇਤਿਆ ਤੋਂ ਲਗਾਤਾਰ ਵਿਸਰ ਰਹੀਆਂ ਹਨ। ਬ੍ਰਿਟਿਸ਼ ਸਿੱਖ ਸਕੂਲ਼ ਦੀ ਮੈਨੇਜਮੈਂਟ ਨੇ ਦਸੰਬਰ ਤੋਂ ਲੈ ਕੇ ਜਨਵਰੀ ਤੱਕ ਇਨ੍ਹਾਂ ਕੁਰਬਾਨੀਆਂ ਦਾ ਇਤਿਹਾਸ ਘਰ-ਘਰ ਪਹੁੰਚਾਉਣ ਦਾ ਬੀੜਾ ਚੁੱਕਿਆ ਹੈ, ਜਿਸ ਦੇ ਚਲਦਿਆਂ ਸਕੂਲ ਦੇ ਬੱਚਿਆਂ ਨੇ ਪਿੰਡ ਇਬਣ, ਅਠੋਲਾ, ਕੁਹਾਲਾ, ਸਿੱਧਪੁਰ, ਭੇਟਾ ਅਤੇ ਚਮਿਆਰੇ ਦੇ ਗੁਰਦੁਆਰਾ ਸਾਹਿਬ ਵਿੱਚ ਕੀਰਤਨ, ਨਾਮ ਸਿਮਰਨ, ਅਰਦਾਸ ਉਪਰੰਤ ਗੁਰਦੁਆਰਾ ਸਾਹਿਬ ਦੀ ਸਫਾਈ ਦੀ ਸੇਵਾ ਵੀ ਕੀਤੀ।

ਜਿੱਥੇ ਸਕੂਲ਼ ਦੇ ਬੱਚਿਆਂ ਵਿੱਚ ਇਸ ਆਰੰਭ ਕੀਤੇ ਪ੍ਰੋਗਰਾਮ ਤੇ ਭਾਰੀ ਉਤਸ਼ਾਹ ਦੇਖਿਆ, ਉੱਥੇ ਹੀ ਗੁਰਦੁਆਰਾ ਸਾਹਿਬ ਦੇ ਗ੍ਰੰਥੀ ਸਾਹਿਬਾਨ, ਪ੍ਰਬੰਧਕ ਸਾਹਿਬਾਨ ਅਤੇ ਨਗਰਾਂ ਦੀਆਂ ਸੰਗਤਾਂ ਵਿੱਚ ਵੀ ਉਤਸ਼ਾਹਤ ਪਾਇਆ ਗਿਆ। ਆਉਣ ਵਾਲੇ ਸਮੇਂ ਵਿੱਚ ਇਹ ਪ੍ਰੋਗਰਾਮ ਲਗਾਤਾਰ ਜਾਰੀ ਰਹਿਣਗੇ।

ਪਿੰਡ ਦੇ ਬੱਚਿਆਂ ਨੂੰ ਵੀ ਇਸ ਪ੍ਰੋਗਰਾਮਾਂ ਨਾਲ ਜੋੜਿਆ ਜਾਵੇਗਾ। ਸਕੂਲ ਦੇ ਐਮ ਡੀ ਤਰਸੇਮ ਸਿੰਘ ਅਤੇ ਪ੍ਰਿੰਸੀਪਲ ਹਰਦੀਪ ਕੌਰ ਨੇ ਕਿਹਾ ਕਿ ਬ੍ਰਿਟਿਸ਼ ਸਿੱਖ ਸਕੂਲ਼ ਜਿੱਥੇ ਪੜ੍ਹਾਈ ਵਿੱਚ ਅੱਗੇ ਵੱਧ ਰਹਿਆ ਹੈ, ਉੱਥੇ ਪੰਜਾਬੀ ਅਤੇ ਸਿੱਖੀ ਨੂੰ ਘਰ-ਘਰ ਪਹੁੰਚਾਉਣ ਵਿੱਚ ਵੀ ਪਹਿਲ ਦੇ ਅਧਾਰ 'ਤੇ ਕੰਮ ਕਰ ਰਿਹਾ ਹੈ।

ਉਨ੍ਹਾਂ ਨੇ ਅੱਗੇ ਕਿਹਾ ਕਿ ਅਸੀਂ ਬੱਚਿਆਂ ਨੂੰ ਚੰਗੀ ਪੜ੍ਹਾਈ ਦੇ ਨਾਲ ਨਾਲ ਅਧਿਆਤਮਕ ਸਿੱਖਿਆ, ਉੱਚ ਨੈਤਿਕ ਕਦਰਾਂ ਕੀਮਤਾਂ ਦੀ ਜਾਣਕਾਰੀ ਅਤੇ ਸੁਚੱਜੇ ਢੰਗ ਨਾਲ ਜੀਵਨ ਨੂੰ ਚੰਗੇ ਆਦਰਸ਼ਾਂ ਦੇ ਆਧਾਰਤ ਜਿਉਣ ਦੀ ਕਲਾ ਬਾਰੇ, ਬੱਚਿਆਂ ਵਿਚ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਜਾਂਦੀ ਹੈ।

ਇਸ ਦੇ ਨਾਲ ਹੀ ਉਨ੍ਹਾਂ ਵਿਚ ਪੂਰੀ ਲਗਨ ਨਾਲ ਕੰਮ ਕਰਨ ਦੀ ਸੋਚ ਨੂੰ ਪੈਦਾ ਕੀਤਾ ਜਾਂਦਾ ਹੈ। ਬੱਚਿਆਂ ਵਿੱਚ ਵੀ ਇਨ੍ਹਾਂ ਸਿੱਖਿਆ ਨੂੰ ਸਿੱਖਣ ਲਈ ਉਤਸ਼ਾਹ ਦੇਖਿਆ ਜਾਂਦਾ ਹੈ। ਸਕੂਲ ਦਾ ਸਟਾਫ਼ ਵੀ ਪੂਰੀ ਲਗਨ ਨਾਲ ਕੰਮ ਕਰ ਰਿਹਾ ਹੈ।

# ਡਬਲਊ.ਐਸ.ਸੀ.ਸੀ. ਨੇ ਕਰਨਾਲ ਸ਼ਾਖਾ ਦੀ ਕੀਤੀ ਸ਼ੁਰੂਆਤ



ਨਵੀਂ ਦਿੱਲੀ/ਮਨਪ੍ਰੀਤ ਸਿੰਘ ਖਾਲਸਾ :- ਵਰਲਡ ਸਿੱਖ ਚੈਂਬਰ ਆਫ਼ ਕਾਮਰਸ ਨੇ ਕਰਨਾਲ, ਹਰਿਆਣਾ ਵਿੱਚ ਆਪਣੀ 23ਵੀਂ ਸ਼ਾਖਾ ਸ਼ੁਰੂ ਕੀਤੀ। ਇਸ ਮੌਕੇ ਕਰਵਾਏ ਸਮਾਗਮ ਦੇ ਮਹਿਮਾਨ ਚੇਅਰਮੈਨ ਡਾ. ਪਰਮੀਤ ਸਿੰਘ ਚੱਢਾ, ਗੁਰਬਖਸ਼ ਸਿੰਘ ਜੀ, ਸਾਗਾ ਮਿਊਜ਼ਿਕ ਅਤੇ ਮਾਡਰਨ ਫੂਡਜ਼ ਦੇ ਚੇਅਰਪਰਸਨ ਸਨ। ਉਹ ਇਸ ਨਵੇਂ ਸੰਕਲਪ ਦਾ ਸਮਰਥਨ ਕਰਨ ਲਈ ਵਿਸ਼ੇਸ਼ ਤੌਰ 'ਤੇ ਪਹੁੰਚੇ ਜਿੱਥੇ ਸਿੱਖ ਭਾਈਚਾਰੇ ਵਿੱਚ ਵਪਾਰਕ ਸਾਂਝ ਅਤੇ ਇੱਕ ਦੂਜੇ ਦਾ ਸਮਰਥਨ ਕਰਦੇ ਹਨ।

ਡਬਲਊਐਸਸੀਸੀ ਵੱਲੋਂ ਕਰਨਾਲ ਸ਼ਾਖਾ ਦੇ ਪ੍ਰਧਾਨ ਦੀ ਜ਼ਿੰਮੇਵਾਰੀ ਸਰਦਾਰ ਪਰਮਜੀਤ ਸਿੰਘ ਆਹੂਜਾ ਨੂੰ ਦਿੱਤੀ ਗਈ ਅਤੇ ਇਹ ਸਭ ਉਪਰਾਲਾ ਪ੍ਰਿਤਪਾਲ ਸਿੰਘ ਪੰਨੂ ਦੀ ਦੇਖ-ਰੇਖ ਹੇਠ ਕੀਤਾ ਜਾਏਗਾ।

60 ਤੋਂ ਵੱਧ ਸਿੱਖ ਅਤੇ ਵੱਖ-ਵੱਖ ਵਪਾਰਕ ਅਤੇ ਪੇਸ਼ੇਵਰ ਪਿਛੋਕੜ ਵਾਲੇ ਲੋਕਾਂ ਨੇ ਇਸ ਪ੍ਰੋਗਰਾਮ ਵਿੱਚ ਸ਼ਿਰਕਤ ਕੀਤੀ ਅਤੇ ਬਿਜ਼ਨਸ ਸਾਂਝ ਦੇ ਇਸ ਨਵੇਂ ਸੰਕਲਪ ਦੀ ਸ਼ਲਾਘਾ ਕੀਤੀ। ਪ੍ਰੋਗਰਾਮ ਵਿਚ ਹਾਜ਼ਿਰ ਲੋਕਾਂ ਨੂੰ ਲੇਖਕ ਸ਼ੈਰੀ, ਸ. ਕੁਲਜੀਤ ਮਰਵਾਹ ਅਤੇ ਹਰਮੀਤ ਅਰੋੜਾ ਨੇ ਬਿਜ਼ਨਸ, ਨੈਟਵਰਕਿੰਗ ਅਤੇ ਏਕ ਮੀਕ ਮੀਟਿੰਗਾਂ ਬਾਰੇ ਲਾਭਕਾਰੀ ਜਾਣਕਾਰੀ ਦਿੱਤੀ।

ਡਾ. ਪਰਮੀਤ ਸਿੰਘ ਚੱਢਾ ਨੇ ਕਿਹਾ 'ਸਰੋਤਾਂ ਤੱਕ ਸੀਮਤ ਪਹੁੰਚ ਦੇ ਨਾਲ, ਹਰ ਕੋਈ ਆਪਣੇ ਸੋਸ਼ਲ ਨੈਟਵਰਕਿੰਗ 'ਤੇ ਕੰਮ ਨਹੀਂ ਕਰ ਸਕਦਾ। ਡਬਲਊ ਐਸ ਸੀ ਸੀ ਨੇ ਸਾਥੀ ਸਿੱਖਾਂ ਦੇ ਕਾਰੋਬਾਰ ਨੂੰ ਸੰਭਾਲਣ ਅਤੇ ਉਨ੍ਹਾਂ ਦੇ ਸੁਪਨਿਆਂ ਦਾ ਸਮਰਥਨ ਕਰਨ ਦਾ ਫੈਸਲਾ ਕੀਤਾ ਹੈ। ਉਸਨੇ ਸਿੱਖ ਨੌਜਵਾਨਾਂ ਨੂੰ ਨਵੇਂ ਹੁਨਰ ਸਿੱਖਣ, ਸਥਾਨਕ ਕਾਲਜਾਂ ਵਿੱਚ ਉੱਚ ਸਿੱਖਿਆ ਪ੍ਰਾਪਤ ਕਰਨ, ਉੱਦਮੀ ਬਣਨ ਅਤੇ ਆਪਣੀ ਮਾਤਭੂਮੀ ਵਿੱਚ ਰਹਿਣ ਅਤੇ ਭਾਰਤੀ ਆਰਥਿਕਤਾ ਨੂੰ ਅੱਗੇ ਵਧਾਉਣ ਦੀ ਅਪੀਲ ਕੀਤੀ।'

ਪੰਨੂ ਨੇ ਕਿਹਾ, 'ਅਸੀਂ ਕਰਨਾਲ ਦੀ ਪਵਿੱਤਰ ਧਰਤੀ ਤੋਂ ਸਿੱਖਾਂ ਦੇ ਬੌਧਿਕ ਅਕਸ ਨੂੰ ਬਦਲਣ ਲਈ ਇੱਕ ਕ੍ਰਾਂਤੀ ਸ਼ੁਰੂ ਕਰਨਾ ਚਾਹੁੰਦੇ ਹਾਂ ਅਤੇ ਇਸ ਅੰਦੋਲਨ ਨੂੰ ਵਿਸ਼ਵ-ਵਿਆਪੀ ਲਹਿਰ ਬਣਾਉਣਾ ਚਾਹੁੰਦੇ ਹਾਂ।'

ਗੁਰਬਖਸ਼ ਸਿੰਘ ਨੇ ਕਿਹਾ, ਡਬਲਯੂ.ਐਸ.ਸੀ.ਸੀ. ਇੱਕ ਅੰਦੋਲਨ ਹੈ ਜਿਸ ਦੀ ਸਿੱਖਾਂ ਨੂੰ ਆਜ਼ਾਦੀ ਤੋਂ ਲੈ ਕੇ ਹੁਣ ਤੱਕ ਲੋੜ ਹੈ ਅਤੇ ਉਸਨੇ ਸਿੱਖਾਂ ਦੇ ਜੀਵਨ ਵਿੱਚ ਕ੍ਰਾਂਤੀ ਲਿਆਉਣ ਲਈ ਹਰ ਤਰ੍ਹਾਂ ਦੇ ਸਾਧਨਾਂ ਨਾਲ ਸਮਰਥਨ ਕਰਨ ਦੀ ਆਪਣੀ ਇੱਛਾ ਸਾਂਝੀ ਕੀਤੀ। ਉਸਨੇ ਡਬਲਯੂ.ਐੱਸ.ਸੀ.ਸੀ. ਦੀ ਟੀਮ ਅਤੇ ਉਨ੍ਹਾਂ ਦੇ ਕੰਮ ਦੀ ਸ਼ਲਾਘਾ ਕੀਤੀ।

# ਆਪਣੀ ਹੀ ਸੁਰੱਖਿਆ ਤੋਂ ਤੰਗ ਆਇਆ ਕਾਂਗਰਸੀ ਲੀਡਰ ਗੁਰਸਿਮਰਨ ਮੰਡ

## ਅਖੇ, ਪੁਲਿਸ ਨੇ ਘਰ ਅੰਦਰ ਹੀ ਜੇਲ੍ਹ ਬਣਾ ਦਿੱਤੀ



ਲੁਧਿਆਣਾ/ਏ.ਟੀ.ਨਿਊਜ਼ :- ਸਰਕਾਰੀ ਸੁਰੱਖਿਆ ਲੈਣ ਖਾਤਰ ਸੋਸ਼ਲ ਮੀਡੀਆ ਉਪਰ ਸਿੱਖ ਪੰਥ ਵਿਰੁਧ ਤਿੱਖੀ ਬਿਆਨਬਾਜ਼ੀ ਕਰਕੇ ਸੁਰਖੀਆਂ ਵਿਚ ਰਹਿਣ ਵਾਲਾ ਕਾਂਗਰਸੀ ਆਗੂ ਗੁਰਸਿਮਰਨ ਸਿੰਘ ਮੰਡ ਹੁਣ ਘਰ 'ਚ ਨਜ਼ਰਬੰਦ ਕੀਤੇ ਜਾਣ ਤੋਂ ਪ੍ਰੇਸ਼ਾਨ ਹੈ। ਤਕਰੀਬਨ ਮਹੀਨੇ ਦੋ ਘਰ 'ਚ ਨਜ਼ਰਬੰਦ ਗੁਰਸਿਮਰਨ ਸਿੰਘ ਮੰਡ ਨੇ ਪੁਲਿਸ ਸੁਰੱਖਿਆ 'ਤੇ ਕਈ ਸਵਾਲ ਖੜ੍ਹੇ ਕੀਤੇ ਹਨ। ਉਨ੍ਹਾਂ ਇਹ ਵੀ ਕਿਹਾ ਹੈ ਕਿ ਇਸ ਕਾਰਨ ਉਨ੍ਹਾਂ ਦਾ ਕਾਰੋਬਾਰ ਖਰਾਬ ਹੋ ਰਿਹਾ ਹੈ, ਉਨ੍ਹਾਂ ਦੇ ਕਿਸੇ ਵੀ ਪਰਿਵਾਰਕ ਮੈਂਬਰ ਨੂੰ ਘਰ ਤੋਂ ਬਾਹਰ ਨਹੀਂ ਜਾਣ ਦਿੱਤਾ ਜਾ ਰਿਹਾ। ਮੇਰੇ ਘਰ ਨੂੰ ਜੇਲ੍ਹ ਬਣਾਕੇ ਪੁਲਿਸ ਨੇ ਮੈਨੂੰ ਨਜ਼ਰਬੰਦ ਕਰ ਦਿੱਤਾ ਹੈ।

ਮੰਡ ਨੇ ਕਿਹਾ ਕਿ ਉਹ ਡੀਜੀਪੀ ਗੌਰਵ ਯਾਦਵ ਨੂੰ ਮਿਲਣ ਲਈ ਚੰਡੀਗੜ੍ਹ ਜਾਣਾ ਚਾਹੁੰਦੇ ਸਨ, ਪਰ ਲੁਧਿਆਣਾ ਕਮਿਸ਼ਨਰੇਟ ਪੁਲਿਸ ਨੇ ਉਨ੍ਹਾਂ ਨੂੰ ਮਨਜ਼ੂਰੀ ਨਹੀਂ ਦਿੱਤੀ। ਮੰਡ ਨੇ ਕਿਹਾ ਕਿ ਆਉਣ ਵਾਲੇ ਸਮੇਂ 'ਚ ਰਾਹੁਲ ਗਾਂਧੀ ਦੀ ਭਾਰਤ ਜੋੜੋ ਯਾਤਰਾ ਪੰਜਾਬ 'ਚ ਦਾਖਲ ਹੋਣੀ ਹੈ, ਇਸ ਲਈ ਪਾਰਟੀ ਦੀ ਮੀਟਿੰਗ ਹੈ ਪਰ ਸੱਦੇ ਦੇ ਬਾਵਜੂਦ ਪ੍ਰਸ਼ਾਸਨ ਨੇ ਉਨ੍ਹਾਂ ਨੂੰ ਘਰੋਂ ਬਾਹਰ ਨਹੀਂ ਜਾਣ ਦਿੱਤਾ ਮੰਡ ਨੇ ਕਿਹਾ ਕਿ ਹੁਣ ਮਹੀਨੇ ਤੋਂ ਉੱਪਰ ਦਾ ਸਮਾਂ ਹੋ ਚੁੱਕਿਆ ਹੈ ਨਾ ਤਾਂ ਉਨ੍ਹਾਂ ਨੂੰ ਬਾਹਰ ਜਾਣ ਦੀ ਆਗਿਆ ਹੈ ਤੇ ਨਾ ਹੀ ਕਿਸੇ ਪਰਿਵਾਰਕ ਮੈਂਬਰ ਨੂੰ ਬਾਹਰ ਜਾਣ ਦਿੱਤਾ ਜਾਂਦਾ ਹੈ। ਹਰ ਵਾਰ ਉਨ੍ਹਾਂ ਨੂੰ ਸੁਰੱਖਿਆ ਦਾ ਵਾਸਤਾ ਦੇ ਕੇ ਘਰ 'ਚ ਹੀ ਰੋਕ ਦਿੱਤਾ ਜਾਂਦਾ ਹੈ।

# ਪੰਜਾਬ ਵਿਚ ਗੈਰ-ਕਾਨੂੰਨੀ ਸ਼ਰਾਬ ਦੇ ਵੱਡੇ ਪੱਧਰ 'ਤੇ ਉਤਪਾਦਨ ਅਤੇ ਵਿਕਰੀ ਜ਼ੋਰਾਂ ਉਪਰ ਸੁਪਰੀਮ ਕੋਰਟ ਵਲੋਂ ਪੰਜਾਬ ਸਰਕਾਰ ਨੂੰ ਪਾਈਆਂ ਝਾੜਾਂ

## ਕਿਹਾ, ਅਜਿਹਾ ਹੀ ਚਲਦਾ ਰਿਹਾ ਤਾਂ ਪੰਜਾਬ ਦੀ ਜਵਾਨੀ ਤਬਾਹ ਹੋ ਜਾਵੇਗੀ



ਨਵੀਂ ਦਿੱਲੀ/ਏ.ਟੀ.ਨਿਊਜ਼ :- ਪੰਜਾਬ ਵਿਚ ਗੈਰ-ਕਾਨੂੰਨੀ ਸ਼ਰਾਬ ਦੇ ਵੱਡੇ ਪੱਧਰ 'ਤੇ ਉਤਪਾਦਨ ਅਤੇ ਵਿਕਰੀ ਨੂੰ ਲੈ ਕੇ ਸੁਪਰੀਮ ਕੋਰਟ ਨੇ ਪੰਜਾਬ ਸਰਕਾਰ ਨੂੰ ਸਖ਼ਤ ਫਟਕਾਰ ਲਾਈ ਹੈ। ਸੁਪਰੀਮ ਕੋਰਟ ਨੇ ਪੰਜਾਬ ਵਿਚ ਨਸ਼ੇ ਅਤੇ ਸ਼ਰਾਬ ਦੀ ਸਮੱਸਿਆ ਨੂੰ ਗੰਭੀਰ ਮੁੱਦਾ ਮੰਨਦੇ ਹੋਏ, ਇਸ ਨਾਲ ਨਜਿੱਠਣ ਲਈ ਪੰਜਾਬ ਸਰਕਾਰ ਦੀ ਢਿੱਲੀ ਕਾਰਗੁਜ਼ਾਰੀ 'ਤੇ ਨਾਰਾਜ਼ਗੀ ਵੀ ਜਤਾਈ ਤੇ ਸੂਬਾ ਸਰਕਾਰ ਨੂੰ ਚੌਕਸੀ ਰੱਖਣ ਵਿਚ ਅਸਫ਼ਲ ਰਹਿਣ 'ਤੇ ਸਥਾਨਕ ਪੁਲਿਸ ਦੀ ਜ਼ਿੰਮੇਵਾਰੀ ਵੀ ਤੈਅ ਕਰਨ ਲਈ ਕਿਹਾ। ਸੁਪਰੀਮ ਕੋਰਟ ਨੇ ਚਿੰਤਾ ਭਰੇ ਲਹਿਜੇ ਵਿਚ ਕਿਹਾ ਕਿ ਜੇਕਰ ਅਜਿਹਾ ਹੀ ਚੱਲਦਾ ਰਿਹਾ ਤਾਂ ਪੰਜਾਬ ਦੀ ਜਵਾਨੀ ਤਬਾਹ ਹੋ ਜਾਵੇਗੀ। ਸ਼ਰਾਬ ਦਾ ਗੈਰ-ਕਾਨੂੰਨੀ ਉਤਪਾਦਨ ਰੁਕਣਾ ਚਾਹੀਦਾ ਹੈ ਕਿਉਂਕਿ ਇਸ ਤੋਂ ਗਰੀਬ ਲੋਕ ਹੀ ਪੀੜਤ ਹੋਣਗੇ। ਇਹ ਵਰਤਾਰਾ ਸਿੱਧੇ ਤੌਰ 'ਤੇ ਸਿਹਤ ਤੇ ਸਮਾਜ ਨੂੰ ਪ੍ਰਭਾਵਿਤ ਕਰੇਗਾ। ਪੰਜਾਬ ਸਰਕਾਰ ਵਲੋਂ ਪੇਸ਼ ਹੋਏ ਸੀਨੀਅਰ ਵਕੀਲ ਅਜੀਤ ਕੁਮਾਰ ਸਿਨਹਾ ਨੇ ਭਰੋਸਾ ਦਿਵਾਇਆ ਕਿ ਸੂਬਾ ਸਰਕਾਰ ਵਲੋਂ ਇਸ ਸੰਬੰਧੀ ਲਗਾਤਾਰ ਕਾਰਵਾਈ ਕੀਤੀ ਜਾ ਰਹੀ ਹੈ ਤੇ 13,000 ਨਾਜਾਇਜ਼ ਭੱਠੀਆਂ ਨੂੰ ਨਸ਼ਟ ਕੀਤਾ ਜਾ ਚੁੱਕਾ ਹੈ। ਨਾਲ ਦੇ ਨਾਲ ਪਿਛਲੇ ਦੋ ਸਾਲਾਂ ਵਿਚ ਨਸ਼ੇ ਦਾ ਕਾਰੋਬਾਰ ਕਰਨ ਵਾਲਿਆਂ ਖਿਲਾਫ਼ 36,000 ਐਫ.ਆਈ.ਆਰ. ਦਰਜ ਕੀਤੀਆਂ ਗਈਆਂ ਹਨ ਜਿਸ ਉਪਰੰਤ ਸੁਪਰੀਮ ਕੋਰਟ ਨੇ ਕਿਹਾ ਕਿ ਸਰਕਾਰ ਸਿਰਫ ਐਫ.ਆਈ.ਆਰ. ਦਰਜ ਕਰ ਰਹੀ ਹੈ ਪਰ ਇਸ ਤੋਂ ਅਗਲੀ ਕਾਰਵਾਈ ਨਹੀਂ ਕੀਤੀ ਜਾ ਰਹੀ। ਜਸਟਿਸ ਐਮ.ਆਰ. ਸ਼ਾਹ ਤੇ ਜਸਟਿਸ ਸੀ.ਟੀ. ਰਵੀਕੁਮਾਰ ਦੇ ਬੈਂਚ ਨੇ ਪੰਜਾਬ ਸਰਕਾਰ ਨੂੰ ਗੈਰ-ਕਾਨੂੰਨੀ ਸ਼ਰਾਬ ਦੇ ਉਤਪਾਦਨ (ਬਾਕੀ ਸਫ਼ਾ 29 'ਤੇ)

ਮਾਮਲਾ ਲਖੀਮਪੁਰ ਹਿੰਸਾ ਦਾ

# ਆਸ਼ੀਸ਼ ਮਿਸ਼ਰਾ ਸਮੇਤ 13 ਖਿਲਾਫ ਦੋਸ਼ ਤੈਅ, ਅਗਲੀ ਸੁਣਵਾਈ 16 ਨੂੰ



ਲਖੀਮਪੁਰ ਖੀਰੀ/ਏ.ਟੀ. ਨਿਊਜ਼ :- ਲਖੀਮਪੁਰ ਖੀਰੀ ਹਿੰਸਾ ਮਾਮਲੇ ਵਿਚ ਇੱਥੋਂ ਦੀ ਇਕ ਅਦਾਲਤ ਨੇ ਕੇਂਦਰੀ ਮੰਤਰੀ ਅਜੈ ਮਿਸ਼ਰਾ ਦੇ ਪੁੱਤਰ ਆਸ਼ੀਸ਼ ਮਿਸ਼ਰਾ ਅਤੇ 12 ਹੋਰ ਵਿਰੁੱਧ ਦੋਸ਼ ਤੈਅ ਕਰ ਦਿੱਤੇ ਹਨ। ਅਕਤੂਬਰ, 2021 ਵਿਚ ਵਾਪਰੀ ਘਟਨਾ ਦੇ ਮਾਮਲੇ ਵਿਚ ਇਨ੍ਹਾਂ 'ਤੇ ਕਿਸਾਨਾਂ ਤੇ ਇਕ ਪੱਤਰਕਾਰ ਦੀ ਹੱਤਿਆ, ਅਪਰਾਧਕ ਸਾਜਿਸ਼ ਘੜਨ ਤੇ ਹੋਰ ਇਲਜਾਮ ਲਾਏ ਗਏ ਹਨ। ਇਸ ਤਰ੍ਹਾਂ ਸੁਣਵਾਈ ਦਾ ਰਾਹ ਪੱਧਰਾ ਹੋ ਗਿਆ ਹੈ। ਵਧੀਕ ਜਿਲ੍ਹਾ ਜੱਜ ਸੁਨੀਲ ਕੁਮਾਰ ਵਰਮਾ ਨੇ (ਬਾਕੀ ਸਫ਼ਾ 29 'ਤੇ)

## ਸੱਚੋ ਸੱਚ ਦੱਸ ਵੇ ਜੋਗੀਆ

# 'ਆਪ' ਸਰਕਾਰ ਬੇਅਦਬੀ ਕਾਂਡ ਬਾਰੇ ਇਨਸਾਫ਼ ਦੇਣ ਤੋਂ ਭੱਜੀ

- ਬਹਿਬਲ ਮੋਰਚਾ 15 ਨੂੰ ਕਰੇਗਾ ਤਿੱਖੇ ਸੰਘਰਸ਼ ਦਾ ਐਲਾਨ
- ਸਪੀਕਰ ਸੰਧਵਾਂ ਨੇ ਗੁਰੂ ਸਾਹਿਬ ਦੀ ਹਜ਼ੂਰੀ ਵਿਚ ਕੀਤਾ ਵਾਅਦਾ ਨਾ ਨਿਭਾਇਆ




ਬਹਿਬਲ ਇਨਸਾਫ਼ ਮੋਰਚਾ ਦੇ ਆਗੂ ਭਾਈ ਸੁਖਰਾਜ ਸਿੰਘ ਖ਼ਾਲਸਾ ਨੇ ਆਪਣੇ ਸਾਥੀਆਂ ਨਾਲ ਬੀਤੇ ਹਫਤੇ ਸਰਕਾਰ ਨੂੰ ਇਨਸਾਫ਼ ਲਈ ਦਿੱਤਾ ਡੇਢ ਮਹੀਨੇ ਦਾ ਸਮਾਂ ਖ਼ਤਮ ਹੋਣ ਉਪਰੰਤ ਕਿਹਾ ਕਿ ਹੁਣ ਸ਼ਾਂਤਮਈ ਦੀ ਥਾਂ ਤਿੱਖਾ ਸੰਘਰਸ਼ ਕਰਨ ਲਈ 15 ਦਸੰਬਰ ਨੂੰ ਐਲਾਨ ਕੀਤਾ ਜਾਵੇਗਾ। ਇਸ ਦੌਰਾਨ ਮੋਰਚੇ ਵਲੋਂ 5 ਸਿੰਘ ਸਮੂਹ ਜਥੇਬੰਦੀਆਂ ਨਾਲ ਸੰਪਰਕ ਕਰਨਗੇ ਤਾਂ ਕਿ ਸੰਘਰਸ਼ ਵਿਚ ਸਮੂਹ ਜਥੇਬੰਦੀਆਂ ਅਤੇ ਸੰਗਤ ਦੀ ਸ਼ਮੂਲੀਅਤ ਹੋ ਸਕੇ। ਉਨ੍ਹਾਂ ਕਿਹਾ ਕਿ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੂੰ ਗੁਰੂ ਸਾਹਿਬ ਦੀ ਹਜ਼ੂਰੀ ਵਿਚ ਵਾਅਦਾ ਕੀਤਾ ਸੀ ਕਿ ਉਹ ਮਹੀਨੇ ਜਾਂ ਡੇਢ ਮਹੀਨੇ ਵਿਚ ਇਨਸਾਫ਼ ਦੇ ਕੇ ਸ਼ੁਕਰਾਨਾ ਸਮਾਗਮ ਕਰਨਗੇ ਅਤੇ ਜੇਕਰ ਇਨਸਾਫ਼ ਨਾ ਦਿੱਤਾ ਗਿਆ ਤਾਂ ਉਹ ਅਜਿਹੀਆਂ ਇਨਸਾਫ਼ ਨਾ ਦੇ ਸਕਣ ਵਾਲੀਆਂ ਸਰਕਾਰਾਂ ਨੂੰ ਠੋਕਰ ਮਾਰ ਕੇ ਸੰਗਤਾਂ ਵਿਚ ਬੈਠਣਗੇ। ਸਰਕਾਰ ਡੇਢ ਮਹੀਨੇ ਵਿਚ ਇਨਸਾਫ਼ ਨਹੀਂ ਦੇ ਸਕੀ ਅਤੇ ਹੁਣ ਸਪੀਕਰ ਸਾਹਿਬ ਗੁਰੂ ਸਾਹਿਬ ਦੀ ਹਜ਼ੂਰੀ ਵਿਚ ਕੀਤੇ ਵਾਅਦੇ ਅਨੁਸਾਰ ਖੁਦ ਅਤੇ ਨਾਲ ਆਏ ਵਿਧਾਇਕ ਇੰਦਰਬੀਰ ਸਿੰਘ ਨਿੱਝਰ, ਕੁਲਵੰਤ ਸਿੰਘ ਪੰਡੋਰੀ ਅਸਤੀਫ਼ੇ ਦੇ ਕੇ ਧਰਨੇ ਵਿਚ ਸ਼ਮੂਲੀਅਤ ਕਰਨ। ਇਸ ਮੌਕੇ ਭਾਈ ਨਰੈਣ ਸਿੰਘ ਚੌੜਾ, ਬਾਬਾ ਹਰਦੀਪ ਸਿੰਘ ਮਹਿਰਾਜ, ਬਾਬਾ ਬਖ਼ਸ਼ੀਸ਼ ਸਿੰਘ, ਵਕੀਲ ਹਰਪਾਲ ਸਿੰਘ ਖਾਰਾ, ਬਾਪੂ ਮਹਿੰਦਰ ਸਿੰਘ ਡੱਬਵਾਲੀ, ਜਥੇਦਾਰ ਬਾਲਮ ਸਿੰਘ, ਸੁਖਜੀਤ ਸਿੰਘ ਖੋਸਾ, ਬਲਵੀਰ ਸਿੰਘ ਖ਼ਾਲਸਾ, ਮੱਖਣ ਸਿੰਘ ਜੱਸੜ, ਗੁਰਪ੍ਰੀਤ ਸਿੰਘ ਆਦਿ ਹਾਜ਼ਰ ਸਨ। ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਆਪ ਸਰਕਾਰ ਲਈ ਵੱਡੀਆਂ ਦਿੱਕਤਾਂ ਖੜੀਆਂ ਹੋਣਗੀਆਂ, ਕਿਉਂਕਿ ਅਕਾਲੀ ਦਲ ਸਮੇਤ ਕਾਂਗਰਸ ਦੀਆਂ ਤਿੰਨ ਸਰਕਾਰਾਂ ਖਤਮ ਹੋ ਚੁੱਕੀਆਂ ਹਨ।ਅਕਾਲੀ ਦਲ ਬਾਦਲ ਦੀ ਸਿਆਸੀ ਹੋਂਦ ਨੂੰ ਵੱਡਾ ਝਟਕਾ ਲੱਗ ਚੁੱਕਾ ਹੈ ਤੇ ਸਿੱਖ ਹੁਣ ਆਪ ਸਰਕਾਰ ਦੀ ਬੇਇਨਸਾਫ਼ੀ ਤੋਂ ਡਾਢੇ ਨਿਰਾਸ਼ ਹਨ।

# ਕਦੋਂ ਪੰਜਾਬ ਨੂੰ ਬਚਾਉਣ ਲਈ ਵਤਨਾਂ ਨੂੰ ਮੁੜੇਗਾ ਪ੍ਰਵਾਸੀ ਸਿੱਖ ਯੂਥ



ਭਾਈ ਅੰਮ੍ਰਿਤਾਲ ਸਿੰਘ ਜਦੋਂ ਰਿਵਰਸ ਇਮੀਗ੍ਰੇਸ਼ਨ (ਪ੍ਰਵਾਸ ਵਾਪਸੀ) ਦੀ ਗੱਲ ਕਰਦੇ ਹਨ, ਤਾਂ ਪੱਤਰਕਾਰਾਂ ਸਮੇਤ ਕੁਝ ਲੋਕਾਂ ਨੂੰ ਬੜੀ ਹੈਰਾਨੀ ਹੁੰਦੀ ਹੈ। ਉਹ ਅਗੋਂ ਸੁਆਲ ਕਰਦੇ ਹਨ ਕਿ ਲੋਕ ਆਪਣੀਆ ਜਮੀਨਾਂ ਵੇਚ ਕੇ ਤੇ 30-40 ਲੱਖ ਰੁਪਈਆ ਖਰਚ ਕੇ ਬਾਹਰ ਦੌੜੇ ਜਾ ਰਹੇ ਹਨ ਅਤੇ ਭਾਈ ਸਾਹਿਬ ਪ੍ਰਵਾਸ ਵਾਪਸੀ ਦੀਆਂ ਗੱਲਾਂ ਕਰ ਰਹੇ ਹਨ।

ਪੰਜਾਬੀ ਦੀ ਇਕ ਕਹਾਵਤ ਹੈ 'ਮੱਛੀ ਪੱਥਰ ਚੱਟ ਕੇ ਮੁੜਦੀ ਹੈ' ਬਾਹਰ ਹੁਣ ਪੱਥਰ ਚੱਟਣ ਵਾਲੀ ਹਾਲਤ ਬਣਦੀ ਜਾ ਰਹੀ ਹੈ। ਫੇਸਬੁਕ ਉਤੇ ਪਈਆਂ ਕੁਝ ਪੋਸਟਾਂ ਇਸ ਸਚਾਈ ਦੀ ਪੁਸ਼ਟੀ ਕਰਦੀਆਂ ਹਨ।

ਇਸ ਤਰ੍ਹਾਂ ਦੀ ਇਕ ਪੋਸਟ ਹੈ : ਕੈਨੇਡਾ ਦੇ ਬੀਸੀ ਸੂਬੇ ਦਾ ਲਿਫਾਫਾ ਪ੍ਰਬੰਧ, ਗਰਮੀ ਪੈ ਜਾਵੇ ਤਾਂ 5-600 ਸੌ ਬੰਦਾ ਮਰ ਜਾਂਦਾ ਹੈ। ਮਾੜੀ ਜਿਹੀ ਬਰਫ਼ ਪੈ ਜਾਵੇ ਤਾਂ ਸੜਕਾਂ ਜਾਮ ਹੋ ਜਾਂਦੀਆਂ ਹਨ। ਅਧੇ ਘੰਟੇ ਦਾ ਸਫਰ 10-10 ਘੰਟੇ ਦਾ ਹੋ ਜਾਂਦਾ ਹੈ। ਬਿਮਾਰੀ ਫੈਲੇ ਤੇ ਹਸਪਤਾਲ ਵਿਚ ਮੰਜੇ ਮੁਕ ਜਾਂਦੇ ਹਨ। ਮਰੀਜ਼ ਬਰਾਂਡਿਆਂ ਵਿਚ ਪਏ ਰਹਿੰਦੇ ਹਨ। ਬਦਮਾਸ਼ ਫੜਨ ਲਈ ਪੁਲਿਸ ਹੈਨੀ, ਕਤਲ ਕਰਕੇ ਲੋਕ ਹਫ਼ਤਿਆਂ ਵਿਚ ਬਾਹਰ ਵੀ ਆਏ ਨੇ, ਜਵਾਕ ਪੜ੍ਹਾਉਣ ਲਈ ਸਕੂਲ ਥੁੜੇ ਪਏ ਨੇ। ਸਕੂਲਾਂ ਵਿਚ ਮਾਸਟਰ ਹੈਨੀ, ਕਮਰੇ ਹੈਨੀ। ਲੋਕਾਂ ਦੀ ਸਾਰੀ ਸਾਰੀ ਉਮਰ ਇਕ ਆਲ੍ਹਣਾ ਬਣਾਉਣ ਵਿਚ ਲੰਘ ਜਾਂਦੀ ਹੈ। ਜਦ ਨੂੰ ਘਰ ਜੁੜਦਾ ਹੈ, ਗੋਡੇ ਖੜ੍ਹ ਜਾਂਦੇ ਨੇ। ਭੁਲੇਖੇ ਐਡੇ ਐਡੇ ਪਾਏ ਨੇ। ਇਸ ਪੋਸਟ ਉਤੇ ਇਕ ਟਿੱਪਣੀ ਹੈ : ਸਾਰੇ ਕੈਨੇਡਾ ਦਾ ਇਹ ਹੀ ਹਾਲ ਆ।

ਇਕ ਹੋਰ ਟਿੱਪਣੀ ਹੈ : ਪੱਛਮੀ ਢਾਂਚਾ ਲੋਕਾਂ ਦਾ ਡੇਢ ਸੌ ਸਾਲ ਖਾ ਗਿਆ ਹੈ। ਅੱਜ ਦੀ ਤਰੀਕ ਵਿਚ ਲਗਭਗ ਸਾਰਾ ਸੰਸਾਰ ਪਛਮੀ ਸਿਸਟਮ ਦੀ ਗ੍ਰਿਫ਼ਤ ਵਿਚ ਹੈ। ਲੋਕਾਂ ਕੋਲ ਨੱਠ ਜਾਣ ਲਈ ਕੋਈ ਥਾਂ ਨਹੀਂ। ਲੜਨ ਲਈ ਤਿਆਰ ਕੋਈ ਨਹੀਂ। ਦੁਨੀਆ ਤਬਾਹੀ ਦੇ ਕੰਡੇ ਉਤੇ ਖੜ੍ਹੀ ਹੈ। ਕੋਈ ਪਤਾ ਨਹੀਂ ਕਦੋਂ ਪਟਾਕੇ ਪੈ ਜਾਣ ਤੇ ਸਚਾਈ ਇਹ ਵੀ ਹੈ ਕਿ ਇਸ ਤਬਾਹੀ ਦਾ ਕਾਰਨ ਵਿਕਸਿਤਪੁਣੇ ਦੀ ਅਖੌਤੀ ਤਰੱਕੀ ਹੈ। ਪੱਛਮ ਤੁਹਾਨੂੰ ਸਹੂਲਤਾਂ ਤਾਂ ਦਿੰਦਾ ਹੈ ਪਰ ਅਨੰਦ ਖੋਹ ਲੈਂਦਾ ਹੈ। ਜਦੋਂ ਤਕ ਬੰਦੇ ਨੂੰ ਸਮਝ ਪੈਂਦੀ ਹੈ, ਉਦੋਂ ਤਕ ਬਹੁਤ ਦੇਰ ਹੋ ਚੁੱਕੀ ਹੁੰਦੀ ਹੈ। ਸਿੱਖ ਨੂੰ ਗੁਰੂ ਸਾਹਿਬ ਮਾਇਆ (ਪਦਾਰਥ) ਤੋਂ ਮੁਕਤ ਕਰਦੇ ਹਨ। ਪਰ ਸਿੱਖ ਰੋਜ ਬਾਣੀ ਪੜ੍ਹ ਪੜ੍ਹ ਕੇ ਵੀ ਇਗਨੋਰ ਕਰੀ ਜਾ ਰਿਹਾ ਹੈ। ਜਦੋਂ ਸਭ ਕੁਛ ਹੱਥੋਂ ਕਿਰ ਜਾਂਦਾ ਹੈ ਫਿਰ ਦੁਖ ਭੋਗਦਾ ਹੈ। ...ਲਗਦਾ ਕਿ ਅਸੀਂ ਕਿਰਤ ਨੂੰ ਪਹਿਲ ਦੇ ਕੇ ਸਾਰਾ ਜ਼ੋਰ ਹੀ ਉਸ ਉਤੇ ਲਾ ਦਿੱਤਾ ਤੇ ਸੱਠ ਸੱਠ ਘੰਟੇ ਕੰਮ ਵਿਚ ਪੈ ਕੇ ਨਾਮ ਤੋਂ ਦੂਰ ਹੋ ਗਏ। ਪੱਛਮ ਦਾ ਪ੍ਰਭਾਵ ਕਬੂਲਣ ਤੱਕ ਵੀ ਠੀਕ ਹੈ ਪਰ ਇਹ ਅੰਨੀ ਗੁਲਾਮੀ ਕਰਨ ਤੱਕ ਜਾਂਦੇ ਹਨ।

ਇਕ ਹੋਰ ਪੋਸਟ ਹੈ : ਪੰਜਾਬ ਉਤੇ ਭਾਰਤੀ ਗੁਲਾਮੀ ਕਰਕੇ ਅਣਗਿਣਤ ਮੁਸੀਬਤਾਂ ਹੋ ਸਕਦੀਆਂ ਹਨ ਪਰ ਸਿੱਖਾਂ ਲਈ ਸਭ ਤੋਂ ਵਧ ਮਹਿਫੂਜ ਜਗ੍ਹਾ ਪੰਜਾਬ ਹੀ ਹੈ। ਉਜੜੋ ਪਰ ਵਾਪਿਸ ਪਰਤਣ ਲਈ। ਸਭ ਤੋਂ ਵਧ ਉਨ੍ਹਾਂ ਉਤੇ ਤਰਸ ਆਉਂਦਾ ਜਿਹੜੇ ਪੰਜਾਬ ਤੋਂ ਆਪਣਾ ਦਾਅਵਾ ਛੱਡ ਜ਼ਮੀਨਾਂ ਵੇਚ ਕੇ ਤੁਰ ਆਏ। ਬਹੁਤ ਬਦਕਿਸਮਤੀ ਵਾਲੀ ਸਥਿਤੀ ਹੈ।

ਇਸ ਮਸਲੇ ਦਾ ਹੱਲ ਗੁਰਬਾਣੀ ਹੈ। ਜੇ ਅਸੀ ਗੁਰਬਾਣੀ ਨੂੰ ਆਪਣੇ ਜੀਵਨ ਵਿਚ ਅਪਣਾ ਲਿਆ, ਗੁਰਬਾਣੀ ਅਨੁਸਾਰ ਜੀਵਨ ਜਿਊਣਾ ਸ਼ੁਰੂ ਕਰ ਦਿਤਾ ਤੇ ਫੇਰ ਸਾਡੀ ਪਦਾਰਥਵਾਦ ਦੀ ਭੁੱਖ ਨੂੰ ਠਲ ਪੈਣੀ ਹੈ ਨਹੀ ਤੇ ਮਾਇਆ, ਸੁੱਖ ਸਹੂਲਤਾਂ ਨੇ ਸਾਨੂੰ ਸਿਰਫ ਬੇਘਰ ਹੀ ਨਹੀਂ ਕੀਤਾ ਸਗੋਂ ਸਾਨੂੰ ਹਰ ਪੱਖੋਂ ਕੰਗਾਲ ਵੀ ਕਰ ਦਿੱਤਾ ਹੈ।

ਜਿਸ ਦਿਨ ਸਾਨੂੰ ਗੁਰੂ ਸਾਹਿਬ ਦੀ ਪ੍ਰਚਾਰੀ ਜੀਵਨ ਜੁਗਤ : ਕਿਰਤ ਕਰੋ, ਵੰਡ ਛਕੋ, ਨਾਮ ਜਪੋ ਦੀ ਅਸਲੀ ਮਹਤਤਾ ਸਮਝ ਪੈ ਗਈ, ਉਸ ਦਿਨ ਸਾਨੂੰ ਪੰਜਾਬ ਦੀ ਅਹਿਮੀਅਤ ਦਾ ਪਤਾ ਲਗੇਗਾ। ਫਿਰ ਪੰਜਾਬ ਵਾਪਸੀ ਮਜਬੂਰੀਵੱਸ ਨਹੀਂ ਬਲਕਿ ਖੁਸ਼ੀ ਨਾਲ ਹੋਵੇਗੀ। ਫਿਰ ਸਾਨੂੰ ਪਤਾ ਲੱਗੇਗਾ ਜੋ ਸੁੱਖ ਛੱਜੂ ਦੇ ਚੁਬਾਰੇ, ਉਹ ਨਾ ਬਲਖ ਨਾ ਬੁਖਾਰੇ।

## ਧਾਰਮਿਕ ਅਜ਼ਾਦੀ ਦੇ ਘਾਣ ਬਾਰੇ ਅਮਰੀਕਾ ਨੇ ਚੀਨ, ਪਾਕਿਸਤਾਨ ਤੇ ਮਿਆਂਮਾਰ ਸਣੇ 12 ਮੁਲਕਾਂ ਨੂੰ ਦੋਸ਼ੀ ਠਹਿਰਾਇਆ



ਅਮਰੀਕਾ ਨੇ ਚੀਨ, ਪਾਕਿਸਤਾਨ ਤੇ ਮਿਆਂਮਾਰ ਸਣੇ 12 ਦੇਸ਼ਾਂ ਨੂੰ ਉੱਥੋਂ ਦੀ ਧਾਰਮਿਕ ਅਜ਼ਾਦੀ ਦੀ ਮੌਜੂਦਾ ਸਥਿਤੀ ਲਈ 'ਵਿਸ਼ੇਸ਼ ਚਿੰਤਾ ਵਾਲੇ ਦੇਸ਼' ਐਲਾਨਿਆ ਹੈ। ਅਮਰੀਕਾ ਦੇ ਵਿਦੇਸ਼ ਮੰਤਰੀ ਐਂਟਨੀ ਬਲਿੰਕਨ ਨੇ ਇਸ ਬਾਰੇ ਐਲਾਨ ਕਰਦਿਆਂ ਕਿਹਾ ਕਿ ਦੁਨੀਆ ਭਰ ਵਿਚ ਸਰਕਾਰ ਤੇ ਗੈਰ-ਸਰਕਾਰੀ ਤੱਤ ਲੋਕਾਂ ਨੂੰ ਉਨ੍ਹਾਂ ਦੇ ਵਿਸ਼ਵਾਸ ਦੇ ਆਧਾਰ 'ਤੇ ਤੰਗ ਕਰਦੇ ਹਨ, ਧਮਕਾਉਂਦੇ ਤੇ ਕੈਦ ਕਰਦੇ ਹਨ, ਇੱਥੋਂ ਤੱਕ ਕਿ ਉਨ੍ਹਾਂ ਦੀ ਹੱਤਿਆ ਵੀ ਕਰ ਦਿੰਦੇ ਹਨ। ਉਨ੍ਹਾਂ ਕਿਹਾ ਕਿ ਕੁਝ ਉਦਾਹਰਨਾਂ ਵਿਚ, ਉਹ ਰਾਜਨੀਤਕ ਲਾਭ ਦੇ ਮੌਕਿਆਂ ਦਾ ਫਾਇਦਾ ਚੁੱਕਣ ਲਈ ਲੋਕਾਂ ਦੀ ਧਰਮ ਜਾਂ ਆਸਥਾ ਦੀ ਆਜ਼ਾਦੀ ਦਾ ਗਲ਼ ਘੁੱਟ ਦਿੰਦੇ ਹਨ। ਬਲਿੰਕਨ ਨੇ ਕਿਹਾ ਕਿ ਇਹ ਕਾਰਵਾਈਆਂ ਮਨੁੱਖਤਾ ਵਿਚ ਵੰਡ ਪਾਉਂਦੀਆਂ ਹਨ, ਆਰਥਿਕ ਸੁਰੱਖਿਆ ਨੂੰ ਕਮਜ਼ੋਰ ਕਰਦੀਆਂ ਹਨ। ਅਮਰੀਕਾ ਨੇ ਜਿਨ੍ਹਾਂ ਮੁਲਕਾਂ ਬਾਰੇ ਚਿੰਤਾ ਜਤਾਈ ਹੈ, ਉਨ੍ਹਾਂ ਵਿਚ ਕਿਊਬਾ, ਇਰਾਨ, ਉੱਤਰ ਕੋਰੀਆ, ਰੂਸ, ਸਾਊਦੀ ਅਰਬ ਤੇ ਤਾਜਿਕਿਸਤਾਨ ਵੀ ਸ਼ਾਮਲ ਹਨ।

# ਵਿਜੀਲੈਂਸ ਦੇ ਡਰਦੇ ਦਰਜਨਾਂ ਸਿਆਸੀ ਆਗੂ ਤੇ ਅਫ਼ਸਰ ਵਿਦੇਸ਼ ਫਰਾਰ




ਵਿਜੀਲੈਂਸ ਬਿਊਰੋ ਪੰਜਾਬ ਦੇ ਨਿਸ਼ਾਨੇ 'ਤੇ ਆਏ ਸਿਆਸੀ ਆਗੂ ਤੇ ਅਫ਼ਸਰ ਹੁਣ ਵਿਦੇਸ਼ ਉਡਾਰੀ ਮਾਰਨ ਲੱਗ ਪਏ ਹਨ। ਸਿਰਫ਼ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਅਜਿਹੇ ਆਗੂ ਹਨ, ਜਿਨ੍ਹਾਂ ਖ਼ਿਲਾਫ਼ ਪੰਜਾਬ ਪੁਲੀਸ ਜਾਂ ਵਿਜੀਲੈਂਸ ਵੱਲੋਂ ਹਾਲੇ ਕੋਈ ਵੀ ਮੁਕੱਦਮਾ ਦਰਜ ਨਹੀਂ ਕੀਤਾ ਗਿਆ, ਪਰ ਉਹ ਵੀ ਵਿਦੇਸ਼ ਬੈਠੇ ਹਨ। ਇਸ ਬਾਰੇ ਚੰਨੀ ਨੇ ਸਪੱਸ਼ਟ ਕੀਤਾ ਹੈ ਕਿ ਉਹ ਉਥੇ ਰਹਿ ਕੇ ਆਪਣੀਆਂ ਅੱਖਾਂ ਦਾ ਇਲਾਜ ਕਰਵਾਉਣ ਦੇ ਨਾਲ ਨਾਲ ਪੀਐੱਚਡੀ ਦਾ ਥੀਸਿਸ ਵੀ ਪੂਰਾ ਕਰ ਰਹੇ ਹਨ। ਸੂਤਰਾਂ ਅਨੁਸਾਰ ਰਾਜਪੁਰਾ ਦੇ ਸਾਬਕਾ ਕਾਂਗਰਸੀ ਵਿਧਾਇਕ ਹਰਦਿਆਲ ਸਿੰਘ ਕੰਬੋਜ ਆਪਣੇ ਪੁੱਤਰ ਨਿਰਭੈ ਸਿੰਘ ਮਿਲਟੀ ਸਣੇ ਵਿਦੇਸ਼ ਚਲੇ ਗਏ ਹਨ। ਵਿਜੀਲੈਂਸ ਨੇ ਸਾਬਕਾ ਵਿਧਾਇਕ ਕੰਬੋਜ ਨੂੰ ਸਰੋਤਾਂ ਤੋਂ ਵੱਧ ਆਮਦਨ ਦੇ ਮਾਮਲੇ ਵਿੱਚ ਤਲਬ ਕੀਤਾ ਸੀ। ਕਾਂਗਰਸੀ ਆਗੂ ਤੇ ਉਨ੍ਹਾਂ ਦੇ ਪੁੱਤਰ ਖ਼ਿਲਾਫ਼ ਰਾਜਪੁਰਾ ਪੁਲਿਸ ਨੇ ਧਾਰਾ 306 ਤਹਿਤ ਕੇਸ ਵੀ ਦਰਜ ਕੀਤਾ ਸੀ। ਇੱਕ ਵੈੱਬ ਚੈਨਲ ਦੇ ਪੱਤਰਕਾਰ ਰਮੇਸ਼ ਸ਼ਰਮਾ ਨੇ ਖ਼ੁਦਕੁਸ਼ੀ ਕਰ ਲਈ ਸੀ ਅਤੇ ਉਸ ਨੇ ਆਪਣੇ ਖ਼ੁਦਕੁਸ਼ੀ ਨੋਟ ਵਿੱਚ ਸਾਬਕਾ ਵਿਧਾਇਕ ਹਰਦਿਆਲ ਕੰਬੋਜ 'ਤੇ ਉਸ ਨੂੰ ਪ੍ਰੇਸ਼ਾਨ ਕਰਨ ਦੇ ਦੋਸ਼ ਲਾਏ ਸਨ। ਹਾਲਾਂਕਿ ਅਧਿਕਾਰੀਆਂ ਵੱਲੋਂ ਇਸ ਦੀ ਪੁਸ਼ਟੀ ਨਹੀਂ ਕੀਤੀ ਗਈ ਹੈ। ਪੁਲਿਸ ਵੱਲੋਂ ਇਸ ਕੇਸ ਵਿੱਚ ਸਾਬਕਾ ਵਿਧਾਇਕ ਨੂੰ ਗ੍ਰਿਫ਼ਤਾਰ ਨਹੀਂ ਕੀਤਾ ਗਿਆ। ਸਾਬਕਾ ਵਿਧਾਇਕ ਆਪਣੇ ਪੁੱਤਰ ਸਮੇਤ ਵਿਦੇਸ਼ ਜਾ ਚੁੱਕਾ ਹੈ। ਹਲਕਾ ਘਨੌਰ ਤੋਂ ਸਾਬਕਾ ਕਾਂਗਰਸੀ ਵਿਧਾਇਕ ਮਦਨ ਲਾਲ ਜਲਾਲਪੁਰ ਵੀ ਆਪਣੇ ਪੁੱਤਰ ਸਮੇਤ ਵਿਦੇਸ਼ ਬੈਠੇ ਹਨ। ਹਾਲਾਂਕਿ ਉਨ੍ਹਾਂ ਖ਼ਿਲਾਫ਼ ਹਾਲੇ ਵਿਜੀਲੈਂਸ ਵੱਲੋਂ ਵੇਰਵੇ ਹੀ ਇਕੱਠੇ ਕੀਤੇ ਜਾ ਰਹੇ ਸਨ ਤੇ ਕੋਈ ਕੇਸ ਦਰਜ ਨਹੀਂ ਕੀਤਾ ਗਿਆ ਸੀ। ਮਦਨ ਲਾਲ ਜਲਾਲਪੁਰ ਆਖ ਚੁੱਕੇ ਹਨ ਕਿ ਜਦੋਂ ਵਿਜੀਲੈਂਸ ਬੁਲਾਏਗੀ, ਉਹ ਵਾਪਸ ਆ ਜਾਣਗੇ। ਸੂਤਰ ਆਖਦੇ ਹਨ ਕਿ ਸਾਬਕਾ ਵਿਧਾਇਕ ਕੁਲਬੀਰ ਜ਼ੀਰਾ ਵੀ ਵਿਦੇਸ਼ ਵਿਚ ਹਨ ਜਦੋਂ ਕਿ ਉਨ੍ਹਾਂ ਖ਼ਿਲਾਫ਼ ਕੋਈ ਜਾਂਚ ਵੀ ਨਹੀਂ ਚੱਲ ਰਹੀ ਹੈ। ਵਿਜੀਲੈਂਸ ਨੇ ਸਿੰਜਾਈ ਘੁਟਾਲੇ ਦੀ ਜਾਂਚ ਮੁੜ ਵਿੱਢੀ ਹੋਈ ਹੈ ਜਿਸ ਦੇ ਸਬੰਧ ਵਿਚ ਸਾਬਕਾ ਅਕਾਲੀ ਮੰਤਰੀ ਜਨਮੇਜਾ ਸਿੰਘ ਸੇਖੋਂ ਨੂੰ ਤਲਬ ਕੀਤਾ ਗਿਆ ਸੀ ਪਰ ਉਹ ਵਿਦੇਸ਼ ਬੈਠੇ ਹਨ। ਇਸ ਮਾਮਲੇ 'ਚ ਸਾਬਕਾ ਅਧਿਕਾਰੀ ਸਰਵੇਸ਼ ਕੌਸ਼ਲ ਅਤੇ ਕੇਬੀਐੱਸ ਸਿੱਧੂ ਨੂੰ ਵੀ ਤਲਬ ਕੀਤਾ ਗਿਆ ਸੀ ਪ੍ਰੰਤੂ ਇਹ ਦੋਵੇਂ ਅਧਿਕਾਰੀ ਵਿਦੇਸ਼ ਵਿਚ ਦੱਸੇ ਜਾ ਰਹੇ ਹਨ। ਵਿਜੀਲੈਂਸ ਨੇ ਜਦੋਂ ਸਾਬਕਾ ਖ਼ੁਰਾਕ ਮੰਤਰੀ ਭਾਰਤ ਭੂਸ਼ਨ ਆਸ਼ੂ 'ਤੇ ਕੇਸ ਦਰਜ ਕੀਤਾ ਸੀ ਤਾਂ ਉਸ ਟੈਂਡਰ ਘੁਟਾਲੇ ਵਿਚ ਖ਼ੁਰਾਕ ਤੇ ਸਪਲਾਈ ਵਿਭਾਗ ਦੇ ਡਿਪਟੀ ਡਾਇਰੈਕਟਰ ਰਾਕੇਸ਼ ਸਿੰਗਲਾ 'ਤੇ ਵੀ ਕੇਸ ਦਰਜ ਕੀਤਾ ਗਿਆ ਸੀ ਪਰ ਰਾਕੇਸ਼ ਸਿੰਗਲਾ ਵੀ ਵਿਦੇਸ਼ ਉਡਾਰੀ ਮਾਰ ਗਏ ਸਨ। ਇੱਕ ਖ਼ਰੀਦ ਏਜੰਸੀ ਦਾ ਪਟਿਆਲਾ 'ਵਿਚ ਤਾਇਨਾਤ ਅਧਿਕਾਰੀ ਵੀ ਕੇਸ ਦਰਜ ਹੋਣ ਮਗਰੋਂ ਵਿਦੇਸ਼ ਜਾ ਚੁੱਕਾ ਸੀ। ਵਿਜੀਲੈਂਸ ਨੇ ਸਰਕਾਰੀ ਵਿਭਾਗਾਂ ਅਤੇ ਨਿਗਮਾਂ ਤੋਂ ਉਨ੍ਹਾਂ ਅਧਿਕਾਰੀਆਂ ਜਾਂ ਮੁਲਾਜ਼ਮਾਂ ਦੇ ਵੇਰਵੇ ਮੰਗੇ ਸਨ ਕਿ ਜਿਨ੍ਹਾਂ ਕੋਲ ਦੂਸਰੇ ਦੇਸ਼ਾਂ ਦੀ ਪੀਆਰ ਹੈ। ਇਸੇ ਤਰ੍ਹਾਂ ਇੱਕ ਖ਼ਰੀਦ ਏਜੰਸੀ ਦਾ ਉੱਚ ਅਫ਼ਸਰ ਵੀ ਵਿਦੇਸ਼ ਜਾ ਚੁੱਕਾ ਹੈ।

## ਦਰਪਣ ਝੂਠ ਨਹੀਂ ਬੋਲਦਾ

# ਸ਼੍ਰੋਮਣੀ ਕਮੇਟੀ ਵਲੋਂ ਬੰਦੀ ਸਿੰਘਾਂ ਦੀ ਰਿਹਾਈ ਲਈ ਦੇਸ਼ ਪੱਧਰੀ ਦਸਤਖ਼ਤ ਮੁਹਿੰਮ ਸ਼ੁਰੂ

- ਸਰਕਾਰਾਂ ਦਾ ਸਿੱਖ ਮਸਲਿਆਂ ਪ੍ਰਤੀ ਰਵੱਈਆ ਨਾਂਹ ਪੱਖੀ : ਧਾਮੀ
- ਗਿਆਨੀ ਹਰਪ੍ਰੀਤ ਸਿੰਘ ਵਲੋਂ ਤਖ਼ਤ ਸ੍ਰੀ ਦਮਦਮਾ ਸਾਹਿਬ ਤੋਂ ਸ਼ੁਰੂਆਤ
- ਸਜ਼ਾ ਪੂਰੀ ਕਰ ਚੁੱਕੇ ਕੈਦੀਆਂ ਦੀ ਰਿਹਾਈ ਲਈ ਬਣੇ ਕੌਮੀ ਨੀਤੀ





ਬੀਤੇ ਦਿਨੀਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਬੰਦੀ ਸਿੰਘਾਂ ਦੀ ਰਿਹਾਈ ਲਈ ਦੇਸ਼ ਵਿਆਪੀ ਦਸਤਖ਼ਤੀ ਮੁਹਿੰਮ ਬੀਤੇ ਹਫਤੇ ਤੋਂ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਸ੍ਰੀ ਅਨੰਦਪੁਰ ਸਾਹਿਬ ਤੋਂ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ ਵਿਚ ਸ਼ੁਰੂਆਤ ਕੀਤੀ ਗਈ। ਮੁਹਿੰਮ ਦੀ ਆਰੰਭਤਾ ਮੌਕੇ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਪਹਿਲਾ ਪ੍ਰੋਫਾਰਮਾ ਭਰਿਆ ।ਇਸ ਤੋਂ ਪਹਿਲਾਂ ਦਸਤਖ਼ਤੀ ਮੁਹਿੰਮ ਦੀ ਸਫਲਤਾ ਲਈ ਤਖ਼ਤ ਦੇ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਵਲੋਂ ਅਰਦਾਸ ਕੀਤੀ ਗਈ। ਇਸ ਮੌਕੇ ਐਡਵੋਕੇਟ ਧਾਮੀ ਨੇ ਕਿਹਾ ਸੀ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕਈ ਵਫ਼ਦ ਇਸ ਤੋਂ ਪਹਿਲਾਂ ਦੇਸ਼ ਦੇ ਪ੍ਰਧਾਨ ਮੰਤਰੀ, ਗ੍ਰਹਿ ਮੰਤਰੀ ਅਤੇ ਗਵਰਨਰਾਂ ਨੂੰ ਮਿਲ ਕੇ ਬੰਦੀ ਸਿੰਘਾਂ ਦੀ ਰਿਹਾਈ ਸੰਬੰਧੀ ਮੁੱਦਾ ਉਠਾ ਚੁੱਕੇ ਹਨ ਅਤੇ ਇਸ ਸੰਬੰਧੀ ਸ਼੍ਰੋਮਣੀ ਕਮੇਟੀ ਦੇ ਜਨਰਲ ਇਜਲਾਸਾਂ ਦੌਰਾਨ ਮਤੇ ਪਾ ਕੇ ਵੀ ਸਰਕਾਰਾਂ ਨੂੰ ਭੇਜੇ ਜਾਂਦੇ ਰਹੇ ਹਨ। ਪਰ ਸਰਕਾਰ ਨੇ ਬੰਦੀ ਸਿੰਘਾਂ ਦੀ ਰਿਹਾਈ ਦੇ ਨਾਲ-ਨਾਲ ਸਿੱਖਾਂ ਦੇ ਹੋਰ ਮਸਲਿਆਂ 'ਤੇ ਵੀ ਨਕਾਰਾਤਮਕ ਰਵੱਈਆ ਅਖ਼ਤਿਆਰ ਕੀਤਾ ਹੋਇਆ ਹੈ। ਉਨ੍ਹਾਂ ਦੋਸ਼ ਲਗਾਇਆ ਕਿ ਸਰਕਾਰਾਂ ਜਾਣਬੁੱਝ ਕੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਕਰਦਿਆਂ ਬੰਦੀ ਸਿੰਘਾਂ ਨੂੰ ਰਿਹਾਅ ਨਹੀਂ ਕਰ ਰਹੀਆਂ, ਜਦਕਿ ਦੇਸ਼ ਅੰਦਰ ਰਾਜੀਵ ਗਾਂਧੀ ਕਤਲ ਕੇਸ ਦੇ ਦੋਸ਼ੀ, ਬਿਲਕਿਸ ਬਾਨੋ ਜਬਰ ਜਨਾਹ ਦੇ ਦੋਸ਼ੀ ਛੱਡੇ ਜਾ ਚੁੱਕੇ ਹਨ। ਉਨ੍ਹਾਂ ਕਿਹਾ ਕਿ ਸਰਕਾਰਾਂ ਨੂੰ ਕੁੰਭਕਰਨੀ ਨੀਂਦ ਤੋਂ ਜਗਾਉਣ ਲਈ ਸ਼੍ਰੋਮਣੀ ਕਮੇਟੀ ਵਲੋਂ ਹੁਣ ਦੇਸ਼ ਪੱਧਰੀ ਦਸਤਖ਼ਤੀ ਮੁਹਿੰਮ ਸ਼ੁਰੂ ਕੀਤੀ ਗਈ ਹੈ, ਜਿਸ ਤਹਿਤ ਵੱਡੇ ਪੱਧਰ 'ਤੇ ਲੱਖਾਂ ਪ੍ਰੋਫਾਰਮੇ ਭਰਵਾ ਕੇ ਚੰਡੀਗੜ੍ਹ ਵਿਖੇ ਇਕ ਦਿਨਾ ਰੋਸ ਧਰਨਾ ਲਗਾਉਣ ਮਗਰੋਂ ਪੰਜਾਬ ਦੇ ਰਾਜਪਾਲ ਨੂੰ ਸੌਂਪੇ ਜਾਣਗੇ।

ਉਨ੍ਹਾਂ ਕਿਹਾ ਕਿ ਇਸ ਮਾਮਲੇ ਵਿਚ ਅੰਤਰਰਾਸ਼ਟਰੀ ਮਨੁੱਖੀ ਅਧਿਕਾਰ ਸੰਗਠਨ ਤੱਕ ਵੀ ਪਹੁੰਚ ਕੀਤੀ ਜਾਵੇਗੀ। ਇਸ ਮੁਹਿੰਮ ਤਹਿਤ ਸ਼੍ਰੋਮਣੀ ਕਮੇਟੀ ਵਲੋਂ ਹਰ ਸ਼ਹਿਰ, ਪਿੰਡ ਅਤੇ ਮੁਹੱਲੇ ਤੱਕ ਜਾ ਕੇ ਲੋਕਾਂ ਨੂੰ ਬੰਦੀ ਸਿੰਘਾਂ ਦੀ ਰਿਹਾਈ ਲਈ ਨਾਲ ਜੋੜਿਆ ਜਾਵੇਗਾ। ਇਥੇ ਜ਼ਿਕਰ ਯੋਗ ਹੈ ਕਿ ਸ਼੍ਰੋਮਣੀ ਕਮੇਟੀ ਵਲੋਂ ਤਿੰਨ ਤਖ਼ਤ ਸਾਹਿਬਾਨ ਸਮੇਤ ਪੰਜਾਬ ਤੇ ਹਰਿਆਣਾ ਦੇ 25 ਵੱਖ-ਵੱਖ ਗੁਰਦੁਆਰਾ ਸਾਹਿਬਾਨ ਤੋਂ ਪ੍ਰੋਫਾਰਮੇ ਭਰਵਾਉਣ ਲਈ 'ਦਸਤਖ਼ਤੀ ਮੁਹਿੰਮ' ਸ਼ੁਰੂ ਕਰ ਦਿੱਤੀ ਗਈ ਹੈ। ਸਿੱਖ ਬੰਦੀਆਂ ਦੀ ਰਿਹਾਈ ਲਈ ਸ਼੍ਰੋਮਣੀ ਕਮੇਟੀ ਵਲੋਂ ਸ਼ੁਰੂ ਕੀਤੀ ਗਈ ਦਸਤਖ਼ਤੀ ਮੁਹਿੰਮ ਤਖ਼ਤ ਸ੍ਰੀ ਦਮਦਮਾ ਸਾਹਿਬ ਵਿਖੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਜਥੇਦਾਰ ਤਖ਼ਤ ਸ੍ਰੀ ਦਮਦਮਾ ਸਾਹਿਬ ਵਲੋਂ ਰਿਹਾਈ ਸੰਬੰਧੀ ਮੰਗ ਕਰਦੇ ਪ੍ਰੋਫਾਰਮੇ 'ਤੇ ਦਸਤਖ਼ਤ ਕਰਨ ਦੇ ਨਾਲ ਹੀ ਰਸਮੀ ਤੌਰ 'ਤੇ ਆਰੰਭ ਕੀਤੀ ਗਈ।

ਯਾਦ ਰਹੇ ਕਿ ਭਾਰਤ ਦੀ ਨਿਆਂ ਵਿਵਸਥਾ ਦਾ ਕੱਚਾ ਚਿੱਠਾ ਤਾਂ ਭਾਰਤ ਦੀ ਰਾਸ਼ਟਰਪਤੀ ਦਰੋਪਦੀ ਮੁਰਮੂ ਵਲੋਂ ਸੰਵਿਧਾਨ ਦਿਵਸ ਮੌਕੇ ਸੁਪਰੀਮ ਕੋਰਟ ਦੇ ਚੀਫ਼ ਜਸਟਿਸ ਦੀ ਹਾਜ਼ਰੀ ਵਿਚ ਕਿਹਾ ਕਿ ਉਨ੍ਹਾਂ ਲੋਕਾਂ ਨੂੰ ਵੀ ਇਨਸਾਫ਼ ਮਿਲਣਾ ਚਾਹੀਦਾ ਹੈ, ਜੋ ਛੋਟੇ-ਛੋਟੇ ਅਪਰਾਧਾਂ ਕਾਰਨ ਜੇਲ੍ਹਾਂ ਵਿਚ ਬੈਠੇ ਹਨ। ਉਨ੍ਹਾਂ ਨੇ ਭਾਵੁਕ ਅੰਦਾਜ਼ ਵਿਚ ਜੱਜਾਂ ਨੂੰ ਕਿਹਾ ਜੇਲ੍ਹਾਂ ਵਿਚ ਬੰਦ ਉਨ੍ਹਾਂ ਲੋਕਾਂ ਬਾਰੇ ਸੋਚਣ ਜਿਹੜੇ ਥੱਪੜ ਮਾਰਨ ਜਿਹੇ ਤੁਛ ਜੁਰਮ ਵਿਚ ਸਾਲਾਂ ਤੋਂ ਜੇਲ੍ਹਾਂ ਵਿਚ ਬੰਦ ਹਨ।ਉਨ੍ਹਾਂ ਲਈ ਸੋਚੋ ਜਿਨ੍ਹਾਂ ਨੂੰ ਨਾ ਤਾਂ ਆਪਣੇ ਅਧਿਕਾਰ ਪਤਾ ਨੇ, ਨਾ ਹੀ ਉਹ ਸੰਵਿਧਾਨ ਦੀ ਪ੍ਰਾਸਤਾਵਨਾ ਤੋਂ ਵਾਕਿਫ਼ ਨੇ ਅਤੇ ਉਹ ਮੌਲਿਕ ਅਧਿਕਾਰਾਂ ਤੇ ਸੰਵਿਧਾਨਿਕ ਕਰਤੱਵਾਂ ਤੋਂ ਵੀ ਅਨਜਾਣ ਹਨ। ਉਨ੍ਹਾਂ ਬਾਰੇ ਕੋਈ ਸੋਚ ਨਹੀਂ ਰਿਹਾ। ਰਾਸ਼ਟਰਪਤੀ ਦੇ ਭਾਸ਼ਨ ਦੇ ਤਿੰਨ ਦਿਨਾਂ ਵਿਚ ਹੀ ਸੁਪਰੀਮ ਕੋਰਟ ਨੇ 29 ਨਵੰਬਰ ਨੂੰ ਦੇਸ਼ ਭਰ ਦੇ ਜੇਲ੍ਹ ਅਧਿਕਾਰੀਆਂ ਨੂੰ 15 ਦਿਨਾਂ ਵਿਚ ਅਜਿਹੇ ਕੈਦੀਆਂ ਦਾ ਬਿਓਰਾ ਕੌਮੀ ਕਾਨੂੰਨੀ ਸੇਵਾ ਅਥਾਰਟੀ ਨੂੰ ਭੇਜਣ ਦਾ ਹੁਕਮ ਜਾਰੀ ਕੀਤਾ ਹੈ ਤਾਂ ਕਿ ਅਜਿਹੇ ਕੈਦੀਆਂ ਦੀ ਰਿਹਾਈ ਲਈ ਇਕ ਕੌਮੀ ਯੋਜਨਾ ਬਣਾਈ ਜਾ ਸਕੇ। ਸੁਪਰੀਮ ਕੋਰਟ ਦਾ ਇਹ ਫੈਸਲਾ ਸ਼ਲਾਘਾਯੋਗ ਹੈ। ਇਸ ਦੇ ਨਾਲ-ਨਾਲ ਹੀ ਉਹ ਅਜਿਹੇ ਕੈਦੀਆਂ ਦਾ ਬਿਓਰਾ ਵੀ ਮੰਗਵਾ ਲੈਣ ਜੋ ਆਪਣੇ 'ਤੇ ਲੱਗੇ ਇਲਜ਼ਾਮਾਂ ਦੀ ਸਜ਼ਾ ਪੂਰੀ ਕਰਨ ਤੋਂ ਬਾਅਦ ਵੀ ਸਾਲਾਂ ਤੋਂ ਜੇਲ੍ਹਾਂ ਵਿਚ ਬੰਦ ਹਨ। ਇਨ੍ਹਾਂ ਵਿਚ ਸਜ਼ਾ ਪੂਰੀ ਕਰ ਚੁੱਕੇ ਸਿਰਫ਼ ਸਿੱਖ ਕੈਦੀ ਹੀ ਨਹੀਂ ਸਗੋਂ ਹਰ ਉਸ ਕੈਦੀ ਦੀ ਰਿਹਾਈ ਲਈ ਵੀ ਇਕ ਕੌਮੀ ਨੀਤੀ ਬਣਨੀ ਚਾਹੀਦੀ ਹੈ, ਜੋ ਸਜ਼ਾ ਪੂਰੀ ਕਰ ਚੁੱਕਾ ਹੈ।

# ਆਪਣੇ ਲੋਕਾਂ ਨੂੰ ਸਿਆਲਾਂ ਦੀ ਠੰਡ ਤੋਂ ਬਚਾਅ ਲਈ ਅਸਮਰਥ ਯੂਰਪੀ ਮੁਲਕ

## ਊਰਜਾ ਕੀਮਤਾਂ ਦੀ ਮਹਿੰਗਾਈ ਲਵੇਗੀ ਲੱਖਾਂ ਲੋਕਾਂ ਦੀ ਜਾਨ

ਸਰਮਾਏਦਾਰੀ-ਸਾਮਰਾਜ ਦਾ ਸੰਕਟ ਦੁਨੀਆਂ ਭਰ ਦੇ ਕਿਰਤੀ ਲੋਕਾਂ ਉੱਤੇ ਇਸ ਕਦਰ ਭਾਰੀ ਪੈ ਰਿਹਾ ਹੈ ਕਿ ਹੁਣ ਕਾਰਪੋਰੇਟ ਅਦਾਰਿਆਂ ਲਈ ਵੀ ਇਸ ਤੱਥ ਤੋਂ ਮੁਨਕਰ ਹੋਣਾ ਔਖਾ ਹੋ ਰਿਹਾ ਹੈ। ਵੱਕਾਰੀ ਮੈਗਜ਼ੀਨ 'ਦ ਇਕਾਨੋਮਿਸਟ' ਦੀ ਨਵੀਂ ਰਿਪੋਰਟ ਮੁਤਾਬਕ ਯੂਰਪ ਵਿੱਚ ਬਿਜਲੀ ਦੀਆਂ ਵਧੀਆਂ ਕੀਮਤਾਂ ਕਾਰਨ ਲੱਖਾਂ ਲੋਕ ਆਪਣੇ ਕਮਰਿਆਂ ਨੂੰ ਨਿੱਘੇ ਰੱਖਣ ਤੋਂ ਵੀ ਅਸਮਰੱਥ ਰਹਿਣਗੇ ਤੇ ਆਮ ਸਿਆਲ ਦੀ ਸੂਰਤ ਵਿੱਚ ਵੀ ਯੂਰਪ ਵਿੱਚ 1.47 ਲੱਖ ਲੋਕਾਂ ਦੇ ਪਾਲ਼ੇ ਕਾਰਨ ਮਾਰੇ ਜਾਣ ਦਾ ਖਦਸ਼ਾ ਹੈ। ਘੱਟ ਠੰਡ ਦੀ ਹਾਲਤ ਵਿੱਚ 79,000 ਤੋਂ ਲੈ ਕੇ ਜ਼ੋਰਾਂ ਦੀ ਠੰਡ ਵਿੱਚ ਮੌਤਾਂ ਦੀ ਗਿਣਤੀ 1,85,000 ਤੋਂ ਟੱਪ ਸਕਦੀ ਹੈ। ਮੌਤਾਂ ਦੀ ਇਹ ਗਿਣਤੀ ਯੂਕਰੇਨ ਜੰਗ ਵਿੱਚ ਕੁੱਲ ਮੌਤਾਂ ਤੋਂ ਕਿਤੇ ਵੱਧ ਹੈ। ਜ਼ਿਕਰਯੋਗ ਹੈ ਕਿ ਸਰਮਾਏਦਾਰਾਂ ਨੀਤੀਆਂ ਤੇ ਰੂਸ ਉੱਤੇ ਲਾਈਆਂ ਬੰਦਸ਼ਾਂ ਕਾਰਨ ਯੂਰਪ ਵਿੱਚ ਊਰਜਾ ਦਾ ਭਿਅੰਕਰ ਸੰਕਟ ਪੈਦਾ ਹੋ ਗਿਆ ਹੈ। ਜੰਗ ਤੋਂ ਪਹਿਲਾਂ ਰੂਸ ਯੂਰਪੀ ਯੂਨੀਅਨ ਦੀਆਂ 40-50% ਊਰਜਾ ਲੋੜਾਂ ਦੀ ਪੂਰਤੀ ਕਰਦਾ ਸੀ। ਹੁਣ ਰੂਸ ਉੱਤੇ ਪੱਛਮੀ ਸਾਮਰਾਜੀਆਂ ਦੀਆਂ ਬੰਦਸ਼ਾਂ ਨੇ ਯੂਰਪ ਵਿੱਚ ਊਰਜਾ ਕੀਮਤਾਂ ਵਿੱਚ ਜ਼ਬਰਦਸਤ ਵਾਧਾ ਕਰ ਦਿੱਤਾ ਹੈ ਤੇ ਯੂਰਪੀਅਨ ਹਾਕਮ ਇਸਦਾ ਸਾਰਾ ਬੋਝ ਇਥੋਂ ਦੇ ਕਰੋੜਾਂ ਕਿਰਤੀਆਂ ਉੱਤੇ ਸੁੱਟ ਰਹੇ ਹਨ।

# ਮੋਦੀ ਸਰਕਾਰ ਨੇ ਪੰਜਾਬ ਦਾ ਆਰ.ਡੀ.ਐਫ. ਦਾ ਬਕਾਇਆ 2880 ਕਰੋੜ ਰੋਕਿਆ



ਕੇਂਦਰ ਸਰਕਾਰ ਨੇ ਆਖਿਰਕਾਰ ਪੰਜਾਬ ਨੂੰ ਸੰਕੇਤ ਦੇ ਦਿੱਤਾ ਹੈ ਕਿ ਉਹ ਫਿਲਹਾਲ ਪੇਂਡੂ ਵਿਕਾਸ ਫੰਡ (ਆਰ.ਡੀ.ਐਫ.) ਦੇ ਬਕਾਏ ਕਲੀਅਰ ਨਹੀਂ ਕਰੇਗੀ। ਪੰਜਾਬ ਸਰਕਾਰ ਵਲੋਂ ਸਾਲ 2021 ਦੇ ਖਰੀਦ ਸੀਜ਼ਨ ਲਈ 1100 ਕਰੋੜ ਰੁਪਏ ਦੀ ਆਰ.ਡੀ.ਐਫ. ਰਾਸ਼ੀ, ਜੋ ਮੌਜੂਦਾ ਝੋਨੇ ਦੇ ਖਰੀਦ ਸੀਜ਼ਨ ਦੌਰਾਨ ਵਧ ਕੇ 2880 ਕਰੋੜ ਰੁਪਏ ਹੋ ਗਈ ਹੈ, ਲਈ ਕੇਂਦਰ ਸਰਕਾਰ ਤੋਂ ਵਾਰ-ਵਾਰ ਮੰਗ ਕੀਤੀ ਜਾ ਰਹੀ ਹੈ। ਕੇਂਦਰੀ ਖਪਤਕਾਰ ਮਾਮਲੇ, ਖੁਰਾਕ ਤੇ ਜਨਤਕ ਵੰਡ ਮੰਤਰਾਲੇ ਦੀ ਤਰਫੋਂ ਪੰਜਾਬ ਸਰਕਾਰ ਨੂੰ ਭੇਜੇ ਪੱਤਰ 'ਵਿਚ ਬਕਾਇਆ ਦੇਣ ਦੀ ਬਜਾਏ ਇਹ ਸਲਾਹ ਦਿੱਤੀ ਗਈ ਹੈ ਕਿ ਵੰਡ ਲਈ ਖਰੀਦੇ ਗਏ ਅਨਾਜ ਦੇ ਮਾਮਲੇ 'ਚ ਸੂਬਾ ਸਰਕਾਰ ਆਪਣੇ ਵਿਧਾਨਕ ਖਰਚਿਆਂ ਨੂੰ ਘਟਾਵੇ ।ਕੇਂਦਰ ਨੇ ਇਹ ਵੀ ਸਲਾਹ ਦਿੱਤੀ ਹੈ ਕਿ ਸੂਬਾ ਸਰਕਾਰ ਪ੍ਰਾਈਵੇਟ ਏਜੰਸੀਆਂ ਨੂੰ ਉੱਚੇ ਭਾਅ 'ਤੇ ਅਨਾਜ ਖਰੀਦਣ ਲਈ ਉਤਸ਼ਾਹਿਤ ਕਰੇ, ਜਿਸ ਨਾਲ ਕਿਸਾਨਾਂ ਨੂੰ ਫਾਇਦਾ ਹੋਵੇਗਾ । ਇਸ ਫੰਡ ਨੂੰ ਲੈ ਕੇ ਪੰਜਾਬ ਸਰਕਾਰ ਦੀ ਚਿੰਤਾ ਉਦੋਂ ਵਧ ਗਈ ਜਦੋਂ 2022 ਦੇ ਹਾੜੀ ਦੇ ਖਰੀਦ ਸੀਜ਼ਨ ਦੌਰਾਨ ਆਰ.ਡੀ.ਐਫ. ਦਾ ਬਕਾਇਆ 1760 ਕਰੋੜ ਰੁਪਏ ਹੋ ਗਿਆ ਤੇ ਉਸ ਸਮੇਂ ਕੇਂਦਰ ਸਰਕਾਰ ਦੀ ਆਰਜ਼ੀ ਲਾਗਤ ਸ਼ੀਟ 'ਚ ਇਸ ਫੰਡ ਦਾ ਕੋਈ ਜ਼ਿਕਰ ਨਹੀਂ ਸੀ, ਪਰ ਝੋਨੇ ਦੀ ਖਰੀਦ ਹੋਰ ਸਭ ਵਿਚ ਪ੍ਰਾਪਤ ਕੀਤੇ ਜਾਣ ਵਾਲੇ ਇਤਫਾਕਨ ਖਰਚੇ ਤੋਂ ਬਾਅਦ ਸੂਬਾ ਸਰਕਾਰ ਨੇ ਕੇਂਦਰ 'ਤੇ ਦਬਾਅ ਬਣਾਉਣਾ ਸ਼ੁਰੂ ਕਰ ਦਿੱਤਾ। 2022 ਦੇ ਮੌਜੂਦਾ ਸਾਉਣੀ ਖਰੀਦ ਸੀਜ਼ਨ ਲਈ ਆਰ.ਡੀ.ਐਫ. ਦੀ 1120 ਕਰੋੜ ਰੁਪਏ ਦੀ ਰਕਮ ਵੀ ਬਕਾਏ ਵਿਚ ਜੋੜ ਦਿੱਤੀ ਗਈ ਹੈ ਤੇ ਕੁੱਲ ਬਕਾਏ 2880 ਕਰੋੜ ਰੁਪਏ ਹੋ ਗਏ ਹਨ।

# ਪਾਕਿ ਵਾਲੇ ਪਾਸੇ ਤੋਂ ਕਰਤਾਰਪੁਰ ਸਾਹਿਬ ਦੇ ਲਾਂਘੇ ਵਾਲੇ ਪੁਲ ਦੀ ਉਸਾਰੀ ਦੇ ਕੰਮ ਤੇਜ਼ੀ ਨਾਲ ਸ਼ੁਰੂ

## ਉਸਾਰੀ ਲਈ 46 ਕਰੋੜ ਪਾਕਿਸਤਾਨੀ ਕਰੰਸੀ ਵੀ ਜਾਰੀ ਕੀਤੀ




ਬਟਾਲਾ/ਏ.ਟੀ.ਨਿਊਜ਼ :- ਪਾਕਿਸਤਾਨ ਵਾਲੇ ਪਾਸੇ ਤੋਂ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਦੇ ਲਾਂਘੇ ਲਈ ਬਣਾਏ ਜਾ ਰਹੇ ਪੁਲ ਦੀ ਉਸਾਰੀ ਦੇ ਕੰਮ ਵਿਚ ਤੇਜ਼ੀ ਵਿਖਾਈ ਦੇ ਰਹੀ ਹੈ। ਇਹ ਪੁਲ ਭਾਰਤ ਵਾਲੇ ਪਾਸੇ ਬਣਾਏ ਗਏ ਪੁਲ ਦੇ ਨਾਲ ਮਿਲਾਇਆ ਜਾਣਾ ਹੈ। ਪੁਲ ਦਾ ਕੰਮ ਮੁਕੰਮਲ ਕਰਨ ਲਈ ਵੱਡੀ ਗਿਣਤੀ ਵਿਚ ਮਸ਼ੀਨਰੀ ਅਤੇ ਮਿਸਤਰੀ-ਮਜ਼ਦੂਰ ਕੰਮ ਵਿਚ ਲੱਗੇ ਹਨ। ਜ਼ਿਕਰਯੋਗ ਹੈ ਕਿ ਲਾਂਘਾ ਖੁੱਲ੍ਹਣ ਸਮੇਂ ਦੋਵਾਂ ਦੇਸ਼ਾਂ ਵਿਚਕਾਰ ਭਾਰਤ-ਪਾਕਿ ਜ਼ੀਰੋ ਲਾਈਨ ਨੇੜੇ ਧੁੱਸੀ ਬੰਨ੍ਹ ਉਪਰੋਂ ਪੁਲ ਬਣਾਉਣ ਦਾ ਸਮਝੌਤਾ ਹੋਇਆ ਸੀ, ਜਿਸ ਤਹਿਤ ਭਾਰਤ ਸਰਕਾਰ ਨੇ 100 ਮੀਟਰ ਪੁਲ ਬਣਾ ਕੇ ਆਪਣਾ ਕੰਮ ਮੁਕੰਮਲ ਕਰ ਲਿਆ ਸੀ, ਪ੍ਰੰਤੂ ਪਾਕਿਸਤਾਨ ਸਰਕਾਰ ਨੇ 2020 ਵਿਚ ਕੰਮ ਸ਼ੁਰੂ ਕਰਨ ਦਾ ਵਾਅਦਾ ਕੀਤਾ ਸੀ, ਜੋ ਕੋਰੋਨਾ ਵਾਇਰਸ ਦੇ ਕਾਰਨ ਰੁਕ ਗਿਆ। ਇਸ ਸਾਲ ਦੇ ਸ਼ੁਰੂ ਵਿਚ ਇਸ ਪੁਲ ਨੂੰ ਬਨਾਉਣ ਦਾ ਕੰਮ ਦੁਬਾਰਾ ਸ਼ੁਰੂ ਕੀਤਾ ਗਿਆ ਪਰ ਬਰਸਾਤਾਂ ਦੇ ਮੌਸਮ ਵਿਚ ਕੰਮ ਫਿਰ ਰੁਕ ਗਿਆ ਅਤੇ ਹੁਣ ਪਾਕਿਸਤਾਨ ਸਰਕਾਰ ਵਲੋਂ ਇਸ ਨੂੰ ਮੁਕੰਮਲ ਕਰਨ ਲਈ ਦਿਨ ਰਾਤ ਇਕ ਕੀਤਾ ਹੋਇਆ ਹੈ। ਜ਼ਿਕਰਯੋਗ ਹੈ ਕਿ ਪਾਕਿਸਤਾਨ ਸਰਕਾਰ ਵਲੋਂ ਪੀ.ਐਸ.ਡੀ.ਪੀ. ਤਹਿਤ ਕਰਤਾਰਪੁਰ ਲਾਂਘੇ ਲਈ ਜ਼ੀਰੋ ਲਾਈਨ ਨੇੜੇ ਪੁਲ ਦੀ ਉਸਾਰੀ ਦਾ ਕੰਮ ਸ਼ੁਰੂ ਕੀਤਾ। ਸੂਤਰਾਂ ਅਨੁਸਾਰ ਇਸ ਉਸਾਰੀ ਲਈ ਲਗਭਗ 46 ਕਰੋੜ ਪਾਕਿਸਤਾਨੀ ਕਰੰਸੀ ਵੀ ਜਾਰੀ ਕੀਤੀ ਗਈ। 270 ਮੀਟਰ ਲੰਬੇ ਪੁਲ ਦੀ ਉਸਾਰੀ ਦਾ ਕੰਮ ਨੈਸ਼ਨਲ ਇੰਜੀਨੀਅਰਿੰਗ ਸਰਵਿਸ ਪਾਕਿਸਤਾਨ ਅਤੇ ਐਫ. ਡਬਲਯੂ.ਓ. ਕੰਪਨੀਆਂ ਵਲੋਂ ਪੂਰਾ ਕੀਤਾ ਜਾਣਾ ਹੈ, ਜੋ ਜੰਗੀ ਪੱਧਰ 'ਤੇ ਜਾਰੀ ਹੈ। ਇਹ ਵੀ ਦੱਸ ਦਈਏ ਕਿ ਭਾਰਤ ਨੇ ਇਲਾਕੇ ਵਿਚ ਹੜ੍ਹਾਂ ਦੇ ਖਤਰੇ ਨੂੰ ਦੇਖਦੇ ਹੋਏ ਪੁਲ ਬਣਾਉਣ ਦੀ ਤਜਵੀਜ਼ ਰੱਖੀ ਸੀ, ਜੋ ਉਸ ਸਮੇਂ ਦੋਵਾਂ ਦੇਸ਼ਾਂ ਵਿਚਕਾਰ ਹੋਏ ਸਮਝੌਤੇ ਵਿਚ ਸ਼ਾਮਿਲ ਕੀਤੀ ਗਈ ਸੀ। ਇਹ ਵੀ ਦੱਸ ਦਈਏ ਕਿ ਇਸ ਸਮੇਂ ਭਾਰਤੀ ਸ਼ਰਧਾਲੂ ਡੇਰਾ ਬਾਬਾ ਨਾਨਕ ਵਿਖੇ ਇਮੀਗ੍ਰੇਸ਼ਨ ਅਤੇ ਕਸਟਮ ਦੀ ਕਾਰਵਾਈ ਪੂਰੀ ਕਰਨ ਤੋਂ ਬਾਅਦ ਬੈਟਰੀ ਰਿਕਸ਼ਾ ਰਾਹੀਂ ਕੌਮਾਂਤਰੀ ਸਰਹੱਦ 'ਤੇ ਜਾਂਦੇ ਹਨ, ਜਿਥੋਂ ਪਾਕਿਸਤਾਨੀ ਸਰਹੱਦ 'ਤੇ ਖੜ੍ਹੇ ਬੈਟਰੀ ਰਿਕਸ਼ਾ ਰਾਹੀਂ ਪਾਕਿਸਤਾਨ ਦੇ ਇਮੀਗ੍ਰੇਸ਼ਨ ਵਿਭਾਗ ਤੱਕ ਪਹੁੰਚਦੇ ਹਨ। ਪਾਕਿਸਤਾਨ ਵਲੋਂ ਪੁਲ ਦੇ ਨਿਰਮਾਣ ਤੋਂ ਬਾਅਦ ਸੰਗਤਾਂ ਸਿੱਧਾ ਸਰਹੱਦ ਤੋਂ ਗੁਰਦੁਆਰਾ ਸਾਹਿਬ ਹੋਰ ਘੱਟ ਸਮੇਂ ਵਿਚ ਪਹੁੰਚ ਸਕਣਗੀਆਂ।

ਮਾਮਲਾ ਹਥਿਆਰਾਂ ਨੂੰ ਪ੍ਰਮੋਟ ਕਰਨ ਦੇ ਦੋਸ਼ ਦਾ

# ਪੰਜਾਬੀ ਗਾਇਕ ਸੁਖਮਨ ਹੀਰ, ਗਾਇਕ ਜੈਸਮੀਨ ਅਖ਼ਤਰ ਸਣੇ 7 ਉਪਰ ਦਰਜ ਹੋਇਆ ਪਰਚਾ

### ਮੋਗਾ ਦੇ ਗਾਇਕ ਛੋਟੇ ਥਾਣੇਦਾਰ ’ਤੇ ਗਾਣੇ ਵਿਚ ਗੰਨ ਕਲਚਰ ਨੂੰ ਪ੍ਰਮੋਟ ਕਰਨ ਦਾ ਮਾਮਲਾ ਦਰਜ



ਫਤਿਹਗੜ੍ਹ/ਏ.ਟੀ.ਨਿਊਜ਼ :- ਹਥਿਆਰਾਂ ਨੂੰ ਪ੍ਰਮੋਟ ਕਰਨ ਦੇ ਦੋਸ਼ ਵਿਚ ਪੰਜਾਬੀ ਗਾਇਕ ਸੁਖਮਨ ਹੀਰ, ਗਾਇਕ ਜੈਸਮੀਨ ਅਖ਼ਤਰ ਸਣੇ 7 ਨਾਮਾਲੂਮ ਵਿਅਕਤੀਆਂ ਖ਼ਿਲਾਫ਼ ਮਾਮਲਾ ਦਰਜ ਕੀਤਾ ਗਿਆ ਹੈ। ਇਸ ਸਬੰਧੀ ਡੀ. ਐੱਸ.ਪੀ. ਖਮਾਣੋਂ ਰਮਿੰਦਰ ਸਿੰਘ ਸਿੰਘ ਕਾਹਲੋਂ ਨੇ ਦੱਸਿਆ ਕਿ ਖੇੜੀ ਨੌਧ ਸਿੰਘ ਪੁਲਿਸ ਵੱਲੋਂ ਗਾਇਕ ਸੁਖਮਨ ਹੀਰ ਤੇ ਜੈਸਮੀਨ ਅਖਤਰ ਸਮੇਤ 7 ਹੋਰਨਾਂ ਖ਼ਿਲਾਫ਼ ਕੇਸ ਦਰਜ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ।ਕਿਉਂਕਿ ਇਨ੍ਹਾਂ ਨੇ ਯੂ-ਟਿਊਬ ’ਤੇ ਇਕ ਮਿਊਜ਼ਿਕ ਚੈਨਲ ਰਾਹੀਂ ਗੀਤ ਵਿਚ ਅਸਲਾ/ਹਥਿਆਰਾਂ ਨੂੰ ਪ੍ਰਮੋਟ ਕੀਤਾ ਸੀ। ਮੋਗਾ ਦੇ ਥਾਣਾ ਬਾਘਾਪੁਰਾਣਾ ਵਿਚ ਪੰਜਾਬੀ ਗਾਇਕ ਕੁਲਜੀਤ ਸਿੰਘ ’ਤੇ ਹਥਿਆਰਾਂ ਨੂੰ ਪ੍ਰੋਮੋਟ ਕਰਨ ਦਾ ਕੇਸ ਦਰਜ ਕੀਤਾ ਗਿਆ ਹੈ। ਇਸ ਦੀ ਪੁਸ਼ਟੀ ਬਾਘਾਪੁਰਾਣਾ ਥਾਣੇ ਐੱਸਐੱਚਓ ਕੀਤੀ ਹੈ। ਉਹ ਖ਼ੁਦ ਪੰਜਾਬ ਪੁਲਿਸ ਦਾ ਮੁਲਾਜ਼ਮ ਹੈ।

ਹਾਲਾਂਕਿ ਮੁਲਜ਼ਮ ਏਐਸਆਈ ਕੁਲਜੀਤ ਰਜਾਣਾ ਦਾ ਕਹਿਣਾ ਹੈ ਕਿ ਉਨ੍ਹਾਂ ਦਾ ਪ੍ਰਮੋਟਰ ਪੰਜਾਬ ਤੋਂ ਬਾਹਰ ਦਾ ਹੈ, ਉਨ੍ਹਾਂ ਨੂੰ ਪੰਜਾਬ ਦੇ ਨਿਯਮਾਂ ਦਾ ਪਤਾ ਨਹੀਂ ਸੀ, ਜਿਵੇਂ ਹੀ ਪਤਾ ਲੱਗਾ ਗਾਣੇ ਨੂੰ ਅਪਲੋਡ ਕਰਨ ਦੇ 19 ਘੰਟੇ ਬਾਅਦ ਇੰਟਰਨੈੱਟ ਪਲੇਟਫਾਰਮ ਤੋਂ ਹਟਾ ਦਿੱਤਾ ਗਿਆ ਹੈ। ਥਾਣਾ ਇੰਚਾਰਜ ਬਾਘਾਪੁਰਾਣਾ ਨੇ ਦੱਸਿਆ ਕਿ ਕੁਲਜੀਤ ਦੇ ਪ੍ਰਮੋਟਰਾਂ ਨੇ ਯੂ-ਟਿਊਬ ’ਤੇ ‘ਮਹਾਕਾਲ’ ਨਾਂ ਦਾ ਗੀਤ ਅਪਲੋਡ ਕੀਤਾ ਸੀ, ਜਿਸ ਵਿਚ ਗਾਇਕ ਏਐੱਸਆਈ ਨੇ ਗੀਤ ਗੰਨ ਕਲਚਰ ਨੂੰ ਪ੍ਰਮੋਟ ਕੀਤਾ ਹੈ। ਗੀਤ ਦੇ ਅਪਲੋਡ ਹੋਣ ਤੋਂ ਕੁਝ ਘੰਟਿਆਂ ਬਾਅਦ ਥਾਣਾ ਬਾਘਾਪੁਰਾਣਾ ਦੀ ਪੁਲਿਸ ਨੇ ਮਾਮਲਾ ਤਾਂ ਦਰਜ ਕਰ ਲਿਆ ਪਰ ਮਾਮਲੇ ਨੂੰ ਲੁਕਾਉਣ ਦੀ ਕੋਸ਼ਿਸ਼ ਕੀਤੀ, ਰੂਟੀਨ ਪੀਪੀਆਰ ’ਚ ਇਸ ਦਾ ਜ਼ਿਕਰ ਨਹੀਂ ਕੀਤਾ ਗਿਆ ਹੈ।

ਮਾਮਲਾ ਲੁਧਿਆਣਾ ਬੰਬ ਧਮਾਕੇ ਦਾ

# ਐੱਨਆਈਏ ਨੇ ਹਰਪ੍ਰੀਤ ਸਿੰਘ ਹੈਪੀ ਮਲੇਸ਼ੀਆ ਨੂੰ ਦਿੱਲੀ ਹਵਾਈ ਅੱਡੇ ਤੋਂ ਕੀਤਾ ਗ੍ਰਿਫ਼ਤਾਰ



ਨਵੀਂ ਦਿੱਲੀ/ਏ.ਟੀ.ਨਿਊਜ਼ :- ਲੁਧਿਆਣਾ ਦੀ ਅਦਾਲਤ ਵਿਚ ਪਿਛਲੇ ਸਾਲ ਹੋਏ ਬੰਬ ਧਮਾਕੇ ਦੇ ਮਾਮਲੇ ਵਿਚ ਲੋੜੀਂਦੇ ‘ਮੋਸਟ ਵਾਂਟੇਡ’ ਹਰਪ੍ਰੀਤ ਸਿੰਘ ‘ਹੈਪੀ ਮਲੇਸ਼ੀਆ’ ਨੂੰ ਕੇਂਦਰੀ ਏਜੰਸੀ ਐੱਨਆਈਏ ਨੇ ਦਿੱਲੀ ਹਵਾਈ ਅੱਡੇ ਤੋਂ ਗ੍ਰਿਫ਼ਤਾਰ ਕਰ ਲਿਆ ਹੈ। ਹੈਪੀ ਮਲੇਸ਼ੀਆ ਦੇ ਸਿਰ ’ਤੇ ਦਸ ਲੱਖ ਰੁਪਏ ਦਾ ਇਨਾਮ ਰੱਖਿਆ ਗਿਆ ਸੀ। ਜ਼ਿਕਰਯੋਗ ਹੈ ਕਿ ਪਿਛਲੇ ਸਾਲ ਦਸੰਬਰ ਵਿਚ ਲੁਧਿਆਣਾ ਦੀਆਂ ਕਚਹਿਰੀਆਂ ਦੀ ਇਮਾਰਤ ਵਿਚ ਜ਼ੋਰਦਾਰ ਬੰਬ ਧਮਾਕਾ ਹੋਇਆ ਸੀ। ਧਮਾਕੇ ਵਿਚ ਇਕ ਵਿਅਕਤੀ ਦੀ ਮੌਤ ਹੋ ਗਈ ਸੀ ਤੇ ਛੇ ਹੋਰ ਫੱਟੜ ਹੋ ਗਏ ਸਨ। ਇਸ ਮਾਮਲੇ ਵਿਚ ਲੁਧਿਆਣਾ ਪੁਲਿਸ ਨੇ 23 ਦਸੰਬਰ, 2021 ਵਿਚ ਕੇਸ ਦਰਜ ਕੀਤਾ ਸੀ।

ਐੱਨਆਈਏ ਨੇ 13 ਜਨਵਰੀ ਨੂੰ ਮੁੜ ਕੇਸ ਦਰਜ ਕੀਤਾ ਸੀ। ਏਜੰਸੀ ਦੇ ਬੁਲਾਰੇ ਨੇ ਦੱਸਿਆ ਕਿ ਜਾਂਚ ਵਿਚ ਸਾਹਮਣੇ ਆਇਆ ਸੀ ਕਿ ਪਾਕਿਸਤਾਨ ਬੈਠੇ ਇੰਟਰਨੈਸ਼ਨਲ ਸਿੱਖ ਯੂਥ ਫੈਡਰੇਸ਼ਨ ਦੇ ਮੁਖੀ ਲਖਬੀਰ ਸਿੰਘ ਰੋਡੇ ਦਾ ਇਕ ਸਾਥੀ ਵੀ ਲੁਧਿਆਣਾ ਧਮਾਕੇ ਦੀ ਸਾਜ਼ਿਸ਼ ਘੜਨ ਵਿਚ ਸ਼ਾਮਲ ਹੈ। ਜਦਕਿ ਰੋਡੇ ਖ਼ੁਦ ਵੀ ਇਸ ਮਾਮਲੇ ਵਿਚ ਸ਼ਾਮਲ ਹੈ। ਉਨ੍ਹਾਂ ਕਿਹਾ ਕਿ ਰੋਡੇ ਦੀਆਂ ਹਦਾਇਤਾਂ ਉਤੇ ਕੰਮ ਕਰਦਿਆਂ ਹਰਪ੍ਰੀਤ ਸਿੰਘ ਨੇ ਧਮਾਕਾਖੇਜ਼ ਸਮੱਗਰੀ ਪਹੁੰਚਾਉਣ ਵਿਚ ਮਦਦ ਕੀਤੀ ਜੋ ਕਿ ਪਾਕਿਸਤਾਨ ਤੋਂ ਭਾਰਤ ਭੇਜੀ ਗਈ। ਇਸ ਨੂੰ ਮਗਰੋਂ ਲੁਧਿਆਣਾ ਧਮਾਕੇ ਵਿਚ ਵਰਤਿਆ ਗਿਆ। ਐੱਨਆਈਏ ਨੇ ਕਿਹਾ ਕਿ ਗ੍ਰਿਫ਼ਤਾਰ ਮੁਲਜ਼ਮ ਕਈ ਹੋਰ ਕੇਸਾਂ ਵਿਚ ਵੀ ਲੋੜੀਂਦਾ ਹੈ ਜਿਨ੍ਹਾਂ ਵਿਚ ਹਥਿਆਰਾਂ, ਧਮਾਕਾਖੇਜ਼ ਸਮੱਗਰੀ ਦੇ ਕੇਸ ਸ਼ਾਮਲ ਹਨ।


DIAMOND TRANSPORTATION

DIAMOND
Transportation Logistics, Inc.

Dry Van ਤੇ Reefer ਦੇ ਕੰਮ ਲਈ
Owner Operators ਦੀ ਲੋੜ

Good Pay

Dedicated Routs

Weekly Payment
ਇਕ ਹਫ਼ਤੇ ’ਚ ਪੇਮੈਂਟ ਲਵੋ



ਅੱਜ ਹੀ ਕਾਲ ਕਰੋ :

ਗੁਲਵਿੰਦਰ ਸਿੰਘ ਗਾਖ਼ਲ
209.487.3699

ਹਰਨੇਕ ਸਿੰਘ ਅਟਵਾਲ
209.351.5965

2850 Loomis Rd, Stockton, CA 95205

# ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਐਡਹਾਕ ਕਮੇਟੀ ਦਾ ਹੋਇਆ ਗਠਨ

## ਸੂਬੇ ਵਿਚੋਂ ਲਏ 38 ਮੈਂਬਰ, ਝੀਂਡੇ ਵੱਲੋਂ ਵਿਰੋਧ, ਕਿਹਾ ਕਿ ਹਰਿਆਣਾ ਸਿੱਖ ਗੁਰਦੁਆਰਾ ਐਡਹਾਕ ਕਮੇਟੀ ਦਾ ਅਧੂਰਾ ਗਠਨ

ਚੰਡੀਗੜ੍ਹ/ਏ.ਟੀ.ਨਿਊਜ਼ :- ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਐਡਹਾਕ ਕਮੇਟੀ ਗਠਿਤ ਕਰ ਦਿੱਤੀ ਹੈ। ਸਰਕਾਰ ਨੇ ਇਸ ਕਮੇਟੀ ਵਿਚ 38 ਮੈਂਬਰ ਬਣਾਏ ਹਨ ਜੋ ਕਿ ਵੱਧ ਤੋਂ ਵੱਧ 18 ਮਹੀਨੇ ਜਾਂ ਨਵੀਂ ਕਮੇਟੀ ਦੇ ਗਠਨ ਤਕ ਗੁਰਦੁਆਰਿਆਂ ਦੀਆਂ ਜਾਇਦਾਦਾਂ ਦੇ ਪ੍ਰਬੰਧ ਤੇ ਨਿਗਰਾਨੀ ਕਰਨਗੇ। ਗ੍ਰਹਿ ਸਕੱਤਰ ਟੀਵੀਐੱਸਐੱਨ ਪ੍ਰਸਾਦ ਨੇ ਐਡਹਾਕ ਕਮੇਟੀ ਦੇ ਮੈਂਬਰਾਂ ਦੀ ਨਿਯੁਕਤੀ ਦੇ ਹੁਕਮ ਜਾਰੀ ਕਰ ਦਿੱਤੇ ਹਨ। ਮੁੱਖ ਮੰਤਰੀ ਮਨੋਹਰ ਲਾਲ ਨੇ ਲੰਘੇ ਦਿਨੀਂ ਗੁਰਦੁਆਰਿਆਂ ਦੇ ਰੱਖ-ਰਖਾਅ ਲਈ ਐਡਹਾਕ ਕਮੇਟੀ ਬਣਾਉਣ ਦਾ ਐਲਾਨ ਕੀਤਾ ਸੀ। ਅਜਿਹਾ ਇਸ ਲਈ ਕੀਤਾ ਗਿਆ ਸੀ ਕਿਉਂਕਿ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਵਿਚਾਲੇ ਵਿਵਾਦ ਚੱਲ ਰਿਹਾ ਸੀ।

ਐੱਚਐੱਸਜੀਪੀਸੀ ਦੀ ਐਡਹਾਕ ਕਮੇਟੀ ਵਿਚ ਸਿਰਸਾ ਦਾ ਦਬਦਬਾ ਹੈ, ਜਿੱਥੋਂ ਸਭ ਤੋਂ ਵੱਧ (ਛੇ) ਮੈਂਬਰ ਨਾਮਜ਼ਦ ਕੀਤੇ ਗਏ ਹਨ। ਯਮੁਨਾਨਗਰ ਤੋਂ 5 ਅਤੇ ਅੰਬਾਲਾ, ਕਰਨਾਲ ਤੇ ਕੈਥਲ ਤੋਂ ਚਾਰ-ਚਾਰ ਮੈਂਬਰਾਂ ਨੂੰ ਥਾਂ ਮਿਲੀ ਹੈ। ਸਿਰਸਾ ਤੋਂ ਬਲਜੀਤ ਸਿੰਘ ਦਾਦੂਵਾਲ, ਗੁਰਮੀਤ ਸਿੰਘ, ਜਗਸੀਰ ਸਿੰਘ ਮਾਂਗੇਆਣਾ, ਮਲਕ ਸਿੰਘ ਤੇ ਪਰਮਜੀਤ ਸਿੰਘ ਨੂੰ ਮੈਂਬਰ ਲਿਆ ਹੈ।

ਅੰਬਾਲਾ ਤੋਂ ਭੁਪਿੰਦਰ ਸਿੰਘ ਬਿੰਦਰਾ, ਸੁਦਰਸ਼ਨ ਸਿੰਘ ਸਹਿਗਲ, ਤਲਵਿੰਦਰਪਾਲ ਸਿੰਘ ਤੇ ਵਿਨਰ ਸਿੰਘ ਲਏ ਹਨ। ਇਵੇਂ ਹੀ ਭਿਵਾਨੀ ਤੋਂ ਸੁਦਰਸ਼ਨ ਸਿੰਘ ਗਾਵਰੀ, ਫ਼ਰੀਦਾਬਾਦ ਤੋਂ ਰਾਣਾ ਭੱਟੀ, ਫ਼ਤਿਹਾਬਾਦ ਤੋਂ ਬਲਦੇਵ ਸਿੰਘ ਖ਼ਾਲਸਾ, ਹਿਸਾਰ ਤੋਂ ਸੁੱਖਸਾਗਰ ਸਿੰਘ, ਜੀਂਦ ਤੋਂ ਪਰਮਿੰਦਰ ਕੌਰ ਤੇ ਕੈਥਲ ਤੋਂ ਅੰਗਰੇਜ ਸਿੰਘ, ਗੁਰਦੀਪ ਸਿੰਘ, ਗੁਰਮੀਤ ਸਿੰਘ ਤੇ ਸਾਹਿਬ ਸਿੰਘ ਨੂੰ ਮੈਂਬਰ ਲਿਆ ਗਿਆ ਹੈ।

ਕਰਨਾਲ ਤੋਂ ਭੁਪਿੰਦਰ ਸਿੰਘ, ਗ਼ੁਲਾਬ ਸਿੰਘ, ਗੁਰਵਿੰਦਰ ਸਿੰਘ ਧਮੀਜਾ ਤੇ ਜਗਦੀਸ਼ ਸਿੰਘ ਝੀਂਡਾ, ਕੁਰੂਕਸ਼ੇਤਰ ਤੋਂ ਦੀਦਾਰ ਸਿੰਘ ਨਲਵੀ, ਜਸਵੰਤ ਸਿੰਘ ਤੇ ਰਵਿੰਦਰ ਕੌਰ ਅਜਰਾਣਾ, ਮਹਿੰਦਰਗੜ੍ਹ ਤੋਂ ਤਜਿੰਦਰ ਸਿੰਘ, ਨੂਹ ਤੋਂ ਜੀਐੱਸ ਮਲਿਕ, ਪੰਚਕੂਲਾ ਤੋਂ ਰਮਣੀਕ ਸਿੰਘ ਮਾਨ, ਸੁਜਿੰਦਰ ਸਿੰਘ, ਪਾਣੀਪਤ ਤੋਂ ਮਲਕੀਤ ਸਿੰਘ ਤੇ ਮੋਹਣਜੀਤ ਸਿੰਘ, ਰੋਹਤਕ ਤੋਂ ਹਰਭਜਨ ਸਿੰਘ ਰਾਠੌਰ ਤੇ ਯਮੁਨਾਨਗਰ ਤੋਂ ਕਰਮਜੀਤ ਸਿੰਘ, ਗੁਰਬਖ਼ਸ਼ ਸਿੰਘ, ਹਰਬੰਸ ਸਿੰਘ, ਹਰਪ੍ਰੀਤ ਸਿੰਘ ਤੇ ਸੁਖਵਿੰਦਰ ਸਿੰਘ ਨੂੰ ਐਡਹਾਕ ਕਮੇਟੀ ਵਿਚ ਮੈਂਬਰ ਲਿਆ ਹੈ।

ਹਰਿਆਣਾ ਸਰਕਾਰ ਨੇ ਸੂਬੇ ਦੇ ਇਤਿਹਾਸਕ ਗੁਰਦੁਆਰਾ ਸਾਹਿਬਾਨ ਦੀ ਦੇਖ-ਰੇਖ ਤੇ ਸੇਵਾ ਸੰਭਾਲ ਲਈ ਜੋ 38 ਮੈਂਬਰੀ ਐਡਹਾਕ ਕਮੇਟੀ ਬਣਾਈ ਹੈ, ਉਹ ਅਜੇ ਅਧੂਰੀ ਲੱਗ ਰਹੀ ਹੈ, ਇਸ ਵਿਚ ਹੋਰ ਤਿੰਨ ਮੈਂਬਰ ਲਏ ਜਾਣ ਦੀ ਸੰਭਾਵਨਾ ਹੈ। ਇਹ ਅਨੁਮਾਨ ਜਗਦੀਸ਼ ਝੀਂਡਾ ਦਾ ਹੈ। ਇਸ ਤੋਂ ਪਿੱਛੋਂ ਨਵੀਂ ਬਣਾਈ ਕਮੇਟੀ ਪ੍ਰਧਾਨ ਤੇ ਦੂਜੇ ਅਹੁਦੇਦਾਰ ਬਣਾਏ ਜਾਣਗੇ। ਉਨ੍ਹਾਂ ਪ੍ਰਗਟਾਵਾ ਕੀਤਾ ਕਿ ਬਲਬੀਰ ਸਿੰਘ ਦਾਦੂਵਾਲ ਨੂੰ ਨਵੀਂ ਐਡਹਾਕ ਕਮੇਟੀ ਵਿਚ ਆਉਣ 'ਤੇ ਕਈ ਸਿੱਖਾਂ ਅਕਾਲ ਤਖ਼ਤ ਦੇ ਜਥੇਦਾਰ ਕੋਲ ਇਤਰਾਜ਼ ਕੀਤਾ। ਇਸ ਦੌਰਾਨ ਪਤਾ ਲੱਗਾ ਹੈ ਕਿ ਪ੍ਰਧਾਨਗੀ ਲਈ ਸ, ਝੀਂਡਾ, ਸ. ਨਕਵੀ ਤੇ ਸ. ਦਾਦੂਵਾਲ ਦਾ ਨਾਂਅ ਚੱਲ ਰਿਹਾ ਹੈ ਕਿ ਇਨ੍ਹਾਂ ਵਿਚੋਂ ਹੀ ਕਿਸੇ ਨੂੰ ਪ੍ਰਧਾਨਗੀ ਸੰਭਾਲੀ ਜਾਵੇ। ਸੰਭਾਵਨਾ ਹੈ ਕਿ ਪ੍ਰਧਾਨਗੀ ਲਈ ਮੀਟਿੰਗ ਛੇਤੀ ਹੀ ਬੁਲਾਈ ਜਾਵੇਗੀ।



# ਚੀਫ਼ ਖ਼ਾਲਸਾ ਦੀਵਾਨ ਵੱਲੋਂ ਕਰਵਾਈ ਤਿੰਨ ਦਿਨਾਂ ਵਿਸ਼ਵ ਸਿੱਖ ਵਿੱਦਿਅਕ ਕਾਨਫ਼ਰੰਸ ਖ਼ਤਮ

## ਭਾਈ ਮਹਿੰਦਰ ਸਿੰਘ ਮੁਖੀ ਗੁਰੂ ਨਾਨਕ ਨਿਸ਼ਕਾਮ ਸੇਵਕ ਜਥਾ ਯੂ.ਕੇ. ਅਤੇ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਸਮੇਤ ਹੋਰ ਸ਼ਖ਼ਸੀਅਤਾਂ ਸ਼ਾਮਲ ਹੋਈਆਂ

ਅੰਮ੍ਰਿਤਸਰ/ਏ.ਟੀ.ਨਿਊਜ਼ :- ਪੁਰਾਤਨ ਸਿੱਖ ਸੰਸਥਾ ਚੀਫ਼ ਖਾਲਸਾ ਦੀਵਾਨ ਵਲੋਂ ਇੱਥੇ ਕਰਵਾਈ ਤਿੰਨ ਦਿਨਾ 67ਵੀਂ ਵਿਸ਼ਵ ਸਿੱਖ ਵਿਦਿਅਕ ਕਾਨਫਰੰਸ ਸਮਾਪਤ ਹੋ ਗਈ। ਇਸ ਦੌਰਾਨ ਦੀਵਾਨ ਵਲੋਂ ਬਟਾਲਾ ਵਿਖੇ ਇਕ ਹੋਰ ਨਵਾਂ ਸਕੂਲ ਖੋਲ੍ਹਣ, ਭਾਈ ਵੀਰ ਸਿੰਘ ਦੇ ਨਾਂ 'ਤੇ ਅਤਿ-ਆਧੁਨਿਕ ਲਾਇਬ੍ਰੇਰੀ ਬਣਾਉਣ ਅਤੇ ਉਨ੍ਹਾਂ ਦੇ ਜੀਵਨ ਅਤੇ ਕਾਰਜਾਂ 'ਤੇ ਖੋਜ ਕਰਨ ਵਾਲੇ ਵਿਦਿਆਰਥੀਆਂ ਲਈ ਵਿਸ਼ੇਸ਼ ਸਨਮਾਨ ਸ਼ੁਰੂ ਕਰਨ ਦਾ ਵੀ ਐਲਾਨ ਕੀਤਾ ਗਿਆ। ਭਾਈ ਵੀਰ ਸਿੰਘ ਦੇ 150ਵੇਂ ਜਨਮ ਦਿਨ ਨੂੰ ਸਮਰਪਿਤ ਕਰਵਾਈ ਕਾਨਫਰੰਸ ਦੇ ਆਖ਼ਰੀ ਦਿਨ ਭਾਈ ਮਹਿੰਦਰ ਸਿੰਘ ਮੁਖੀ ਗੁਰੂ ਨਾਨਕ ਨਿਸ਼ਕਾਮ ਸੇਵਕ ਜਥਾ ਯੂ.ਕੇ. ਅਤੇ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਸਮੇਤ ਹੋਰ ਕਈ ਪ੍ਰਮੁੱਖ ਸਿਖ ਸ਼ਖ਼ਸੀਅਤਾਂ ਨੇ ਹਾਜ਼ਰੀ ਭਰੀ। ਚੀਫ਼ ਖਾਲਸਾ ਦੀਵਾਨਦੇ ਪ੍ਰਧਾਨ ਅਤੇ ਕੈਬਨਿਟ ਮੰਤਰੀ ਪੰਜਾਬ ਡਾ. ਇੰਦਰਬੀਰ ਸਿੰਘ ਨਿੱਜਰ ਨੇ ਪਦਮਸ੍ਰੀ ਭਾਈ ਵੀਰ ਸਿੰਘ ਅਤੇ ਦੀਵਾਨ ਦੇ ਸਮੂਹ ਮੋਢੀਆਂ ਵਲੋਂ ਸਿੱਖ ਕੌਮ ਦੇ ਭਵਿੱਖ ਨੂੰ ਸੰਵਾਰਨ ਤੇ ਸ਼ਿੰਗਾਰਨ ਲਈ ਸਿੱਖ ਸੰਸਥਾ ਚੀਫ਼ ਖ਼ਾਲਸਾ ਦੀਵਾਨ ਦੀ ਸਥਾਪਨਾ ਤੇ ਉਨ੍ਹਾਂ ਦੇ ਸੱਚੇ-ਸੁੱਚੇ ਮਨੋਰਥਾਂ ਅਤੇ ਉਦੇਸ਼ਾਂ ਬਾਰੇ ਜਾਣਕਾਰੀ ਦਿੱਤੀ। ਵਿਦਿਅਕ ਕਾਨਫੰਰਸ ਦੀ ਸਵਾਗਤੀ ਕਮੇਟੀ ਦੇ ਚੇਅਰਮੈਨ ਸੰਤੋਖ ਸਿੰਘ ਸੇਠੀ ਅਤੇ ਐਜੂਕੇਸ਼ਨਲ ਕਮੇਟੀ ਦੇ ਆਨਰੇਰੀ ਸਕੱਤਰ ਡਾ. ਐੱਸ.ਐੱਸ. ਛੀਨਾ ਵਲੋਂ ਐਜੂਕੇਸ਼ਨਲ ਕਮੇਟੀ ਦੀ ਰਿਪੋਰਟ ਪੜ੍ਹੀ ਗਈ। ਕਾਨਫਰੰਸ ਦੌਰਾਨ ਬਾਬਾ ਮਹਿੰਦਰ ਸਿੰਘ ਯੂ.ਕੇ, ਸਪੀਕਰ ਕੁਲਤਾਰ ਸਿੰਘ ਸੰਧਵਾਂ, ਪਦਮਸ੍ਰੀ ਬਾਬਾ ਸੇਵਾ ਸਿੰਘ ਖਡੂਰ ਸਾਹਿਬ, ਪਦਮਸ੍ਰੀ ਡਾ. ਇੰਦਰਜੀਤ ਕੌਰ ਪਿੰਗਲਵਾੜਾ ਸੰਸਥਾ, ਬਾਬਾ ਸੁਖਵਿੰਦਰ ਸਿੰਘ ਭੂਰੀ ਵਾਲੇ, ਸ. ਤਰਲੋਚਨ ਸਿੰਘ ਦਿੱਲੀ, ਸਮਾਜ ਸੇਵੀ ਡਾ. ਐੱਸ.ਪੀ. ਸਿੰਘ ਉਬਰਾਏ, ਸੀਨੀਅਰ ਐਡਵੋਕੇਟ ਐੱਚ.ਐੱਸ. ਫੂਲਕਾ, ਭੁਪਿੰਦਰ ਸਿੰਘ ਹਾਲੈਂਡ, ਡਾ. ਜਸਬੀਰ ਸਿੰਘ ਸਾਬਰ, ਭਾਈ ਜਸਵੰਤ ਸਿੰਘ ਹਜ਼ੂਰੀ ਰਾਗੀ, ਡਾ. ਜਸਬੀਰ ਕੌਰ ਪੰਜਾਬੀ ਯੂਨੀਵਰਸਿਟੀ ਪਟਿਆਲਾ, ਬਾਬਾ ਸਤਨਾਮ ਸਿੰਘ ਕਿਲ੍ਹਾ ਅਨੰਦਗੜ੍ਹ ਸਾਹਿਬ, ਡਾ. ਗੁਰਮੀਤ ਸਿੰਘ ਤੇ ਸੁਖਦੇਵ ਸਿੰਘ ਭੂਰਾ ਕੋਹਨਾ ਸਮੇਤ ਆਦਿ ਸ਼ਖ਼ਸੀਅਤਾਂ ਨੂੰ ਸਨਮਾਨਿਤ ਕੀਤਾ ਗਿਆ।

ਇਸ ਮੌਕੇ ਅਗਲੀ 68ਵੀਂ ਵਿਸ਼ਵ ਸਿੱਖ ਵਿਦਿਅਕ ਕਾਨਫ਼ਰੰਸ ਸ੍ਰੀ ਅਨੰਦਪੁਰ ਸਾਹਿਬ ਵਿਖੇ ਕਰਨ ਦਾ ਐਲਾਨ ਕੀਤਾ ਗਿਆ।



# ਪੰਜਾਬੀ ਵਿੱਚ ਲਿਖੇ ਬੋਰਡਾਂ ਉਪਰ ਭਾਰੀ ਗ਼ਲਤੀਆਂ

ਮੰਡੀ ਅਹਿਮਦਗੜ੍ਹ/ਏ.ਟੀ.ਨਿਊਜ਼ :- ਮਾਂ ਬੋਲੀ ਪੰਜਾਬੀ ਦੇ ਵਿਕਾਸ ਲਈ ਕੰਮ ਕਰਨ ਵਾਲੇ ਦਰਜਨਾਂ ਸਰਕਾਰੀ ਅਤੇ ਗ਼ੈਰ-ਸਰਕਾਰੀ ਸੰਗਠਨਾਂ ਵੱਲੋਂ ਕੀਤੇ ਜਾ ਰਹੇ ਦਾਅਵਿਆਂ ਦੇ ਬਾਵਜੂਦ ਅੱਜ ਤੱਕ ਜਨਤਕ ਥਾਵਾਂ 'ਤੇ ਲੱਗੇ ਹੋਏ ਬੋਰਡਾਂ 'ਤੇ ਲਿਖੀ ਹੋਈ ਪੰਜਾਬੀ ਭਾਸ਼ਾ ਦੀਆਂ ਤਰੁੱਟੀਆਂ ਦੂਰ ਨਹੀਂ ਹੋਈਆਂ ਹਨ। ਕਿਸੇ ਵੀ ਸਰਕਾਰੀ ਅਦਾਰੇ ਵੱਲੋਂ ਹਾਲੇ ਤੱਕ ਇਨ੍ਹਾਂ ਕਮੀਆਂ ਨੂੰ ਦੂਰ ਕਰਨ ਦੇ ਯਤਨ ਨਹੀਂ ਆਰੰਭੇ ਗਏ ਹਨ।




ਹਾਲਾਂਕਿ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਸਾਰੇ ਸਰਕਾਰੀ ਵਿਭਾਗਾਂ ਦੇ ਅਧਿਕਾਰੀਆਂ ਨੂੰ ਪੰਜਾਬੀ ਬੋਲੀ ਦੀ ਵਰਤੋਂ ਪਹਿਲ ਦੇ ਆਧਾਰ 'ਤੇ ਕਰਨ ਦੀ ਹਦਾਇਤ ਕੀਤੀ ਗਈ ਹੈ, ਪਰ ਨੌਕਰਸ਼ਾਹੀ ਵਿੱਚ ਇਨ੍ਹਾਂ ਹੁਕਮਾਂ ਦੀ ਪਾਲਣਾ ਕਰਨ ਦੀ ਖੇਚਲ ਕੋਈ ਕਰਦਾ ਦਿਖਾਈ ਨਹੀਂ ਦੇ ਰਿਹਾ।

ਸੇਵਾਮੁਕਤ ਡੀਐੱਸਪੀ ਤੇ ਪੰਜਾਬੀ ਭਾਸ਼ਾ ਦੇ ਪ੍ਰੇਮੀ ਬਹਾਦੁਰ ਸਿੰਘ ਰਾਓ ਨੇ ਹਾਲ ਹੀ ਵਿੱਚ ਆਪਣੇ ਸੋਸ਼ਲ ਮੀਡੀਆ ਅਕਾਊਂਟ ਰਾਹੀਂ ਇੱਕ ਸੜਕ ਉਸਾਰੀ ਕੰਪਨੀ ਵੱਲੋਂ ਪੂਰੇ ਸੂਬੇ ਵਿਚੋਂ ਲੰਘਦੇ ਐਕਸਪ੍ਰੈੱਸ ਵੇਅ ਲਈ ਚੱਲਦੇ ਕੰਮਾਂ 'ਤੇ ਲੱਗੇ ਹੋਏ ਬੋਰਡਾਂ ਦੀਆਂ ਤਸਵੀਰਾਂ ਪਾ ਕੇ ਖ਼ਦਸ਼ਾ ਜ਼ਾਹਿਰ ਕੀਤਾ ਗਿਆ ਹੈ ਕਿ ਜੇਕਰ ਤੁਰੰਤ ਲੋੜੀਂਦੇ ਕਦਮ ਨਾ ਚੁੱਕੇ ਗਏ ਤਾਂ ਇਨ੍ਹਾਂ ਚਿਤਾਵਨੀ ਬੋਰਡਾਂ ਨੇ ਹੀ ਸਾਡੀ ਮਾਂ ਬੋਲੀ ਦੀ ਦਸ਼ਾ ਵਿਗਾੜ ਦੇਣੀ ਹੈ। ਉਨ੍ਹਾਂ ਮਾਲਵੇ ਵਿੱਚ ਕਈ ਥਾਈਂ ਲੱਗੇ ਇੱਕ ਬੋਰਡ ਦਾ ਜ਼ਿਕਰ ਕੀਤਾ ਹੈ, ਜਿਸ ਵਿੱਚ 'ਹੌਲੀ ਚੱਲੋ ਕੰਮ ਚੱਲ ਰਿਹਾ ਹੈ' ਨੂੰ 'ਧੀਰੇ ਚਲੇਂ ਕਾਰੀਏ ਪ੍ਰਗਤੀ ਪਰ ਹੈ' ਲਿਖਿਆ ਗਿਆ ਹੈ। ਸਾਬਕਾ ਪ੍ਰਿੰਸੀਪਲ ਤੇ ਪੰਜਾਬੀ ਲਿਖਾਰੀ ਜਗਮੀਤ ਸਿੰਘ ਪੰਧੇਰ ਨੇ ਵੀ ਇਸ ਵਿਸ਼ੇ 'ਤੇ ਚਿੰਤਾ ਪ੍ਰਗਟਾਉਂਦਿਆਂ ਕਿਹਾ ਹੈ ਕਿ ਹੁਣ ਤੱਕ ਪੰਜਾਬੀ ਭਾਸ਼ਾ ਦੇ ਗੜ੍ਹ ਵਜੋਂ ਜਾਣੇ ਜਾਂਦੇ ਮਾਲਵਾ ਖੇਤਰ ਵਿੱਚ ਜਨਤਕ ਤੌਰ 'ਤੇ ਮੂੰਹ ਚਿੜਾਉਂਦੇ ਇਹ ਬੋਰਡ ਨਵੀਂ ਭਾਸ਼ਾ 'ਪੰਜਹਿੰਦੀ' ਦੇ ਜਨਮ ਵੱਲ ਇਸ਼ਾਰਾ ਕਰ ਰਹੇ ਹਨ ਤੇ ਭਾਸ਼ਾ ਵਿਭਾਗ ਲੱਖਾਂ ਰੁਪਏ ਖ਼ਰਚ ਕਰਕੇ ਸਿਰਫ਼ ਬੰਦ ਕਮਰਿਆਂ ਅੰਦਰ ਰਸਮੀ ਸੈਮੀਨਾਰ ਕਰਵਾਉਣ ਤੱਕ ਹੀ ਸੀਮਤ ਹੈ। 'ਪੰਜਾਬੀ ਭਾਸ਼ਾ ਪ੍ਰੇਮੀਆਂ ਨੇ ਚਿਤਾਵਨੀ ਦਿੱਤੀ ਹੈ ਕਿ ਜੇ ਇਸੇ ਤਰ੍ਹਾਂ ਪੰਜਾਬੀ ਭਾਸ਼ਾ ਦਾ ਨਿਰਾਦਰ ਹੁੰਦਾ ਰਿਹਾ ਤਾਂ ਉਹ ਸੰਘਰਸ਼ ਕਰਨ ਲਈ ਮਜਬੂਰ ਹੋਣਗੇ।

ALL STATE INSURANCE
Allstate
You're in good hands.
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS

Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ
- ਇੰਡੀਅਨ ਪਾਸਪੋਰਟ
- ਇੰਡੀਅਨ ਵੀਜ਼ਾ, OCI
- ਮੁਖਤਿਆਰਨਾਮਾ
- ਇਮੀਗਰੇਸ਼ਨ ਸਰਵਿਸਜ਼
- ਸਿਟੀਜਨ, ਗਰੀਨ ਕਾਰਡ
- ਫੈਮਲੀ ਪਟੀਸ਼ਨ



ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਈਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ

ਹੋਰ ਸੇਵਾਵਾਂ
- ਕਾਰ ਟਰਾਂਸਫਰ/ਸਟਿੱਕਰ
- ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
- ਲਾਈਵ ਸਕੈਨ/ਫਿੰਗਰ ਪ੍ਰਿੰਟ
- ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
- ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ

Call, Banga (916) 427-4321, Fax (916) 258-0441
Email : sacramento99@yahoo.co, website: capitalservices.us

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

# ਸੰਪਾਦਕੀ

7 ਦਸੰਬਰ ਤੋਂ 13 ਦਸੰਬਰ, 2022

## ਸਹੀ ਸਮਾਂ ਆਉਣ ਦਿਓ, ਸਰਕਾਰ ਲੱਗੀ ਹੋਈ ਹੈ !

ਬੇਅਦਬੀਆਂ ਦੇ ਮਾਮਲੇ 'ਚ ਮੌਜੂਦਾ ਸਰਕਾਰ ਵੱਲੋਂ ਇਨਸਾਫ ਕਰਨ ਲਈ ਦਿੱਤਾ ਸਮਾਂ ਪੂਰਾ ਹੋਣ 'ਤੇ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਕਾਹਲ ਵਿਚ ਪੱਤਰਕਾਰਾਂ ਨੂੰ ਗਲ਼ੋਂ ਲਾਹੁਣ ਲਈ ਬਿਆਨ ਦਿੱਤਾ ਤੇ ਚਲੇ ਗਏ। ਬਿਆਨ 'ਚ ਕਿਹਾ ਕਿ 'ਸਹੀ ਸਮਾਂ ਆਉਣ ਦਿਓ, ਸਰਕਾਰ ਲੱਗੀ ਹੋਈ ਹੈ।' ਯਾਦ ਰਹੇ ਕਿ ਸਪੀਕਰ ਸੰਧਵਾਂ ਬਹਿਬਲ ਕਲਾਂ ਮੋਰਚੇ ਉਪਰ ਬੈਠੇ ਸਿੱਖਾਂ ਨੂੰ ਇਹ ਵਿਸ਼ਵਾਸ ਦੇ ਕੇ ਗਏ ਸਨ ਕਿ ਹੁਣ ਸਮਾਂ ਨੇੜੇ ਹੀ ਹੈ ਤੇ ਬੇਅਦਬੀ ਅਤੇ ਕੋਟਕਪੂਰਾ ਗੋਲੀ ਕਾਂਡ ਦੇ ਦੋਸ਼ੀਆਂ ਨੂੰ ਸਜ਼ਾ ਦਿੱਤੀ ਜਾਏਗੀ ਤੇ ਸਿੱਖਾਂ ਨੂੰ ਇਨਸਾਫ ਦਵਾਇਆ ਜਾਏਗਾ। ਇੱਕ ਦਫ਼ਾ ਬੋਲਦਿਆਂ ਉਨ੍ਹਾਂ ਇਹ ਵੀ ਕਿਹਾ ਸੀ ਕਿ 'ਜੇ ਪੰਥ ਖੁਸ਼ ਹੈ ਤਾਂ ਹਿੰਦੋਸਤਾਨ ਖੁਸ਼ ਹੈ ਇਹ ਅਹੁਦਾ ਇਹ ਸਾਰਾ ਕੁਝ ਪੰਥ ਦਾ ਬਖਸ਼ਿਆ ਹੋਇਆ ਜਿੰਨ੍ਹਾ ਜਿੰਨ੍ਹਾ ਦਾ ਇਥੇ ਨਾਮ ਲਿਆ ਗਿਆ ਹੈ ਮੈਂ ਉਨ੍ਹਾਂ ਨੂੰ ਦੱਸ ਆਇਆਂ, ਮੈਂ ਜਤਾ ਆਇਆ ਹਾਂ ਕਿ ਤਿੰਨ ਮੁੱਖ ਮੰਤਰੀ ਪਹਿਲਾਂ ਇਸੇ ਪਾਪ ਦੇ ਕੂਏ 'ਚ ਡਿੱਗੇ ਆ, ਇਨਸਾਫ ਹੋਵੇਗਾ, ਬਿਲਕੁਲ ਨਾ ਸਮਝੋ ਕਿ ਸਰਕਾਰ ਇਨਸਾਫ ਨਹੀਂ ਕਰਨਾ ਚਾਹੁੰਦੀ, ਸਰਕਾਰ ਤੁਹਾਡੀ ਆਪਣੀ ਹੈ ਮੈਂ ਸੰਗਤ ਦੇ ਚਰਨਾਂ ਦੀ ਧੂੜ ਹਾਂ, ਸੰਗਤ ਗੁਰੂ ਨਾਲੋਂ ਵੀ ਵੱਡੀ ਹੈ ਮੈਂ ਪੰਥ ਨੂੰ ਇਹ ਵਿਸ਼ਵਾਸ਼ ਦਵਾਉਣਾ ਕਿ ਜਿੰਨੇ ਧੋਖੇ ਹੋਣੇ ਸੀ, ਹੋ ਗਏ। ਹੁਣ ਇਨਸਾਫ ਹੋਵੇਗਾ। ਸਮਾਂ ਦੇ ਦਿਉ, ਕਿੰਨਾ ਦੇਣਾ ਇਹ ਸੰਗਤ ਨੇ ਵੇਖਣਾ ਹੈ, ਪਰ ਸਮਾਂ ਦੇ ਦਵੋ, ਕੁਲਤਾਰ ਸਿੰਘ ਦੀ ਬਾਂਹ ਫੜਨ ਵਾਲਾ ਪੰਥ ਤੋਂ ਬਿਨਾਂ ਕੋਈ ਨਹੀਂ। ਮੈਂ ਤਾਂ ਤੁਹਾਡਾ ਹਾਂ ਅਤੇ ਤੁਹਾਡਾ ਹੀ ਰਹਿਣਾ ਹੈ।'

ਪਿਛਲੀ ਸਰਕਾਰ ਵੇਲੇ ਚੋਣਾਂ ਤੋਂ ਪਹਿਲਾਂ ਕਾਂਗਰਸ ਕਪਤਾਨ ਅਮਰਿੰਦਰ ਸਿੰਘ ਨੇ ਵੀ ਇਨਸਾਫ਼ ਦਾ ਵਾਅਦਾ ਕੀਤਾ ਸੀ। ਚੋਣਾਂ ਜਿੱਤਣ 'ਤੇ ਸਰਕਾਰ ਬਣਨ ਤੋਂ ਬਾਅਦ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਸਿਫਾਰਸ਼ ਉਪਰ ਜਰਾ ਕੁ ਕਾਰਵਾਈ ਹੋਈ। ਪੁਲਿਸ ਵਲੋਂ ਆਪਣੇ ਮਹਿਕਮੇ ਦੇ ਲੋਕਾਂ ਨੂੰ ਅਣਪਛਾਤੇ ਕਹਿ ਕੇ ਸਜ਼ਾ ਦੁਆਉਣ ਦਾ ਰਾਹ ਬੰਦ ਕੀਤਾ ਗਿਆ। ਕਪਤਾਨ ਦੇ ਰਾਜ ਵਿਚ ਵੀ ਲਗਾਤਾਰ ਬੇਅਦਬੀਆਂ ਹੁੰਦੀਆਂ ਰਹੀਆਂ। ਕਪਤਾਨ ਦੀ ਸਰਕਾਰ ਦੇ ਭਾਈਵਾਲ ਮੰਤਰੀ ਕਈ ਵਾਰ ਬਰਗਾੜੀ ਅਜਿਹੇ ਭਰੋਸੇ ਦੇ ਕੇ ਚਲੇ ਗਏ। ਪਰ ਸਰਕਾਰ ਦਾ ਕੋਈ ਸੰਤੁਸ਼ਟੀਜਨਕ ਅਮਲ ਸਾਹਮਣੇ ਨਹੀਂ ਆਇਆ ਜਿਸ ਨੂੰ ਸਿੱਖ ਇਨਸਾਫ਼ ਵਜੋਂ ਦੇਖ ਸਕਣ। ਸਮਾਂ ਲੰਘਦਾ ਗਿਆ ਅਤੇ 7 ਸਾਲ ਬੀਤ ਗਏ।

ਹੁਣ ਵਿਧਾਨ ਸਭਾ ਸਪੀਕਰ ਦਾ ਆਪਣੇ ਪਿਛਲੇ ਬਿਆਨ 'ਤੇ ਕੋਈ ਸੰਤੁਸ਼ਟੀ ਵਾਲਾ ਜਵਾਬ ਨਾ ਦੇ ਸਕਣਾ ਅਤੇ ਅਗਲਾ ਬਿਆਨ ਕਿ ਸਰਕਾਰ ਲੱਗੀ ਹੋਈ ਹੈ, ਕੀ ਜ਼ਾਹਰ ਕਰਦਾ ਹੈ ? ਜਾਂ ਇਹ ਸਰਕਾਰ ਦਾ ਸਮਾਂ ਲੰਘਾਉਣ ਦਾ ਇੱਕ ਪੱਜ ਹੈ। ਜਿਵੇਂ ਸਰਕਾਰਾਂ ਲੋਕਾਂ ਦੀ ਗਰੀਬੀ ਦੂਰ ਕਰਨ 'ਤੇ ਸੱਠ ਸੱਤਰ ਸਾਲਾਂ ਤੋਂ ਲੱਗੀਆਂ ਹੋਈਆਂ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਤਿਕਾਰ ਸਿੱਖ ਲਈ ਸਿਰਮੌਰ ਹੈ ਅਤੇ ਸਰਕਾਰ ਵਲੋਂ ਇਨਸਾਫ਼ ਨੂੰ ਲਗਾਤਾਰ ਲਮਕਾਇਆ ਜਾ ਰਿਹਾ ਹੈ, ਇਸ ਗੱਲ ਨੂੰ ਸਿੱਖ ਕਦੇ ਭੁੱਲਣਗੇ ਨਹੀਂ। ਇਸਨੂੰ ਦੋ-ਚਹੁੰ ਸਾਲਾਂ ਦਾ ਮਸਲਾ ਮੰਨ ਕੇ ਸਮਾਂ ਲੰਘਾਉਣਾ ਬਾਦਲ ਦਲ ਅਤੇ ਕਪਤਾਨ ਦੀ ਕਾਂਗਰਸ ਸਰਕਾਰ ਲਈ ਵੀ ਮਹਿੰਗਾ ਪਿਆ ਹੈ ਅਤੇ ਆਮ ਆਦਮੀ ਪਾਰਟੀ ਦੀ ਸਰਕਾਰ ਲਈ ਵੀ ਇਹ ਵੇਲਾ ਪਰਖ ਦਾ ਹੈ।

ਵਿਧਾਨ ਸਭਾ ਸਪੀਕਰ ਸ. ਕੁਲਤਾਰ ਸਿੰਘ ਦਾ ਆਪਣਾ ਹਲਕਾ ਹੋਣ ਕਰਕੇ ਵੀ, ਦੂਸਰਾ ਗੁਰੂ ਖਾਲਸਾ ਪੰਥ ਪ੍ਰਤੀ ਉਨ੍ਹਾਂ ਦਾ ਸਤਿਕਾਰ ਹੋਣ ਕਰਕੇ ਹੋ ਸਕਦਾ ਹੈ ਕਿ ਇਸ ਮਸਲੇ ਨੂੰ ਹੱਲ ਕਰਵਾਉਣ ਦੀ ਉਨ੍ਹਾਂ ਦੀ ਨਿੱਜੀ ਤੌਰ ਉੱਤੇ ਇੱਛਾ ਹੋਵੇ, ਅਜਿਹਾ ਮੰਨਿਆ ਜਾ ਸਕਦਾ ਹੈ। ਜਿਵੇਂ ਕਿ ਉਨ੍ਹਾਂ ਦਾ ਬਹਿਬਲ ਕਲਾਂ ਇਕੱਠ ਵਿਚ ਦਿੱਤਾ ਭਾਸ਼ਣ ਉਨ੍ਹਾਂ ਦੀ ਇੱਛਾ ਨੂੰ ਜ਼ਾਹਰ ਕਰਦਾ ਹੈ ਪਰ ਕੀ ਸਪੀਕਰ ਹੁੰਦਿਆਂ ਹੋਇਆਂ ਉਹ ਅਜਿਹਾ ਇਨਸਾਫ਼ ਸਰਕਾਰ ਪਾਸੋਂ ਸਿੱਖਾਂ ਨੂੰ ਦੁਆ ਸਕਣਗੇ ? ਇਹ ਉਨ੍ਹਾਂ ਦੀ ਨਿੱਜੀ ਸਮਰੱਥਾ ਸਰਕਾਰ ਵਿਚ ਕਿੰਨੀ ਭਾਰੂ ਹੈ, ਉਸਤੇ ਨਿਰਭਰ ਕਰਦਾ ਹੈ। ਪਰ ਸਵਾਲ ਇਸ ਤੋਂ ਵੱਡਾ ਹੈ ਕਿ ਕੋਈ ਵਜ਼ੀਰ-ਏ-ਆਜ਼ਮ ਜਾਂ ਵਿਧਾਨ ਸਭਾ ਦਾ ਸਪੀਕਰ ਅਜਿਹੀ ਸਮਰੱਥਾ ਰੱਖਦਾ ਹੈ ਕਿ ਸਿੱਖਾਂ ਨੂੰ ਦਿੱਲੀ ਦੇ ਵਿਰੁੱਧ ਜਾ ਕੇ ਇਨਸਾਫ਼ ਦਵਾ ਸਕਦਾ ਹੋਵੇ ? ਪਿਛਲੀਆਂ ਸਰਕਾਰਾਂ ਵੇਲੇ ਅਜਿਹੀਆਂ ਗੱਲਾਂ ਸਾਹਮਣੇ ਆਈਆਂ ਹਨ ਕਿ ਸਿੱਖਾਂ ਦੇ ਮਸਲੇ ਵਿਚ ਅਤੇ ਪੰਜਾਬ ਦੇ ਮਸਲੇ ਵਿਚ ਵਿਧਾਨ ਸਭਾ ਦੇ ਫੈਸਲੇ ਇੰਡੀਆ ਦੀ ਰਾਜਧਾਨੀ ਦਿੱਲੀ ਦੀਆਂ ਏਜੰਸੀਆਂ ਦੇ ਫੈਸਲਿਆਂ ਨੂੰ ਪਲਟ ਨਹੀਂ ਸਕਦੇ।

ਸਪੀਕਰ ਸ. ਕੁਲਤਾਰ ਸਿੰਘ ਸੰਧਵਾਂ ਦੀ ਇੱਛਾ ਤੋਂ ਇਲਾਵਾ ਆਮ ਆਦਮੀ ਪਾਰਟੀ ਕਿਹੜੇ ਮਸਲੇ ਨੂੰ ਹੱਲ ਕਰਨਾ ਚਾਹੁੰਦੀ ਹੈ ਅਤੇ ਕਿਹੜੇ ਨੂੰ ਨਹੀਂ, ਇਹ ਵੀ ਨਜ਼ਰਅੰਦਾਜ਼ ਨਹੀਂ ਕਰਨਾ ਚਾਹੀਦਾ। ਆਮ ਆਦਮੀ ਪਾਰਟੀ ਦੇ ਚੋਣ ਪ੍ਰਚਾਰ ਵੇਲੇ ਹੀ ਸਪੱਸ਼ਟ ਸੀ ਕਿ ਪਾਰਟੀ ਲਈ ਕੋਟਕਪੂਰਾ ਗੋਲੀਕਾਂਡ ਅਤੇ ਬੇਅਦਬੀ ਦੇ ਦੋਸ਼ੀਆਂ ਨੂੰ ਸਜ਼ਾ ਦੇਣ ਜਾਂ ਇਸ ਪ੍ਰਤੀ ਧਿਆਨ ਦੇ ਕੇ ਇਨਸਾਫ ਕਰਨ ਦੀ ਕੋਈ ਇੱਛਾ ਨਹੀਂ ਹੈ। ਪਾਰਟੀ ਨੇ ਸਿੱਖਾਂ ਦੀਆਂ ਵੋਟਾਂ ਨੂੰ ਕੋਈ ਤਵੱਜੋ ਨਹੀਂ ਸੀ ਦਿੱਤੀ ਅਤੇ ਸਿੱਖਾਂ ਦੇ ਹਰੇਕ ਮਸਲੇ ਵਲੋਂ ਅੱਖਾਂ ਮੀਟ ਲਈਆਂ ਸਨ ਜਿਵੇਂ ਕਿ ਸਿੱਖਾਂ ਦਾ ਕੋਈ ਮਸਲਾ ਹੋਵੇ ਹੀ ਨਾ।

ਹੁਣ ਤੱਕ ਦੇ ਸਾਰੇ ਅਮਲ ਤੋਂ ਸਪੱਸ਼ਟ ਹੈ ਕਿ ਸਰਕਾਰਾਂ ਸਿੱਖਾਂ ਵਿਚ ਮਸਲੇ ਆਪ ਪੈਦਾ ਕਰਦੀਆਂ ਹਨ। ਜਿੱਥੇ ਸਰਕਾਰਾਂ ਦੀ ਖੁਦ ਦਖਲਅੰਦਾਜ਼ੀ ਹੋਵੇ, ਉਥੇ ਇਨਸਾਫ਼ ਤੋਂ ਲਗਾਤਾਰ ਟਾਲਾ ਵੱਟਦੀਆਂ ਹਨ। ਇਸ ਮਸਲੇ ਵਿਚ ਸਰਕਾਰ ਦੀ ਇਨਸਾਫ ਕਰਨ ਦੀ ਕੋਈ ਇੱਛਾ ਨਜ਼ਰ ਨਹੀਂ ਆਉਂਦੀ ਜਾਂ ਕਹਿ ਲਈਏ ਕਿ ਇਹ ਉਸ ਦੀ ਸਮਰੱਥਾ ਤੋਂ ਬਾਹਰੀ ਹੈ। ਇਸ ਗੱਲ ਦੀ ਗਵਾਹੀ ਸਰਕਾਰ ਦਾ ਵਿਧਾਇਕ ਕੁੰਵਰ ਵਿਜੇ ਪ੍ਰਤਾਪ ਉਸੇ ਸਟੇਜ 'ਤੇ ਹੀ ਸਪੀਕਰ ਕੁਲਤਾਰ ਸਿੰਘ ਸੰਧਵਾਂ ਦੀ ਗੱਲ ਦੇ ਜਵਾਬ ਵਿੱਚ ਦਿੰਦਾ ਹੈ।

ਹੁਣ ਤੱਕ ਦੇ ਸਰਕਾਰੀ ਅਮਲ ਤੋਂ ਇਹ ਵੀ ਸਮਝਣ ਦੀ ਲੋੜ ਹੈ ਕਿ ਸਿੱਖਾਂ ਦੇ ਵਿਰੁੱਧ ਭੁਗਤਣ ਵਾਲੇ ਹਰੇਕ ਦੋਸ਼ੀ ਨੂੰ ਸਰਕਾਰੀ ਸੁਰੱਖਿਆ ਵਜੋਂ ਅੰਗ ਰੱਖਿਅਕ ਦਿੱਤੇ ਜਾਂਦੇ ਹਨ। ਦੋਸ਼ੀਆਂ ਪ੍ਰਤੀ ਰਵੱਈਆ ਨਰਮ ਅਤੇ ਸਿੱਖਾਂ ਪ੍ਰਤੀ ਪਹਿਲਾ ਤੋਂ ਮੌਜੂਦ ਧਾਰਨਾ ਮੁਤਾਬਕ ਜ਼ਾਲਮਾਨਾ ਤਰੀਕੇ ਨਿਪਟਿਆ ਜਾਂਦਾ ਹੈ। ਇਸ ਤਰ੍ਹਾਂ ਦੇ ਬਦਅਮਲ ਤੋਂ ਅੱਕ ਕੇ ਜਦੋਂ ਸਿੱਖ ਆਪਣੇ ਹੱਥੀਂ ਅਜਿਹੇ ਦੋਸ਼ੀਆਂ ਨੂੰ ਸਜ਼ਾ ਦਿੰਦੇ ਹਨ ਤਾਂ ਸਰਕਾਰਾਂ ਵੱਲੋਂ ਸਿੱਖਾਂ ਨੂੰ ਹਤਿਆਰੇ ਬਣਾ ਕੇ ਪੇਸ਼ ਕੀਤਾ ਜਾਂਦਾ ਹੈ ਅਤੇ ਸਿੱਖਾਂ ਦੁਆਰਾ ਲੰਮੇ ਸਮੇਂ ਤੋਂ ਕੀਤੇ ਜਾਂਦੇ ਸ਼ਾਂਤਮਈ ਸੰਘਰਸ਼ ਨੂੰ ਭੁਲਾ ਦਿੱਤਾ ਜਾਂਦਾ ਹੈ।

-ਸੰਪਾਦਕ

### ਸਿੱਖ ਰਾਜਨੀਤੀ ਦੇ ਪ੍ਰਸੰਗ ਵਿੱਚ

# ਕਿਰਸਾਣੀ ਦਾ ਕਾਰਪੋਰੇਟ ਵਿਰੁੱਧ ਤਾਕਤਵਰ ਮੁਜ਼ਾਹਰਾ ਅਤੇ ਸਿੱਖ ਪੰਥ ਦੀ ਸੰਪ੍ਰਭੁਤਾ ਕੌਮ/ਰਾਸ਼ਟਰਵਾਦ



ਪ੍ਰੋ. ਦੇਵਿੰਦਰ ਸਿੰਘ
ਹਿਸਟੋਰੀਅਨ



ਸਿੱਖਾਂ ਦੀ ਸੰਪ੍ਰਭੂ ਹਸਤੀ ਅਤੇ ਸਿੱਖ ਸਾਵਰੈਨਿਟੀ ਵਿਚਾਰ, ਮਾਡਰਨ ਯੁਗ ਵਿਚ ਮਨੁੱਖੀ ਬੁੱਧੀ ਦੀ ਸੋਚ ਵਿਚੋਂ ਪੈਦਾ ਹੋਇਆ ਫਰਜ਼ੀ-ਰਾਸ਼ਟਰਵਾਦ ਦੇ ਗ਼ੁਬਾਰ ਵਿੱਚੋਂ ਪੈਦਾ ਹੋਇਆ ਅੰਸ਼ ਹੈ। ਰਾਸ਼ਟਰਵਾਦ ਸਤਿ ਜਾਂ ਹਕੀਕੀ ਨਹੀਂ ਹੁੰਦਾ, ਸਗੋਂ ਮਾਇਆ ਅਫ਼ਸਾਨਾ ਹੁੰਦਾ ਹੈ, ਜੋ ਕਿ ਘੱਟਗਿਣਤੀ ਨੂੰ ਹੜੱਪ ਜਾਂਦਾ ਹੈ। ਬਸਤੀਵਾਦੀ ਬ੍ਰਿਟਿਸ਼ ਰਾਜ ਵੇਲੇ ਤੋਂ ਸਿੱਖ ਸੰਬੋਧਨ ਵਰਤੋਂ ਵਿਚ ਆਉਣ ਲੱਗਾ ਜਦੋਂ ਕਿ ਪੰਜਾਬੀ ਰਾਜ ਦੀ ਅਧੀਨਗੀ ਵਿੱਚ ਚਲੇ ਗਏ ਸਨ। ਮੁਗ਼ਲ 'ਗੁਰੂ ਕੇ ਸਿੱਖਾਂ ਸੇਵਕਾਂ ਵਾਸਤੇ ਨਾਨਕਪ੍ਰਸਤਾਂ ਸ਼ਬਦ ਵਰਤਦੇ ਸਨ ਜਦੋਂ ਕਿ ਸਿੱਖੀ ਸੇਵਕ ਆਪਸ ਵਿੱਚ 'ਨਾਨਕਪੰਥੀ' ਸੰਬੋਧਨ ਵਰਤਦੇ ਸਨ। ਅਫਗਾਨੀ ਕਾਜ਼ੀ ਨੂਰ ਮੁਹੰਮਦ ਨੇ ਅਬਦਾਲੀ ਹਮਲਿਆਂ ਸਮੇਂ ਸ਼ਾਇਦ ਪਹਿਲੀ ਵਾਰ ਸਿੱਖ ਸੰਬੋਧਨ ਵਰਤਿਆ ਜਾਪਦਾ ਹੈ। ਆਪਸ ਵਿੱਚ, ਭਾਈ ਰਤਨ ਸਿੰਘ ਭੰਗੂ ਅਨੁਸਾਰ, ਨਾਨਕਪੰਥੀ-ਸਿੰਘ ਇੱਕ ਦੂਜੇ ਨੂੰ ਸਿੰਘ ਸੰਬੋਧਨ ਕਰਦੇ ਸਨ। ਮੁਕਤੀ ਲਈ ਸੰਗਰਾਮ ਦੇ ਸਮਿਆਂ 'ਚ ਅਤੇ ਸਰਕਾਰੇ ਖਾਲਸਾ ਸਮੇਂ ਸੰਬੋਧਨ ਸਿੰਘ ਜਾਂ ਨਾਨਕਪੰਥੀ ਹੀ ਹੁੰਦਾ ਸੀ ਅਤੇ ਸਮੂਹ ਲਈ ਸੰਬੋਧਨ ਖਾਲਸਾ ਹੁੰਦਾ ਸੀ।

ਵੱਖੋ ਵੱਖ ਦਸਤਕਾਰੀਆਂ ਵਿਚ ਗੁਜ਼ਰਾਨ ਕਮਾਉਣ ਵਿਚ ਜਾਣ ਵਾਲ਼ਿਆਂ ਨੂੰ ਜਾਤੀ ਦਾ ਜਾਂ ਕੌਮ ਵਾਲਾ ਕਸਬੀ ਨਾਉਂ ਦਿੱਤਾ ਜਾਂਦਾ ਸੀ ਅਤੇ ਅੱਜ ਵੀ ਇਵੇਂ ਹੀ ਜਾਣਿਆ ਜਾਂਦਾ ਹੈ ਭਾਵੇਂ ਕਿ ਕਈਆਂ ਦੇ ਕਸਬ ਵੀ ਬਦਲ ਗਏ ਹਨ। ਸੋ ਸਿੱਖ ਨੂੰ ਪੰਥ ਤਾਂ ਕਹਾਇਆ ਜਾ ਸਕਦਾ ਹੈ ਪ੍ਰੰਤੂ ਕੌਮ ਨਹੀਂ। ਜੰਮਦੇ ਮਰਦੇ ਜੱਟ, ਤਰਖਾਣ, ਜੁਲਾਹੇ, ਘੁਮਿਆਰ ਆਦਿਕ ਕੌਮਾਂ ਜੂਨੀ ਹਨ, ਜਦੋਂ ਕਿ ਪੰਥ ਤਾਂ ਅਜੂਨੀ ਹੁੰਦਾ ਹੈ। ਗੁਜ਼ਰਾਨ ਦੇ ਦੋ ਪਹਿਲੂ ਹਨ :

1. ਗੁਜ਼ਰਾਨ, ਮਨੁੱਖ ਜਾਂ ਰਾਸ਼ਟਰ ਜਾਂ ਸਟੇਟ ਜਾਂ ਕਾਰਪੋਰੇਟਸ ਜਾਂ ਕੈਪੀਟਲਿਸਟ ਜਾਂ ਕਮਿਊਨਿਸਟ ਦੀ ਦੇਣ ਨਹੀਂ ਹੈ।

2. ਗੁਜ਼ਰਾਨ ਦਾ ਆਧਾਰ, ਰਿਜ਼ਕ, ਸੰਪ੍ਰਭੂ ਕੁਦਰਤ ਦੇ ਜੈਵਿਕੀ-ਪ੍ਰਭੂ ਦਾ ਅੰਸ਼ ਹੈ, ਅੰਤਹਿ ਕਿਰਤ ਹੀ ਅਟੁੱਟ ਪ੍ਰਭੂ ਹੈ ਜੀਵ ਦੇ ਜੀਵਨ ਦਾ, ਜਿਸਦੇ ਸਰਮ-ਕਿਰਤ ਦੀ ਵੰਡ-ਖਪਤਕਾਰੀ ਜਾਂ ਵੰਡ ਛਕਣਾ ਕੁਦਰਤ ਰੂਪੀ ਚਲਣ ਜਾਂ ਭਾਣਾ ਹੈ।

ਬਾਣੀ ਗੁਰੂ ਦੇ ਸ਼ਬਦਾਂ ਦੀ ਕੀਤੀ ਜਾ ਰਹੀ ਵਿਆਖਿਆ ਵਿੱਚ ਇਹ ਹਕੀਕਤ ਜਾਹਿਰ ਕਿਉਂ ਨਹੀਂ ਹੋ ਰਹੀ ?

ਬਾਣੀ ਗੁਰੂ ਦੇ ਗੁਰਦਰਸਨੁ ਵਿਚ ; ਪ੍ਰਭ, ਪ੍ਰਭੁ, ਪ੍ਰਭੂ ਸ਼ਬਦਾਂ ਨੂੰ ਰੱਬ ਜਾਂ ਪਰਮਾਤਮਾ ਦੇ ਅਰਥਾਂ 'ਚ ਤਬਦੀਲ ਕਰਨਾ ਡਾ. ਸਾਹਿਬ ਸਿੰਘ ਸਰੀਖੇ ਵਿਦਵਾਨਾਂ ਦੇ ਪੂਰਬਲੇ-ਮਣਸੁ ਯਾਨਿ ਬ੍ਰਾਹਮਣ ਵਿਰਸੇ ਦਾ ਅਤੇ ਈਸਾਈ ਮਤ ਦੇ ਮੁਕਾਬਲੇ ਵਿਚੋਂ ਪੈਦਾ ਹੋਇਆ, ਅੰਸ਼ ਹੈ ਜਿਸਤੋਂ ਅਨੁਭਵ ਹੁੰਦਾ ਹੈ ਕਿ 'ਅੰਮ੍ਰਿਤ ਛਕਣ' ਦੇ ਬਾਵਜੂਦ ਉਹ ਪੂਰਬਲੇ ਜਨਮ ਵਾਲਾ ਕੁਲਨਾਸ਼ ਬਿਰਤਨਾਸ਼ ਧਰਮਨਾਸ਼ ਨਹੀਂ ਕਰ ਸਕੇ। ਬੋਧਾਂ ਦੇ ਪਤਨ ਦਾ ਆਰੰਭ ਵੀ ਇੱਦਾਂ ਹੀ ਹੋਇਆ ਸੀ।

ਰਾਸ਼ਟਰਵਾਦ ਬੋਧਿਕ ਅਫਸਾਨਾਗਿਰੀ ਵਰਤਮਾਨ ਵਿਚ ਜ਼ਰੂਰੀ ਵੀ ਹੈ, ਸੰਸਾਰ ਪੱਧਰ ਉੱਤੇ ਜੁੜਨ ਵਾਸਤੇ, ਵੱਡੇ ਪ੍ਰਾਜੈਕਟਾਂ ਵਾਸਤੇ, ਆਕਾਸ਼ੀ ਉਡਾਰੀਆਂ ਵਾਸਤੇ, ਅਕੀਦੇ ਦੀ ਹੋਂਦ ਬਚਾਉਣ ਵਾਸਤੇ ਅਤੇ ਮਨੁੱਖੀ ਸੰਗਠਿਤ ਹੋਂਦ ਵਾਸਤੇ।

ਇਹ ਸੰਕਲਪ ਮਨੁੱਖੀ ਬੁੱਧੀ ਦਾ ਹਰਿ-ਨਾਮ ਸਰੂਪ ਵੀ ਹੋ ਸਕਦਾ ਹੈ। ਯਾਨਿ ਇਕ ਸਮੂਹ ਵਾਸਤੇ ਰਾਸ਼ਟਰਵਾਦ, ਉਬਾਰਕ ਹਰਤਾ ਸਿਰਤਾ ਸਰੂਪ ਤਾਂ ਹੀ ਹੋ ਸਕਦਾ ਹੈ ਜੇਕਰ ਰਾਸ਼ਟਰਵਾਦ, ਕੁਦਰਤ ਵਿਚ ਪੂਰੇ ਹੋਏ ਪੂਰਨ ਸੰਪ੍ਰਭੂ ਹੁਕਮ ਦੀ ਰਜ਼ਾ ਦੀ ਸਮਝ ਦੀ ਰੋਸ਼ਨੀ ਅੰਦਰ, ਚੇਤੰਨੁ ਸਦ-ਨਵਿਆਇਆਂ ਜਾਂਦਾ ਆਈਨ ਹੈ।

ਪ੍ਰੰਤੂ ਤਾਮਸਿਕ ਰਾਜਸਿਕ ਤਸਕਰ ਬੁੱਧੀ ਨੇ, ਕੁਦਰਤ ਦੇ ਅੰਸ਼ਾਂ ਉਤੇ ਮਾਲਕੀ ਅਫ਼ਸਾਨਿਆਂ ਨੂੰ ਸੰਵਿਧਾਨਕ ਕਾਨੂੰਨੀ ਜ਼ਾਬਤਿਆਂ 'ਚ ਬੰਧੁ ਕਰਕੇ ਮਨੁੱਖ ਦੇ ਜਨਮ ਅਧਿਕਾਰ ਰਿਜ਼ਕ ਯਾਨਿ ਜ਼ਮੀਨ, ਸੰਪੱਤੀ, ਕਿਰਤ ਜਾਂ ਸਰਮ-ਪ੍ਰਭੁ ਉਤੇ ਉਲਟਾ ਡਾਕੇ ਮਾਰਨੇ ਵਾਲ਼ੀਆਂ ਨੀਤੀਆਂ ਨੂੰ, ਰਾਸ਼ਟਰੀ ਜਾਂ ਕੌਮੀ ਫ਼ਸਾਨਾ ਜਾਂ ਤਰੱਕੀ-ਗਾਣ ਵਾਲੀ ਠੱਗੀ ਨੂੰ ਹੀ ਗਿਆਨ ਬਣਾ ਠਹਿਰਾ ਕੇ ਮਨੁੱਖੀ ਮਨ ਦਾ ਗੁਲਾਮੀਕਰਨ ਕੀਤਾ ਹੋਇਆ ਹੈ।

ਲੋਭੀ ਮਨੁੱਖਾਂ ਨੇ ਕਾਰਪੋਰੇਟ (ਕਮਿਊਨਿਸਟ/ ਡਿਕਟੇਟਰ/ਕੈਪੀਟਲਿਸਟ) ਨੂੰ ਲੋਟੂ-ਸਾਂਝ ਵਾਲੀ ਹਮਲਾਵਰੀ ਜਰਵਾਣਾ ਉਧਾਲਣ ਵਾਲੀ ਤਾਕਤ ਬਣਾ ਧਰਿਆ ਹੈ, ਜਿਸਨੇ ਲੋਕਾਂ ਦੇ ਜਮਾਂਦਰੂ ਪ੍ਰਭੁ ਵਾਲੇ ਹੱਕ ਨੂੰ, ਯਾਨਿ ਜੈਵਿਕੀ ਹਥਲੇ ਰਿਜ਼ਕ, ਸਰਮ-ਪ੍ਰਭ, ਗੁਜਰਾਨ ਅਤੇ ਰੁਜ਼ਗਾਰ ਨੂੰ ਬਹੁਜੁਗਤੀਂ ਕਾਨੂੰਨਾਂ ਦੁਆਰਾ ਲੁੱਟਿਆ। ਇੱਥੋਂ ਤੱਕ ਕਿ ਅਨੇਕ ਰੁਜ਼ਗਾਰ ਕਿਰਤਾਂ ਅਤੇ ਹੁਨਰ ਉਧਾਲ ਲਏ ਗਏ ਅਤੇ ਜੀਵ-ਜੈਵਿਕੀ ਕੁਦਰਤ ਦੀ ਪ੍ਰਭੂ-ਪਦਿੱਤੀ ਯਾਨਿ ਜਨ-ਰਿਜ਼ਕ ਦੇ ਹੱਕ ਨੂੰ ਉਲੰਘਿਆ, ਜਿਸ ਦੇ ਪ੍ਰਤੀਕਰਮ ਫਲਸਰੂਪ ਹਜ਼ਾਰਾਂ ਜੈਵਿਕੀ-ਸੰਗਲ਼ੀ ਵਿਚਲੀਆਂ ਜਿਣਸਾਂ ਜਾਤੀਆਂ ਲੁਪਤ ਹੋਇ ਕੈ, ਕੁਦਰਤ ਦੇ ਤਵਾਜ਼ਨ ਸਰਬ ਖੇਤਰਾਂ ਵਿੱਚ ਵਿਗੜ ਕੇ, ਮਨੁੱਖੀ ਹੋਂਦ ਨੂੰ ਹੀ ਖਤਰਾ ਖੜ੍ਹਾ ਹੋ ਗਿਆ। ਯਾਨਿ ਰਾਸ਼ਟਰਵਾਦ, ਕੁਦਰਤਿ ਪ੍ਰਭੂ-ਪ੍ਰਤੀਕਰਮ ਰੂਪੀ ਸਜ਼ਾ, ਬਣੀ ਜਾਂਦੇ ਹਨ।

ਹਿੰਦੂਤਵਾ ਦਾ ਵਿਖਾਵਾਕਾਰੀ ਰਾਸ਼ਟਰਵਾਦ ਜੋ ਕਿ ਸਿੰਮ੍ਰਿਤੀ ਵਰਣਆਸ਼ਰਮ ਆਚਾਰ ਵਾਲਾ ਹੈ ਤਾਂ : ਵਰਣਧਰਮ ਦੇ ਅਸੂਲਾਂ ਦੇ ਵਿਰੋਧ ਵਿੱਚ

-75 ਸਾਲਾਂ ਉਮਰ ਤੋਂ ਵਡੇਰੇ ਸਮਾਜ ਪਰਿਵਾਰ ਵਿੱਚ ਰਹਿੰਦੇ ਕਿਉਂ ਖੇਹ ਖਾ ਰਹੇ 'ਤੇ ਖੇਹ ਝਾਟਿਆਂ ਵਿਚ ਪਾ ਰਹੇ ਹਨ, ਵਰਣਧਰਮ ਅਨੁਸਾਰ ਸੰਨਿਆਸੀ ਕਿਉਂ ਨਹੀਂ ਬਣਦੇ ?

-ਜਾਤੀਗਤ ਕਿੱਤਿਆਂ ਨੂੰ ਜਾਤੀਆਂ ਤੋਂ ਖੋਹ ਕੇ ਕਿਉਂ ਅੰਬਾਨੀਆਂ ਅਡਾਨੀਆਂ ਵਰਗਿਆਂ ਗ਼ੈਰ-ਕਿਰਤੀ ਗ਼ੈਰ-ਦਸਤਕਾਰ ਮੁਨਾਫ਼ੇਖ਼ੋਰਾਂ ਨੂੰ ਲੁਟਾ ਰਹੇ ਹਨ ?

- ਆਰੀਆ ਵਰਤ ਵੇਲੇ ਭੰਗੀ ਕਿੱਤੇ ਦਾ ਵਜੂਦ ਹੀ ਨਹੀਂ ਸੀ, ਜੰਗਲ਼ ਅਤੇ ਨਦੀਸਨਾਨੀ ਸਭਿਆਚਾਰ ਸੀ, ਸੋ ਇਸ ਕਿੱਤੇ ਨੂੰ ਬੈਨ ਕਿਉਂ ਨਹੀਂ ਕੀਤਾ ਅਤੇ ਸਿੰਮ੍ਰਿਤੀਆਂ ਵਿਚ ਪੈਦਾ ਹੋਈਆਂ ਅਸ਼ੁੱਧੀਆਂ ਨੂੰ ਕਿਉਂ ਨਹੀਂ ਸੋਧਿਆ ?

-ਬਣੀਏਂ ਨੂੰ ਵਣਜ ਤੀਕਰ ਹੀ ਰੱਖੋ ਅਤੇ ਕ੍ਰਿਤ-ਉਤਪਾਦਨ ਨੂੰ ਕਸਬੀ-ਜਾਤੀ ਵਾਲੀ ਪਾਤ ਯਾਨਿ ਜਮਾਤ/ਕਿਸਮ ਅਨੁਸਾਰ, ਮੌਲਿਕ ਜਾਂ ਹਕੀਕੀ ਭਿੰਨ ਕਿਰਤੀ ਜਾਤੀਆਂ ਦੀਆਂ ਸੰਪੂਰਨ ਗਿਣਤੀ ਦੀਆਂ ਕਾਰਪੋਰੇਟਸ ਬਣਾ ਕੇ ਉਹਨਾਂ ਦੀ ਜਾਤੀ ਮਲਕੀਅਤ 'ਚ ਕਿਉਂ ਨਹੀਂ ਦਿੱਤੀਆਂ ਜਾਂਦੀਆਂ ?

-ਖੱਤਰੀਆਂ ਨੂੰ ਫੌਜਾਂ ਵਿੱਚ ਭੇਜੋ, ਉਹ ਦਫ਼ਤਰਾਂ ਦੁਕਾਨਾਂ ਬਿਜਨਸ 'ਚ ਕੀ ਕਰ ਰਹੇ ਹਨ ?

-ਅਗਿਆਨੀ ਚੈਤੰਨੁਵਿਹੀਨ ਪ੍ਰੰਤੂ ਬਸਤੀਵਾਦੀ ਸਿੱਖਿਆ ਸਿਖਿਅਤ ਪੱਛਮੀਕਰਨ ਹੋਏ ਭ੍ਰਿਸ਼ਟ ਬ੍ਰਾਹਮਣਾਂ ਦੀ ਸੰਚਾਰ, ਪ੍ਰਸ਼ਾਸ਼ਕੀ ਵਿਚ ਕੋਈ ਵੈਧਤਾ ਹੀ ਨਹੀਂ ਹੈ। ਪ੍ਰੰਤੂ ਉਨ੍ਹਾਂ ਦੇ ਵਰਣ ਧਰਮ ਭ੍ਰਿਸ਼ਟਾਂ ਦੇ ਜਾਤੀਗਤ ਜੱਫੇ ਕਿਉਂ ਜਾਇਜ਼ ਠਹਿਰਾਏ ਜਾਂਦੇ ਹਨ ?

ਯਾਨਿ ਸਾਰ ਤੱਤ ਤਾਂ ਇਹ ਹੈ ਕਿ ਹਿੰਦੁੱਤਵਾ ਰਾਸ਼ਟਰਵਾਦ ਨੂੰ ਰਾਖਸ਼ਸ-ਮਲੇਛ-ਪੰਡਤਾਂ ਦੇ ਹੱਥੋਂ ਖੋਹਣਾ ਹੀ ਭਾਰਤੀਆਂ ਦੀ ਮੁਕਤੀ ਅਤੇ ਆਜ਼ਾਦੀ ਦਾ ਜ਼ਾਮਨ ਹੈ।

ਬਸਤੀਵਾਦੀ-ਪੜ੍ਹਾਕੂ ਸਿੱਖ ਅਜਾਣਪੁਣੇ ਵਿੱਚ ਇਸੇ ਛਾਯਾ ਛਲ਼ੇਡੇ ਬਸਤੀਵਾਦੀ-ਰਾਸ਼ਟਰਵਾਦ ਦੀ ਸਿੱਖ-ਕਲੋਨਿੰਗ ਕਰਨ 'ਚ ਲੱਗੇ ਹਨ। ਖੇਡੋ, ਜ਼ਰੂਰ ਖੇਡੋ, ਇਸ ਬਸਤੀਵਾਦ-ਰਾਸ਼ਟਰਵਾਦੀ ਨਜ਼ਰੀਏ ਦੀ ਖੇਡ ਵਿਚ ਸਭ ਮੁਗਧ ਹਨ, ਪਰ ਸਿੱਖ ਨਾਉਂ ਤੋਂ ਮੁਕਤ ਹੋ ਕੇ ਖੇਡੋ। ਸਿੱਖ ਸ਼ਬਦ ਵਾਲਾ ਨਾਉਂ Learning faculty ਸੁਰਤ ਲਈ ਸੰਬੋਧਨ ਹੈ, ਜੋ ਕਿ ਜੰਮਦੀ ਮਰਦੀ ਨਹੀਂ। ਸਿਰਫ ਕੌਮਾਂ ਜੰਮਦੀਆਂ ਮਰਦੀਆਂ ਹਨ। ਜੱਟਾਂ ਤੋਂ ਲੈ ਕੇ ਬਾਲਮੀਕੀਆਂ ਤੀਕਰ ਸਭ ਕਿੱਤਾਗਤ ਜਾਤੀਆਂ ਜਾਂਦੀਆਂ ਜਾਤੀ ਸਮੂਹ ਹਨ। ਕਿਰਸਾਣੀ-ਦਸਤਕਾਰੀ ਦੇ ਸੰਜੋਗ ਵਿੱਚ ਕਾਰਜਸ਼ਾਲੀ ਸਮਾਨ-ਅਨੁਪੂਰਕ ਅਤੇ ਭਾਗੀਦਾਰੀ ਕਿਰਤੀ-ਸਰਮ ਦਸਤਕਾਰੀਆਂ ਇੱਕ ਆਰਥਿਕ ਇਕਾਈ ਹਨ ਯਾਨਿ ਸਮੁੱਚ ਵਿੱਚ ਸੰਪੂਰਨ ਖੇਤਕਾਰੀ ਵਾਲਾ ਸਰਮ ਬਣਦੀਆਂ ਹਨ। ਜਿਸ ਵੀ ਕਿੱਤੇ 'ਚ ਜਿਸਦੀ ਨਿਪੁੰਨਤਾ ਅਤੇ ਰੁਚੀ ਹੈ ਸੋਈ ਉਸਦਾ ਕਿੱਤਾ ਹੈ ਅਤੇ ਸੋਈ ਉਸਦੀ ਜਾਤੀ।

ਸੋ ਇਸ ਨੁਕਤਾ ਨਿਗਾਹ ਨਜ਼ਰੀਏ ਤੋਂ ਖੇਤਕਾਰੀ-ਰਾਸ਼ਟਰਵਾਦ ਜਾਂ ਜੱਟਲੈਂਡ, ਅਨੁਪੂਰਕ ਭਾਗੀਦਾਰੀ-ਰੁਜ਼ਗਾਰਾਂ ਦੀ ਮਲਕੀਅਤ ਦੇ ਆਧਾਰ ਉਤੇ ਪ੍ਰਦਰਸ਼ਿਤ ਕਰੋ, ਤਾਂ ਹੀ ਰਾਜਸ਼ਕਤੀ ਹਾਸਲ ਹੋਵੇਗੀ ਅਤੇ ਬੇਰੁਜ਼ਗਾਰੀ। ਮਾਲਕੀ ਵਿਹੀਨ ਮਜ਼ਦੂਰੀ ਵਾਲਾ ਮੁੱਦਾ ਹੀ ਲੁਪਤ ਹੋਵਣ ਦੀ ਪਰਾਲਭਧ ਫਿਰ ਅਟੱਲ ਹੈ। ਜੜਵਿਹੀਨ ਲੱਫਾਜੀ ਨਾਰੇਬਾਜੀ ਨਾਲ ਸਿਰਫ ਜਵਾਨੀ ਦਾ ਘਾਣ ਅਤੇ ਮੰਦਬੁੱਧ ਦਾ ਪਸਾਰਾ ਹੀ ਹਾਸਲ ਹੋਵੇਗਾ। ਦੁਬਾਰਾ ਮੁਜਾਰਾ ਹਸਤੀ ਵੱਲ ਨੂੰ ਗ਼ਰਕਣ ਵਾਲੇ ਹੀਲੇ ਹਨ ਇਹ। ਪਰਾਧੀਨ ਰਿਜ਼ਕ ਵਿੱਚ ਲੱਗੇ ਮਿਹਨਤ ਕਸ਼ਾਂ ਨੂੰ ਪੂਰੀ ਉਜਰਤ ਨਸੀਬ ਨਹੀਂ ਦਾ ਅਰਥ ਇਹ ਹੈ ਕਿ ਉਹ ਬੇਗ਼ਾਰੀ ਮਜ਼ਦੂਰੀ ਕਰਦੇ ਹਨ।

ਕਿਰਸਾਣੀ-ਦਸਤਕਾਰੀਆਂ ਦੀ ਤਾਕਤ, ਕਿਰਸਾਣੀ ਦੇ ਤਾਕਤਵਰ ਮੁਜ਼ਾਹਰਿਆਂ ਤੋਂ ਪ੍ਰਮਾਣਿਤ ਹੈ, ਬਸ ਚਾਹੀਦਾ ਹੈ ਬਾਬਾ ਬੰਦਾ ਸਿੰਘ ਬਹਾਦਰ ਵਾਲਾ ਸਤਿਗੁਰੁ ਗੋਬਿੰਦ ਸਿੰਘ ਦੁਆਰਾ ਬਖ਼ਸ਼ਿਆ ਨਾਨਕਿਨੀਸਾਣਾ ਤੀਰ।

# ਅਸ਼ਵਨੀ ਸ਼ਰਮਾ ਪੰਜਾਬ ਭਾਜਪਾ ਦੇ ਮੁੜ ਬਣੇ ਪ੍ਰਧਾਨ

## ਪੰਜਾਬ ਭਾਜਪਾ ਦੇ ਜਥੇਬੰਦਕ ਢਾਂਚੇ ਉਪਰ ਭਾਰੂ ਪਏ ਦਲ ਬਦਲੂ

➢ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਸੁਨੀਲ ਜਾਖੜ ਨੂੰ ਭਾਜਪਾ ਦੀ ਕੌਮੀ ਕਾਰਜਕਾਰਨੀ ਵਿੱਚ ਸ਼ਾਮਲ

➢ ਪਾਰਟੀ ਨੇ ਪਹਿਲੀ ਵਾਰੀ ਜੱਟ ਸਿੱਖ ਵਰਗ ਨਾਲ ਸਬੰਧਤ ਆਗੂਆਂ ਨੂੰ ਸੂਬਾਈ ਅਹੁਦਿਆਂ ਨਾਲ ਨਿਵਾਜਿਆ

ਚੰਡੀਗੜ੍ਹ/ਏ.ਟੀ.ਨਿਊਜ਼ :- ਭਾਰਤੀ ਜਨਤਾ ਪਾਰਟੀ ਦੇ ਕੌਮੀ ਪ੍ਰਧਾਨ ਜਗਤ ਪ੍ਰਕਾਸ਼ ਨੱਢਾ ਨੇ ਪਾਰਟੀ ਦੀ ਪੰਜਾਬ ਇਕਾਈ ਦੀ ਨਵੀਂ ਟੀਮ ਦਾ ਐਲਾਨ ਕਰਦਿਆਂ ਮੌਜੂਦਾ ਪ੍ਰਧਾਨ ਅਸ਼ਵਨੀ ਸ਼ਰਮਾ ਨੂੰ ਮੁੜ ਪ੍ਰਧਾਨ ਨਿਯੁਕਤ ਕੀਤਾ ਹੈ। ਭਾਜਪਾ ਦੇ ਅਹੁਦੇਦਾਰਾਂ ਦੀ ਨਵੀਂ ਟੀਮ ਵਿੱਚ ਕਾਂਗਰਸ ਛੱਡ ਕੇ ਭਗਵੇਂ ਰੰਗ ਵਿਚ ਰੰਗੇ ਆਗੂਆਂ ਨੂੰ ਵੱਡੀ ਜ਼ਿੰਮੇਵਾਰੀ ਸੌਂਪੀ ਗਈ ਹੈ। ਭਾਜਪਾ ਇਸ ਤੋਂ ਪਹਿਲਾਂ ਅਕਸਰ ਜਨ ਸੰਘ ਦੇ ਪਿਛੋਕੜ ਜਾਂ ਟਕਸਾਲੀ ਆਗੂਆਂ ਨੂੰ ਹੀ ਸੂਬਾ ਪੱਧਰੀ ਜਥੇਬੰਦਕ ਢਾਂਚੇ ਵਿਚ ਥਾਂ ਦਿੰਦੀ ਰਹੀ ਹੈ। ਪੰਜਾਬ ਦੇ ਮਾਮਲੇ ਵਿਚ ਭਗਵਾਂ ਪਾਰਟੀ ਨੇ ਇਹ ਨੀਤੀ ਤਿਆਗ ਦਿੱਤੀ ਪ੍ਰਤੀਤ ਹੁੰਦੀ ਹੈ। ਭਾਜਪਾ ਦੀ ਪੰਜਾਬ ਵਿਚ ਨਵੀਂ ਟੀਮ ਵਿੱਚ 11 ਸੂਬਾ ਮੀਤ ਪ੍ਰਧਾਨ, ਪੰਜ ਸੂਬਾ ਜਨਰਲ ਸਕੱਤਰ ਅਤੇ 11 ਸੂਬਾ ਸਕੱਤਰਾਂ ਤੋਂ ਇਲਾਵਾ ਕੁਝ ਹੋਰ ਅਹੁਦੇਦਾਰ ਸ਼ਾਮਲ ਹਨ। ਪਾਰਟੀ ਵੱਲੋਂ ਜਾਰੀ ਸੂਚੀ ਮੁਤਾਬਕ 11 ਮੀਤ ਪ੍ਰਧਾਨਾਂ ’ਚ ਰਾਕੇਸ਼ ਰਾਠੌਰ, ਕੇਵਲ ਸਿੰਘ ਢਿੱਲੋਂ, ਸੁਭਾਸ਼ ਸ਼ਰਮਾ, ਦਿਆਲ ਸਿੰਘ ਸੋਢੀ, ਜੈ ਇੰਦਰ ਕੌਰ, ਡਾ. ਰਾਜ ਕੁਮਾਰ ਵੇਰਕਾ, ਜਗਮੋਹਨ ਸਿੰਘ ਰਾਜੂ, ਲਖਵਿੰਦਰ ਕੌਰ ਗਰਚਾ, ਫਤਿਹਜੰਗ ਸਿੰਘ ਬਾਜਵਾ, ਅਰਵਿੰਦ ਖੰਨਾ ਅਤੇ ਜਗਦੀਪ ਸਿੰਘ ਨਕਈ ਦੇ ਨਾਮ ਸ਼ਾਮਲ ਹਨ।



ਭਾਜਪਾ ਨੇ ਜੀਵਨ ਗੁਪਤਾ, ਬਿਕਰਮਜੀਤ ਸਿੰਘ ਚੀਮਾ, ਗੁਰਪ੍ਰੀਤ ਸਿੰਘ ਕਾਂਗੜ, ਰਾਜੇਸ਼ ਬਾਗਾ ਅਤੇ ਮੋਨਾ ਜੈਸਵਾਲ ਨੂੰ ਜਨਰਲ ਸਕੱਤਰ ਤੇ ਅਨਿਲ ਸੱਚਰ, ਐਡਵੋਕੇਟ ਰਾਜੇਸ਼ ਹਨੀ, ਡਾ. ਹਰਜੋਤ ਕਮਲ ਸਿੰਘ, ਪਰਮਿੰਦਰ ਸਿੰਘ ਬਰਾੜ, ਸੁਨੀਤਾ ਗਰਗ, ਜੈਸਮੀਨ ਸੰਧਾਵਾਲੀਆ, ਜਸਰਾਜ ਸਿੰਘ ਲੌਂਗੀਆ (ਜੱਸੀ ਜਸਰਾਜ), ਸ਼ਿਵਰਾਜ ਚੌਧਰੀ, ਸੁਖਵਿੰਦਰ ਕੌਰ ਨੌਲੱਖਾ, ਸੰਜੀਵ ਖੰਨਾ ਅਤੇ ਦਮਨ ਥਿੰਦ ਬਾਜਵਾ ਨੂੰ ਸਕੱਤਰ ਨਿਯੁਕਤ ਕੀਤਾ ਹੈ। ਗੁਰਦੇਵ ਸ਼ਰਮਾ ਦੇਬੀ ਨੂੰ ਖ਼ਜ਼ਾਨਚੀ ਅਤੇ ਸੁਖਵਿੰਦਰ ਸਿੰਘ ਗੋਲਡੀ ਨੂੰ ਸਹਿ-ਖ਼ਜ਼ਾਨਚੀ ਵਜੋਂ ਨਿਯੁਕਤ ਕੀਤਾ ਗਿਆ ਹੈ। ਇਸ ਦੇ ਨਾਲ ਖੁਸ਼ਵੰਤ ਰਾਏ ਗੀਗਾ ਨੂੰ ਪ੍ਰੋਟੋਕੋਲ ਸਕੱਤਰ, ਸੁਨੀਲ ਭਾਰਦਵਾਜ ਨੂੰ ਦਫ਼ਤਰ ਸਕੱਤਰ, ਜਨਾਰਦਨ ਸ਼ਰਮਾ, ਡਾ. ਸੁਰਿੰਦਰ ਕੌਰ, ਸੁਨੀਲ ਕੁਮਾਰ ਸਿੰਗਲਾ, ਹਰਦੇਵ ਸਿੰਘ ਉੱਭਾ ਨੂੰ ਮੀਡੀਆ ਸਕੱਤਰ ਨਿਯੁਕਤ ਕੀਤਾ ਗਿਆ ਹੈ। ਜਤਿੰਦਰ ਕਾਲੜਾ ਅਤੇ ਰਾਕੇਸ਼ ਸ਼ਰਮਾ ਨੂੰ ਭਾਜਪਾ ਸੈੱਲ ਕੋਆਰਡੀਨੇਟਰ, ਸੋਸ਼ਲ ਮੀਡੀਆ ਸੈੱਲ ਦਾ ਕਨਵੀਨਰ ਰਾਕੇਸ਼ ਗੋਇਲ ਅਤੇ ਕੋ-ਕਨਵੀਨਰ ਅਜੈ ਅਰੋੜਾ ਨੂੰ ਲਗਾਇਆ ਹੈ। ਕੰਵਰ ਇੰਦਰਜੀਤ ਸਿੰਘ ਨੂੰ ਆਈਟੀ ਸੈੱਲ ਦਾ ਕਨਵੀਨਰ, ਮੀਨੂੰ ਸੇਠੀ ਨੂੰ ਮਹਿਲਾ ਮੋਰਚਾ ਦੀ ਪ੍ਰਧਾਨ ਅਤੇ ਕੰਵਰਵੀਰ ਸਿੰਘ ਟੌਹੜਾ ਨੂੰ ਯੂਥ ਵਿੰਗ ਦਾ ਪ੍ਰਧਾਨ ਐਲਾਨਿਆ ਗਿਆ ਹੈ। ਸੂਬਾ ਪ੍ਰਧਾਨ ਨੇ ਸਾਬਕਾ ਆਈਏਐੱਸ ਸੁੱਚਾ ਰਾਮ ਲੱਧੜ ਨੂੰ ਅਨੁਸੂਚਿਤ ਜਾਤੀ ਮੋਰਚੇ ਦਾ ਪ੍ਰਦੇਸ਼ ਪ੍ਰਧਾਨ, ਦਰਸ਼ਨ ਸਿੰਘ ਨੈਣੇਵਾਲ ਨੂੰ ਕਿਸਾਨ ਮੋਰਚੇ, ਰਜਿੰਦਰ ਬਿੱਟਾ ਨੂੰ ਓਬੀਸੀ ਮੋਰਚੇ ਅਤੇ ਥਾਮਸ ਮਸੀਹ ਨੂੰ ਘੱਟਗਿਣਤੀ ਮੋਰਚੇ ਦਾ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ। ਇਸੇ ਤਰ੍ਹਾਂ ਅਨਿਲ ਸਰੀਨ, ਕਰਨਲ ਜੋਬੰਸ ਸਿੰਘ, ਅਸ਼ੋਕ ਭਾਰਤੀ, ਐੱਸ ਐੱਸ ਚੰਨੀ, ਨਿਮਿਸ਼ਾ ਮਹਿਤਾ, ਇਕਬਾਲ ਸਿੰਘ ਚੰਨੀ, ਗੁਰਦੀਪ ਸਿੰਘ ਗੋਸ਼ਾ, ਅਨੀਸ਼ ਸਿਦਾਨਾ, ਕੰਵਰ ਨਰਿੰਦਰ ਸਿੰਘ, ਮਹਿੰਦਰ ਭਗਤ, ਜਤਿੰਦਰ ਅਠਵਾਲ ਤੇ ਚੇਤਨ ਮੋਹਨ ਜੋਸ਼ੀ ਨੂੰ ਬੁਲਾਰੇ ਲਗਾਇਆ ਗਿਆ ਹੈ। ਇੱਕ ਦਿਨ ਪਹਿਲਾਂ ਹੀ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਸੁਨੀਲ ਜਾਖੜ ਨੂੰ ਭਾਜਪਾ ਦੀ ਕੌਮੀ ਕਾਰਜਕਾਰਨੀ ਵਿੱਚ ਸ਼ਾਮਲ ਕੀਤਾ ਗਿਆ ਹੈ। ਭਾਜਪਾ ਵੱਲੋਂ ਕੀਤੀਆਂ ਗਈਆਂ ਇਨ੍ਹਾਂ ਨਿਯੁਕਤੀਆਂ ਤੋਂ ਇਹ ਗੱਲ ਸਾਹਮਣੇ ਆਉਂਦੀ ਹੈ ਕਿ ਪਾਰਟੀ ਆਉਂਦੀਆਂ ਸੰਸਦੀ ਚੋਣਾਂ ਤੋਂ ਪਹਿਲਾਂ ਪੈਰ ਜਮਾਉਣ ਲਈ ਤਤਪਰ ਹੈ। ਪਾਰਟੀ ਨੇ ਪਹਿਲੀ ਵਾਰੀ ਜੱਟ ਸਿੱਖ ਵਰਗ ਨਾਲ ਸਬੰਧਤ ਆਗੂਆਂ ਨੂੰ ਸੂਬਾਈ ਅਹੁਦਿਆਂ ਨਾਲ ਨਿਵਾਜਿਆ ਹੈ।

**ਅਗਾਮੀ ਲੋਕ ਸਭਾ ਚੋਣਾਂ ਨੂੰ ਮੁੱਖ ਰੱਖ ਕੇ ਭਾਜਪਾ ਵਲੋਂ ਪੰਜਾਬ ਵਿਚ ਸਾਰੀਆਂ ਨਿਯੁਕਤੀਆਂ ਇਹ ਦਰਸਾਉਂਦੀਆਂ ਹਨ ਕਿ ਭਾਜਪਾ 2024 ਦੀਆਂ ਲੋਕ ਸਭਾ ਚੋਣਾਂ ਨੂੰ ਮੁੱਖ ਰੱਖ ਕੇ ਪੰਜਾਬ ਵਿਚ ਆਪਣਾ ਪ੍ਰਭਾਵ ਤੇ ਘੇਰਾ ਵਧਾਉਣਾ ਚਾਹੁੰਦੀ ਹੈ।**

**ਪਿਛਲੇ ਕੁਝ ਮਹੀਨਿਆਂ ਤੋਂ ਲਗਾਤਾਰ ਇਹ ਖ਼ਬਰਾਂ ਆ ਰਹੀਆਂ ਹਨ ਕਿ ਭਾਜਪਾ ਨੇ ਅਗਾਮੀ ਲੋਕ ਸਭਾ ਚੋਣਾਂ ਨੂੰ ਮੁੱਖ ਰੱਖ ਕੇ ਹੇਠਲੀ ਪੱਧਰ ’ਤੇ ਜ਼ੋਰ-ਸ਼ੋਰ ਨਾਲ ਤਿਆਰੀਆਂ ਵਿੱਢੀਆਂ ਹੋਈਆਂ ਹਨ। ਵੱਖ-ਵੱਖ ਲੋਕ ਸਭਾ ਹਲਕਿਆਂ ਵਿਚ ਤਿੰਨ-ਤਿੰਨ ਕੇਂਦਰੀ ਮੰਤਰੀਆਂ ਦੀਆਂ ਡਿਊਟੀਆਂ ਲਗਾਈਆਂ ਗਈਆਂ ਹਨ ਅਤੇ ਉਨ੍ਹਾਂ ਨੂੰ ਹਰ ਮਹੀਨੇ ਘੱਟੋ-ਘੱਟ 72 ਘੰਟੇ ਉਸ ਹਲਕੇ ਵਿਚ ਬਿਤਾਉਣ ਲਈ ਕਿਹਾ ਗਿਆ ਹੈ। ਇਹ ਮੰਤਰੀ ਹਰ ਹਲਕੇ ਵਿਚ ਕੇਂਦਰ ਵਲੋਂ ਬਣਾਈਆਂ ਗਈਆਂ ਨੀਤੀਆਂ ਅਤੇ ਵੱਖ-ਵੱਖ ਵਰਗਾਂ ਲਈ ਬਣਾਈਆਂ ਗਈਆਂ ਸਮਾਜ ਭਲਾਈ ਦੀਆਂ ਯੋਜਨਾਵਾਂ ਨੂੰ ਅਮਲੀ ਰੂਪ ਵਿਚ ਲਾਗੂ ਕਰਵਾਉਣ ਲਈ ਸਥਾਨਕ ਪ੍ਰਸ਼ਾਸਨ ਨਾਲ ਤਾਲਮੇਲ ਰੱਖ ਰਹੇ ਹਨ ਅਤੇ ਉਨ੍ਹਾਂ ਦੀ ਜਵਾਬਦੇਹੀ ਵੀ ਕਰ ਰਹੇ ਹਨ। ਪੰਜਾਬ ਦੀਆਂ ਦੂਜੀਆਂ ਰਾਜਨੀਤਕ ਪਾਰਟੀਆਂ ਦੀ ਰਾਜਨੀਤਕ ਸਰਗਰਮੀ ਭਾਜਪਾ ਨਾਲੋਂ ਕਿਤੇ ਘੱਟ ਨਜ਼ਰ ਆ ਰਹੀ ਹੈ। ਕਈ ਚੋਣਾਂ ਹਾਰ ਚੁੱਕਾ ਸ਼੍ਰੋਮਣੀ ਅਕਾਲੀ ਦਲ ਅਜੇ ਵੀ ਲੋਕਾਂ ਦਾ ਮੁੜ ਕੇ ਵਿਸ਼ਵਾਸ ਜਿੱਤਦਾ ਦਿਖਾਈ ਨਹੀਂ ਦੇ ਰਿਹਾ।**

**ਪੰਜਾਬ ਕਾਂਗਰਸ ਵਿਚ ਅਜੇ ਵੀ ਭਾਵੇਂ ਪ੍ਰਤਾਪ ਸਿੰਘ ਬਾਜਵਾ ਅਤੇ ਅਨੇਕਾਂ ਹੋਰ ਸੀਨੀਅਰ ਲੀਡਰ ਮੌਜੂਦ ਹਨ ਅਤੇ ਉਨ੍ਹਾਂ ਵਲੋਂ ਪਾਰਟੀ ਨੂੰ ਸਰਗਰਮ ਰੱਖਣ ਦਾ ਯਤਨ ਵੀ ਕੀਤਾ ਜਾ ਰਿਹਾ ਹੈ ਪਰ ਇਸ ਦੇ ਬਾਵਜੂਦ ਲੋਕ ਸਭਾ ਦੀਆਂ ਚੋਣਾਂ ਦੇ ਪੱਖ ਤੋਂ ਪਾਰਟੀ ਬਹੁਤੀ ਤਿਆਰੀ ਕਰਦੀ ਨਜ਼ਰ ਨਹੀਂ ਆ ਰਹੀ।**

# ਇਜ਼ਰਾਈਲ ਦੇ ਉੱਘੇ ਫ਼ਿਲਮਸਾਜ਼ ਵੱਲੋਂ ਕਸ਼ਮੀਰ ਫਾਈਲਜ਼ ਪ੍ਰਾਪੇਗੰਡੇ ਵਾਲੀ ਬੇਤੁਕੀ ਤੇ ਹਿੰਸਕ ਫ਼ਿਲਮ ਕਰਾਰ

➢ ਕਿਸੇ ਨੂੰ ਤਾਂ ਆਵਾਜ਼ ਚੁੱਕਣੀ ਪੈਣੀ ਸੀ : ਲੈਪਿਡ ➢ ਇਜ਼ਰਾਇਲੀ ਰਾਜਦੂਤ ਨੇ ਲੈਪਿਡ ਤੋਂ ਬਿਨਾ ਸ਼ਰਤ ਮੁਆਫ਼ੀ ਦੀ ਕੀਤੀ ਮੰਗ

## ਕਿਹਾ ਕਿ ਇਹ ਉੱਘੇ ਫ਼ਿਲਮ ਮੇਲੇ ’ਚ ਮੁਕਾਬਲੇ ਲਈ ਸ਼ਾਮਲ ਕੀਤੇ ਜਾਣ ਦੇ ਯੋਗ ਨਹੀਂ ‘ਕਸ਼ਮੀਰ ਫਾਈਲਜ਼’ ਬਾਰੇ ਦਿੱਤੇ ਬਿਆਨ ’ਤੇ ਕਾਇਮ ਇਜ਼ਰਾਈਲੀ ਫ਼ਿਲਮ ਨਿਰਮਾਤਾ

ਨਵੀਂ ਦਿੱਲੀ/ਏ.ਟੀ.ਨਿਊਜ਼ :- ਇਸ ਸਾਲ ਮਾਰਚ ’ਚ ਰਿਲੀਜ਼ ਹੋਈ ਫ਼ਿਲਮ ‘ਦਿ ਕਸ਼ਮੀਰ ਫਾਈਲਜ਼’ ਨੂੰ ਵਪਾਰਕ ਪੱਧਰ ’ਤੇ ਸਫ਼ਲਤਾ ਹਾਸਲ ਹੋਈ ਪਰ ਨਾਲ ਹੀ ਇਹ ਵਿਵਾਦਾਂ ਵਿਚ ਵੀ ਘਿਰੀ ਰਹੀ। ਫ਼ਿਲਮ ਦੀ ਕਹਾਣੀ 1990ਵਿਆਂ ਵਿਚ ਕਸ਼ਮੀਰ ਵਾਦੀ ’ਚੋਂ ਕਸ਼ਮੀਰੀ ਪੰਡਤਾਂ ਦੀ ਹਿਜਰਤ ਅਤੇ ਉਨ੍ਹਾਂ ਦੀਆਂ ਹੱਤਿਆਵਾਂ ਦੁਆਲੇ ਘੁੰਮਦੀ ਹੈ। ਉਸ ਸਮੇਂ ਹੋਏ ਘਟਨਾਕ੍ਰਮ ਬਾਰੇ ਸਿਆਸੀ ਮਾਹਿਰਾਂ ਦੀ ਰਾਏ ਵੱਖੋ-ਵੱਖਰੀ ਹੈ। ਭਾਜਪਾ ਵੱਲੋਂ ਫ਼ਿਲਮ ਦਾ ਵੱਡੇ ਪੱਧਰ ’ਤੇ ਸਮਰਥਨ ਕੀਤੇ ਜਾਣ ਨਾਲ ਇਸ ਬਾਰੇ ਬਹਿਸ ’ਤੇ ਸਿਆਸੀ ਅਤੇ ਫ਼ਿਰਕੂ ਰੰਗ ਚੜ੍ਹ ਗਿਆ।

ਹੁਣ ਗੋਆ ਵਿਚ ਇੰਟਰਨੈਸ਼ਨਲ ਫ਼ਿਲਮ ਫ਼ੈਸਟੀਵਲ ਆਫ਼ ਇੰਡੀਆ (ਇਫੀ) ਦੀ ਜਿਊਰੀ ਦੇ ਇਜ਼ਰਾਇਲੀ ਚੇਅਰਮੈਨ ਨਦਵ ਲੈਪਿਡ ਵੱਲੋਂ ਇਸ ਬਾਰੇ ਸਖ਼ਤ ਟਿੱਪਣੀ ਕੀਤੇ ਜਾਣ ਨਾਲ ਨਵਾਂ ਕੂਟਨੀਤਕ ਵਿਵਾਦ ਉੱਠ ਖੜ੍ਹਾ ਹੋਇਆ ਹੈ। ਇਜ਼ਰਾਈਲ ਦੇ ਉੱਘੇ ਫ਼ਿਲਮਸਾਜ਼ ਨੇ ਇਸ ਨੂੰ ਪ੍ਰਾਪੇਗੰਡੇ ਵਾਲੀ ਅਜਿਹੀ ਬੇਤੁਕੀ ਫ਼ਿਲਮ ਕਰਾਰ ਦਿੱਤਾ ਹੈ ਜੋ ਕਿਸੇ ਉੱਘੇ ਫ਼ਿਲਮ ਮੇਲੇ ’ਚ ਮੁਕਾਬਲੇ ਲਈ ਸ਼ਾਮਲ ਕੀਤੇ ਜਾਣ ਦੇ ਯੋਗ ਨਹੀਂ ਹੈ।ਲੈਪਿਡ ਨੇ ਇਜ਼ਰਾਈਲੀ ਅਖ਼ਬਾਰ ਹਾਰੇਟਜ਼ ਨਾਲ ਇੱਕ ਇੰਟਰਵਿਊ ਵਿੱਚ ਕਿਹਾ, ‘ਮਾੜੀਆਂ ਫ਼ਿਲਮਾਂ ਬਣਾਉਣਾ ਕੋਈ ਅਪਰਾਧ ਨਹੀਂ ਹੈ, ਪਰ ਇਹ ਇੱਕ ਬਹੁਤ ਹੀ ਲੱਚਰ, ਹੇਰਾਫੇਰੀ ਅਤੇ ਹਿੰਸਕ ਪ੍ਰਚਾਰ ਕਰਨ ਵਾਲੀ ਫ਼ਿਲਮ ਹੈ।’





ਇਜ਼ਰਾਇਲੀ ਰਾਜਦੂਤ ਨੇ ਮਾਮਲੇ ’ਵਿਚ ਤੁਰੰਤ ਦਖ਼ਲ ਦਿੰਦਿਆਂ ਲੈਪਿਡ ਤੋਂ ਬਿਨਾ ਸ਼ਰਤ ਮੁਆਫ਼ੀ ਦੀ ਮੰਗ ਕੀਤੀ ਹੈ। ਇਜ਼ਰਾਇਲੀ ਰਾਜਦੂਤ ਦਾ ਕਹਿਣਾ ਹੈ ਕਿ ਕਿਸੇ ਵੀ ਅਜਿਹੇ ਮਸਲੇ ਜਿਸ ਬਾਰੇ ਤੁਸੀਂ ਡੂੰਘਾਈ ਨਾਲ ਨਹੀਂ ਜਾਣਦੇ, ਜੋ ਖੁੱਲ੍ਹੇ ਜ਼ਖ਼ਮ ਵਾਂਗ ਹੈ, ਬਾਰੇ ਗੱਲ ਕਰਨਾ ਅਸੰਵੇਦਨਸ਼ੀਲਤਾ ਦਾ ਪ੍ਰਗਟਾਵਾ ਹੈ। ਇੱਥੇ ਇਹ ਯਾਦ ਰੱਖਣਯੋਗ ਹੈ ਕਿ ਲੈਪਿਡ ਇਜ਼ਰਾਇਲੀ ਫ਼ੌਜ ਵਿਚ ਨੌਕਰੀ ਕਰ ਚੁੱਕਾ ਉੱਘਾ ਫ਼ਿਲਮਸਾਜ਼ ਹੈ ਜਿਸ ਦੀਆਂ ਨਿਰਦੇਸ਼ਤ ਕੀਤੀਆਂ ਕਈ ਫ਼ਿਲਮਾਂ ਨੂੰ ਕੌਮਾਂਤਰੀ ਫ਼ਿਲਮ ਮੇਲਿਆਂ ਵਿਚ ਪੁਰਸਕਾਰ ਮਿਲੇ ਹਨ।

### ਆਪਣੀ ਟਿੱਪਣੀ ’ਤੇ ਕਾਇਮ ਹੈ, ਨਦਾਵ ਲੈਪਿਡ

ਇਜ਼ਰਾਇਲੀ ਫ਼ਿਲਮ ਨਿਰਮਾਤਾ ਨਦਾਵ ਲੈਪਿਡ ਨੇ ‘ਦ ਕਸ਼ਮੀਰ ਫਾਈਲਜ਼’ ਫ਼ਿਲਮ ਬਾਰੇ ਦਿੱਤੇ ਆਪਣੇ ਬਿਆਨ ’ਤੇ ਹੋਏ ਤਿੱਖੇ ਪ੍ਰਤੀਕਰਮ ਬਾਅਦ ਵੀ ਕਿਹਾ ਹੈ ਕਿ ਉਹ ਆਪਣੀ ਟਿੱਪਣੀ ’ਤੇ ਕਾਇਮ ਹੈ, ਇਸ ਬਾਰੇ ਕਿਸੇ ਨੂੰ ਤਾਂ ਆਵਾਜ਼ ਚੁੱਕਣੀ ਪੈਣੀ ਸੀ। ਗੋਆ ਵਿਚ ਹੋਏ 53ਵੇਂ ਭਾਰਤੀ ਅੰਤਰਰਾਸ਼ਟਰੀ ਫ਼ਿਲਮ ਸਮਾਗਮ ਦੇ ਜਿਊਰੀ ਮੁਖੀ ਨਦਾਵ ਲੈਪਿਡ ਵੱਲੋਂ ਕਸ਼ਮੀਰ ਫਾਈਲਜ਼ ਨੂੰ ਅਸ਼ਲੀਲ ਅਤੇ ਪ੍ਰਚਾਰ ਅਧਾਰਿਤ ਕਰਾਰ ਦੇਣ ਤੋਂ ਬਾਅਦ ਇਸ ਦੇ ਹਮਾਇਤੀਆਂ ਅਤੇ ਵਿਰੋਧੀਆਂ ਦਰਮਿਆਨ ਤਿੱਖੀ ਸ਼ਬਦੀ ਜੰਗ ਸ਼ੁਰੂ ਹੋ ਗਈ। ਲੈਪਿਡ ਨੇ ਕਿਹਾ ਕਿ ਉਨ੍ਹਾਂ ਦੇ ਬਿਆਨ ਦਾ ਇੰਨਾ ਵਿਰੋਧ ਹੋਣਾ ਅਜੀਬ ਸੀ। ਲੈਪਿਡ ਨੇ ਕਿਹਾ ਕਿ ਇਹ ਇਕ ਅਜਿਹੀ ਫ਼ਿਲਮ ਹੈ ਜਿਸ ਨੂੰ ਭਾਰਤ ਸਰਕਾਰ ਨੇ ਸ਼ੁਰੂ ਨਹੀਂ ਕੀਤਾ ਪਰ ਗੈਰ ਸਾਧਾਰਨ ਤਰੀਕੇ ਨਾਲ ਅੱਗੇ ਜ਼ਰੂਰ ਵਧਾਇਆ, ਇਸ ਫ਼ਿਲਮ ਵਿਚ ਫਾਸ਼ੀਵਾਦ ਝਲਕਦਾ ਹੈ। ਉਨ੍ਹਾਂ ਕਿਹਾ ਜਿਥੇ ਹਰ ਕੋਈ ਖੜ੍ਹਾ ਹੋ ਕੇ ਸਰਕਾਰ ਦੀ ਪ੍ਰਸ਼ੰਸਾ ਕਰਦਾ ਹੈ। ਉੱਥੇ ਫ਼ਿਲਮ ਦੀ ਆਲੋਚਨਾ ਕਰਨਾ ਸੌਖਾ ਨਹੀਂ ਹੈ ।ਲੈਪਿਡ ਨੇ ਮੁੜ ਦੁਹਰਾਉਂਦਿਆ ਕਿਹਾ ਕਿ ਦੇਸ਼ਾਂ ਵਿਚ ਲੋਕ ਆਪਣੇ ਮਨ ਦੀ ਗੱਲ ਕਹਿਣ ਦੀ ਸਮਰੱਥਾ ਤੇਜ਼ੀ ਨਾਲ ਗੁਆ ਰਹੇ ਹਨ।ਦਿ ਕਸ਼ਮੀਰ ਫਾਈਲਜ਼’ ਬਾਰੇ ਨਦਾਵ ਦੀ ਟਿੱਪਣੀ ਤੋਂ ਬਾਅਦ ਫ਼ਿਲਮ ਨਾਲ ਜੁੜੀਆਂ ਹਸਤੀਆਂ ਲੇਖਕ-ਨਿਰਦੇਸ਼ਕ ਵਿਵੇਕ ਅਗਨੀਹੋਤਰੀ, ਅਦਾਕਾਰ ਅਨੁਪਮ ਖੇਰ ਅਤੇ ਪੱਲਵੀ ਜੋਸ਼ੀ ਨੇ ਆਪਣੀ ਪ੍ਰਤੀਕਰਮ ਦਰਜ ਕਰਵਾਇਆ ਹੈ।ਇੰਨਾਂ ਹੀ ਨਹੀਂ ਗੋਆ ਦੇ ਮੁੱਖ ਮੰਤਰੀ ਪ੍ਰਮੋਦ ਸਾਵੰਤ ਸਮੇਤ ਕਈ ਭਾਜਪਾ ਨੇਤਾਵਾਂ ਦੇ ਨਾਲ-ਨਾਲ ਭਾਰਤ ਵਿੱਚ ਇਜ਼ਰਾਈਲ ਦੇ ਰਾਜਦੂਤ ਨੋਰ ਗਿਲੋਨ ਨੇ ਇਸ ਬਾਰੇ ਪ੍ਰਤੀਕਰਮ ਦਿੱਤਾ।ਅਸਾਮ ਦੇ ਮੁੱਖ ਮੰਤਰੀ ਹਿਮੰਤਾ ਬਿਸਵਾ ਸ਼ਰਮਾ ਜੋ ਭਾਜਪਾ ਨਾਲ ਸਬੰਧਿਤ ਹਨ ਨੇ ਨਦਾਵ ਲੈਪਿਡ ਦੀ ਅਲੋਚਨਾ ਕਰਦਿਆਂ ਕਿਹਾ ਕਿ ਜਿਊਰੀ ਮੈਂਬਰ ਰੱਬ ਨਹੀਂ ਹਨ।ਸਾਨੂੰ ਫ਼ਿਲਮ ‘ਦਿ ਕਸ਼ਮੀਰ ਫਾਈਲਜ਼’ ਚੰਗੀ ਲੱਗੀ ਅਤੇ ਇਸ ਦਾ ਪ੍ਰਚਾਰ ਕੀਤਾ। ਅਸੀਂ ਖ਼ੁਦ ਦੇਖਿਆ ਹੈ ਕਿ ਕਸ਼ਮੀਰ ‘ਵਿਚ ਕੀ ਹੋਇਆ, ਉਨ੍ਹਾਂ (ਜਿਊਰੀ ਮੈਂਬਰਾਂ) ਕੋਲ ਫ਼ਿਲਮ ਦੀ ਨਿੰਦਾ ਕਰਨ ਦਾ ਕੀ ਅਧਿਕਾਰ ਹੈ।’ ਅਨੁਪਮ ਖੇਰ ਵੱਲੋਂ ਵੀ ਇੱਕ ਟਵੀਟ ਕੀਤਾ ਜਿਸ ਵਿੱਚ ਉਸਨੇ ਲਿਖਿਆ, ਝੂਠ ਦਾ ਕੱਦ ਕਿੰਨਾ ਵੀ ਉੱਚਾ ਕਿਉਂ ਨਾ ਹੋਵੇ।ਸੱਚ ਦੇ ਮੁਕਾਬਲੇ ਹਮੇਸ਼ਾ ਛੋਟਾ ਹੀ ਹੁੰਦਾ ਹੈ।ਭਾਰਤ ਵਿਚ ਇਜ਼ਰਾਈਲ ਦੇ ਸਫ਼ੀਰ ਵੱਲੋਂ ਕੀਤੀ ਗਈ ਆਲੋਚਨਾ ਬਾਰੇ ਲੈਪਿਡ ਨੇ ਕਿਹਾ ਕਿ ਉਨ੍ਹਾਂ ਦੀਆਂ ਟਿੱਪਣੀਆਂ ‘ਸਿਆਸੀ’ ਸਨ ਪਰ ਉਸ ਦੇ ਦੇਸ਼ ਦੀ ਪ੍ਰਤੀਨਿਧਤਾ ਨਹੀਂ। ਲੈਪਿਡ ਜ਼ੋਰ ਦਿੰਦਿਆਂ ਕਹਿੰਦੇ ਹਨ, ਮੈਂ ਨਹੀਂ ਮੰਨਦਾ। ਮੈਂ ਜੋ ਕਿਹਾ, ਉਹ ਭਾਰਤ ਸਰਕਾਰ ਲਈ ਸੁਣਨਾ ਸੌਖਾ ਨਹੀਂ ਹੈ, ਨਾ ਹੀ ਇਜ਼ਰਾਈਲ ਵਿਚਲੀ ਸਰਕਾਰ ਲਈ, ਜਿਸ ਦੀ ਨੁਮਾਇੰਦਗੀ ਉੱਥੋਂ ਦੇ ਸਫ਼ੀਰ ਕਰਦੇ ਹਨ।

# ਉੱਘੇ ਪੱਤਰਕਾਰ ਰਵੀਸ਼ ਕੁਮਾਰ ਨੇ ਐਨਡੀਟੀਵੀ ਤੋਂ ਦਿੱਤਾ ਅਸਤੀਫ਼ਾ



ਵਿਸ਼ੇਸ਼ ਰਿਪੋਰਟ
ਬਘੇਲ ਸਿੰਘ ਧਾਲੀਵਾਲ

## ਭਾਰਤ ਵਿੱਚ ਹੁਣ ਪੱਤਰਕਾਰਿਤਾ ਦਾ ਯੁੱਗ ਭਸਮ ਯੁੱਗ : ਰਵੀਸ਼

ਉੱਘੇ ਪੱਤਰਕਾਰ ਰਵੀਸ਼ ਕੁਮਾਰ ਨੇ ਐਨਡੀਟੀਵੀ ਤੋਂ ਅਸਤੀਫਾ ਦੇ ਦਿੱਤਾ ਹੈ। ਐਨਡੀਟੀਵੀ ਸਮੂਹ ਦੇ ਪ੍ਰਧਾਨ ਸੁਪਰਨਾ ਸਿੰਘ ਵੱਲੋਂ ਕਰਮਚਾਰੀਆਂ ਨੂੰ ਇਕ ਮੇਲ ਭੇਜਿਆ ਗਿਆ, ਜਿਸ ਵਿਚ ਲਿਖਿਆ ਗਿਆ ਹੈ, 'ਰਵੀਸ਼ ਨੇ ਐਨਡੀਟੀਵੀ ਤੋਂ ਅਸਤੀਫਾ ਦੇ ਦਿੱਤਾ ਹੈ ਅਤੇ ਕੰਪਨੀ ਨੇ ਉਨ੍ਹਾਂ ਦੇ ਅਸਤੀਫੇ ਨੂੰ ਤੁਰੰਤ ਸਵੀਕਾਰ ਕਰ ਲਿਆ ਹੈ।'

ਰਵੀਸ਼ ਕੁਮਾਰ ਐੱਨਡੀਟੀਵੀ ਨਿਊਜ਼ ਨੈੱਟਵਰਕ ਦੇ ਇੱਕ ਹਿੰਦੀ ਨਿਊਜ਼ ਚੈਨਲ, ਐੱਨਡੀਟੀਵੀ ਇੰਡੀਆ ਵਿੱਚ ਸੰਪਾਦਕ ਸਨ। ਉਨ੍ਹਾਂ ਨੇ ਚੈਨਲ ਦੇ ਖ਼ਾਸ ਪ੍ਰੋਗਰਾਮਾਂ 'ਹਮ ਲੋਗ' ਅਤੇ 'ਰਵੀਸ਼ ਕੀ ਰਿਪੋਰਟ' ਦਾ ਸੰਚਾਲਨ ਕੀਤਾ। ਇਨ੍ਹਾਂ ਦੋਵੇਂ ਪ੍ਰੋਗਰਾਮਾਂ ਨੂੰ ਲੋਕਾਂ ਦਾ ਖ਼ਾਸ ਹੁੰਗਾਰਾ ਮਿਲਿਆ। ਰਵੀਸ਼ ਕੁਮਾਰ ਦਾ ਪ੍ਰਾਈਮ ਟਾਈਮ ਸ਼ੋਅ 'ਦੇਸ਼ ਕੀ ਬਾਤ' ਵੀ ਲੋਕਾਂ ਨੇ ਬਹੁਤ ਪਸੰਦ ਕੀਤਾ। ਉਹ ਐੱਨਡੀਟੀਵੀ ਇੰਡੀਆ ਦਾ ਇੱਕ ਅਹਿਮ ਹਿੱਸਾ ਸਨ ਤੇ ਸਭ ਤੋਂ ਮਸ਼ਹੂਰ ਚਿਹਰਿਆਂ ਵਿੱਚੋਂ ਇੱਕ ਸੀ। ਐੱਨਡੀਟੀਵੀ ਵਿੱਚ, ਰਵੀਸ਼ ਅਕਸਰ ਆਪਣੇ ਸੱਤਾ ਵਿਰੋਧੀ ਸਟੈਂਡ ਪੱਖ ਲਈ ਚਰਚਾ ਵਿੱਚ ਰਹੇ। ਉਹ ਆਪਣੀਆਂ ਰਿਪੋਰਟਾਂ ਵਿੱਚ ਦੇਸ਼ ਵਿੱਚ ਬੇਰੁਜ਼ਗਾਰੀ, ਸਿੱਖਿਆ ਅਤੇ ਫ਼ਿਰਕਾਪ੍ਰਸਤੀ ਵਰਗੇ ਮਸਲਿਆਂ ਦੀ ਗੱਲ ਕਰਦੇ ਰਹੇ ਹਨ।

'ਦਿ ਇੰਡੀਅਨ ਐਕਸਪ੍ਰੈਸ' ਵਲੋਂ ਰਵੀਸ਼ ਨੂੰ 2016 ਦੇ '100 ਸਭ ਤੋਂ ਪ੍ਰਭਾਵਸ਼ਾਲੀ ਭਾਰਤੀਆਂ' ਦੀ ਸੂਚੀ ਵਿੱਚ ਵੀ ਸ਼ਾਮਲ ਕੀਤਾ ਗਿਆ ਸੀ। ਰਵੀਸ਼ ਕੁਮਾਰ ਨੂੰ ਸਾਲ 2019 ਵਿੱਚ ਵੱਕਾਰੀ ਰੈਮਨ ਮੈਗਸੇਸੇ ਪੁਰਸਕਾਰ ਦਿੱਤਾ ਗਿਆ ਸੀ। ਇਹ ਸਨਮਾਨ ਏਸ਼ੀਆ ਵਿੱਚ ਸਾਹਸ ਭਰਪੂਰ ਅਤੇ ਪਰਿਵਰਤਨਸ਼ੀਲ ਲੀਡਰਸ਼ਿਪ ਲਈ ਦਿੱਤਾ ਜਾਂਦਾ ਹੈ। ਐਵਾਰਡ ਦੇਣ ਵਾਲੀ ਸੰਸਥਾ ਦਾ ਕਹਿਣਾ ਸੀ ਕਿ ਰਵੀਸ਼ ਕੁਮਾਰ ਨੇ ਆਪਣੀ ਪੱਤਰਕਾਰੀ ਰਾਹੀਂ ਉਨ੍ਹਾਂ ਦੀ ਆਵਾਜ਼ ਨੂੰ ਮੁੱਖ ਧਾਰਾ ਤੱਕ ਪਹੁੰਚਾਇਆ, ਜਿਨ੍ਹਾਂ ਦੀ ਆਵਾਜ਼ ਨੂੰ ਹਮੇਸ਼ਾ ਅਣਗੌਲਿਆ ਕੀਤਾ ਜਾਂਦਾ ਰਿਹਾ ਹੈ।'

ਰੈਮਨ ਮੈਗਸੇਸੇ ਸੰਸਥਾ ਵਲੋਂ ਕਿਹਾ ਗਿਆ ਸੀ ਕਿ 'ਜੇਕਰ ਤੁਸੀਂ ਲੋਕਾਂ ਦੀ ਆਵਾਜ਼ ਬਣਦੇ ਹੋ, ਤਾਂ ਤੁਸੀਂ ਪੱਤਰਕਾਰ ਹੋ'। ਉਹ ਅਕਸਰ ਸਰਕਾਰ ਦੀ ਆਲੋਚਨਾ ਕਰਕੇ ਸੁਰਖੀਆਂ ਵਿਚ ਰਹਿੰਦੇ ਹਨ।ਰਵੀਸ਼ ਦਾ ਅਸਤੀਫਾ ਪ੍ਰਣਯ ਰਾਏ ਅਤੇ ਰਾਧਿਕਾ ਰਾਏ ਦੇ ਆਰਆਰਪੀਆਰ ਹੋਲਡਿੰਗ ਪ੍ਰਾਈਵੇਟ ਲਿਮਟਿਡ ਦੇ ਡਾਇਰੈਕਟਰਾਂ ਦੇ ਅਹੁਦੇ ਤੋਂ ਅਸਤੀਫਾ ਦੇਣ ਤੋਂ ਇਕ ਦਿਨ ਬਾਅਦ ਆਇਆ ਹੈ।



### ਅਡਾਨੀ ਸਮੂਹ ਦੀ ਐਨਡੀਟੀਵੀ ਵਿਚ ਹਿੱਸੇਦਾਰੀ

ਇਸ ਤੋਂ ਇਕ ਦਿਨ ਪਹਿਲਾਂ ਹੀ ਆਰਆਰਪੀਆਰ ਹੋਲਡਿੰਗ ਪ੍ਰਾਈਵੇਟ ਲਿਮਟਿਡ ਨੇ ਆਪਣੇ ਇਕੁਇਟੀ ਸ਼ੇਅਰ ਬਾਰੇ ਜਾਣਕਾਰੀ ਦਿੱਤੀ ਸੀ। ਜਿਸ ਵਿਚੋਂ 99.5% ਇਕੁਇਟੀ ਸ਼ੇਅਰ ਵਿਸ਼ਵ ਪ੍ਰਧਾਨ ਕਮਰਸ਼ੀਅਲ ਪ੍ਰਾਈਵੇਟ ਲਿਮਟਿਡ ਕੋਲ ਹਨ, ਇਹ ਉਹ ਕੰਪਨੀ ਹੈ ਜਿਸ ਨੂੰ ਅਡਾਨੀ ਗਰੁੱਪ ਦੀ ਮੀਡੀਆ ਕੰਪਨੀ ਏਐਮਜੀ ਮੀਡੀਆ ਨੈਟਵਰਕਸ ਦੁਆਰਾ ਐਕੁਆਇਰ ਕੀਤਾ ਗਿਆ ਹੈ। ਇਸ ਨਾਲ ਅਡਾਨੀ ਸਮੂਹ ਦੀ ਹੁਣ ਐਨਡੀਟੀਵੀ ਵਿਚ 29.18% ਹਿੱਸੇਦਾਰੀ ਹੈ।ਜਿਸ ਦਾ ਮਤਲਬ ਹੈ ਕਿ ਦੁਨੀਆਂ ਦੇ ਸਭ ਤੋਂ ਅਮੀਰ ਲੋਕਾਂ ਵਿੱਚੋਂ ਇੱਕ ਗੌਤਮ ਅਡਾਨੀ ਇਸ ਮੀਡੀਆ ਕੰਪਨੀ 'ਤੇ ਕਾਬਿਜ਼ ਹੋਣ ਦੇ ਬੇਹੱਦ ਕਰੀਬ ਹਨ। ਗੌਤਮ ਅਡਾਨੀ ਐਲਨ ਮਸਕ ਅਤੇ ਜੇਫ ਬੇਜ਼ੋਸ ਤੋਂ ਬਾਅਦ ਦੁਨੀਆਂ ਦੇ ਸਭ ਤੋਂ ਅਮੀਰ ਲੋਕਾਂ ਵਿੱਚ ਤੀਜੇ ਨੰਬਰ 'ਤੇ ਆਉਂਦੇ ਹਨ। ਇਹੀ ਗੌਤਮ ਅਡਾਨੀ ਐੱਨਡੀਟੀਵੀ ਨੂੰ ਖਰੀਦਣ ਨੂੰ ਤਿਆਰ ਹਨ। 60 ਸਾਲਾ ਅਰਬਪਤੀ ਅਡਾਨੀ ਬੰਦਰਗਾਹਾਂ ਤੋਂ ਲੈ ਕੇ ਊਰਜਾ ਤੱਕ ਇੱਕ ਵੱਡਾ ਕਾਰੋਬਾਰੀ ਸਮੂਹ ਚਲਾਉਂਦੇ ਹਨ। ਕਈ ਲੋਕ ਉਨ੍ਹਾਂ ਨੂੰ ਪ੍ਰਧਾਨ ਮੰਤਰੀ ਮੋਦੀ ਅਤੇ ਉਨ੍ਹਾਂ ਦੀ ਸਰਕਾਰ ਦੇ ਕਰੀਬੀ ਵਜੋਂ ਵੀ ਦੇਖਦੇ ਹਨ।

ਐੱਨਡੀਟੀਵੀ ਦੀਆਂ ਆਪਣੀਆਂ ਵਿੱਤੀ ਮੁਸ਼ਕਲਾਂ ਦਹਾਕੇ ਪਹਿਲਾਂ ਦੀ ਆਰਥਿਕ ਮੰਦੀ ਦੌਰਾਨ ਸ਼ੁਰੂ ਹੋ ਗਈਆਂ ਸਨ, ਜਦੋਂ ਇਸ ਨੂੰ ਕਰਜ਼ੇ ਉਤਾਰਨ ਲਈ ਰਿਲਾਇੰਸ ਤੋਂ 44 ਮਿਲੀਅਨ ਡਾਲਰ ਉਧਾਰੇ ਲੈਣੇ ਪਏ।ਵਨੀਤਾ ਕੋਹਲੀ ਖਾਂਡੇਕਰ ਨੇ ਕਿਹਾ, ਐੱਨਡੀਟੀਵੀ ਨੇ ਲੰਬਾ ਅਤੇ ਸਖ਼ਤ ਸੰਘਰਸ਼ ਕੀਤਾ ਹੈ ਅਤੇ ਹੁਣ ਲੜਾਈ ਹਾਰਦਾ ਦਿੱਸਦਾ ਹੈ। ਪੱਤਰਕਾਰੀ ਦੇ ਕਾਰੋਬਾਰ ਵਿੱਚ ਇਹ ਇੱਕ ਹਾਰ ਜਿਹਾ ਜਾਪਦਾ ਹੈ।



### ਰਵੀਸ਼ ਕੁਮਾਰ ਨੇ ਕੀ ਕਿਹਾ

ਐੱਨਡੀਟੀਵੀ ਤੋਂ ਅਸਤੀਫ਼ਾ ਦੇਣ ਤੋਂ ਬਾਅਦ ਉੱਘੇ ਪੱਤਰਕਾਰ ਰਵੀਸ਼ ਕੁਮਾਰ ਨੇ ਇੱਕ ਵੀਡੀਓ ਸੰਦੇਸ਼ ਜਾਰੀ ਕੀਤਾ ਹੈ। ਵੀਡੀਓ ਵਿੱਚ ਉਨ੍ਹਾਂ ਨੇ ਕਿਹਾ, ਭਾਰਤ ਵਿੱਚ ਪੱਤਰਕਾਰਿਤਾ ਦਾ ਸੁਨਿਹਰਾ ਯੁੱਗ ਕਦੀ ਨਹੀਂ ਸੀ ਪਰ ਅੱਜ ਦੇ ਦੌਰ ਦੀ ਤਰ੍ਹਾਂ ਦਾ ਭਸਮ ਯੁੱਗ ਵੀ ਨਹੀਂ ਸੀ, ਜਿਸ ਵਿੱਚ ਪੱਤਰਕਾਰਿਤਾ ਪੇਸ਼ੇ ਦੀ ਹਰ ਚੰਗੀ ਚੀਜ਼ ਭਸਮ ਕੀਤੀ ਜਾ ਰਹੀ ਹੋਵੇ। ਮੀਡੀਆ ਦੀ ਮੌਜੂਦਾ ਸਥਿਤੀ ਦੀ ਆਲੋਚਨਾ ਕਰਦਿਆਂ ਉਨ੍ਹਾਂ ਕਿਹਾ, ਗੋਦੀ ਮੀਡੀਆ ਅਤੇ ਸਰਕਾਰ ਵੀ ਪੱਤਰਕਾਰੀ ਦੇ ਆਪਣੇ ਅਰਥ ਤੁਹਾਡੇ ਉੱਤੇ ਥੋਪਣਾ ਚਾਹੁੰਦੇ ਹਨ।

ਇਸ ਸਮੇਂ ਮੈਂ ਆਪਣੀ ਸੰਸਥਾ ਬਾਰੇ ਕੁਝ ਖ਼ਾਸ ਨਹੀਂ ਕਹਾਂਗਾ ਕਿਉਂਕਿ ਭਾਵੁਕਤਾ ਵਿੱਚ ਤੁਸੀਂ ਨਿਰਪੱਖ ਨਹੀਂ ਰਹਿ ਸਕਦੇ। ਐੱਨਡੀਟੀਵੀ ਵਿੱਚ 26-27 ਸਾਲ ਬੀਤਾਏ ਹਨ। ਬਹੁਤ ਸਾਰੀਆਂ ਸ਼ਾਨਦਾਰ ਯਾਦਾਂ ਹਨ, ਜੋ ਹੁਣ ਕਿੱਸੇ ਸੁਣਾਉਣ ਦੇ ਕੰਮ ਆਉਣਗੀਆਂ। ਦੂਸਰੇ ਪਾਸੇ ਗੌਤਮ ਅਡਾਨੀ ਮੰਨਦੇ ਹਨ ਕਿ ਡਰਨ ਵਾਲੀ ਕੋਈ ਗੱਲ ਨਹੀਂ। ਉਨ੍ਹਾਂ ਨੇ ਫਾਈਨੈਂਸ਼ੀਅਲ ਟਾਈਮਜ਼ ਨੂੰ ਕਿਹਾ, ਸੁਤੰਤਰਤਾ ਦਾ ਮਤਲਬ ਹੈ ਕਿ ਜੇ ਸਰਕਾਰ ਨੇ ਕੁਝ ਗਲਤ ਕੀਤਾ ਹੈ ਤਾਂ ਤੁਸੀਂ ਉਸ ਨੂੰ ਗਲਤ ਕਹਿੰਦੇ ਹੋ। ਪਰ ਜਦੋਂ ਸਰਕਾਰ ਨੇ ਕੁਝ ਸਹੀ ਕੀਤਾ ਹੋਵੇ ਤਾਂ ਤੁਹਾਡੇ ਵਿੱਚ ਉਸ ਨੂੰ ਸਹੀ ਕਹਿਣ ਦੀ ਵੀ ਹਿੰਮਤ ਹੋਵੇ। ਤੁਹਾਨੂੰ ਉਹ ਵੀ ਕਹਿਣਾ ਚਾਹੀਦਾ ਹੈ।

# 'ਪ੍ਰੈੱਸ ਦੀ ਅਜ਼ਾਦੀ, ਰਵੀਸ਼ ਕੁਮਾਰ ਬਨਾਮ ਕਾਰਪੋਰੇਟ ਮੋਦੀ ਸਰਕਾਰ'



**ਸਤਨਾਮ ਮਾਣਕ** ਪੱਤਰਕਾਰ

> *ਦੇਸ਼ ਵਿਚ ਅੱਜ ਜੋ ਕੁਝ ਹੋ ਬੀਤ ਰਿਹਾ ਹੈ, ਇਸ ਦੀ ਪਸ਼ੀਨਗੋਈ ਰਵੀਸ਼ ਕੁਮਾਰ ਪਿਛਲੇ ਲੰਮੇ ਸਮੇਂ ਤੋਂ ਕਰਦਾ ਆ ਰਿਹਾ ਹੈ। ਉਸ ਨੇ ਵਾਰ-ਵਾਰ ਇਹ ਕਿਹਾ ਹੈ ਕਿ ਦੇਸ਼ ਵਿਚ ਜਮਹੂਰੀਅਤ, ਧਰਮ ਨਿਰਪੱਖਤਾ ਅਤੇ ਵਿਚਾਰ ਪ੍ਰਗਟ ਕਰਨ ਦੀ ਆਜ਼ਾਦੀ ਹੁਣ ਬਹੁਤਾ ਸਮਾਂ ਨਹੀਂ ਰਹੇਗੀ।*

2014 ਵਿਚ ਕੇਂਦਰ ਵਿਚ ਸ੍ਰੀ ਨਰਿੰਦਰ ਮੋਦੀ ਅਗਵਾਈ ਵਿਚ ਭਾਜਪਾ ਦੀ ਸਰਕਾਰ ਬਣਨ ਤੋਂ ਬਾਅਦ ਲਗਾਤਾਰ ਜਮਹੂਰੀਅਤ ਦਾ ਘੇਰਾ ਸੁੰਗੜਿਆ ਹੈ, ਪ੍ਰੈੱਸ ਦੀ ਅਜ਼ਾਦੀ ਘਟੀ ਹੈ ਅਤੇ ਨਿਊਜ਼ ਟੈਲੀਵਿਜ਼ਨਾਂ ਦਾ ਇਕ ਵੱਡਾ ਹਿੱਸਾ ਸਰਕਾਰ ਦੀ ਗੋਦੀ ਵਿਚ ਜਾ ਬੈਠਿਆ ਹੈ (ਜਿਸ ਦਾ ਨਾਮਕਰਨ ਰਵੀਸ਼ ਕੁਮਾਰ ਨੇ 'ਗੋਦੀ ਮੀਡੀਆ' ਵਜੋਂ ਕੀਤਾ ਸੀ ਅਤੇ ਇਹ ਸ਼ਬਦ ਹੁਣ ਸਰਕਾਰ ਦੇ ਆਗਿਆਕਾਰੀ ਮੀਡੀਏ ਲਈ ਆਮ ਵਰਤਿਆ ਤੇ ਸਮਝਿਆ ਜਾਣ ਲੱਗਾ ਹੈ)। ਮੋਦੀ ਦੇ ਪ੍ਰਧਾਨ ਮੰਤਰੀ ਬਣਨ ਤੋਂ ਬਾਅਦ ਲਗਾਤਾਰ ਦਲਿਤਾਂ ਅਤੇ ਘੱਟ-ਗਿਣਤੀਆਂ 'ਤੇ ਹਮਲੇ ਵਧੇ ਹਨ। ਕਦੇ ਗਊ ਹੱਤਿਆ ਦੇ ਬਹਾਨੇ ਇਕ ਵੱਡੀ ਘੱਟ-ਗਿਣਤੀ ਨਾਲ ਸਬੰਧਿਤ ਲੋਕਾਂ 'ਤੇ ਭੀੜਾਂ ਨੂੰ ਉਕਸਾ ਕੇ ਹਮਲੇ ਕਰਵਾਏ ਗਏ ਹਨ, ਕਦੇ ਕੋਰੋਨਾ ਮਹਾਂਮਾਰੀ ਨੂੰ ਫੈਲਾਉਣ ਲਈ ਉਨ੍ਹਾਂ ਨੂੰ ਜ਼ਿੰਮੇਵਾਰ ਠਹਿਰਾ ਕੇ ਉਨ੍ਹਾਂ ਨੂੰ ਤਰ੍ਹਾਂ-ਤਰ੍ਹਾਂ ਨਾਲ ਜਲੀਲ ਕੀਤਾ ਗਿਆ ਹੈ ਹੋਰ ਤਾਂ ਹੋਰ ਕੇਂਦਰ ਤੋਂ ਲੈ ਕੇ ਭਾਜਪਾ ਦੀਆਂ ਰਾਜ ਸਰਕਾਰਾਂ ਤੱਕ ਹਰ ਪੱਧਰ 'ਤੇ ਦੇਸ਼ ਦੀ ਇਸ ਵੱਡੀ ਘੱਟ-ਗਿਣਤੀ 'ਤੇ ਝੂਠੇ ਕੇਸ ਦਰਜ ਕਰਨਾ ਅਤੇ ਉਨ੍ਹਾਂ ਨੂੰ ਦੇਸ਼ ਵਿਰੋਧੀ ਗਰਦਾਨਣਾ ਆਮ ਗੱਲ ਹੋ ਗਈ ਹੈ।

ਇਹ ਸਭ ਕੁਝ ਰਾਸ਼ਟਰੀ ਸੋਇਮ ਸੇਵਕ ਸੰਘ ਅਤੇ ਭਾਜਪਾ ਵਲੋਂ ਇਕ ਨਿਸ਼ਚਿਤ ਏਜੰਡੇ ਤਹਿਤ ਕੀਤਾ ਜਾ ਰਿਹਾ ਹੈ, ਤਾਂ ਜੋ ਹੌਲੀ-ਹੌਲੀ ਜਮਹੂਰੀਅਤ, ਧਰਮ ਨਿਰਪੱਖਤਾ ਅਤੇ ਸੰਘਵਾਦ ਨੂੰ ਖ਼ਤਮ ਕਰਕੇ ਭਾਰਤ ਨੂੰ ਹਿੰਦੂ ਰਾਸ਼ਟਰ ਦੀ ਕੁਠਾਲੀ ਵਿਚ ਢਾਲਿਆ ਜਾ ਸਕੇ। ਆਜ਼ਾਦ ਪ੍ਰੈੱਸ ਅਤੇ ਆਜ਼ਾਦ ਖ਼ਿਆਲ ਬੁੱਧੀਜੀਵੀਆਂ ਅਤੇ ਚਿੰਤਕਾਂ ਨੂੰ ਡਰਾ-ਧਮਕਾ ਕੇ ਖ਼ਾਮੋਸ਼ ਕੀਤਾ ਜਾ ਸਕੇ। ਰਾਜਪਾਲਾਂ, ਕੇਂਦਰੀ ਯੂਨੀਵਰਸਿਟੀਆਂ ਅਤੇ ਹੋਰ ਅਕਾਦਮਿਕ ਅਦਾਰਿਆਂ ਵਿਚੋਂ ਵੀ ਸੁਚੇਤ ਰੂਪ ਵਿਚ ਘੱਟ-ਗਿਣਤੀਆਂ ਨਾਲ ਸਬੰਧਿਤ ਲੋਕਾਂ ਨੂੰ ਬਾਹਰ ਰੱਖਿਆ ਜਾ ਰਿਹਾ ਹੈ। ਸਪੱਸ਼ਟ ਰੂਪ ਵਿਚ ਇਹ ਨਜ਼ਰ ਆ ਰਿਹਾ ਹੈ ਕਿ ਚੋਣ ਕਮਿਸ਼ਨ ਅਤੇ ਨਿਆਂਪਾਲਿਕਾ ਵੀ ਸਰਕਾਰ ਦੇ ਦਬਾਅ ਅਧੀਨ ਕੰਮ ਕਰਨ ਲਈ ਮਜਬੂਰ ਹੈ।

ਕੇਂਦਰੀ ਏਜੰਸੀਆਂ ਸੀ.ਬੀ.ਆਈ., ਇਨਕਮ ਟੈਕਸ ਵਿਭਾਗ ਇਨਫੋਰਸਮੈਂਟ ਡਾਇਰੈਕਟੋਰੇਟ ਅਤੇ ਐਨ.ਆਈ.ਏ.ਆਦਿ ਨੂੰ ਬੜੀ ਦਰੇਗੀ ਨਾਲ ਵਿਰੋਧੀ ਪਾਰਟੀਆਂ ਅਤੇ ਆਜ਼ਾਦ ਖਿਆਲ ਬੁੱਧੀਜੀਵੀਆਂ ਅਤੇ ਪੱਤਰਕਾਰਾਂ ਨੂੰ ਡਰਾਉਣ-ਧਮਕਾਉਣ ਅਤੇ ਉਨ੍ਹਾਂ ਦੀ ਜ਼ੁਬਾਨ ਬੰਦ ਕਰਵਾਉਣ ਲਈ ਵਰਤਿਆ ਜਾ ਰਿਹਾ ਹੈ।

ਦੂਜੇ ਪਾਸੇ ਮੋਦੀ ਸਰਕਾਰ ਵਲੋਂ ਆਪਣੇ ਪਹਿਲੇ ਪੰਜ ਸਾਲ ਦੇ ਕਾਰਜਕਾਲ ਦੌਰਾਨ ਅਤੇ ਨਵੇਂ ਕਾਰਜਕਾਲ ਦੌਰਾਨ ਦੇਸ਼ ਦੀ ਆਰਥਿਕਤਾ ਦਾ ਬਹੁਤ ਵੱਡਾ ਨੁਕਸਾਨ ਕੀਤਾ ਹੈ। ਪਹਿਲੇ ਕਾਰਜਕਾਲ ਦੌਰਾਨ ਅਚਾਨਕ ਨੋਟਬੰਦੀ ਕਰਕੇ ਅਤੇ ਉਸ ਤੋਂ ਬਾਅਦ ਨੁਕਸਦਾਰ ਜੀ.ਐਸ.ਟੀ. ਲਾਗੂ ਕਰਕੇ ਮੋਦੀ ਸਰਕਾਰ ਨੇ ਦੇਸ਼ ਦੀ ਆਰਥਿਕਤਾ ਨੂੰ ਬਰਬਾਦ ਕਰਕੇ ਰੱਖ ਦਿੱਤਾ ਹੈ। ਇਸ ਕਾਰਨ ਛੋਟੇ ਸਨਅੱਤਕਾਰਾਂ, ਵਪਾਰੀਆਂ, ਮੁਲਾਜ਼ਮਾਂ, ਕਿਰਤੀਆਂ ਅਤੇ ਕਿਸਾਨਾਂ ਨੂੰ ਬੇਹੱਦ ਔਖੇ ਦਿਨ ਦੇਖਦੇ ਪਏ। ਇਸ ਤੋਂ ਬਾਅਦ ਹੁਣ ਤੇਜ਼ੀ ਨਾਲ ਆਰਥਿਕਤਾ ਦੇ ਸਭ ਖੇਤਰਾਂ ਦਾ ਕਾਰਪੋਰੇਟਰੀਕਰਨ ਕੀਤਾ ਜਾ ਰਿਹਾ ਹੈ। ਇਨ੍ਹਾਂ ਸਾਰੀਆਂ ਨੀਤੀਆਂ ਨਾਲ ਹੇਠਲੀ ਤੇ ਦਰਮਿਆਨੀ ਸ਼੍ਰੇਣੀ ਦੀ ਅਬਾਦੀ ਦੇ ਰੁਜ਼ਗਾਰ ਦੇ ਮੌਕੇ ਬੇਹੱਦ ਘਟੇ ਹਨ ਅਤੇ ਉਨ੍ਹਾਂ ਲਈ ਜਿਊਣਾ ਬੇਹੱਦ ਮੁਸ਼ਕਲ ਹੋ ਗਿਆ ਹੈ।

ਦੇਸ਼ ਵਿਚ ਅੱਜ ਜੋ ਕੁਝ ਹੋ ਬੀਤ ਰਿਹਾ ਹੈ, ਇਸ ਦੀ ਪਸ਼ੀਨਗੋਈ ਰਵੀਸ਼ ਕੁਮਾਰ ਪਿਛਲੇ ਲੰਮੇ ਸਮੇਂ ਤੋਂ ਕਰਦਾ ਆ ਰਿਹਾ ਹੈ। ਉਸ ਨੇ ਵਾਰ-ਵਾਰ ਇਹ ਕਿਹਾ ਹੈ ਕਿ ਦੇਸ਼ ਵਿਚ ਜਮਹੂਰੀਅਤ, ਧਰਮ ਨਿਰਪੱਖਤਾ ਅਤੇ ਵਿਚਾਰ ਪ੍ਰਗਟ ਕਰਨ ਦੀ ਆਜ਼ਾਦੀ ਹੁਣ ਬਹੁਤਾ ਸਮਾਂ ਨਹੀਂ ਰਹੇਗੀ। ਉਸ ਨੇ ਲੋਕਾਂ ਨੂੰ ਵਾਰ-ਵਾਰ ਇਹ ਵੀ ਚੇਤਾਵਨੀ ਦਿੱਤੀ ਹੈ ਕਿ ਮੀਡੀਆ ਦਾ ਇਕ ਵੱਡਾ ਹਿੱਸਾ ਸਰਕਾਰਾਂ ਨੂੰ ਜਵਾਬਦੇਹ ਬਣਾਉਣ ਲਈ ਹੁਣ ਆਜ਼ਾਦ ਅਤੇ ਨਿਰਪੱਖ ਰੋਲ ਅਦਾ ਨਹੀਂ ਕਰ ਰਿਹਾ ਸਗੋਂ ਸਰਕਾਰ ਦੇ ਨਾਲ ਪੂਰੀ ਤਰ੍ਹਾਂ ਮਿਲ ਗਿਆ ਹੈ ਅਤੇ ਲਗਾਤਾਰ ਆਮ ਲੋਕਾਂ ਅਤੇ ਜਮਹੂਰੀ ਪ੍ਰਣਾਲੀ ਦੇ ਖਿਲਾਫ਼ ਕੰਮ ਕਰ ਰਿਹਾ ਹੈ। ਰਵੀਸ਼ ਕੁਮਾਰ ਨੇ ਆਪਣੇ ਐਨ.ਡੀ.ਟੀ.ਵੀ. ਦੇ ਪ੍ਰੋਗਰਾਮ 'ਪ੍ਰਾਈਮ ਟਾਈਮ' ਰਾਹੀਂ ਅਤੇ 'ਦੇਸ਼ ਕੀ ਬਾਤ' ਰਾਹੀਂ ਬਹੁਤ ਵੱਡਾ ਰੋਲ ਅਦਾ ਕੀਤਾ ਹੈ। ਉਸ ਨੇ ਘੱਟ-ਗਿਣਤੀਆਂ ਉੱਪਰ ਹੋ ਰਹੇ ਹਮਲਿਆਂ ਅਤੇ ਖ਼ਾਸ ਕਰਕੇ ਹਿੰਦੂ ਅਤੇ ਮੁਸਲਮਾਨ ਭਾਈਚਾਰਿਆਂ ਵਿਚ ਪਾੜਾ ਪਾਉਣ ਦੇ ਸਰਕਾਰੀ ਅਤੇ ਗ਼ੈਰ-ਸਰਕਾਰੀ ਪੱਧਰ 'ਤੇ ਹੋ ਰਹੇ ਯਤਨਾਂ ਨੂੰ ਬੇਬਾਕੀ ਨਾਲ ਨੰਗੇ ਕੀਤਾ ਹੈ। ਪਿਛਲੇ 6 ਮਹੀਨਿਆਂ ਤੋਂ ਚੱਲ ਰਹੇ ਕਿਸਾਨ ਸੰਘਰਸ਼ ਸਬੰਧੀ ਵੀ 'ਪ੍ਰਾਈਮ ਟਾਈਮ' ਅਧੀਨ ਉਸ ਨੇ 55 ਤੋਂ ਵੱਧ ਪ੍ਰੋਗਰਾਮ ਕੀਤੇ ਹਨ।



ਬਿਨਾਂ ਸ਼ੱਕ ਇਸ ਸਮੇਂ ਦੇਸ਼ ਵਿਚ ਜਮਹੂਰੀਅਤ, ਧਰਮ ਨਿਰਪੱਖਤਾ ਅਤੇ ਸੰਘੀ ਢਾਂਚੇ ਲਈ ਵੱਡੀਆਂ ਚੁਣੌਤੀਆਂ ਉੱਭਰ ਰਹੀਆਂ ਹਨ ਅਤੇ ਦੇਸ਼ ਦੀ ਆਰਥਿਕਤਾ ਦੇ ਸਾਰੇ ਖੇਤਰ ਕਾਰਪੋਰੇਟਰਾਂ ਦੇ ਹਵਾਲੇ ਕਰ ਕੇ ਲੋਕਾਂ ਦੀ ਲੁੱਟ-ਖਸੁੱਟ ਦੇ ਵੱਡੇ ਬਾਨਣੂ ਬੰਨ੍ਹੇ ਜਾ ਰਹੇ ਹਨ। ਅਜਿਹੀਆਂ ਸਥਿਤੀਆਂ ਵਿਚ ਰਵੀਸ਼ ਕੁਮਾਰ ਵਰਗੇ ਪ੍ਰਤੀਬੱਧ ਪੱਤਰਕਾਰ ਦੇਸ਼ ਲਈ ਅਤੇ ਦੇਸ਼ ਦੇ ਆਮ ਲੋਕਾਂ ਲਈ ਪ੍ਰੇਰਣਾਦਾਇਕ ਕੰਮ ਕਰ ਰਹੇ ਹਨ। ਉਨ੍ਹਾਂ ਦਾ ਵੱਧ ਤੋਂ ਵੱਧ ਸਮਰਥਨ ਕਰਨ ਦੀ ਜ਼ਰੂਰਤ ਹੈ।

# ਪੱਤਰਕਾਰ ਰਵੀਸ਼ ਕੁਮਾਰ ਦਾ ਅਸਤੀਫਾ ਦਲੇਰਾਨਾ ਕਦਮ

ਡਾ. ਗੁਰਵਿੰਦਰ ਸਿੰਘ

## 'ਇਸ ਨੂੰ ਦਿਲ 'ਤੇ ਲਗਾਉਣ ਦੀ ਲੋੜ ਨਹੀਂ, ਇਹ ਇੰਡੀਆ ਹੈ'

### (ਪੱਤਰਕਾਰ ਰਵੀਸ਼ ਕੁਮਾਰ ਦੀ ਕਿਤਾਬ 'ਬੋਲ ਬੰਦਿਆ')

ਹਕੂਮਤ ਦੇ ਸ਼ਾਹੀ ਜਬਰ ਅਤੇ ਅਨਿਆਂ ਦੇ ਖਿਲਾਫ ਜ਼ੋਰਦਾਰ ਢੰਗ ਨਾਲ ਆਵਾਜ਼ ਬੁਲੰਦ ਕਰਨ ਵਾਲੇ ਦਲੇਰ ਸਿਰੜੀ ਤੇ ਬੇਬਾਕ ਪੱਤਰਕਾਰ ਰਵੀਸ਼ ਕੁਮਾਰ ਅੰਤਰਰਾਸ਼ਟਰੀ ਪੱਤਰਕਾਰੀ ਦੇ ਖੇਤਰ ਵਿੱਚ ਸਿਰਕੱਢ ਸ਼ਖ਼ਸੀਅਤ ਹੈ। ਭਾਰਤ ਦੇ ਵੱਡੇ ਸਰਮਾਏਦਾਰ ਅਤੇ ਸਰਕਾਰ ਹਿਤੈਸ਼ੀ, ਸਰਕਾਰ ਨੂੰ ਆਪਣੀਆਂ ਉਂਗਲਾਂ 'ਤੇ ਨਚਾਉਣ ਵਾਲੇ ਗੌਤਮ ਅਡਾਨੀ ਦੇ ਨਿਊ ਦਿੱਲੀ ਟੈਲੀਵਿਜ਼ਨ ਲਿਮਟਿਡ (ਐੱਨਡੀਟੀਵੀ) ਉਪਰ ਕਬਜ਼ਾ ਕਰਨ ਮਗਰੋਂ, ਰਵੀਸ਼ ਕੁਮਾਰ ਵੱਲੋਂ ਅਸਤੀਫਾ ਦੇਣਾ ਦਲੇਰਾਨਾ ਕਦਮ ਹੈ। ਗੋਦੀ ਮੀਡੀਆ ਬਣ ਕੇ ਹਕੂਮਤਾਂ ਦੇ ਗੁਣ ਗਾਉਣ ਅਤੇ ਸੱਚ ਨੂੰ ਦਬਾਉਣ ਲਈ ਪੂੰਜੀਪਤੀਆਂ ਅੱਗੇ ਗੋਡੇ ਟੇਕਣ ਵਾਲੇ ਲੋਕਾਂ ਨੂੰ ਇਹ ਸੁਨੇਹਾ ਵੀ ਹੈ ਕਿ ਉਹੀ ਲੋਕ ਦੁਨੀਆਂ ਲਈ ਰਾਹ-ਦਸੇਰਾ ਬਣਦੇ ਹਨ, ਜੋ ਦੇਸ਼ ਦੇ ਜ਼ਾਲਮ ਆਗੂਆਂ ਦੇ ਰੁਤਬਿਆਂ ਦੀ ਪ੍ਰਵਾਹ ਨਾ ਕਰਦਿਆਂ, ਆਪਣੇ ਫ਼ਰਜ਼ਾਂ ਪ੍ਰਤੀ ਸੁਚੇਤ ਹੁੰਦੇ ਹਨ। ਪੱਤਰਕਾਰ ਰਵੀਸ਼ ਕੁਮਾਰ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਮਿਲੀਆਂ, ਸੋਸ਼ਲ ਮੀਡੀਆ 'ਤੇ ਗਾਲੀ- ਗਲੋਚ ਹੋਇਆ, ਇੱਥੋਂ ਤੱਕ ਉਨ੍ਹਾਂ ਦੇ ਚੱਲਦੇ ਪ੍ਰੋਗਰਾਮ ਵੀ ਸੈਂਸਰ ਕਰਕੇ ਰੋਕੇ ਜਾਂਦੇ ਰਹੇ, ਪਰ ਰਵੀਸ਼ ਕੁਮਾਰ ਡਟੇ ਰਹੇ। ਰਵੀਸ਼ ਕੁਮਾਰ ਵਰਗੇ ਪੱਤਰਕਾਰ ਚਾਹੇ ਗਿਣਤੀ ਵਿੱਚ ਬਹੁਤ ਥੋੜ੍ਹੇ ਹਨ, ਪਰ ਇਹ ਕਥਨ ਸੱਚ ਹੈ ਕਿ ਮਹਾਨ ਵਿਅਕਤੀਆਂ ਦੀ ਭੀੜ ਨਹੀਂ ਹੁੰਦੀ ਤੇ ਭੀੜ ਦੇ ਵਿੱਚ ਮਹਾਨ ਵਿਅਕਤੀ ਨਹੀਂ ਹੁੰਦੇ। ਲੋਕਤੰਤਰ ਦਾ ਚੌਥਾ ਥੰਮ 'ਮੀਡੀਆ' ਅੱਜ ਜਾਂ ਸਰਕਾਰੀ ਦਮਨ ਜਾਂ ਸਰਕਾਰੀ ਗੁਲਾਮੀ ਦਾ ਸ਼ਿਕਾਰ ਹੈ। ਅੱਜ ਭਾਰਤੀ ਮੀਡੀਆ ਖਾਸ ਕਰਕੇ ਇਸ ਦੌਰ ਵਿੱਚੋਂ ਦੀ ਲੰਘ ਰਿਹਾ ਹੈ। ਰਵੀਸ਼ ਕੁਮਾਰ ਵਰਗੇ ਦਲੇਰਾਨਾ ਸੋਚ ਰੱਖਣ ਵਾਲੇ ਵਿਰਲੇ ਹੀ ਪੱਤਰਕਾਰ ਹਨ, ਜੋ ਹਕੂਮਤਾਂ ਦੇ ਜਬਰ ਨੂੰ ਨੰਗਾ ਕਰਨ ਦੀ ਜੁਅੱਰਤ ਰੱਖਦੇ ਹਨ।

ਕੌਮਾਂਤਰੀ ਪੱਧਰ ਦਾ 'ਰੇਮਨ ਮੈਗਸੇਸੇਅ' ਸਨਮਾਨ ਹਾਸਲ ਕਰਨ ਵਾਲਾ ਪੱਤਰਕਾਰ ਰਵੀਸ਼ ਕੁਮਾਰ ਸੰਸਾਰ ਪ੍ਰਸਿੱਧ ਟੈਲੀਵਿਜ਼ਨ ਸੰਚਾਲਕ ਹੀ ਨਹੀਂ, ਸਗੋਂ ਚੰਗਾ ਸਾਹਿਤਕ ਪੱਤਰਕਾਰ ਵੀ ਹੈ। ਇਸ ਦਾ ਸਬੂਤ ਉਸ ਨੇ ਸਾਹਿਤਕ ਪੱਤਰਕਾਰੀ ਦੀ ਕਿਤਾਬ 'ਬੋਲ ਬੰਦਿਆ' ਰਾਹੀਂ ਦਿੱਤਾ ਹੈ, ਜਿਸ ਵਿਚ ਸ਼ਾਮਲ ਹਰੇਕ ਲੇਖ ਵਿਸ਼ਾ- ਵਸਤੂ ਅਤੇ ਪੇਸ਼ਕਾਰੀ ਪੱਖੋਂ ਭਾਵਪੂਰਤ ਹੈ। ਅੱਜ ਦੇ ਗੋਦੀ ਮੀਡੀਆ ਦੀ ਹਨੇਰਗਰਦੀ ਵਿੱਚ ਰਵੀਸ਼ ਕੁਮਾਰ ਬੇਬਾਕ ਪੱਤਰਕਾਰੀ ਦਾ ਚਾਨਣ ਮੁਨਾਰਾ ਕਿਹਾ ਜਾ ਸਕਦਾ ਹੈ, ਜੋ ਫਾਸ਼ੀਵਾਦੀ ਇੰਡੀਅਨ ਸਟੇਟ ਦੀ ਹਰ ਧੱਕੇਸ਼ਾਹੀ ਖ਼ਿਲਾਫ਼ ਬੇਖ਼ੌਫ਼ ਹੋ ਕੇ ਅਵਾਜ਼ ਬੁਲੰਦ ਕਰਦਾ ਹੈ। ਜਦੋਂ ਵੀ ਭਾਰਤ ਦੀ ਆਜ਼ਾਦੀ ਬਾਰੇ ਆਲੋਚਨਾਤਮਿਕ ਅਧਿਐਨ ਕੀਤਾ ਜਾਂਦਾ ਹੈ ਅਤੇ ਦੇਸ਼ ਨੂੰ ਬਰਬਾਦ ਕਰ ਰਹੀਆਂ ਤਾਕਤਾਂ ਉਪਰ ਕਰਾਰੀ ਚੋਟ ਮਾਰੀ ਜਾਂਦੀ ਹੈ, ਤਾਂ ਅਕਸਰ ਇਕ ਸ਼ੇਅਰ ਪੜ੍ਹਿਆ ਜਾਂਦਾ ਹੈ। ਇਹ ਸ਼ੇਅਰ ਅਖਾਣ ਵਾਂਗ ਮਸ਼ਹੂਰ ਹੋ ਚੁੱਕਿਆ ਹੈ :

'ਬਸ ਏਕ ਹੀ ਉੱਲੂ ਕਾਫ਼ੀ ਥਾ,<br>
ਬਰਬਾਦ ਗੁਲਸਿਤਾਂ ਕਰਨੇ ਕੋ<br>
ਹਰ ਸ਼ਾਖ਼ ਪੇ ਉਲੂ ਬੈਠਾ ਹੈ,<br>
ਅੰਜਾਮ-ਏ-ਗੁਲਸਿਤਾਂ ਕਿਆ ਹੋਗਾ ?'

ਸ਼ਾਇਰ ਸ਼ੌਕ ਬਹਿਰਾਇਚੀ ਦਾ ਇਹ ਮਸ਼ਹੂਰ ਸ਼ੇਅਰ ਅੱਜ ਭਾਰਤ ਦੇ ਆਜ਼ਾਦੀ ਦੇ 75 ਸਾਲ ਗੁਜ਼ਰ ਜਾਣ ਮਗਰੋਂ ਨਜ਼ਰ ਆ ਰਹੇ ਹਾਲਾਤ 'ਤੇ ਪੂਰਾ ਢੁਕਦਾ ਹੈ। ਦੇਸ਼ ਵਿੱਚ ਸਿਆਸਤਦਾਨਾਂ ਵੱਲੋਂ ਮਾਨਵਵਾਦ ਉਤੇ ਫਿਰਕੂਵਾਦ ਅਤੇ ਲੋਕਤੰਤਰ ਉਤੇ ਫਾਸ਼ੀਵਾਦ ਦੀ ਜਿੱਤ ਦਾ, ਨੰਗਾ-ਚਿੱਟਾ ਪ੍ਰਚਾਰ ਕੀਤਾ ਜਾ ਰਿਹਾ ਹੈ। ਢਾਂਚਾਗਤ ਨਸਲਵਾਦ ਦਾ ਬੋਲਬਾਲਾ ਸਿਖ਼ਰਾਂ ਨੂੰ ਛੂਹ ਰਿਹਾ ਹੈ। ਬਹੁ-ਸੰਖਿਆਵਾਦ ਦੀ ਦਹਿਸ਼ਤਗਰਦੀ ਦੇਸ਼ ਦੀਆਂ ਘੱਟ ਗਿਣਤੀਆਂ ਨੂੰ ਆਪਣੇ ਵਿੱਚ ਜਜ਼ਬ ਕਰਨ ਜਾਂ ਮੂਲੋਂ ਹੀ ਮਿਟਾਉਣ 'ਤੇ ਤੁਲੀ ਹੋਈ ਹੈ। ਦੇਸ਼ ਦੇ ਸੈਂਕੜੇ ਬੁੱਧੀਜੀਵੀ ਯੂ.ਏ.ਪੀ.ਏ. ਵਰਗੇ ਕਾਲੇ ਕਾਨੂੰਨਾਂ ਅਧੀਨ ਜੇਲ੍ਹਾਂ 'ਚ ਡੱਕੇ ਹੋਏ ਹਨ। ਇਨ੍ਹਾਂ ਹਾਲਤਾਂ ਵਿੱਚ ਭਗਵੇਂ ਨਸਲਵਾਦੀਆਂ ਵੱਲੋਂ ਪੱਤਰਕਾਰਾ ਗੌਰੀ ਲੰਕੇਸ਼ ਦੇ ਕਤਲ ਨੂੰ, ਰਵੀਸ਼ ਕੁਮਾਰ ਵਲੋਂ 'ਆਪਣਾ ਹਿਰਦਾ ਛਲਣੀ ਹੋਣਾ' ਮਹਿਸੂਸ ਕਰਨਾ, ਗਹਿਰੇ ਦਰਦਾ ਪ੍ਰਗਟਾਵਾ ਹੈ।

ਅੱਜ ਭਾਰਤ ਵਿਚ ਸਰਕਾਰ ਦੀ ਅਲੋਚਨਾ ਕਰਨਾ ਸਭ ਤੋਂ ਵੱਡਾ ਜ਼ੁਰਮ ਹੈ। ਸੰਵਿਧਾਨ ਵਿਚਲੇ 'ਸੈਕੂਲਰਿਜ਼ਮ' ਭਾਵ ਧਰਮ ਨਿਰਪੱਖਤਾ ਦੇ ਸ਼ਬਦ ਚਾਹੇ ਲਿਖਤੀ ਰੂਪ 'ਚ ਅਜੇ ਹਟਾਏ ਨਹੀਂ ਗਏ, ਪਰ ਸੱਤਾ ਤੇ ਸਥਾਪਤੀ ਨੇ ਆਪਣੇ ਵਿਹਾਰ ਤੇ ਕਿਰਦਾਰ ਵਿਚੋਂ ਇਹ ਕਦੋਂ ਦੇ ਖਤਮ ਕਰ ਦਿੱਤੇ ਹਨ। ਜਦੋਂ ਵਾੜ ਹੀ ਖੇਤ ਨੂੰ ਖਾਣ ਲੱਗ ਪਵੇ ਅਤੇ ਰੱਖਿਅਕ ਹੀ ਭੱਖਿਅਕ ਬਣ ਜਾਣ, ਤਾਂ ਪੀੜਤ ਦੇ ਬਚ ਸਕਣ ਦੀ ਆਸ ਮੁੱਕ ਜਾਂਦੀ ਹੈ। ਇਉਂ ਹਰ ਟਹਿਣੀ 'ਤੇ ਬੈਠੇ ਸਿਆਸੀ ਉਲੂਆਂ ਤੋਂ ਦੇਸ਼ ਰੂਪੀ ਬਾਗ਼ ਨੂੰ ਬਰਬਾਦ ਹੋਣੋਂ ਕਿਵੇਂ ਬਚਾਇਆ ਜਾ ਸਕਦਾ ਹੈ ? ਅੰਤਾਂ ਦੀ ਦੁਖੀ ਜਨਤਾ ਸ਼ਾਇਰ ਇਰਤਜ਼ਾ ਨਿਸ਼ਾਤ ਦੇ ਕਹਿਣ ਵਾਂਗ ਅੱਜ ਪ੍ਰਧਾਨ ਮੰਤਰੀ ਤੋਂ ਇਹ ਮੰਗ ਕਰ ਰਹੀ ਹੈ :

'ਕੁਰਸੀ ਹੈ ਤੁਮਹਾਰਾ ਜਨਾਜ਼ਾ ਤੋਂ ਨਹੀਂ,<br>
ਕੁਛ ਕਰ ਨਹੀਂ ਸਕਤੇ ਤੋਂ ਉੱਤਰ ਕਿਉਂ ਨਹੀਂ ਜਾਤੇ।'

'ਬੋਲ ਬੰਦਿਆ' ਵਿੱਚ ਰਵੀਸ਼ ਕੁਮਾਰ ਦੀ ਪੱਤਰਕਾਰੀ ਦੀ ਵਧੀਆ ਮਿਸਾਲ ਉਸਦੇ ਲੇਖ 'ਅਜ਼ਾਦੀ ਦਿਹਾੜੇ 'ਤੇ ਆਈਸ ਕਰੀਮ ਦੀ ਦਾਅਵਤ ਕਰੀਏ' ਦੇ ਤਿੱਖੇ ਵਿਅੰਗ 'ਚੋਂ ਮਿਲਦੀ ਹੈ, ਜਿਸ ਵਿੱਚ ਉਸ ਨੇ ਅਖੌਤੀ ਅਜ਼ਾਦੀ ਦੇ ਮਾਅਨੇ ਬਿਆਨ ਕੀਤੇ ਹਨ। ਇਹ ਹਕੀਕਤ ਹੈ ਕਿ ਗ਼ਦਰ ਪਾਰਟੀ ਨੇ ਕੈਨੇਡਾ ਅਤੇ ਅਮਰੀਕਾ ਦੀ ਧਰਤੀ ਤੋਂ ਭਾਰਤ ਨੂੰ ਬ੍ਰਿਟਿਸ਼ ਸਾਮਰਾਜ ਤੋਂ ਆਜ਼ਾਦ ਕਰਵਾਉਣ ਦਾ ਬਿਗਲ ਵਜਾਇਆ ਸੀ। ਗ਼ਦਰੀ ਬਾਬਿਆਂ ਨੇ ਆਜ਼ਾਦ ਦੇਸ਼ ਲਈ ਨਾਂ 'ਯੂਨਾਈਟਿਡ ਸਟੇਟਸ ਆਫ਼ ਇੰਡੀਆ' ਦਿੱਤਾ ਸੀ, ਜਿਸ ਦਾ ਭਾਵ ਸੀ ਮਜ਼ਬੂਤ ਸੰਘੀ ਢਾਂਚਾ ਭਾਵ ਦੇਸ਼ ਦੇ ਸਮੂਹ ਰਾਜ, ਉਥੋਂ ਦੇ ਭਾਈਚਾਰੇ, ਮੂਲਵਾਸੀ ਤੇ ਘੱਟਗਿਣਤੀਆਂ ਆਪਣਾ ਸਭਿਆਚਾਰ, ਪਹਿਰਾਵੇ, ਖਾਣ-ਪੀਣ, ਬੋਲ-ਚਾਲ ਅਤੇ ਰਹਿਣ-ਸਹਿਣ ਦਾ ਪੂਰਨ ਆਨੰਦ ਮਾਣ ਸਕਣ। ਇਸ ਦਾ ਭਾਵ ਇਹ ਵੀ ਸੀ ਕਿ ਨਾ ਤਾਂ ਸੱਤਾ ਦਾ 'ਕੇਂਦਰੀਕਰਨ' ਹੋਵੇ ਅਤੇ ਨਾ ਹੀ ਰਾਜਨੀਤੀ ਦਾ 'ਧਰੁਵੀਕਰਨ'। ਸੰਘੀ ਢਾਂਚੇ 'ਚ ਕੇਂਦਰ ਆਪਣੇ ਸੂਬਿਆਂ ਦੀਆਂ ਸਰਕਾਰਾਂ ਨੂੰ ਧੱਕੇਸ਼ਾਹੀ ਨਾਲ ਤੰਗ ਨਾ ਕਰੇ ਅਤੇ ਕੇਂਦਰੀ ਸਰਕਾਰ ਸੁਆਰਥ ਲਈ, ਸਿਆਸੀ ਵਿਰੋਧੀਆਂ ਦਾ ਅੰਤ ਨਾ ਕਰੇ। ਗ਼ਦਰੀ ਬਾਬਿਆਂ ਦੀ ਇਸ ਸੋਚ ਨਾਲ ਅੱਜ ਜਿਵੇਂ ਖਿਲਵਾੜ ਹੋ ਰਿਹਾ ਹੈ, ਜਿਸ ਦੀਆਂ ਅਨੇਕਾਂ ਮਿਸਾਲਾਂ ਮੌਜੂਦਾ ਆਜ਼ਾਦ ਭਾਰਤ ਦੇ ਸੰਘੀ ਢਾਂਚੇ 'ਤੇ ਸੁਆਲ ਖੜ੍ਹੇ ਕਰਦੀਆਂ ਹਨ। ਸੱਚ ਤਾਂ ਇਹ ਹੈ ਕਿ ਗ਼ਦਰੀ ਬਾਬਿਆਂ ਦੇ ਸੁਪਨਿਆਂ ਨਾਲ ਉਦੋਂ ਹੀ ਖਿਲਵਾੜ ਹੋ ਗਿਆ ਸੀ, ਜਦੋਂ 14-15 ਅਗਸਤ 1947 ਨੂੰ ਦੇਸ਼ ਦੇ ਦੋ ਟੁਕੜੇ ਹੋਏ ਸਨ। ਲੱਖਾਂ ਲੋਕ ਮਾਰੇ ਗਏ ਸਨ। ਪੰਜਾਬ ਦੋ ਹਿੱਸਿਆਂ ਵਿਚ ਵੰਡ ਦਿੱਤਾ ਗਿਆ ਸੀ। ਇਕ ਅੰਦਾਜ਼ੇ ਅਨੁਸਾਰ ਭਾਰਤੀ ਪੰਜਾਬ ਅਤੇ ਪਾਕਿਸਤਾਨੀ ਪੰਜਾਬ ਵਿਚ ਪੰਜ-ਪੰਜ ਲੋਕਾਂ ਲੱਖ ਲੋਕਾਂ ਦੇ ਕਤਲ ਹੋਏ। ਅਜਿਹੇ ਦੁਖਾਂਤ ਨੂੰ ਜਸ਼ਨ ਵਜੋਂ ਮਨਾਉਣਾ ਕਿੱਥੋਂ ਤੱਕ ਜਾਇਜ਼ ਹੈ ? ਇਹ ਬੌਧਿਕ ਦੀਵਾਲੀਆ ਨਹੀਂ ਤਾਂ ਹੋਰ ਕੀ ਹੈ ? ਅਜਿਹੇ ਦੁਖਾਂਤ 'ਤੇ ਮਾਤਮ ਮਨਾਉਣ ਦੀ ਲੋੜ ਹੈ, ਨਾ ਕਿ ਆਈਸ ਕਰੀਮ ਦੀਆਂ ਦਾਅਵਤਾਂ ਕਰਨ ਦੀ।



*ਰਵੀਸ਼ ਕੁਮਾਰ ਵਰਗੇ ਪੱਤਰਕਾਰ ਚਾਹੇ ਗਿਣਤੀ ਵਿੱਚ ਬਹੁਤ ਥੋੜ੍ਹੇ ਹਨ, ਪਰ ਇਹ ਕਥਨ ਸੱਚ ਹੈ ਕਿ ਮਹਾਨ ਵਿਅਕਤੀਆਂ ਦੀ ਭੀੜ ਨਹੀਂ ਹੁੰਦੀ ਤੇ ਭੀੜ ਦੇ ਵਿੱਚ ਮਹਾਨ ਵਿਅਕਤੀ ਨਹੀਂ ਹੁੰਦੇ। ਲੋਕਤੰਤਰ ਦਾ ਚੌਥਾ ਥੰਮ 'ਮੀਡੀਆ' ਅੱਜ ਜਾਂ ਸਰਕਾਰੀ ਦਮਨ ਜਾਂ ਸਰਕਾਰੀ ਗੁਲਾਮੀ ਦਾ ਸ਼ਿਕਾਰ ਹੈ। ਅੱਜ ਭਾਰਤੀ ਮੀਡੀਆ ਖਾਸ ਕਰਕੇ ਇਸ ਦੌਰ ਵਿੱਚੋਂ ਦੀ ਲੰਘ ਰਿਹਾ ਹੈ। ਰਵੀਸ਼ ਕੁਮਾਰ ਵਰਗੇ ਦਲੇਰਾਨਾ ਸੋਚ ਰੱਖਣ ਵਾਲੇ ਵਿਰਲੇ ਹੀ ਪੱਤਰਕਾਰ ਹਨ, ਜੋ ਹਕੂਮਤਾਂ ਦੇ ਜਬਰ ਨੂੰ ਨੰਗਾ ਕਰਨ ਦੀ ਜੁਅੱਰਤ ਰੱਖਦੇ ਹਨ।*

'ਬੋਲ ਬੰਦਿਆ' ਵਿਚਲੇ ਲੇਖਾਂ ਰਾਹੀਂ ਰਵੀਸ਼ ਕੁਮਾਰ ਨੇ ਭਾਰਤ ਵਿੱਚ ਫੈਲੇ ਫਾਸ਼ੀਵਾਦ ਦੇ ਖ਼ੂੰਖਾਰ ਰੂਪ ਨੂੰ ਬੇਬਾਕੀ ਨਾਲ ਬਿਆਨ ਕੀਤਾ ਹੈ। ਇਹ ਸੱਚ ਹੈ ਕਿ ਫਾਸ਼ੀਵਾਦ ਦੇ ਘਿਨਾਉਣੇ ਰੂਪ ਵਿੱਚ ਭਾਰਤ 'ਚ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਵੱਲੋਂ 1975 ਵਿਚ ਐਮਰਜੈਂਸੀ ਲਾ ਕੇ ਲੋਕਰਾਜੀ ਤਾਕਤਾਂ ਨਸ਼ਟ ਕਰਨਾ, ਅਜਿਹੀ ਮੰਦਭਾਗੀ ਕਾਰਵਾਈ ਸੀ, ਜਿਸਨੇ ਲੋਕਤੰਤਰੀ ਸਿਧਾਂਤ ਹੀ ਬਰਬਾਦ ਕਰ ਦਿੱਤਾ ਸੀ। ਅੱਜ ਹਾਲਾਤ ਉਸ ਤੋਂ ਵੀ ਬਦਤਰ ਹੋ ਗਏ ਹਨ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਿੱਚ ਦੇਸ਼ 'ਚ ਵੱਖ-ਵੱਖ ਸੂਬਿਆਂ ਅੰਦਰ ਕੇਂਦਰ ਵਲੋਂ ਆਪਣੇ ਨੁਮਾਇੰਦੇ ਰਾਜਪਾਲਾਂ ਰਾਹੀ, ਸਰਕਾਰਾਂ ਤੋੜਨ ਅਤੇ ਸਿਆਸੀ ਖਰੀਦੋ-ਫ਼ਰੋਖ਼ਤ ਦਾ ਧੰਦਾ ਜ਼ੋਰਾ ਤੇ ਚਲ ਰਿਹਾ ਹੈ। ਐਮਰਜੈਂਸੀ ਵੇਲੇ ਇੰਦਰਾ ਬਾਰੇ ਪ੍ਰਸਿੱਧ ਸ਼ਾਇਰ ਡਾ ਦੁਸ਼ਯੰਤ ਕੁਮਾਰ ਤਿਆਗੀ ਨੇ ਜੋ ਲਿਖਿਆ ਸੀ, ਅੱਜ ਉਹ ਮੋਦੀ 'ਤੇ ਵੀ ਪੂਰਾ ਢੁੱਕਦਾ ਹੈ :

'ਏਕ 'ਗੁੜੀਆ' ਕੀ ਕਈ ਕਠਪੁਤਲੀਓਂ ਮੇਂ ਜਾਨ ਹੈ,<br>
ਆਜ ਸ਼ਾਇਰ ਯੇਹ ਤਮਾਸ਼ਾ ਦੇਖ ਕੇ ਹੈਰਾਨ ਹੈ।<br>
ਮਸਲ ਹਤ ਆਮੇਜ਼ ਹੋਤੇ ਹੈ ਸਿਆਸਤ ਕੇ ਕਦਮ,<br>
ਤੂ ਨਾ ਸਮਝੇਗਾ ਅਭੀ ਤੂ ਅਭੀ ਇਨਸਾਨ ਹੈ।<br>
ਕੱਲ੍ਹ ਨੁਮਾਇਸ਼ ਮੇਂ ਮਿਲਾ ਵੋਹ ਚੀਥੜੇ ਪਹਿਨੇ ਹੋਏ,<br>
ਮੈਨੇ ਪੂਛਾ ਨਾਮ ਬੋਲਾ ਹਿੰਦੋਸਤਾਨ ਹੈ।'

ਜੰਮੂ-ਕਸ਼ਮੀਰ ਵਿੱਚ ਧਾਰਾ 370 ਦੇ ਖ਼ਾਤਮੇ ਨੂੰ 5 ਅਗਸਤ 2019 ਨੂੰ ਖ਼ਤਮ ਕਰ ਦਿੱਤੀ ਗਈ ਤੇ ਉਥੋਂ ਦੀ ਅਤਿ-ਦਰਦਨਾਕ ਹਾਲਤ 'ਚ ਲੋਕਾਂ ਦੀ ਜ਼ਿੰਦਗੀ ਮੂਲੋਂ ਹੀ ਉਖੜ ਗਈ। ਸਿਤਮਜ਼ਰੀਫੀ ਹੈ ਕਿ 5 ਅਗਸਤ ਦਾ ਦਿਨ ਇਕ ਪਾਸੇ ਕਸ਼ਮੀਰ ਦੇ ਲੋਕਾਂ ਦੀ ਜ਼ੁਬਾਨਬੰਦੀ ਅਤੇ 72 ਸਾਲ ਪਹਿਲਾਂ ਮਿਲੇ ਵਿਸ਼ੇਸ਼ ਰਾਜ ਦੇ ਦਰਜੇ ਦੇ ਹੱਕ ਨੂੰ ਖ਼ਤਮ ਕਰਨ ਦਾ ਦੁਖਦਾਈ ਦਿਨ ਸੀ, ਪਰ 5 ਅਗਸਤ ਦੇ ਦਿਨ ਨੂੰ ਹੀ ਅਯੁੱਧਿਆ 'ਚ ਬਾਬਰੀ ਮਸਜਿਦ ਢਾਹੇ ਜਾਣ ਵਾਲੇ ਥਾਂ 'ਤੇ, ਮੰਦਿਰ ਨਿਰਮਾਣ ਦੇ ਭੂਮੀ ਪੂਜਨ ਵਜੋਂ ਚੁਣਨਾ, ਖ਼ਾਸ ਫਿਰਕੇ ਦੇ ਜ਼ਖ਼ਮਾਂ 'ਤੇ ਲੂਣ ਛਿੜਕਣ ਦੇ ਬਰਾਬਰ ਹੈ। ਇਹ ਉਹੀ ਪੀੜਾ ਹੈ, ਜਿਹੜੀ ਲੋਕਾਂ ਅੰਦਰ ਫਿਰਕੂ ਸਾਂਝ ਤੋੜਨ ਅਤੇ ਤਨਾਓ ਵਧਾਓਣ ਦੀ ਹਾਲਤ 'ਚ, ਨਾਸੂਰ ਬਣਦੀ ਹੈ। ਅਜਿਹੇ ਕਦਮ ਨੂੰ ਪ੍ਰਧਾਨ ਮੰਤਰੀ ਮੋਦੀ ਵੱਲੋਂ 'ਆਜ਼ਾਦੀ ਦੀ ਲੜਾਈ' ਦੇ ਸਮਾਨਾਂਤਰ ਦੱਸਣਾ ਕਿਸੇ ਤਰ੍ਹਾਂ ਵੀ ਉਚਿਤ ਨਹੀਂ। ਅਜਿਹੀ ਹਾਲਤ ਵਿੱਚ ਮਿਰਜ਼ਾ ਗਾਲਿਬ ਸਾਹਿਬ ਦਾ ਇਹ ਸ਼ਿਅਰ ਹੈ :

'ਕਾਅਬੇ ਕਿਸ ਮੂੰਹ ਸੇ ਜਾਓਗੇ ਗਾਲਿਬ,<br>
ਸ਼ਰਮ ਤੁਮਕੋ ਮਗਰ ਨਹੀਂ ਆਤੀ।'

ਅਜ਼ਾਦੀ ਦੀ ਜੰਗ 'ਚ ਸਾਰੇ ਵਰਗਾਂ ਦੇ ਲੋਕ ਮਿਲਕੇ, ਬਸਤੀਵਾਦ ਅਤੇ ਨਸਲਵਾਦ ਖ਼ਿਲਾਫ਼ ਲੜੇ, ਉਨ੍ਹਾਂ ਦਾ ਮਨੋਰਥ ਆਜ਼ਾਦ ਲੋਕ ਰਾਜ ਸਥਾਪਿਤ ਕਰਨਾ ਸੀ। ਦੂਸਰੇ ਪਾਸੇ ਬਾਬਰੀ ਮਸਜਿਦ ਨੂੰ ਢਾਹੇ ਜਾਣ ਵਾਲੀ ਜਗ੍ਹਾ 'ਤੇ ਮੰਦਿਰ ਨਿਰਮਾਣ ਦੇ ਲਈ ਭੂਮੀ ਪੂਜਨ ਨੂੰ 'ਅਜ਼ਾਦੀ ਦੀ ਲੜਾਈ ਦਾ ਇਤਿਹਾਸ' ਦੁਹਰਾਉਣ ਵਾਲਾ ਅਧਿਆਇ ਗਰਦਾਨਣਾ ਕਿਵੇਂ ਉਚਿਤ ਹੋ ਸਕਦਾ ਹੈ ? ਮਸਜਿਦ ਦਾ ਮਲਵਾ ਢਹਿ ਢੇਰੀ ਕਰਨਾ ਅਤੇ ਸਭ ਵੱਲੋਂ ਮਿਲ ਕੇ ਆਜ਼ਾਦ ਦੇਸ਼ ਦੀ ਸਾਂਝੀ ਉਸਾਰੀ ਕਰਨਾ ਇਕ-ਦੂਜੇ ਤੋਂ ਬਿਲਕੁਲ ਉਲਟ ਹਨ। ਸੱਚ ਤਾਂ ਇਹ ਹੈ ਕਿ ਸੰਘ ਦੇ ਆਗੂ ਸਾਵਰਕਰ ਆਦਿ ਅੰਗਰੇਜ਼ਾਂ ਤੋਂ 'ਮੁਆਫ਼ੀਆਂ ਮੰਗ' ਕੇ ਜੇਲ੍ਹਾਂ 'ਚੋਂ ਬਾਹਰ ਆਏ, ਪਰ ਅੱਜ ਉਹ 'ਦੇਸ਼ ਭਗਤ' ਸਦਾਏ ਜਾ ਰਹੇ ਹਨ। ਰਵੀਸ਼ ਕੁਮਾਰ ਦਾ ਕਥਨ ਸੌ ਫ਼ੀਸਦੀ ਸਹੀ ਹੈ ਕਿ ਦੇਸ਼ ਦੀ ਆਜ਼ਾਦੀ ਦੇ ਇਤਿਹਾਸ ਦਾ ਭਗਵਾਂਕਰਨ ਹੋ ਚੁੱਕਿਆ ਹੈ। ਦੂਜੇ ਪਾਸੇ ਇਹ ਵੀ ਸੱਚ ਹੈ 'ਕਿਸੇ ਮੁਲਕ ਦੀ ਮੁਸ਼ਤਰਕਾ ਯਾਦਾਸ਼ਤ ਵਿੱਚੋਂ ਵਾਕਿਆਤ ਅਤੇ ਸ਼ਖ਼ਸੀਅਤਾਂ ਨੂੰ ਉਸੇ ਸਹਿਜ ਨਾਲ ਮਿਟਾਇਆ ਜਾ ਸਕਦਾ ਹੈ, ਜਿਸ ਤਰ੍ਹਾਂ ਸਕੂਲਾਂ ਦੀਆਂ ਕਿਤਾਬਾਂ ਵਿੱਚੋਂ ਮਿਟਾਇਆ ਜਾ ਸਕਦਾ ਹੈ।'

ਭਾਰਤ ਦੀ ਅਜ਼ਾਦੀ ਦੇ ਸੰਘਰਸ਼ 'ਚ ਸਾਂਝਾ ਯੋਗਦਾਨ ਪਾਉਣ ਵਾਲਿਆਂ ਵਿਚੋਂ, ਅੱਜ ਘੱਟਗਿਣਤੀਆਂ ਨੂੰ ਆਪਣੀ 'ਦੇਸ਼ ਭਗਤੀ' ਦਾ ਸਬੂਤ ਦੇਣ ਲਈ ਕਿਹਾ ਜਾ ਰਿਹਾ ਹੈ। ਸਭ ਦੀ ਵੰਨ-ਸੁਵੰਨਤਾ ਨੂੰ ਮਲੀਆਮੇਟ ਕਰਨ ਲਈ 'ਇਕ ਦੇਸ਼ ਇਕ ਭਾਸ਼ਾ' ਵਰਗੇ ਨਾਅਰੇ ਦਿੱਤੇ ਜਾ ਰਹੇ ਹਨ। ਬਹੁ-ਗਿਣਤੀਵਾਦ ਦੀ ਆੜ 'ਚ ਘੱਟ ਗਿਣਤੀ ਭਾਈਚਾਰੇ ਨੂੰ 'ਪਾਕਿਸਤਾਨ ਚਲੇ ਜਾਣ' ਤੱਕ ਦੇ ਤਾਅਨੇ ਮਾਰੇ ਜਾ ਰਹੇ ਹਨ। ਪੀੜਤ ਧਿਰ ਦੇ ਹੱਕ ਵਿੱਚ ਆਵਾਜ਼ ਬੁਲੰਦ ਕਰਨ ਦੇ ਇਵਜ਼ 'ਚ ਰਵੀਸ਼ ਕੁਮਾਰ ਨੂੰ ਫੋਨ ਰਾਹੀਂ ਜੋ ਬੋਲ ਸੁਣਨ ਨੂੰ ਮਿਲਦੇ ਹਨ, ਇਸ ਤਰ੍ਹਾਂ ਹਨ, 'ਇਹ ਪਾਕਿਸਤਾਨੀ ਰਵੀਸ਼ ਕੁਮਾਰ ਦਾ ਨੰਬਰ ਹੈ। ਕ੍ਰਿਪਾ ਕਰਕੇ ਇਸ ਨੂੰ ਫੋਨ ਕਰੋ ਅਤੇ ਰਾਸ਼ਟਰਵਾਦ ਦਾ ਪਾਠ ਪੜ੍ਹਾਓ।'

ਧਰਮ ਨਿਰਪੱਖ ਦੇਸ਼ ਅਖਵਾਉਣ ਵਾਲੇ ਭਾਰਤ ਵਿੱਚ ਅੱਜ ਫਿਰਕੂ ਪੱਧਰ 'ਤੇ ਭਾਈਚਾਰਿਆਂ ਨੂੰ ਹੱਕਾਂ ਪੱਖੋਂ ਵੰਡਣ ਵਾਲੇ, ਨਾਗਰਿਕਤਾ ਸੋਧ ਕਾਨੂੰਨ ਲਾਗੂ ਹੋ ਚੁੱਕੇ ਹਨ। ਇਸ ਤੋਂ ਅੱਗੇ ਨੈਸ਼ਨਲ ਰਾਜਿਸਟਰੇਸ਼ਨ ਅਤੇ ਕਈ ਹੋਰ ਘੁਣਤਰਾਂ ਵੀ ਤਿਆਰ ਹੋ ਰਹੀਆਂ ਹਨ। ਦੇਸ਼ ਆਜ਼ਾਦ ਕਰਵਾਉਣ ਵਾਲਿਆਂ ਨੇ ਕਦੇ ਸੋਚਿਆ ਨਹੀਂ ਸੀ ਕਿ ਦੇਸ਼ਵਾਸੀਆਂ ਨੂੰ ਅਜਿਹੇ ਦਿਨ ਵੀ ਵੇਖਣੇ ਪੈਣਗੇ। ਅਜਿਹੇ ਜਬਰ ਦੀ ਖ਼ਤਾ ਲਈ ਨਤੀਜੇ ਭਿਅੰਕਰ ਹੋਣਗੇ, ਜਿਵੇਂ ਕਿ ਸ਼ਾਇਰ ਮੁਜ਼ੱਫਰ ਰਜ਼ਮੀ ਦਾ ਪ੍ਰਸਿੱਧ ਸ਼ਿਅਰ ਹੈ :

'ਯੇਹ ਜਬਰ ਭੀ ਦੇਖਾ ਹੈ ਤਾਰੀਖ ਨਜ਼ਰੋਂ ਨੇ,<br>
ਲਮਹੋਂ ਨੇ ਖ਼ਤਾ ਕੀ ਥੀ ਸਦੀਓਂ ਨੇ ਸਜ਼ਾ ਪਾਈ।'

ਸੱਤਾ ਦੇ ਧਰੁਵੀਕਰਨ ਦੀ ਕੋਹਝੀ ਤਸਵੀਰ ਦੇਖਣੀ ਹੋਵੇ, ਤਾਂ 'ਬੋਲ ਬੰਦਿਆ' ਵਿੱਚ ਰਵੀਸ਼ ਕੁਮਾਰ ਦਾ 'ਗੁਜਰਾਤ ਦੇ ਮੁਸਲਿਮ ਵਿਰੋਧੀ ਕਤਲੇਆਮ' ਬਾਰੇ ਲੇਖ ਗਹੁ ਨਾਲ ਪੜ੍ਹਿਆ ਜਾ ਸਕਦਾ ਹੈ। 'ਝੂਠ ਦਾ ਜਾਲ ਵਿਛਾਉਣ ਦਾ ਕੰਮ, ਤੱਥਾਂ ਦੀ ਮਿਥ ਕੇ ਤੋੜ-ਮਰੋੜ ਅਤੇ ਝੂਠੇ ਬਿਰਤਾਂਤ ਦੀ ਉਸਾਰੀ ਰਾਤੋ-ਰਾਤ ਨਹੀਂ ਹੁੰਦੀ। ਇਹ ਕੰਮ ਮਹੀਨਿਆਂਬੱਧੀ ਅਤੇ ਸਾਲਾਂ ਬੱਧੀ ਵੱਡੀ ਪੱਧਰ ਉੱਤੇ ਕੀਤਾ ਜਾਂਦਾ ਹੈ। ਇਹ ਸਿਖ਼ਰਲੇ ਡੰਡੇ ਤੋਂ ਸ਼ੁਰੂ ਹੁੰਦਾ ਹੈ, ਹਕੂਮਤੀ ਗਲਿਆਰਿਆਂ ਵਿੱਚੋਂ। ਇਸਦੇ ਨਤੀਜੇ ਗਲੀਆਂ ਵਿੱਚੋਂ ਨਜ਼ਰ ਆਉਂਦੇ ਹਨ। ਗਾਂ-ਹੱਤਿਆ ਦਾ ਮਹੀਨਿਆਂ ਬੱਧੀ ਦਵੈਸ਼ ਭਰਿਆ ਪ੍ਰਾਪੋਗੰਡਾ ਕਰਨ ਤੋਂ ਬਾਅਦ, ਇਕ ਜਣੇ ਨੂੰ ਉਸਦੇ ਘਰੋਂ ਧੂਹ ਕੇ ਕੱਢਿਆ ਜਾਂਦਾ ਹੈ ਅਤੇ ਸੈਂਕੜਿਆਂ ਦਾ ਹਜੂਮ ਉਸ ਨੂੰ ਕੁੱਟ ਕੁੱਟ ਕੇ ਮਾਰ ਦਿੰਦਾ ਹੈ।' ਦਰਅਸਲ ਬਹੁਗਿਣਤੀ ਦੀਆਂ ਵੋਟਾਂ ਬਟੋਰਨ ਦੀ ਸਿਆਸਤ ਨਵੰਬਰ 1984 ਵਿੱਚ ਸਿੱਖ ਨਸਲਕੁਸ਼ੀ ਦੇ ਦੁਖਾਂਤ ਹੋ ਸਪੱਸ਼ਟ ਹੋ ਜਾਂਦੀ ਹੈ। ਆਜ਼ਾਦ ਭਾਰਤ 'ਚ ਸਰਕਾਰੀ-ਤੰਤਰ ਦੀ ਆੜ 'ਚ ਹਜ਼ਾਰਾਂ ਸਿੱਖਾਂ ਦਾ ਕਤਲ ਹੋਇਆ, ਪਰ ਜਵਾਬ 'ਚ ਬਹੁਗਿਣਤੀ ਵੱਲੋਂ ਉਸ ਸਮੇਂ ਦੀ 'ਕਾਂਗਰਸ' ਨੂੰ ਸਭ ਤੋਂ ਵੱਡਾ ਬਹੁਮਤ ਹਾਸਿਲ ਹੋਇਆ। ਇਸ ਵਰਤਾਰੇ ਨੂੰ ਦੁਹਰਾਉਂਦੇ ਹੋਏ, ਸੰਨ 2002 ਵਿੱਚ ਗੁਜਰਾਤ ਅੰਦਰ ਮੁਸਲਿਮ ਕਤਲੇਆਮ ਹੋਇਆ, ਉਸ ਮਗਰੋਂ 'ਭਾਰਤੀ ਜਨਤਾ ਪਾਰਟੀ' ਨੂੰ ਬਹੁ-ਗਿਣਤੀ ਵੱਲੋਂ ਭਾਰੀ ਬਹੁਮਤ ਨਾਲ ਨਿਵਾਜਿਆ ਗਿਆ । ਅੱਜ ਦੀ ਤਾਰੀਖ਼ ਵਿੱਚ ਧਾਰਾ 370 ਦਾ ਖਾਤਮਾ, ਮਸਜਿਦ ਢਾਹ ਕੇ ਮੰਦਿਰ ਨਿਰਮਾਣ, ਸੀ.ਏ.ਏ. ਵਰਗੇ ਐਕਟ ਆਦਿ ਵੋਟਾਂ ਦੇ ਧਰੁਵੀਕਰਨ ਲਈ ਜ਼ਮੀਨ ਤਿਆਰ ਕਰ ਰਹੇ ਹਨ, ਜੋ ਕਿ ਆਜ਼ਾਦ ਦੇਸ਼ ਨੂੰ ਬਰਬਾਦ ਕਰਨ ਲਈ ਜ਼ਿੰਮੇਵਾਰ ਸਾਬਿਤ ਹੋਣਗੇ। ਦੇਸ਼ ਦੇ ਤਖ਼ਤ 'ਤੇ ਚੋਰ-ਉਚੱਕੇ 'ਚੌਧਰੀ' ਬਣਕੇ ਜੋ ਤਬਾਹੀ ਕਰ ਰਹੇ ਹਨ, ਉਸਦਾ ਨਤੀਜਾ ਡਾਕਟਰ ਰਾਹਤ ਇੰਦੌਰੀ ਦੇ ਸ਼ਬਦਾਂ 'ਚ ਹੀ ਸਹੀ ਬਿਆਨ ਕੀਤਾ ਜਾ ਸਕਦਾ ਹੈ :

'ਬਨ ਕੇ ਹਾਦਸਾ ਬਾਜ਼ਾਰ ਮੇਂ ਆ ਜਾਏਗਾ।<br>
ਜੋ ਨਹੀਂ ਹੋਗਾ ਵੋ ਅਖ਼ਬਾਰ ਮੇਂ ਆ ਜਾਏਗਾ।<br>
ਚੋਰ ਉਚੱਕੋਂ ਕੀ ਕਰੋ ਕਦਰ ਕਿ ਮਾਲੂਮ ਨਹੀਂ<br>
ਕੌਨ ਕਬ ਕੌਨ ਸੀ ਸਰਕਾਰ ਮੇਂ ਆ ਜਾਏਗਾ।'

ਰਵੀਸ਼ ਕੁਮਾਰ ਦੀ ਪੱਤਰਕਾਰੀ ਦਾ ਸਿਖਰ ਉਸ ਦੇ 'ਬੋਲ ਬੰਦਿਆ' ਵਿੱਚ ਲੇਖ 'ਖ਼ੌਫ਼ ਭਰਨ ਦਾ ਕੌਮੀ ਮਨਸੂਬਾ' ਉਜਾਗਰ ਕਰਦਾ ਹੈ, ਜਿਸ ਵਿਚ ਪੱਤਰਕਾਰ ਦੇਸ਼ ਦੇ ਪ੍ਰਧਾਨ-ਮੰਤਰੀ ਨੂੰ ਖੁੱਲ੍ਹੀ ਚੁਣੌਤੀ ਦਿੰਦਿਆਂ, ਪੱਤਰਕਾਰਾ ਗੌਰੀ ਲੰਕੇਸ਼ ਦੇ ਕਤਲ ਨੂੰ 'ਕੁੱਤੀ ਦੇ ਮਰਨ ਅਤੇ ਕਤੂਰਿਆਂ ਦੇ ਵਿਲਕਣ' ਕਹਿਣ ਅਤੇ ਘਟੀਆ ਟਵੀਟ ਕਰਨ ਵਾਲਿਆਂ ਦੇ ਪ੍ਰਧਾਨ ਮੰਤਰੀ ਵੱਲੋਂ ਫਾਲੋ ਕਰਨ 'ਤੇ ਲੱਖ ਲਾਅਨਤਾਂ ਪਾਉਂਦਾ ਹੈ। ਇਹ ਕਿਹੋ ਜਿਹੀ ਅਜ਼ਾਦੀ ਹੈ ਤੇ ਦੇਸ਼ ਅੰਦਰ ਕਿਹੋ ਜਿਹਾ ਲੋਕ ਰਾਜ ਹੈ ?

(ਬਾਕੀ ਸਫ਼ਾ 31 'ਤੇ)

# ਗੋਲਡੀ ਬਰਾੜ ਦੀ 'ਨਜ਼ਰਬੰਦੀ' ਜਾਂ 'ਗ੍ਰਿਫ਼ਤਾਰੀ'



ਸਰਬਜੀਤ ਕੌਰ ਸਰਬ



ਬੀਤੇ ਦਿਨੀਂ ਮੀਡੀਆ ਦੀਆਂ ਸੁਰਖੀਆਂ ਬਣੇ ਰਹੇ ਸਿੱਧੂ ਮੂਸੇਵਾਲਾ ਦੇ ਕਤਲ ਦਾ ਮੁੱਖ ਦੋਸ਼ੀ ਗੋਲਡੀ ਬਰਾੜ ਦੀ ਗ੍ਰਿਫਤਾਰੀ ਦੀ ਖ਼ਬਰ ਇਕ ਕਹਾਣੀ ਬਣੀ ਹੋਈ ਹੈ। ਆਏ ਦਿਨ ਫੋਨ ਰਿਕਾਰਡਿੰਗ ਜਾਂ ਪੋਸਟ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਹੀ ਹੈ ਤੇ ਸਾਰਾ ਭਾਰਤੀ ਮੀਡੀਆ ਸਵੇਰ ਤੋਂ ਲੈ ਕੇ ਸ਼ਾਮ ਤੱਕ ਉਸ ਦੁਆਲੇ ਕੇਂਦਰਿਤ ਹੋ ਰਿਹਾ ਹੈ। ਜੇਕਰ ਕਿਸੇ ਇਕ ਮੀਡੀਆ ਅਦਾਰੇ ਨੇ ਖ਼ਬਰ ਚਲਾਈ ਤਾਂ ਸਾਰਾ ਭਾਰਤੀ ਗੋਦੀ ਮੀਡੀਆ ਉਸ ਖ਼ਬਰ ਨੂੰ ਮਿਰਚ ਮਸਲਾ ਲਾ ਕੇ ਲੋਕਾਂ ਨੂੰ ਪਰੋਸ ਰਿਹਾ ਹੈ। ਕਈ ਖਬਰ ਦੀ ਜਾਂਚ ਪੜਤਾਲ ਕੀਤੇ ਬਗੈਰ ਸਰੋਤਾਂ ਨੂੰ ਆਧਾਰ ਬਣਾ ਕੇ ਖ਼ਬਰ ਚਲਾ ਦੇਂਦੇ ਹਨ। ਭਾਰਤੀ ਮੀਡੀਆ ਦਾ ਇਹ ਵਰਤਾਰਾ ਸਿਰਫ਼ ਰੁਪਏ ਕਮਾਉਣ ਦਾ ਸਾਧਨ ਹੀ ਰਿਹਾ ਗਿਆ ਹੈ।

**US ICE ਕਸਟਡੀ**

ਅਸੀਂ ਸਭ ਜਣਦੇ ਹਾਂ ਕਿ ਅਮਰੀਕਾ ਦੀ ਪੁਲਿਸ ਆਪਣੇ ਦੇਸ਼ ਵਿਚ ਵਗੈਰ ਕਿਸੇ ਗੁਨਾਹ ਤੋਂ ਕਿਸੇ ਨੂੰ ਵੀ ਹਿਰਾਸਤ ਵਿੱਚ ਨਹੀਂ ਲੈਂਦੀ। ਦੂਜੀ ਗੱਲ ਅਮਰੀਕਾ ਵਿਚ ਆਨਲਾਈਨ ਨਜ਼ਰਬੰਦ ਲੋਕੇਟਰ ਸਿਸਟਮ ਹੈ ਜਿਸ ਤੋਂ US ICE ਕਸਟੱਡੀ ਵਿਚ ਹਰ ਬੰਦੇ ਦੀ ਜਾਣਕਾਰੀ ਮੌਜੂਦ ਹੁੰਦੀ ਹੈ। ਜੇਕਰ ਕੋਈ ਸਿੱਧੂ ਮੂਸੇਵਾਲਾ ਦੇ ਕਤਲ ਦੇ ਕਥਿਤ ਮਾਸਟਰ ਮਾਈਂਡ ਸਤਿੰਦਰਜੀਤ ਬਰਾੜ ਉਰਫ ਗੋਲਡੀ ਬਰਾੜ ਦੀ ਜਨਮ ਤਰੀਕ ਨੂੰ ਜਾਣਦਾ ਹੈ, ਤਾਂ ਉਸ ਦਾ ਟਿਕਾਣਾ US ICE ਕਸਟਡੀ ਤੋਂ ਪਤਾ ਲਾਇਆ ਜਾ ਸਕਦਾ ਹੈ। ਪਰ ਅਫ਼ਸੋਸ ਭਾਰਤੀ ਸਿਆਸਤ ਵਿੱਚ ਮੌਜੂਦਾ ਲੋਕ ਵੀ ਮੀਡੀਆ ਸਹਾਰੇ ਚੱਲ ਰਹੇ ਹਨ। ਜਿਵੇਂ ਮੀਡੀਆ ਦਸ ਰਿਹਾ ਉਹ ਬਿਨਾਂ ਜਾਂਚ ਪੜਤਾਲ ਦੇ ਓਵੇਂ ਹੀ ਜਨਤਾ ਨੂੰ ਦਸੀ ਜਾ ਰਹੇ ਹਨ।

ਅਮਰੀਕਾ 'ਚ ਨਜ਼ਰਬੰਦੀ ਦੀਆਂ ਖਬਰਾਂ ਤੋਂ ਬਾਅਦ ਗੋਲਡੀ ਬਰਾੜ ਸੋਸ਼ਲ ਮੀਡੀਆ ਰਾਹੀਂ ਮੁੜ ਸਾਹਮਣੇ ਆਇਆ, ਜੋ ਦਾਅਵਾ ਕਰਦਾ ਹੈ ਕਿ ਮੈਨੂੰ ਫੜਿਆ ਹੀ ਨਹੀਂ ਹੈ ਅਤੇ ਨਾ ਹੀ ਹਿਰਾਸਤ ਵਿੱਚ ਲਿਆ ਹੈ। ਪੰਜਾਬ ਸਰਕਾਰ ਦੀ ਕਿੰਨੀ ਵੱਡੀ ਅਣਗਹਿਲੀ ਹੈ ਕਿ ਉਨ੍ਹਾਂ ਨੇ ਵਗੈਰ ਜਾਣਕਾਰੀ ਲਏ, ਵਗੈਰ ਖ਼ਬਰ 'ਤੇ ਸਪਸ਼ਟੀਕਰਨ ਦੇ ਦਿੱਤਾ। ਇਸ ਕਿਸਮ ਦੀ ਸ਼ਰਾਰਤ ਆਮ ਲੋਕਾਂ ਦੀਆਂ ਭਾਵਨਾਵਾਂ ਨਾਲ ਖਿਲਵਾੜ ਹੈ ਤੇ ਸਭ ਤੋਂ ਵੱਡਾ ਖਿਲਵਾੜ ਸ਼ੁਭਦੀਪ ਸਿੱਧੂ ਦੇ ਮਾਤਾ ਪਿਤਾ ਨਾਲ ਹੈ ਜਿਨ੍ਹਾਂ ਨੇ ਸਰਕਾਰ ਤੋਂ ਆਸ ਲਾਈ ਹੋਈ ਹੈ।

**ਦਸਤਾਵੇਜੀ ਸਬੂਤਾਂ ਦੀ ਘਾਟ ਕਾਰਨ ਪੰਜਾਬ ਸਰਕਾਰ ਦਾ ਬਿਆਨ**

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਸਿੱਧੂ ਮੂਸੇ ਵਾਲਾ ਦੇ ਕਤਲ ਦੇ ਕਥਿਤ ਮਾਸਟਰਮਾਈਂਡ ਗੈਂਗਸਟਰ ਗੋਲਡੀ ਬਰਾੜ ਨੂੰ ਅਮਰੀਕਾ ਵਿੱਚ ਹਿਰਾਸਤ ਵਿੱਚ ਲਏ ਜਾਣ ਦੇ ਕੁਝ ਦਿਨ ਬਾਅਦ ਹੀ ਇਨ੍ਹਾਂ ਦਾਅਵਿਆਂ 'ਤੇ ਸਵਾਲ ਉੱਠਣੇ ਸ਼ੁਰੂ ਹੋ ਗਏ ਹਨ। ਇਹ ਮੁੱਖ ਤੌਰ 'ਤੇ ਪੰਜਾਬ ਸਰਕਾਰ ਦੁਆਰਾ ਆਪਣੇ ਦਾਅਵੇ ਦੀ ਪੁਸ਼ਟੀ ਕਰਨ ਲਈ ਦਿੱਤੇ ਗਏ ਕਿਸੇ ਦਸਤਾਵੇਜ਼ੀ ਸਬੂਤ ਦੀ ਘਾਟ ਦੇ ਨਾਲ-ਨਾਲ ਸੰਯੁਕਤ ਰਾਜ ਦੇ ਅਧਿਕਾਰੀਆਂ ਤੋਂ ਕਿਸੇ ਪੁਸ਼ਟੀ ਦੀ ਅਣਹੋਂਦ ਕਾਰਨ ਹੈ। ਇੱਥੋਂ ਤੱਕ ਕਿ ਭਾਰਤ ਵਿੱਚ ਕੇਂਦਰ ਸਰਕਾਰ, ਜੋ ਕਿ ਹਵਾਲਗੀ ਲਈ ਗੱਲਬਾਤ ਕਰਨ ਲਈ ਅਧਿਕਾਰਤ ਸੰਸਥਾ ਹੈ, ਨੇ ਇਸ ਮਾਮਲੇ 'ਤੇ ਅਜੇ ਤੱਕ ਕੁਝ ਨਹੀਂ ਕਿਹਾ ਹੈ।

**ਗੋਲਡੀ ਬਰਾੜ ਦਾ ਇੰਟਰਵਿਊ**

ਇਸ ਦੌਰਾਨ ਗੋਲਡੀ ਬਰਾੜ ਵੱਲੋਂ ਪੰਜਾਬ ਦੇ ਸੀਨੀਅਰ ਅਪਰਾਧ ਪੱਤਰਕਾਰ ਰਿਤੇਸ਼ ਲੱਖੀ ਨੂੰ ਇੰਟਰਵਿਊ ਦਿੱਤੀ ਗਈ ਜੋ ਸਿੱਧੂ ਮੂਸੇ ਵਾਲਾ ਕੇਸ ਨੂੰ ਨੇੜਿਓਂ ਟਰੈਕ ਕਰ ਰਿਹਾ ਹੈ। ਗੋਲਡੀ ਬਰਾੜ ਨੇ ਲੱਖੀ ਨੂੰ ਜੋ ਕਿਹਾ ਸੀ, ਉਸ ਵਿੱਚੋਂ ਇਹ ਹਨ ਸਬੰਧਤ ਹਵਾਲੇ :

'ਮੈਂ ਠੀਕ ਹਾਂ ਅਤੇ ਮੈਨੂੰ ਗ੍ਰਿਫ਼ਤਾਰ ਨਹੀਂ ਕੀਤਾ ਗਿਆ ਹੈ'

'ਮੈਂ ਕਿਸੇ ਅਮਰੀਕੀ ਸ਼ਹਿਰ ਜਾਂ ਕੈਨੇਡਾ ਵਿੱਚ ਨਹੀਂ ਹਾਂ। ਮੈਂ ਯੂਰਪ ਵਿੱਚ ਹਾਂ।'

'ਤੁਸੀਂ ਮੈਨੂੰ ਕਦੇ ਵੀ ਗ੍ਰਿਫ਼ਤਾਰ ਹੁੰਦੇ ਨਹੀਂ ਦੇਖੋਗੇ। ਮੈਂ ਗ੍ਰਿਫ਼ਤਾਰ ਹੋਣ ਨਾਲੋਂ ਮਰਨਾ ਪਸੰਦ ਕਰਾਂਗਾ।'

'ਪੰਜਾਬ ਦੇ ਮੁੱਖ ਮੰਤਰੀ ਇਹ ਕਹਿ ਕੇ ਲੋਕਾਂ ਨੂੰ ਗੁੰਮਰਾਹ ਕਰ ਰਹੇ ਹਨ ਕਿ ਮੈਨੂੰ ਹਿਰਾਸਤ ਵਿੱਚ ਲਿਆ ਗਿਆ ਹੈ।'

'ਮੈਂ ਰਾਜਸਥਾਨ ਵਿੱਚ (ਗੈਂਗਸਟਰ) ਰਾਜੂ ਥੇਠ ਦੀ ਹੱਤਿਆ ਲਈ ਤਾਲਮੇਲ ਕੀਤਾ। ਜੇਕਰ ਮੈਨੂੰ ਅਮਰੀਕਾ ਵਿੱਚ ਹਿਰਾਸਤ ਵਿੱਚ ਲਿਆ ਗਿਆ ਹੁੰਦਾ ਤਾਂ ਮੈਂ ਅਜਿਹਾ ਕਿਵੇਂ ਕਰ ਸਕਦਾ ਸੀ ?'

ਗੈਂਗਸਟਰ ਲਾਰੈਂਸ ਬਿਸ਼ਨੋਈ ਦੇ ਵਕੀਲ ਵਿਸ਼ਾਲ ਚੋਪੜਾ ਨੇ ਵੀ ਮੀਡੀਆ ਨੂੰ ਦੱਸਿਆ ਕਿ ਗੋਲਡੀ ਬਰਾੜ ਨੂੰ ਗ੍ਰਿਫ਼ਤਾਰ ਨਹੀਂ ਕੀਤਾ ਗਿਆ ਹੈ ਅਤੇ ਇਹ ਖਬਰ ਗਲਤ ਹੈ।

**ਵਿਦੇਸ਼ੀ ਮੀਡੀਆ ਦੀ ਰਿਪੋਰਟ**

ਵਿਦੇਸ਼ੀ ਮੀਡੀਆ ਦੀ ਰਿਪੋਰਟ ਅਨੁਸਾਰ ਫਰਿਜ਼ਨੋ ਕਾਉਂਟੀ ਸ਼ੈਰਿਫ ਦੇ ਦਫਤਰ ਦੇ ਪਬਲਿਕ ਇਨਫਰਮੇਸ਼ਨ ਅਫਸਰ ਟੋਨੀ ਬੋਟੀ ਨੇ ਕਿਹਾ ਕਿ ਉਹ ਪਿਛਲੇ ਕੁਝ ਹਫਤਿਆਂ ਵਿੱਚ ਕਿਸੇ ਭਾਰਤੀ ਭਗੌੜੇ ਦੀ ਕਥਿਤ ਗ੍ਰਿਫ਼ਤਾਰੀ ਨਾਲ ਜੁੜੇ ਕਿਸੇ ਵੀ ਆਪ੍ਰੇਸ਼ਨ ਜਾਂ ਘਟਨਾ ਤੋਂ ਜਾਣੂ ਨਹੀਂ ਹਨ ਅਤੇ ਨਾ ਹੀ ਸਤਿੰਦਰਜੀਤ ਸਿੰਘ ਜਾਂ ਸਤਵਿੰਦਰ ਨਾਮ ਦੇ ਕਿਸੇ ਵਿਅਕਤੀ ਨੂੰ ਗ੍ਰਿਫ਼ਤਾਰ ਨਹੀਂ ਕੀਤਾ ਗਿਆ ਹੈ।

ਬੋਟੀ ਨੇ ਯੂਐਸ ਮਾਰਸ਼ਲਜ਼ ਫਿਊਜੀਟਿਵ ਟਾਸਕ ਫੋਰਸ ਦੀ ਸਥਾਨਕ ਟੀਮ ਨੂੰ ਪੁੱਛਿਆ, ਜਿਸ ਨੇ ਵੀ ਗ੍ਰਿਫ਼ਤਾਰੀ ਦੀ ਅਜਿਹੀ ਕਿਸੇ ਘਟਨਾ ਤੋਂ ਜਾਣੂ ਹੋਣ ਤੋਂ ਇਨਕਾਰ ਕੀਤਾ। US ਮਾਰਸ਼ਲ ਉਹ ਟੀਮਾਂ ਹਨ ਜੋ ਦੇਸ਼ ਭਰ ਵਿੱਚ ਸਥਿਤ ਹਨ ਅਤੇ ਫੈਡਰਲ ਏਜੰਸੀਆਂ ਦੁਆਰਾ ਫੈਡਰਲ ਭਗੌੜਿਆਂ ਨੂੰ ਫੜਨ, ਰਿਹਾਇਸ਼, ਅਤੇ ਸੰਘੀ ਕੈਦੀਆਂ ਨੂੰ ਲੈਜਾਣ ਲਈ ਵਰਤੀਆਂ ਜਾਂਦੀਆਂ ਹਨ।

ਫਰਿਜ਼ਨੋ ਸਿਟੀ ਪੁਲਿਸ ਵੀ ਪਿਛਲੇ ਕੁਝ ਹਫ਼ਤਿਆਂ ਵਿੱਚ ਕਿਸੇ ਭਾਰਤੀ ਭਗੌੜੇ ਦੀ ਮੌਜੂਦਗੀ ਜਾਂ ਗ੍ਰਿਫ਼ਤਾਰੀ ਤੋਂ ਅਣਜਾਣ ਸੀ।

ਸੈਕਰਾਮੈਂਟੋ ਕਾਉਂਟੀ ਸ਼ੈਰਿਫ ਦੇ ਦਫਤਰ ਦੇ ਬੁਲਾਰੇ ਲੈਫਟੀਨੈਂਟ ਰੋਡ ਗ੍ਰਾਸਮੈਨ ਨੇ ਕਿਹਾ, 'ਇਹ ਸ਼ੈਰਿਫ ਦਾ ਕੇਸ ਨਹੀਂ ਹੋਵੇਗਾ - ਕ੍ਰਿਪਾ ਕਰਕੇ ਜਾਣਕਾਰੀ ਲਈ ਪ੍ਰਾਇਮਰੀ ਏਜੰਸੀ ਨਾਲ ਸੰਪਰਕ ਕਰੋ। ਜੇਕਰ ਉਹ ਕਿਸੇ ਦੇਸ਼ ਵਿਚ ਕਤਲ ਕਰ ਕੇ ਏਥੇ ਆਇਆ ਹੈ ਤਾਂ ਇਹ ਮਸਲਾ ਐਫ.ਬੀ.ਆਈ. ਦਾ ਹੈ। ਪਿਛਲੇ ਤਿੰਨ ਦਿਨਾਂ ਤੋਂ ICE (ਇਮੀਗ੍ਰੇਸ਼ਨ ਅਤੇ ਕਸਟਮਜ਼ ਐਨਫੋਰਸਮੈਂਟ) ਨਜ਼ਰਬੰਦੀ ਕੇਂਦਰਾਂ ਦੀ ਜਾਂਚ ਕੀਤੀ। ਇਸ ਦਾ ਕੋਈ ਨਤੀਜਾ ਨਹੀਂ ਨਿਕਲਿਆ। ਅਮਰੀਕਾ ਵਿੱਚ ਕਿਸੇ ਵੀ ਅਥਾਰਟੀ ਵੱਲੋਂ ਕੋਈ ਸਕਾਰਾਤਮਕ ਹੁੰਗਾਰਾ ਨਾ ਮਿਲਣਾ ਇਸ ਸੰਭਾਵਨਾ ਨੂੰ ਦਰਸਾਉਂਦਾ ਹੈ ਕਿ ਗੋਲਡੀ ਬਰਾੜ ਅਮਰੀਕਾ ਵਿੱਚ ਗ੍ਰਿਫ਼ਤਾਰ ਜਾਂ ਨਜ਼ਰਬੰਦ ਨਹੀਂ ਹੈ। ਹਾਲਾਂਕਿ, ਅਸੀਂ ਉਦੋਂ ਤੱਕ ਅਧਿਕਾਰਤ ਤੌਰ 'ਤੇ ਇਹ ਕਹਿਣ ਦੀ ਸਥਿਤੀ ਵਿੱਚ ਨਹੀਂ ਹਾਂ ਜਦੋਂ ਤੱਕ ਸਾਨੂੰ FBI ਤੋਂ ਕੋਈ ਪੁਸ਼ਟੀ ਕੀਤੀ ਜਵਾਬ ਨਹੀਂ ਮਿਲਦਾ।

**ਅਸੀਂ ਕੀ ਜਾਣਦੇ ਹਾਂ, ਅਸੀਂ ਕੀ ਨਹੀਂ ਜਾਣਦੇ**

ਗੋਲਡੀ ਬਰਾੜ ਵੱਲੋਂ ਦਿੱਤੀ ਗਈ 'ਇੰਟਰਵਿਊ' ਸੱਚੀ ਹੋ ਸਕਦੀ ਹੈ ਜਾਂ ਨਹੀਂ ਇਸ ਬਾਰੇ ਕੋਈ ਪੁਖ਼ਤਾ ਸੱਚ ਨਹੀਂ, ਨਾਲ ਹੀ ਜੇਕਰ ਇੰਟਰਵਿਊ ਸੱਚੀ ਹੈ, ਤਾਂ ਅਸੀਂ ਅਜੇ ਵੀ ਬਰਾੜ ਦੇ ਉੱਤਰੀ ਅਮਰੀਕਾ ਵਿੱਚ ਨਾ ਹੋਣ ਦੇ ਦਾਅਵੇ ਨੂੰ ਮੁੱਖ ਤੌਰ 'ਤੇ ਨਹੀਂ ਲੈ ਸਕਦੇ। ਇਹ ਭਾਰਤੀ ਅਧਿਕਾਰੀਆਂ ਨੂੰ (ਬਾਕੀ ਸਫ਼ਾ 30 'ਤੇ)

# ਲੋਕ-ਹਿਤੈਸ਼ੀ ਪੱਤਰਕਾਰਤਾ ਸਾਹਮਣੇ ਹਨ ਵੱਡੀਆਂ ਮੁਸ਼ਕਲਾਂ





ਗੁਰਮੀਤ ਸਿੰਘ ਪਲਾਹੀ
ਮੋ. 9815802070

ਦੇਸ਼ ਮਹਾਨ ਭਾਰਤ, ਵਿਸ਼ਵ ਪ੍ਰੈੱਸ ਅਜ਼ਾਦੀ ਇੰਡੈਕਸ ਅਧੀਨ 180 ਦੇਸ਼ਾਂ ਵਿਚੋਂ 142 ਰੈਂਕ ਉਤੇ ਹੈ। ਇਹ ਉਸ ਦੇਸ਼ ਵਿੱਚ ਪੱਤਰਕਾਰਾਂ ਦੀਆਂ ਅਜ਼ਾਦੀ ਦੇ ਹਾਲਾਤ ਹਨ, ਜਿਹੜਾ ਦੇਸ਼ ਦੁਨੀਆਂ ਭਰ 'ਚ ਸਭ ਤੋਂ ਲੋਕਤੰਤਰ ਅਤੇ ਮਨੁੱਖੀ ਅਧਿਕਾਰਾਂ ਦਾ ਰਾਖਾ ਹੋਣ ਦਾ ਦਾਅਵਾ ਕਰਦਾ ਨਹੀਂ ਥੱਕਦਾ। ਇਹ ਉਹ ਦੇਸ਼ ਹੈ, ਜਿਥੇ ਹਰ ਦਿਹਾੜੇ ਵੱਡੇ, ਛੋਟੇ ਅਖ਼ਬਾਰਾਂ ਦੇ ਪੱਤਰਕਾਰਾਂ, ਸੰਪਾਦਕਾਂ, ਜ਼ਮੀਨੀ ਪੱਧਰ 'ਤੇ ਕੰਮ ਕਰਨ ਵਾਲੇ ਅਖ਼ਬਾਰੀ ਕਾਮਿਆਂ ਉਤੇ ਹਮਲੇ ਹੁੰਦੇ ਹਨ। ਇਹ ਹਮਲੇ ਧੰਨ ਕੁਬੇਰਾਂ, ਹਾਕਮਾਂ, ਗੁੰਡਾਂ ਅਨਸਰਾਂ, ਸਿਆਸੀ ਲੋਕਾਂ ਵਲੋਂ ਮਿੱਥਕੇ ਕਰਵਾਏ ਜਾਂਦੇ ਹਨ ਤਾਂ ਕਿ ਲੋਕਾਂ ਦੇ ਹੱਕ 'ਚ ਉੱਠਦੀ ਅਵਾਜ਼ ਦਬਾਈ ਜਾਏ ਅਤੇ ਹਾਕਮ ਅਤੇ ਲੱਠਮਾਰ ਲੋਕ ਆਪਣੀਆਂ ਮਨਆਈਆਂ ਕਰਦੇ ਰਹਿਣ।

ਸਿਤਮ ਦੀ ਗੱਲ ਵੇਖੋ ਸਾਲ 2014 'ਚ ਜਦੋਂ ਨਰੇਂਦਰ ਮੋਦੀ ਨੇ ਪ੍ਰਧਾਨ ਮੰਤਰੀ ਵਜੋਂ ਭਾਰਤੀ ਹਕੂਮਤ ਦੀ ਗੱਦੀ ਸੰਭਾਲੀ ਤਾਂ ਕਿਹਾ ਸੀ ਕਿ ਉਸ ਲੋਕਤੰਤਰ ਦਾ ਕੀ ਅਰਥ ਜੇਕਰ ਅਸੀਂ ਬੋਲਣ ਅਤੇ ਆਪਣੇ ਭਾਵ ਪ੍ਰਗਟ ਕਰਨ ਦੀ ਅਜ਼ਾਦੀ ਹੀ ਨਹੀਂ ਦੇ ਸਕਦੇ। ਪਰ ਮੋਦੀ ਹਕੂਮਤ 'ਚ 7-8 ਸਾਲਾਂ ਵਿੱਚ ਜਿਵੇਂ ਲੋਕਾਂ ਦੀ ਅਜ਼ਾਦੀ ਦੀ ਸੰਘੀ ਘੁੱਟੀ ਗਈ, ਪੱਤਰਕਾਰਾਂ ਦੀਆਂ ਕਲਮਾਂ ਉਤੇ ਰੋਕ ਲਾਈ ਗਈ, ਸਮਾਜੀ ਕਾਰਕੁੰਨਾਂ ਉਤੇ ਤਸ਼ਦੱਦ ਹੋਇਆ ਅਤੇ ਇਥੋਂ ਤੱਕ ਕਿ ਬੋਲਣ, ਚਲਣ, ਪਹਿਨਣ ਦੇ ਵਰਤਾਰੇ 'ਤੇ ਬੰਦਿਸ਼ਾਂ ਲਗਾਈਆਂ ਗਈਆਂ, ਉਹ ਆਪਣੇ-ਆਪ ਵਿੱਚ ਦੇਸ਼ ਵਿੱਚ ਹਕੂਮਤ ਦਾ ਇੱਕ ਨਿੰਦਣਯੋਗ ਅਤੇ ਸ਼ਰਮਨਾਕ ਵਰਤਾਰਾ ਸੀ। ਸਾਲ 2014-19 ਦੇ ਸਮੇਂ ਦੌਰਾਨ 40 ਪੱਤਰਕਾਰਾਂ ਦੇ ਕਤਲ ਹੋਏ।

ਨਵੀਂ ਦਿੱਲੀ ਦੇ ਇੱਕ ਮਹੱਤਵਪੂਰਨ ਲੋਕ-ਹੱਕਾਂ ਲਈ ਕੰਮ ਕਰਦੇ ਗਰੁੱਪ ਨੇ ਰਿਪੋਰਟ ਛਾਪੀ ਹੈ, ਜੋ ਦੱਸਦੀ ਹੈ ਕਿ 2021 'ਚ 6 ਪੱਤਰਕਰ ਮਾਰੇ ਗਏ, 108 ਉਤੇ ਹਮਲੇ ਹੋਏ, 13 ਮੀਡੀਆ ਘਰਾਂ ਨੂੰ ਯੋਜਨਾਬੱਧ ਨਿਸ਼ਾਨਾ ਬਣਾਇਆ ਗਿਆ। ਇਹ ਸਭ ਕੁਝ ਖ਼ਾਸ ਕਰਕੇ ਜੰਮੂ, ਕਸ਼ਮੀਰ, ਉੱਤਰ ਪ੍ਰਦੇਸ਼, ਮੱਧ ਪ੍ਰਦੇਸ਼ ਅਤੇ ਤ੍ਰਿਪੁਰਾ ਰਾਜਾਂ ਵਿੱਚ ਹੋਇਆ, ਜਿਥੇ ਖ਼ਾਸ ਕਰਕੇ ਭਾਜਪਾ ਦੀਆਂ ਸੂਬਾ ਸਰਕਾਰਾਂ ਹਨ। ਸਭ ਤੋਂ ਵੱਧ 25 ਪੱਤਰਕਾਰਾਂ ਉਤੇ ਹਮਲੇ ਜੰਮੂ ਕਸ਼ਮੀਰ 'ਚ ਹੋਏ, 16 ਪੱਤਰਕਾਰ ਮੱਧ ਪ੍ਰਦੇਸ਼, 8 ਦਿੱਲੀ 'ਚ, 15 ਤ੍ਰਿਪੁਰਾ 'ਚ 6 ਬਿਹਾਰ 'ਚ, 5 ਅਸਾਮ 'ਚ, ਚਾਰ ਹਰਿਆਣਾ ਅਤੇ ਚਾਰ ਮਹਾਂਰਾਸ਼ਟਰ, ਤਿੰਨ -ਤਿੰਨ ਗੋਆ ਅਤੇ ਮਨੀਪੁਰ, ਕਰਨਾਟਕ, ਤਾਮਿਲਨਾਡੂ, ਅਤੇ ਦੋ-ਦੋ ਪੱਛਮੀ ਬੰਗਾਲ, ਆਂਧਰਾ ਪ੍ਰਦੇਸ਼ ਅਤੇ ਛੱਤੀਸਗੜ੍ਹ ਅਤੇ ਇੱਕ ਕੇਰਲਾ 'ਚ ਪੱਤਰਕਾਰ ਨਿਸ਼ਾਨਾ ਬਣਾਏ ਗਏ। ਇਨ੍ਹਾਂ ਵਿੱਚ 8 ਔਰਤ ਪੱਤਰਕਾਰਾਂ ਵੀ ਸ਼ਾਮਲ ਹਨ। ਇਨ੍ਹਾਂ ਪੱਤਰਕਾਰਾਂ ਉਤੇ ਐਫ.ਆਈ.ਆਰ. ਦਰਜ਼ ਹੋਈਆਂ, ਇਹਨਾ ਨੂੰ ਧਮਕੀਆਂ ਮਿਲੀਆਂ, ਲੋਕ-ਇਕੱਠਾਂ 'ਚ ਇਨ੍ਹਾਂ ਦੀ ਬੇਇਜ਼ਤੀ ਕੀਤੀ ਗਈ, ਸਿਰਫ਼ ਇਸ ਕਰਕੇ ਕਿ ਉਹ ਹਾਕਮਾਂ, ਸਰਕਾਰਾਂ ਦੀਆਂ ਲੋਕ ਵਿਰੋਧੀ ਪਾਲਿਸੀਆਂ ਦਾ ਵਿਰੋਧ ਆਪਣੀਆਂ ਕਲਮਾਂ ਰਾਹੀਂ ਕਰ ਰਹੇ ਸਨ।




ਕਮੇਟੀ ਟੂ ਪ੍ਰੋਟੈਕਟ ਜਰਨਲਿਸਟ (ਸੀ.ਪੀ.ਜੇ.) ਦੀ 2021 ਦੀ ਇੱਕ ਰਿਪੋਰਟ ਕਹਿੰਦੀ ਹੈ ਕਿ ਸਾਲ 2021 ਵਿੱਚ ਚਾਰ ਪੱਤਰਕਾਰ ਭਾਰਤ 'ਚ ਕਤਲ ਕਰ ਦਿੱਤੇ ਗਏ ਜਦਕਿ ਦੁਨੀਆ ਭਰ ਵਿੱਚ ਕਤਲ ਕੀਤੇ ਜਾਣ ਵਾਲੇ ਪੱਤਰਕਾਰਾਂ ਦੀ ਗਿਣਤੀ 24 ਸੀ।

ਭਾਰਤ ਵਿੱਚ ਪੱਤਰਕਾਰੀ ਜ਼ੋਖ਼ਮ ਦਾ ਕੰਮ ਹੈ, ਤਲਵਾਰ ਦੀ ਧਾਰ ਉਤੇ ਤੁਰਨ ਵਾਂਗਰ। ਪੱਤਰਕਾਰਾਂ, ਸੰਪਾਦਕਾਂ, ਆਜ਼ਾਦ ਖਿਆਲ ਮੀਡੀਆ 'ਚ ਕੰਮ ਕਰਨ ਵਾਲੇ ਲੋਕਾਂ ਨੂੰ ਨਿੱਤ ਦਿਹਾੜੇ ਵੱਡੀਆਂ ਔਖਿਆਈਆਂ ਵਿਚੋਂ ਗੁਜਰਨਾ ਪੈਂਦਾ ਹੈ ਅਤੇ ਇੱਕ ਮਿਸ਼ਨਰੀ ਵਜੋਂ ਸਮਾਜਕ ਜ਼ੁੰਮੇਵਾਰੀ ਨਿਭਾਉਂਦਿਆਂ ਆਪਣੇ ਫ਼ਰਜ਼ ਨਿਭਾਉਣੇ ਪੈਂਦੇ ਹਨ। ਪਰਿਵਾਰਾਂ ਦੇ ਦੁੱਖਾਂ-ਸੁੱਖਾਂ ਨੂੰ ਛਿੱਕੇ ਟੰਗਕੇ, ਆਪਣੇ ਨਿੱਜੀ ਸੁੱਖ ਤਿਆਗਕੇ, ਲੋਕਾਂ ਦੀ ਅਵਾਜ਼ ਬਨਣ ਲਈ ਕਲਮ ਵਾਹੁਣੀ ਪੈਂਦੀ ਹੈ। ਇਸ ਬੋਲ-ਤੋਲ ਵਿੱਚ ਵੱਡੇ ਬੰਦਿਆਂ ਦੇ ਹੁਝਕੇ, ਤਿੱਖੀਆਂ ਨਜ਼ਰਾਂ, ਹਾਕਮਾਂ ਦੀਆਂ ਘੂਰੀਆਂ ਅਤੇ ਆਰਥਿਕ ਧੌਂਸ ਉਸਦੇ ਪੱਲੇ ਪੈਂਦੀਆਂ ਹਨ ਪਰ ਦ੍ਰਿੜਤਾ ਨਾਲ ਕੰਮ ਕਰਨ ਦੀ ਧੁਨ ਉਨ੍ਹਾਂ ਪੱਤਰਕਾਰਾਂ ਦੀਆਂ ਕਲਮਾਂ ਨੂੰ ਨਿਖਾਰਦੀ ਹੈ, ਜਿਹੜੇ ਜ਼ਿੰਦਗੀ ਭਰ ਸੱਚ ਨੂੰ ਫਾਂਸੀ ਨਹੀਂ ਚੜ੍ਹਨ ਦਿੰਦੇ ਅਤੇ ਅਜ਼ਾਦੀ, ਹੱਕਾਂ ਲਈ ਕਲਮ ਵਾਹੀ ਤੁਰੇ ਜਾਂਦੇ ਹਨ।

ਸਮਾਜਿਕ ਸਰੋਕਾਰਾਂ ਨੂੰ ਪ੍ਰਣਾਏ ਇਹਨਾ ਯੋਧਿਆਂ ਨੂੰ ਲੋਕ ਸਲਾਮਾਂ ਕਰਦੇ ਹਨ, ਆਪਣੇ ਦਿਲਾਂ 'ਚ ਵਸਾਉਂਦੇ ਹਨ, ਉਨ੍ਹਾਂ ਦੀ ਕੁਰਬਾਨੀਆਂ ਦੀਆਂ. ਦੇਸ਼-ਭਗਤੀ, ਲੋਕਪ੍ਰਸਤੀ ਦੀਆਂ ਗੱਲਾਂ ਕਰਦੇ ਹਨ ਅਤੇ ਲੋੜ ਵੇਲੇ ਉਨ੍ਹਾਂ ਨਾਲ ਹੱਕ, ਸੱਚ ਦੀ ਅਵਾਜ਼ ਬਣਕੇ ਖੜ੍ਹਦੇ ਵੀ ਹਨ, ਕਿਉਂਕਿ ਉਹ ਮਹਿਸੂਸ ਕਰਦੇ ਹਨ ਕਿ ਕੋਈ 'ਬਹਾਦਰ ਕਲਮ' ਉਨ੍ਹਾਂ ਦੇ ਦੁੱਖਾਂ, ਤਕਲੀਫ਼ਾਂ ਨੂੰ ਬਿਆਨਦੀ ਹੈ।

ਇਨ੍ਹਾਂ ਪੱਤਰਕਾਰਾਂ ਦੀਆਂ ਮੁਸ਼ਕਲਾਂ ਵੱਡੀਆਂ ਹਨ, ਜਿਨ੍ਹਾ ਨੂੰ ਸਰਕਾਰਾਂ ਹੱਲ ਨਹੀਂ ਕਰ ਸਕਦੀਆਂ, ਭਾਵੇਂ ਕਿ ਸਰਕਾਰਾਂ, ਪੱਤਰਕਾਰਾਂ ਨੂੰ ਸਹੂਲਤਾਂ ਦੇਣ ਦੇ ਦਾਅਵੇ ਕਰਦੀਆਂ ਹਨ। ਉਨ੍ਹਾਂ ਨੂੰ ਐਕਰੀਡੇਟਿਡ ਕਾਰਡ ਦੇ ਕੇ, ਸੀਨੀਅਰ ਪੱਤਰਕਾਰਾਂ ਨੂੰ ਮੁਫ਼ਤ ਬੀਮਾ ਸਹੂਲਤਾਂ ਦੇ ਕੇ ਜਾਂ ਫਿਰ ਬਿਮਾਰੀ ਦੀ ਹਾਲਤ ਵਿੱਚ ਕੁਝ ਰਕਮ ਇਲਾਜ ਲਈ ਦੇ ਕੇ ਜਾਂ ਕੁਝ ਇੱਕ ਨੂੰ ਬੁਢਾਪਾ ਪੈਨਸ਼ਨ ਦੇ ਕੇ, ਜਾਂ ਫਿਰ ਪੱਤਰਕਾਰੀ ਸ਼੍ਰੋਮਣੀ ਪੱਤਰਕਾਰ ਦਾ ਸਨਮਾਨ ਬਖ਼ਸ਼ਕੇ। ਪਰ ਇਹ ਸਭ ਕੁਝ ਤਾਂ ਕੁਝ ਜੁਗਾੜੂ ਪੱਤਰਕਾਰ ਹੀ ਪ੍ਰਾਪਤ ਕਰਦੇ ਹਨ।

(ਬਾਕੀ ਸਫ਼ਾ 30 'ਤੇ)

# ਕੋਰੋਨਾ ਵੈਕਸੀਨ ਦੇ ਬੁਰੇ-ਪ੍ਰਭਾਵਾਂ ਸਾਹਮਣੇ ਆਏ




**ਇੱਕ ਰਿਪੋਰਟ ਮੁਤਾਬਕ ਇਸ ਵੈਕਸੀਨ ਨੂੰ ਲਗਵਾਉਣ ਤੋਂ ਬਾਅਦ ਜਵਾਨ ਲੋਕਾਂ ਵਿੱਚ ਖੂਨ ਦੇ ਥੱਕੇ ਬਣਨ ਅਤੇ ਪਲੇਟਲੈਟਸ ਘਟਣ ਵਰਗੇ ਮਾਰੂ ਮਾੜੇ-ਪ੍ਰਭਾਵ ਹੋਣ ਦੀ ਸੰਭਾਵਨਾ ਕਈ ਗੁਣਾਂ ਵੱਧ**

**ਮੋਦੀ ਸਰਕਾਰ ਨੇ ਲੋਕਾਂ ਦੀ ਮਦਦ ਕਰਨਾ ਤਾਂ ਦੂਰ ਸਗੋਂ ਇਨ੍ਹਾਂ ਮੌਤਾਂ ਦੇ ਅੰਕੜੇ ਜਨਤਕ ਨਾ ਕੀਤੇ**

**ਗੁਰਪ੍ਰੀਤ**

ਅਖੌਤੀ ਕੋਰੋਨਾ ਮਹਾਂਮਾਰੀ ਤੋਂ ਬਚਾਅ ਲਈ ਬਣਾਈ ਗਈ ਕੋਵੀਸ਼ੀਲਡ ਵੈਕਸੀਨ ਦੇ ਬੁਰੇ ਪ੍ਰਭਾਵਾਂ ਕਾਰਨ ਹੋ ਰਹੀਆਂ ਮੌਤਾਂ ਦੇ ਨਵੇਂ ਮਾਮਲੇ ਸਾਹਮਣੇ ਆ ਰਹੇ ਹਨ। ਇੱਕ ਰਿਪੋਰਟ ਮੁਤਾਬਕ ਇਸ ਵੈਕਸੀਨ ਨੂੰ ਲਗਵਾਉਣ ਤੋਂ ਬਾਅਦ ਜਵਾਨ ਲੋਕਾਂ ਵਿੱਚ ਖੂਨ ਦੇ ਥੱਕੇ ਬਣਨ ਅਤੇ ਪਲੇਟਲੈਟਸ ਘਟਣ ਵਰਗੇ ਮਾਰੂ ਮਾੜੇ-ਪ੍ਰਭਾਵ ਹੋਣ ਦੀ ਸੰਭਾਵਨਾ ਕਈ ਗੁਣਾਂ ਵਧ ਜਾਂਦੀ ਹੈ। ਸਾਲ 2021 ਵਿੱਚ ਇਸ ਤਰ੍ਹਾਂ ਦੇ ਮਾਮਲੇ ਸਾਹਮਣੇ ਆਉਣ ਤੋਂ ਬਾਅਦ ਨਾਰਵੇ, ਆਸਟਰੀਆ, ਜਰਮਨੀ, ਫਰਾਂਸ, ਇਟਲੀ ਵਰਗੇ ਕਈ ਦੇਸ਼ਾਂ ਨੇ ਕੁੱਝ ਸਮੇਂ ਲਈ ਇਸ ਵੈਕਸੀਨ ਉੱਤੇ ਰੋਕ ਵੀ ਲਗਾ ਦਿੱਤੀ ਸੀ। ਇਸ ਵੈਕਸੀਨ ਨੂੰ ਆਕਸਫੋਰਡ ਯੂਨੀਵਰਸਿਟੀ ਅਤੇ ਐਸਟਰਾਜੇਨੇਕਾ ਨਾਮਕ ਇੱਕ ਦਵਾ ਕੰਪਨੀ ਨੇ ਤਿਆਰ ਕੀਤਾ ਹੈ। ਭਾਰਤ ਵਿੱਚ ਇਸ ਵੈਕਸੀਨ ਨੂੰ ਬਣਾਉਣ ਦਾ ਠੇਕਾ ਸੀਰਮ ਕੰਪਨੀ ਕੋਲ ਹੈ। ਲੋਕਾਂ ਵਿੱਚ ਕੋਰੋਨਾ ਦੀ ਦਹਿਸ਼ਤ ਫੈਲਾ ਕੇ ਸੰਸਾਰ ਭਰ ਦੀਆਂ ਸਰਕਾਰਾਂ ਨੇ ਲੋਕਾਂ ਨੂੰ ਜ਼ਬਰਦਸਤੀ ਵੈਕਸੀਨ ਲਗਵਾਉਣ ਲਈ ਮਜ਼ਬੂਰ ਕਰਨ ਵਿੱਚ ਕੋਈ ਕਸਰ ਨਹੀਂ ਛੱਡੀ। ਭਾਰਤ ਵਿੱਚ ਮੋਦੀ ਸਰਕਾਰ ਨੇ ਬਿਨਾਂ ਵੈਕਸੀਨ ਲਗਵਾਏ ਸਫਰ ਕਰਨ, ਵਿੱਦਿਅਕ ਸੰਸਥਾਵਾਂ ਅਤੇ ਹੋਰ ਜਨਤਕ ਕੰਮ-ਕਾਰ ਕਰਨ 'ਤੇ ਵੀ ਰੋਕਾਂ ਲਗਾ ਦਿੱਤੀਆਂ ਸਨ। ਲੋਕਾਂ ਨੂੰ ਜ਼ਬਰਦਸਤੀ ਆਪਣੇ ਫੋਨਾਂ ਵਿੱਚ ਕੋਵਿਨ ਨਾਮਕ ਸਾਫਟਵੇਅਰ ਭਰਨ ਲਈ ਅਤੇ ਆਪਣੀ ਨਿੱਜੀ ਜਾਣਕਾਰੀ ਸਰਕਾਰ ਨਾਲ ਸਾਂਝੀ ਕਰਨ ਲਈ ਵੀ ਮਜਬੂਰ ਕੀਤਾ ਗਿਆ। ਹੁਣ ਜਦੋਂ ਇਸ ਵੈਕਸੀਨ ਦੇ ਮਾਰੂ ਪ੍ਰਭਾਵਾਂ ਕਾਰਨ ਲੋਕਾਂ ਦੀਆਂ ਮੌਤਾਂ ਹੋ ਰਹੀਆਂ ਹਨ ਤਾਂ ਸਰਕਾਰ ਦੁਆਰਾ ਲੋਕਾਂ ਦੀ ਮਦਦ ਕਰਨਾ ਤਾਂ ਦੂਰ ਸਗੋਂ ਉਲਟਾ ਸਰਕਾਰ ਇਨ੍ਹਾਂ ਮੌਤਾਂ ਦੇ ਅੰਕੜੇ ਜਨਤਕ ਤੱਕ ਨਹੀਂ ਕਰ ਰਹੀ, ਕਿਉਂਕਿ ਅਜਿਹਾ ਕਰਨ ਨਾਲ ਲੋਕ ਇਸ ਵੈਕਸੀਨ ਨੂੰ ਲਗਵਾਉਣ ਤੋਂ ਨਾਂਹ ਕਰ ਸਕਦੇ ਹਨ ਜਿਸ



ਕਾਰਨ ਇਸ ਨੂੰ ਬਣਾਉਣ ਵਾਲੀਆਂ ਕੰਪਨੀਆਂ ਦੇ ਮੁਨਾਫੇ ਨੂੰ ਸੱਟ ਵੱਜੇਗੀ। ਸਰਕਾਰ ਇਸ ਵੈਕਸੀਨ ਦੇ ਮਾੜੇ-ਪ੍ਰਭਾਵਾਂ ਕਾਰਨ ਹੋਈਆਂ ਮੌਤਾਂ ਦੇ ਅੰਕੜੇ ਵਿੱਚ ਵੱਡੇ ਪੱਧਰ 'ਤੇ ਹੇਰਾਫੇਰੀ ਕਰ ਰਹੀ ਹੈ। ਭਾਰਤ ਸਰਕਾਰ ਦੀ ਕੋਵਿਨ ਐਪ ਦੇ ਦਾਅਵੇ ਮੁਤਾਬਕ ਭਾਰਤ ਵਿੱਚ ਇਸ ਵੈਕਸੀਨ ਦੀਆਂ ਸਾਰੀਆਂ ਖੁਰਾਕਾਂ ਵਿੱਚੋਂ ਸਿਰਫ 0.006% ਲੋਕਾਂ ਵਿੱਚ ਹੀ ਇਸਦੇ ਖਤਰਨਾਕ ਮਾੜੇ-ਪ੍ਰਭਾਵ ਸਾਹਮਣੇ ਆਏ ਹਨ ਜਦਕਿ ਹੋਰਨਾਂ ਦੇਸ਼ਾਂ ਵਿੱਚ ਇਹ ਅੰਕੜਾ 0.03 ਤੋਂ 0.05 ਤੱਕ ਹੈ। ਪਰ ਸਰਕਾਰ ਦੇ ਆਪਣੇ ਅੰਕੜਿਆਂ ਮੁਤਾਬਕ ਇਸ ਵੈਕਸੀਨ ਦੇ ਗੰਭੀਰ ਬੁਰੇ-ਪ੍ਰਭਾਵਾਂ ਦੇ 89,231 ਮਾਮਲੇ ਸਾਹਮਣੇ ਆਏ ਹਨ ਜਿਨ੍ਹਾਂ ਵਿੱਚੋਂ 1148 ਲੋਕਾਂ ਦੀ ਮੌਤ ਹੋਈ ਹੈ। ਪਰ ਇਹ ਅੰਕੜਾ ਖੁਦ ਸਰਕਾਰ ਦੀ ਕੋਵਿਨ ਐਪ ਦੇ ਅੰਕੜਿਆਂ ਨਾਲ ਮੇਲ ਨਹੀਂ ਖਾਂਦਾ।

ਭਾਰਤ ਵਿੱਚ ਇਸ ਵੈਕਸੀਨ ਦੇ ਬੁਰੇ-ਪ੍ਰਭਾਵਾਂ ਦੇ ਘੱਟ ਮਾਮਲੇ ਸਾਹਮਣੇ ਆਉਣ ਦਾ ਕਾਰਨ ਇਹ ਹੈ ਕਿ ਇੱਥੇ ਸਰਕਾਰ ਜਾਣਬੁੱਝ ਕੇ ਇਨ੍ਹਾਂ ਮਾਮਲਿਆਂ ਨੂੰ ਲੁਕਾ ਰਹੀ ਹੈ। ਹੈਦਰਾਬਾਦ ਦੀ ਰਹਿਣ ਵਾਲੀ ਰੀਥਾਇਕਾ ਜਿਸਨੇ ਅਜੇ ਸਿਰਫ 12ਵੀਂ ਜਮਾਤ ਪਾਸ ਕੀਤੀ ਸੀ, ਜੂਨ 2021 ਵਿੱਚ ਉਸਦੀ ਇਸ ਵੈਕਸੀਨ ਨੂੰ ਲਗਵਾਉਣ ਤੋਂ ਕੁੱਝ ਹਫਤੇ ਬਾਅਦ ਹੀ ਦਿਮਾਗ ਵਿੱਚ ਖੂਨ ਦੇ ਥੱਕੇ ਬਣਨ ਕਾਰਨ ਮੌਤ ਹੋ ਗਈ। ਉਸਦੇ ਘਰਦਿਆਂ ਨੂੰ ਹਸਪਤਾਲ ਵੱਲੋਂ ਉਸਦੀ ਮੌਤ ਦਾ ਅਸਲ ਕਾਰਨ ਵੀ ਨਹੀਂ ਦੱਸਿਆ ਗਿਆ। ਇੱਥੋਂ ਤੱਕ ਕਿ ਪੋਸਟਮਾਰਟਮ ਰਿਪੋਰਟ ਵੀ ਉਸਦੇ ਘਰਦਿਆਂ ਨਾਲ ਸਾਂਝੀ ਨਹੀਂ ਕੀਤੀ ਗਈ। ਆਪਣੀ ਬੇਟੀ ਦੀ ਮੌਤ ਦੇ ਅਸਲ ਕਾਰਨ ਨੂੰ ਜਾਣਨ ਲਈ ਉਸਦੇ ਪਿਤਾ ਨੂੰ 3 ਵਾਰ ਭਾਰਤ ਅਤੇ ਸੂਬਾ ਸਰਕਾਰ ਕੋਲ ਸੂਚਨਾ ਅਧਿਕਾਰ ਕਨੂੰਨ ਤਹਿਤ ਅਰਜੀ ਦਾਖਲ ਕਰਨੀ ਪਈ। ਭਾਰਤ ਵਿੱਚ ਇਸ ਤਰ੍ਹਾਂ ਦੇ ਹੋਰ ਵੀ ਹਜ਼ਾਰਾਂ ਮਾਮਲੇ ਸਰਕਾਰ ਦੀ ਅਣਗਹਿਲੀ ਅਤੇ ਸੱਚ ਨੂੰ ਲੁਕਾਉਣ ਦੀ ਆਦਤ ਕਾਰਨ ਸਾਹਮਣੇ ਨਹੀਂ ਆਏ।

ਕੀ ਹੈ ਇਸ ਵੈਕਸੀਨ ਦਾ ਮਾੜੇ-ਪ੍ਰਭਾਵ?

ਇਸ ਵੈਕਸੀਨ ਨੂੰ ਲਗਵਾਉਣ ਵਾਲੇ ਕੁੱਝ ਲੋਕਾਂ, ਕਾਰਨ ਖਾਸਕਰ ਘੱਟ ਉਮਰ ਦੇ ਲੋਕਾਂ ਵਿੱਚ ਥਰੋਂਬੋਸਿਸ ਥਰੋਂਬੋਸਿਟੋਪੀਨੀਆ ਨਾਮਕ ਇੱਕ ਖਤਰਨਾਕ ਬਿਮਾਰੀ ਹੋਣ ਦੀ ਸੰਭਾਵਨਾ ਵਧ ਜਾਂਦੀ ਹੈ। ਇਸ ਬਿਮਾਰੀ ਕਾਰਨ ਸਰੀਰ ਦੇ ਜ਼ਰੂਰੀ ਅੰਗ ਜਿਵੇਂ ਦਿਮਾਗ, ਫੇਫੜੇ ਆਦਿ ਵਿੱਚ ਖੂਨ ਦੇ ਥੱਕੇ ਬਣਨ ਲੱਗਦੇ ਹਨ ਅਤੇ ਮਰੀਜ ਦੇ ਖੂਨ ਵਿੱਚ ਪਲੇਟਲੈਟਸ ਦੀ ਮਾਤਰਾ ਖਤਰਨਾਕ ਹੱਦ ਤੱਕ ਘਟ ਜਾਂਦੀ ਹੈ। ਸਿਹਤ ਵਿਗਿਆਨੀਆਂ ਮੁਤਾਬਕ ਇਹ ਪਤਾ ਲਗਾਉਣਾ ਔਖਾ ਹੈ ਕਿ ਇਹ ਬਿਮਾਰੀ ਕਿਸ ਵਿਅਕਤੀ ਨੂੰ ਪ੍ਰਭਾਵਿਤ ਕਰੇਗੀ। ਇਹ ਬਿਮਾਰੀ ਇੱਕ ਤਰ੍ਹਾਂ ਦੀ ਸਵੈ-ਪ੍ਰਤੀਰੋਧ ਬਿਮਾਰੀ ਹੈ। ਕਿਸੇ ਵੀ ਵੈਕਸੀਨ ਨੂੰ ਬਣਾਉਣ ਦੀ ਪ੍ਰਕਿਰਿਆ ਕਾਫੀ ਲੰਬੀ ਅਤੇ ਗੁੰਝਲਦਾਰ ਹੈ। ਵੈਕਸੀਨ ਨੂੰ ਕਿਸੇ ਵੀ ਇਨਸਾਨ ਨੂੰ ਲਗਾਉਣ ਤੋਂ ਪਹਿਲਾਂ ਕਈ ਤਰ੍ਹਾਂ ਦੇ ਮਾਪਦੰਡਾਂ ਉੱਤੇ ਖਰਾ ਉਤਰਨਾ ਜ਼ਰੂਰੀ ਹੁੰਦਾ ਹੈ। ਸਭ ਤੋਂ ਪਹਿਲਾਂ ਕਿਸੇ ਵੀ ਵੈਕਸੀਨ ਨੂੰ ਲੈਬ ਦੇ ਵਿੱਚ ਪਰਖਿਆ ਜਾਂਦਾ ਹੈ ਕਿ ਉਹ ਲੋੜੀਂਦੀ ਮਾਤਰਾ ਵਿੱਚ ਰੋਗ ਪ੍ਰਤੀਰੋਧਤਾ ਪੈਦਾ ਕਰ ਸਕਦੀ ਹੈ ਜਾਂ ਨਹੀਂ। ਅਜਿਹਾ ਕਰਨ ਵਿੱਚ ਆਮ ਤੌਰ 'ਤੇ 2-4 ਸਾਲ ਲੱਗ ਜਾਂਦੇ ਹਨ। ਇਸ ਤੋਂ ਬਾਅਦ ਸੈੱਲ ਕਲਚਰ ਅਤੇ ਜਾਨਵਰਾਂ ਉੱਤੇ ਇਸ ਨੂੰ ਟੈਸਟ ਕੀਤਾ ਜਾਂਦਾ ਹੈ। ਜੇਕਰ ਵੈਕਸੀਨ ਇੱਥੇ ਵੀ ਕਾਰਗਰ ਸਿੱਧ ਹੁੰਦੀ ਹੈ ਤਾਂ ਹੀ ਇਸਨੂੰ ਅੱਗੇ ਇਨਸਾਨਾਂ ਵਿੱਚ 3 ਪੜਾਵਾਂ ਵਿੱਚ ਪਰਖਿਆ ਜਾਂਦਾ ਹੈ। ਇਸ ਸਾਰੀ ਪ੍ਰਕਿਰਿਆ ਵਿੱਚ ਵੈਕਸੀਨ ਦੇ ਬੁਰੇ-ਪ੍ਰਭਾਵ ਅਤੇ ਇਸਦੀ ਕਾਰਗੁਜ਼ਾਰੀ ਬਾਰੇ ਚੰਗੀ ਤਰ੍ਹਾਂ ਪਤਾ ਲੱਗ ਜਾਂਦਾ ਹੈ।

ਕੋਰੋਨਾ ਤੋਂ ਬਚਾਉਣ ਵਾਲੀਆਂ ਵੈਕਸੀਨਾਂ ਦੇ ਮਾਮਲੇ ਵਿੱਚ ਇਸ ਪ੍ਰਕਿਰਿਆ ਨੂੰ ਲਗਭਗ 1 ਸਾਲ ਦੇ ਵਿੱਚ ਹੀ ਖਤਮ ਕਰ ਦਿੱਤਾ ਗਿਆ। ਸਤੰਬਰ 2020 ਵਿੱਚ ਸ਼ੁਰੂਆਤੀ ਟੈਸਟਾਂ ਵਿੱਚ ਹੀ ਇਸ ਵੈਕਸੀਨ ਦੇ ਮਾਰੂ ਪ੍ਰਭਾਵ ਸਾਹਮਣੇ ਆ ਗਏ ਸਨ ਜਿਸ ਤੋਂ ਬਾਅਦ ਕੁੱਝ ਸਮਾਂ ਇਸਦੇ ਪ੍ਰੀਖਣ ਬੰਦ ਕਰ ਦਿੱਤੇ ਗਏ ਪਰ ਫਿਰ ਕੁੱਝ ਸਮੇਂ ਬਾਅਦ ਹੀ ਇਨ੍ਹਾਂ ਨੂੰ ਮਾਮੂਲੀ ਕਹਿ ਕੇ ਵੈਕਸੀਨ ਬਣਾਉਣ ਦੀ ਪ੍ਰਕਿਰਿਆ ਫਿਰ ਤੋਂ ਚਾਲੂ ਹੋ ਗਈ। ਜਲਦੀ ਮੁਨਾਫੇ ਦੀ ਦੌੜ ਵਿੱਚ ਦਵਾ ਕੰਪਨੀਆਂ ਨੇ ਸਾਰੇ ਨਿਯਮ-ਪੈਮਾਨੇ ਤੋੜ ਕੇ ਇਸ ਨੂੰ ਛੇਤੀ ਤੋਂ ਛੇਤੀ ਮੰਡੀ ਵਿੱਚ ਉਤਾਰਨ ਦੀ ਕਾਹਲ ਵਿਖਾਈ। ਲੋਕਾਂ ਨੂੰ ਇਸ ਵੈਕਸੀਨ ਨੂੰ ਲਗਵਾਉਣ ਲਈ ਮਜ਼ਬੂਰ ਕਰਨ ਲਈ ਹਾਕਮਾਂ ਦੇ ਪਾਲਤੂ ਮੀਡੀਆ ਨੇ ਟੀਵੀ ਉੱਤੇ ਸਾਰਾ-ਸਾਰਾ ਦਿਨ ਲਾਸ਼ਾਂ ਨਾਲ ਭਰੇ ਸ਼ਮਸ਼ਾਨ, ਹਸਪਤਾਲ ਦਿਖਾਏ। ਮੁਨਾਫੇ ਦੀ ਕਾਹਲ ਵਿੱਚ ਲੋਕਾਂ ਦੀ ਸਿਹਤ ਪਿੱਛੇ ਰਹਿ ਗਈ। ਕੋਵੀਸ਼ੀਲਡ ਵੈਕਸੀਨ ਨੂੰ ਬਣਾਉਣ ਵਾਲੀ ਸੀਰਮ ਕੰਪਨੀ ਨੇ 2020-21 ਦੇ ਵਿੱਤੀ ਸਾਲ ਵਿੱਚ 7200 ਕਰੋੜ ਦਾ ਰਿਕਾਰਡ ਮੁਨਾਫਾ ਖੱਟਿਆ ਜੋ 2019-20 ਦੇ 5400 ਕਰੋੜ ਦੇ ਮੁਨਾਫੇ ਤੋਂ 44% ਵੱਧ ਹੈ। ਭਾਰਤ ਵਿੱਚ ਇਸ ਵੈਕਸੀਨ ਦੀਆਂ 150 ਕਰੋੜ ਤੋਂ ਵੱਧ ਖੁਰਾਕਾਂ ਲਗਾਈਆਂ ਗਈਆਂ।

ਇਸ ਤੋਂ ਬਿਨਾ ਹੁਣ ਇਹ ਚੰਗੀ ਤਰ੍ਹਾਂ ਸਪੱਸ਼ਟ ਹੋ ਗਿਆ ਹੈ ਕਿ ਕਰੋਨਾ ਕੋਈ ਵੱਡੀ ਅਤੇ ਖਤਰਨਾਕ ਮਹਾਂਮਾਰੀ ਨਹੀਂ ਸੀ ਜਿਵੇਂ ਇਸਨੂੰ ਹਾਕਮਾਂ ਵੱਲੋਂ ਪ੍ਰਚਾਰਿਆ ਗਿਆ। ਜੋ ਵਾਇਰਸ ਕਰੋਨਾ ਬਿਮਾਰੀ ਕਰਦਾ ਹੈ ਉਹ ਬਹੁਤ ਤੇਜ਼ੀ ਨਾਲ ਮਿਊਟੇਟ ਹੁੰਦਾ ਹੈ ਮਤਲਬ ਬਦਲਦਾ ਹੈ। ਹੁਣ ਇਹ ਵੈਕਸੀਨ ਇਸਦੇ ਨਵੇਂ ਬਦਲੇ ਹੋਏ ਰੂਪਾਂ ਉੱਤੇ ਕਿੰਨੀ ਕਾਰਗਰ ਹੈ ਇਸਦਾ ਪਤਾ ਵੀ ਭਰਵੀਂ ਜਾਂਚ-ਪੜਤਾਲ ਨਾਲ ਹੀ ਲੱਗ ਸਕਦਾ ਹੈ ਪਰ ਇਸ ਵਿੱਚ ਵੀ ਦਵਾ ਕੰਪਨੀਆਂ ਨੇ ਬਿਨਾ ਕੋਈ ਠੋਸ ਪੜਤਾਲ ਕੀਤੇ ਵੈਕਸੀਨ ਦੇ ਕਾਰਗਰ ਹੋਣ ਦੇ ਗੱਪ ਛੱਡੇ ਹਨ।

ਵੈਕਸੀਨ ਸਿਹਤ ਵਿਗਿਆਨ ਦੀ ਇੱਕ ਮਹਾਨ ਲੱਭਤ ਹੈ ਜਿਸਦੀ ਮਦਦ ਨਾਲ ਮਨੁੱਖ ਨੇ ਪੋਲੀਓ, ਰੇਬੀਜ਼, ਹੈਜਾ, ਚੇਚਕ ਵਰਗੀਆਂ ਬਿਮਾਰੀਆਂ ਉੱਤੇ ਕਾਬੂ ਪਾਇਆ ਹੈ ਅਤੇ ਇਨਸਾਨਾਂ ਦਾ ਜੀਵਨ ਪੱਧਰ ਉੱਚਾ ਕੀਤਾ ਹੈ ਪਰ ਵਿਗਿਆਨ ਦੀਆਂ ਬਾਕੀ ਕਾਢਾਂ ਵਾਂਗ, ਅੱਜ ਦੇ ਸਰਮਾਏਦਾਰੀ ਸਮਾਜ ਵਿੱਚ ਇਸਦੀ ਵਰਤੋਂ ਵੀ ਮਨੁੱਖਾਂ ਦੀ ਸਿਹਤ ਅਤੇ ਜੀਵਨ ਦੇ ਸੁਧਾਰ ਲਈ ਨਹੀਂ ਸਗੋਂ ਮੁਨਾਫਾ ਕਮਾਉਣ ਲਈ ਕੀਤੀ ਜਾਂਦੀ ਹੈ। ਮੌਜੂਦਾ ਸਮੇਂ ਵਿੱਚ ਦਵਾ ਸਨਅਤ ਇੱਕ ਬਹੁਤ ਹੀ ਵੱਧ ਮੁਨਾਫੇ ਵਾਲਾ ਵਪਾਰ ਹੈ। ਸਰਕਾਰਾਂ ਵੀ ਆਪਣੇ ਜਮਾਤੀ ਖਾਸੇ ਕਾਰਨ ਇਨ੍ਹਾਂ ਦੀ ਹੀ ਚਾਕਰੀ ਕਰਦੀਆਂ ਹਨ। ਜਿਨ੍ਹਾਂ ਵੀ ਲੋਕਾਂ ਦੀ ਮੌਤ ਇਸ ਵੈਕਸੀਨ ਨਾਲ ਜੁੜੇ ਮਾੜੇ-ਪ੍ਰਭਾਵਾਂ ਕਾਰਨ ਹੋਈ ਹੈ, ਉਨ੍ਹਾਂ ਲਈ ਇਹ ਸਰਕਾਰਾਂ, ਇਹ ਦਵਾ ਕੰਪਨੀਆਂ ਅਤੇ ਮੁਨਾਫੇ 'ਤੇ ਟਿਕਿਆ ਇਹ ਢਾਂਚਾ ਜ਼ਿੰਮੇਵਾਰ ਹੈ।





5 ਦਸੰਬਰ ਨੂੰ ਭਾਈ ਵੀਰ ਸਿੰਘ ਦੇ ਜਨਮ ਦਿਨ 'ਤੇ ਵਿਸ਼ੇਸ਼

# ਪੰਜਾਬੀ ਦੇ ਪਹਿਲੇ ਮੌਲਿਕ ਨਾਵਲ ਸੁੰਦਰੀ ਦਾ ਲੋਕਧਾਰਾਈ ਪ੍ਰਸੰਗ



ਡਾ. ਆਤਮਾ ਸਿੰਘ ਗਿੱਲ
9878883680

ਲੋਕਧਾਰਾ ਅਜਿਹਾ ਵਰਤਾਰਾ ਹੈ ਜਿਸਦਾ ਮਨੁੱਖ ਨਾਲ ਸੰਬੰਧ ਜਨਮ ਤੋਂ ਲੈ ਕੇ ਮੌਤ ਤੱਕ ਹੈ। ਲੋਕਧਾਰਾਈ ਰਸਮਾਂ ਰੀਤਾਂ ਵਿਚ ਮਨੁੱਖ ਜਨਮਦਾ ਹੈ, ਜਵਾਨ ਹੁੰਦਾ ਹੈ ਤੇ ਖ਼ਤਮ ਹੋ ਜਾਂਦਾ ਹੈ। ਲੋਕਧਾਰਾ ਦਾ ਅਹਿਮ ਵਰਤਾਰਾ ਲੋਕ ਸਾਹਿਤ, ਬਚਪਨ ਦੀਆਂ ਲੋਰੀਆਂ ਤੋਂ ਲੈ ਕੇ ਸੁਹਾਗ, ਘੋੜੀਆਂ, ਟੱਪੇ, ਮਾਹੀਏ, ਲੋਕ ਗੀਤ, ਸਿੱਠਣੀਆਂ, ਲੋਕ ਕਹਾਣੀਆਂ, ਬੁਝਾਰਤਾਂ, ਅਖਾਣਾਂ, ਲੋਕ ਤੱਥਾਂ ਅਤੇ ਮਿਥਾਂ ਦਾ ਸਫ਼ਰ ਤੈਅ ਕਰਦਾ ਹੋਇਆ ਕੀਰਨੇ ਅਤੇ ਅਲਾਹੁਣੀਆਂ ਨਾਲ ਅੰਤਿਮ ਸਮੇਂ ਤੱਕ ਮਨੁੱਖ ਦਾ ਸਾਥ ਨਿਭਾਉਂਦਾ ਹੈ।

ਲੋਕਧਾਰਾ ਇਕ ਅਜਿਹਾ ਅਨੁਸ਼ਾਸਨ ਹੈ ਜਿਸਦੇ ਅੰਤਰਗਤ ਉਹ ਸਾਰੇ ਪਰੰਪਰਾਗਤ ਵਰਤਾਰੇ ਆ ਜਾਂਦੇ ਹਨ ਜਿਹੜੇ ਲੋਕਮਾਨਸ ਦੀ ਸਿਰਜਣਾ ਕਰਦੇ ਹਨ ਅਤੇ ਜਿਨ੍ਹਾਂ ਨੂੰ ਲੋਕ ਸਮੂਹ ਨੇ ਪ੍ਰਵਾਨਗੀ ਦੇ ਕੇ ਪੀੜ੍ਹੀ ਦਰ ਪੀੜ੍ਹੀ ਅਪਣਾਇਆ ਹੋਵੇ। ਸੁਭਾਵਕ ਹੀ ਇਨ੍ਹਾਂ ਵਰਤਾਰਿਆਂ ਵਿਚ ਸਰਲਤਾ, ਸਹਿਜਤਾ, ਵਿਆਪਕਤਾ, ਨਿਰੰਤਰਤਾ, ਗਹਿਰਾਈ, ਵੰਨ-ਸੁਵੰਨਤਾ ਤੇ ਆਪ-ਮੁਹਾਰਾਪਣ ਵਰਗੇ ਗੁਣ ਹੁੰਦੇ ਹਨ ਕਿਉਂਕਿ ਲੋਕਧਾਰਾ ਦੀ ਸਿਰਜਣਾ ਕਿਸੇ ਸੀਮਾ ਵਿਚ ਬੱਝੀ ਹੋਈ ਹੁੰਦੀ ਹੈ ਅਤੇ ਇਹ ਸੀਮਾ ਉਸ ਸਮਾਜ ਨਾਲ ਜੁੜੀ ਹੁੰਦੀ ਹੈ ਜਿੱਥੇ ਲੋਕ ਸਮੂਹ ਵਿਚਰਦਾ ਹੈ।

ਆਧੁਨਿਕ ਪੰਜਾਬੀ ਦੇ ਸਰਬਾਂਗੀ ਸਾਹਿਤਕਾਰ ਭਾਈ ਵੀਰ ਸਿੰਘ ਦਾ ਜਨਮ 5 ਦਸੰਬਰ 1872 ਈ. ਨੂੰ ਅੰਮ੍ਰਿਤਸਰ ਵਿਖੇ ਡਾ. ਚਰਨ ਸਿੰਘ ਦੇ ਘਰ ਹੋਇਆ। ਭਾਵੇਂ ਭਾਈ ਵੀਰ ਸਿੰਘ ਜੀ ਦੀ ਵਿਦਿਅਕ ਯੋਗਤਾ ਦਸਵੀਂ ਜਮਾਤ ਤੱਕ ਹੀ ਸੀ ਪਰ ਉਹਨਾਂ ਦੀ ਸਾਹਿਤਕ ਦੇਣ ਸਦਕਾ ਉਹਨਾਂ ਨੂੰ ਆਧੁਨਿਕ ਪੰਜਾਬੀ ਸਾਹਿਤ ਦੇ ਉਸਰਈਏ ਵਜੋਂ ਜਾਣਿਆ ਜਾਂਦਾ ਹੈ। ਭਾਈ ਵੀਰ ਸਿੰਘ ਜੀ ਪੰਜਾਬੀ ਦੇ ਮਹਾਨ ਕਵੀ ਹੋਣ ਦੇ ਨਾਲ-ਨਾਲ ਆਧੁਨਿਕ ਪੰਜਾਬੀ ਸਾਹਿਤ ਦੇ ਮੁੱਢਲੇ ਨਾਵਲਕਾਰ, ਨਾਟਕਕਾਰ, ਵਾਰਤਕਕਾਰ, ਟੀਕਾਕਾਰ, ਵਿਆਖਿਆਕਾਰ, ਖੋਜਾਰਥੀ ਤੇ ਸੰਪਾਦਕ ਹਨ।

'ਸੁੰਦਰੀ' ਭਾਈ ਵੀਰ ਸਿੰਘ 1898 ਈ. ਵਿਚ ਪ੍ਰਕਾਸ਼ਿਤ ਹੋਇਆ ਪ੍ਰਥਮ ਨਾਵਲ ਹੈ। ਇਹ ਨਾਵਲ ਇਕ ਲੋਕ ਗੀਤ ਉੱਪਰ ਆਧਾਰਿਤ ਹੈ। ਜਿਸ ਵਿਚ ਮੁਗ਼ਲ ਹਾਕਮ ਸੁੰਦਰੀ ਨੂੰ ਜਬਰੀ ਚੁੱਕ ਕੇ ਲੈ ਜਾਂਦਾ ਹੈ। ਮੁਗ਼ਲਾਂ ਦੀ ਕੈਦ ਵਿਚ ਸੁੰਦਰੀ ਬਾਣੀ ਦੀ ਓਟ ਲੈਂਦੀ ਹੈ ਤੇ ਉਸ ਦਾ ਭਰਾ ਉਸ ਨੂੰ ਬਚਾ ਲੈਂਦਾ ਹੈ। ਇਹ ਨਾਵਲ ਧਾਰਮਿਕ ਇਤਿਹਾਸਕ ਸੁਮੇਲਤਾ ਵਾਲਾ ਹੋਣ ਦੇ ਨਾਲ ਲੋਕਧਾਰਾਈ ਵਰਤਾਰਿਆਂ ਨਾਲ ਓਤ-ਪੋਤ ਹੈ। ਨਾਵਲ ਦੇ ਮੁੱਖ ਬਿਰਤਾਂਤ ਤੋਂ ਇਲਾਵਾ ਬਹੁਤ ਸਾਰੇ ਉਪ-ਬਿਰਤਾਂਤ ਵੀ ਲੋਕਧਾਰਾਈ ਤੱਥਾਂ ਦੀ ਨਿਸ਼ਾਨਦੇਹੀ ਕਰਦੇ ਹਨ।

ਨਾਵਲ ਦਾ ਨਾਮ ਇਕ ਇਸਤਰੀ ਪਾਤਰ ਸੁੰਦਰੀ ਦੇ ਨਾਮ ਤੇ ਹੈ। ਉਹ ਇਸ ਨਾਵਲ ਦੀ ਨਾਇਕਾ ਹੈ। ਨਾਵਲ ਦਾ ਸਮੁੱਚਾ ਬਿਰਤਾਂਤ ਇਸ ਦੁਆਲੇ ਬੁਣਿਆ ਗਿਆ ਹੈ। ਲੋਕਧਾਰਾ ਵਿਚ ਦੇਵੀਆਂ, ਅਪਸਰਾਵਾਂ, ਪਰੀਆਂ ਨਾਇਕਾਵਾਂ ਦੇ ਰੂਪ ਵਿਚ ਕਈ ਲੋਕ-ਬਿਰਤਾਂਤਾਂ ਦਾ ਹਿੱਸਾ ਬਣੀਆਂ ਹਨ। ਸੁੰਦਰੀ ਦਾ ਪ੍ਰਕਾਰਜ ਵੀ ਇਸੇ ਲੋਕਧਾਰਾਈ ਪ੍ਰਵਿਰਤੀ ਤੋਂ ਪ੍ਰਭਾਵਿਤ ਹੋਇਆ ਹੈ। ਨਾਵਲ ਵਿਚ ਮੁਕਲਾਵੇ ਜਾਂਦੀ ਸੁੰਦਰੀ ਨੂੰ ਮੁਗ਼ਲ ਹਾਕਮ ਚੁੱਕ ਕੇ ਲੈ ਜਾਂਦਾ ਹੈ ਤੇ ਆਪਣੀ ਬੇਗ਼ਮ ਬਣਾਉਣਾ ਚਾਹੁੰਦਾ ਹੈ। ਸੁੰਦਰੀ ਨੂੰ ਬਚਾਉਣ ਉਸਦਾ ਭਰਾ ਬਲਵੰਤ ਸਿੰਘ ਪਹੁੰਚ ਜਾਂਦਾ ਹੈ। ਰੁਮਾਂਸ ਵਿਚ ਇਹ ਜੁਗਤ ਲੋਕ-ਬਿਰਤਾਂਤ ਤੋਂ ਆਈ ਹੈ।

ਭਾਈ ਵੀਰ ਸਿੰਘ ਦਾ ਨਾਵਲ ਸੁੰਦਰੀ ਹੇਠ ਲਿਖੇ ਲੋਕ ਗੀਤ ਤੇ ਆਧਾਰਿਤ ਹੈ ਜਿਸ ਵਿਚ ਔਰਤ ਨੂੰ ਹਾਕਮਾਂ ਦੀ ਕੈਦ ਵਿਚੋਂ ਛੁਡਾਉਣ ਵਿਚ ਪਿਉ, ਭਰਾ ਤੇ ਪਤੀ ਅਸਮਰੱਥ ਰਹਿੰਦੇ ਹਨ।

ਨਣਦ ਭਰਜਾਈ ਚੀਣਾ ਛੜਦੀਆਂ
ਫੌਜ ਮੁਗ਼ਲਾਂ ਦੀ ਚੜਿਆ
ਹਾਏ ਵੇ ਸਿਪਾਹੀ ਜਾਂਦਿਆ
ਘਰ ਨਹੀਂ ਸੀ ਰਾਂਝਾ
ਆਪਣੀ ਗੋਰੀ ਨੂੰ ਕੌਣ ਛੁਡਾ
ਹਾਏ ਵੇ ।
ਉੱਡੀਂ ਉੱਡੀਂ ਵੇ ਕਾਗ ਸੁਲੱਖਣੇ
ਕਹਿ ਮੇਰੇ ਬਾਪੂ ਨੂੰ ਧੀ ਪਕੜੀ ਵੀ ਜਾ
ਹਾਏ ਵੇ ।
ਮੁਹਰਾਂ ਦਿਆਂ ਡੇਢ ਲੱਖ
ਰੁਪਏ ਦਿਆਂ ਲੱਖ ਚਾਰ
ਮਿੰਨਤ ਮੁਥਾਜੀ ਕਰਕੇ ਧੀ ਲਊਂਗਾ ਛੁਡਾ
ਹਾਏ ਵੇ ।
ਅੱਗ ਲਾਵਾਂ ਤੇਰੇ ਲੱਖਾਂ ਨੂੰ
ਮੋਹਰਾਂ ਜਲ ਜਾ
ਐਸੀ ਸੁੰਦਰ ਸੋਹਣੀ
ਸਾਥੋਂ ਛਡੀਆ ਨਾ ਜਾ
ਹਾਏ ਵੇ ।
ਮੁਗਲ ਗਿਆ ਸੀ ਪਾਣੀਏ
ਪਿਛੋਂ ਗੋਰੀ ਚਿਖਾ ਬਣਾ
ਸੜਨ ਲੱਗੀ ਸੀ ਭੈਣੜੀ
ਉਤੋਂ ਵੀਰ ਗਿਆ ਆ
ਹਾਏ ਵੇ ।

ਭਾਈ ਵੀਰ ਸਿੰਘ ਦਾ ਨਾਵਲ ਸੁੰਦਰੀ ਉਪਰੋਕਤ ਲੋਕ ਗੀਤ 'ਤੇ ਆਧਾਰਿਤ ਹੈ। ਲੋਕ ਗੀਤ ਵਿਚ ਉਸਦਾ ਪਿਉ, ਭਰਾ ਤੇ ਪਤੀ ਉਸ ਨੂੰ ਬਚਾਉਣ ਵਿਚ ਅਸਮਰੱਥ ਰਹਿੰਦੇ ਹਨ ਪਰ ਨਾਵਲ ਵਿਚ ਸੁੰਦਰੀ ਭਰਾ ਉਸ ਨੂੰ ਬਚਾ ਲੈਂਦਾ ਹੈ। ਹਾਕਮ ਦੀ ਕੈਦ ਵਿਚ ਸੁੰਦਰੀ ਆਪਣੀ ਰੱਖਿਆ ਲਈ ਪ੍ਰਭੂ ਸਿਮਰਨ ਵਿਚ ਲੀਨ ਰਹਿੰਦੀ ਹੈ। ਪੰਜਾਬੀ ਲੋਕਧਾਰਾ ਵਿਚ ਮੰਨਿਆ ਜਾਂਦਾ ਹੈ ਕਿ ਪ੍ਰਮਾਤਮਾ ਦੇ ਸਿਮਰਨ ਨਾਲ ਜਿਥੇ ਇਨਸਾਨ ਸੁਰੱਖਿਅਤ ਹੁੰਦਾ ਹੈ ਉਥੇ ਆਵਾਗਉਣ ਤੋਂ ਮੁਕਤ ਹੋਣ ਦੇ ਨਾਲ-ਨਾਲ ਉਸਦਾ ਲੋਕ-ਪ੍ਰਲੋਕ ਵੀ ਸਾਰਥਕ ਹੋ ਜਾਂਦਾ ਹੈ। ਨਾਵਲ ਵਿਚ ਸੁੰਦਰੀ ਸਵੈ-ਸੁਰੱਖਿਆ ਦੇ ਮੰਤਵ ਨਾਲ ਸਮੁੱਚੀਆਂ ਮੱਧਕਾਲੀ ਔਰਤਾਂ ਦੀ ਮਿਸਾਲ ਬਣਦੀ ਹੈ ਜੋ ਆਪਣੀ ਜੋ ਖੁਦ-ਮੁਖਤਿਆਰ ਹੋਂਦ ਰੱਖਦੀਆਂ ਹਨ।

ਇਸਤੋਂ ਇਲਾਵਾ ਨਾਵਲ ਵਿਚ ਕਈ ਥਾਵਾਂ ਤੇ ਅਜਿਹੇ ਵੇਰਵੇ ਆਉਂਦੇ ਹਨ ਜਿਹਨਾਂ ਵਿਚ ਧਾਰਮਿਕ ਦ੍ਰਿਸ਼ਟੀ ਤੋਂ ਪੰਜਾਬ ਵਿਚ ਇਸਤਰੀ ਵਿਰੋਧੀ ਕੁਰੀਤੀਆਂ ਦਾ ਵਿਰੋਧ ਕੀਤਾ ਗਿਆ ਹੈ ਜਿਵੇਂ ਕੁੜੀ ਮਾਰਨ ਵਾਲਿਆਂ ਨੂੰ ਪੰਥ ਵਿਚੋਂ ਛੇਕ ਦਿੱਤਾ ਜਾਂਦਾ ਹੈ। ਲੋਕਧਾਰਾ ਵਿਚ ਵੀ ਔਰਤ ਨੂੰ ਸਤਿਕਾਰ ਦੀ ਪਾਤਰ ਸਮਝਿਆ ਗਿਆ ਤੇ ਧੀਆਂ-ਧਿਆਣੀਆਂ ਉੱਪਰ ਜ਼ੁਲਮ ਕਰਨਾ ਪਾਪ ਸਮਝਿਆ ਜਾਂਦਾ ਹੈ। ਬਿਲਕੁਲ ਇਹੋ ਵਿਚਾਰਧਾਰਾ ਭਾਈ ਵੀਰ ਸਿੰਘ ਦੇ ਨਾਵਲ ਸੁੰਦਰੀ ਵਿਚ ਦ੍ਰਿਸ਼ਟੀਗੋਚਰ ਹੁੰਦੀ ਹੈ। ਮਿਸਾਲ ਵਜੋਂ :-

ਇਸਤਰੀ ਪਰ ਧੱਕਾ ਕਰਨਾ ਖ਼ਾਲਸੇ ਦਾ ਧਰਮ ਨਹੀਂ।

**ਲੋਕਧਾਰਾ ਦਾ ਅਹਿਮ ਵਰਤਾਰਾ ਲੋਕ ਸਾਹਿਤ, ਬਚਪਨ ਦੀਆਂ ਲੋਰੀਆਂ ਤੋਂ ਲੈ ਕੇ ਸੁਹਾਗ, ਘੋੜੀਆਂ, ਟੱਪੇ, ਮਾਹੀਏ, ਲੋਕ ਗੀਤ, ਸਿੱਠਣੀਆਂ, ਲੋਕ ਕਹਾਣੀਆਂ, ਬੁਝਾਰਤਾਂ, ਅਖਾਣਾਂ, ਲੋਕ ਤੱਥਾਂ ਅਤੇ ਮਿਥਾਂ ਦਾ ਸਫ਼ਰ ਤੈਅ ਕਰਦਾ ਹੋਇਆ ਕੀਰਨੇ ਅਤੇ ਅਲਾਹੁਣੀਆਂ ਨਾਲ ਅੰਤਿਮ ਸਮੇਂ ਤੱਕ ਮਨੁੱਖ ਦਾ ਸਾਥ ਨਿਭਾਉਂਦਾ ਹੈ।**

'ਯਿਸੂਈ ਮੁਸਾਫਰ ਦੀ ਯਾਤਰਾ' ਅਤੇ 'ਜਯੋਤਿਰੁਦਯ' ਈਸਾਈ ਧਰਮ ਦੇ ਪ੍ਰਚਾਰ ਲਈ ਅੰਗਰੇਜ਼ਾਂ ਨੇ ਪੰਜਾਬੀ ਵਿਚ ਅਨੁਵਾਦ ਕਰਵਾਏ। ਇਹਨਾਂ ਨਾਵਲਾਂ ਦੇ ਅਨੁਵਾਦ ਦਾ ਮਕਸਦ ਪੰਜਾਬੀਆਂ ਨੂੰ ਸਮਾਜਕ ਤੇ ਸਭਿਆਚਾਰਕ ਤੌਰ ਤੇ ਗ਼ੁਲਾਮ ਬਣਾਉਣਾ ਸੀ। ਪੰਜਾਬੀ ਲੋਕਧਾਰਾ ਦੀ ਆਪਣੀ ਲੰਮੀ ਪਰੰਪਰਾ ਰਹੀ ਹੈ ਜਿਸ ਦੌਰਾਨ ਬਹੁਤ ਸਾਰੇ ਅਮੀਰ ਲੋਕਧਾਰਾਈ ਵਰਤਾਰੇ ਸਾਂਭੇ ਗਏ ਅਤੇ ਨਵੇਂ ਅਪਣਾਏ ਗਏ। ਭਾਈ ਵੀਰ ਸਿੰਘ ਦਾ ਨਾਵਲ ਸੁੰਦਰੀ ਅੰਗਰੇਜ਼ਾਂ ਦੁਆਰਾ ਇਸਾਈਅਤ ਦੇ ਪ੍ਰਚਾਰ ਦਾ ਪ੍ਰਤੀਉੱਤਰ ਸੀ।

ਪੰਜਾਬੀ ਲੋਕਧਾਰਾ ਵਿਚ ਮੰਨਿਆ ਜਾਂਦਾ ਹੈ ਕਿ ਕੁਝ ਖੂਹਾਂ, ਚਸ਼ਮਿਆਂ ਤੇ ਸਰੋਵਰਾਂ ਦਾ ਪਾਣੀ ਤਲਿਸਮੀ ਹੁੰਦਾ ਹੈ ਜਿਨ੍ਹਾਂ ਦਾ ਪਾਣੀ ਪੀਣ ਅਤੇ ਇਸ਼ਨਾਨ ਕਰਨ ਨਾਲ ਤੰਦਰੁਸਤੀ ਅਤੇ ਬਲ ਮਿਲਦਾ ਹੈ। ਸੁੰਦਰੀ ਨਾਵਲ ਵਿਚ ਵੀ ਸਿੰਘ ਅਕਸਰ ਦਰਬਾਰ ਸਾਹਿਬ ਦੇ ਪਵਿੱਤਰ ਸਰੋਵਰ ਵਿਚ ਇਸ਼ਨਾਨ ਕਰਕੇ ਗੁਰੂ ਦੀ ਬਖਸ਼ਿਸ਼ ਪ੍ਰਾਪਤ ਕਰਦੇ ਹਨ। ਨਾਵਲ ਦਾ ਇਕ ਹਵਾਲਾ ਦੇਖੋ :-

ਖਾਲਸਾ ਰਾਤ ਨੂੰ ਚੋਰੀ ਇਸਨਾਨ ਕਰ ਜਯਾ ਕਰੇ। ਕਈ ਵਾਰੀ ਨ੍ਹਾਉਂਦੇ ਸਿੰਘ ਦਰਬਾਰ ਸਾਹਿਬ ਦੇ ਉਹਨਾਂ ਪਵਿੱਤ੍ਰ ਪੌੜ੍ਹਾਂ ਉੱਤੇ, ਜਿਥੇ ਅੱਜ-ਕੱਲ੍ਹ ਪੱਥਰਾਂ ਦੇ ਬੁੱਤ ਪਏ ਪੂਜੇ ਜਾ ਰਹੇ ਹਨ।

ਰੁਮਾਂਸ ਲੋਕ ਸਾਹਿਤ ਦਾ ਮਹੱਵਪੂਰਨ ਅੰਗ ਹੈ। ਰੁਮਾਂਸ ਦੀ ਇਹ ਪਰੰਪਰਾ ਭਾਰਤੀ ਮਹਾਂਕਾਵਿ ਤੇ ਕਿੱਸਿਆਂ ਵਿਚ ਭਰਪੂਰ ਦਿਖਾਈ ਦਿੰਦੀ ਹੈ। ਭਾਈ ਵੀਰ ਸਿੰਘ ਦਾ ਨਾਵਲ ਸੁੰਦਰੀ ਵੀ ਰੁਮਾਂਸ ਭਰਪੂਰ ਹੈ ਜਿਸਨੂੰ ਲੋਕਧਾਰਾਈ ਦ੍ਰਿਸ਼ਟੀ ਤੋਂ ਦੇਖਿਆ ਜਾ ਸਕਦਾ ਹੈ। ਸੰਤ ਸਿੰਘ ਸੇਖੋਂ ਨੇ ਭਾਈ ਵੀਰ ਸਿੰਘ ਦੇ ਨਾਵਲਾਂ ਨੂੰ 'ਇਤਿਹਾਸਕ ਰੁਮਾਂਸ' ਆਖਿਆ ਹੈ। ਡਾ. ਜੋਗਿੰਦਰ ਸਿੰਘ ਰਾਹੀ ਅਨੁਸਾਰ, ਸੁਪਨਿਆਂ ਦਾ ਸਿਰਜਣ ਰੁਮਾਂਸ ਰਾਹੀਂ ਹੀ ਸੰਭਵ ਹੈ।

ਮਨੋਵਿਗਿਆਨ ਦੇ ਮੋਢੀ ਸਿਗਮੰਡ ਫਰਾਇਡ ਅਤੇ ਕਾਰਲ ਯੁੰਗ ਨੇ ਮਨੁੱਖੀ ਸ਼ਖ਼ਸੀਅਤ ਨੂੰ ਸਮਝਣ ਲਈ ਇਡ (Id) ਈਗੋ (Ego) ਤੇ ਸੁਪਰ ਈਗੋ (Super Ego) ਦੇ ਤਿੰਨ ਸੰਕਲਪ ਦਿੱਤੇ। ਮਨੁੱਖੀ ਮਨ ਦੇ ਇਨ੍ਹਾਂ ਤਿੰਨਾਂ ਭਾਗਾਂ ਦਾ ਸੰਬੰਧ ਕੁਝ ਬੁਨਿਆਦੀ ਪ੍ਰਵਿਰਤੀਆਂ ਨਾਲ ਹੈ। ਪਹਿਲਾ ਜੀਵਨਮੁਖ ਪ੍ਰਵਿਰਤੀਆਂ (Life Urges) ਅਤੇ ਦੂਜਾ ਮ੍ਰਿਤੂਮੁਖ ਪ੍ਰਵਿਰਤੀਆਂ (death Urges)। ਯੂਨਾਨੀ ਮਿਥਿਹਾਸ ਵਿਚ ਜੀਵਨਮੁਖ ਪ੍ਰਵਿਰਤੀਆਂ ਲਈ ਈਰੋਜ਼ (Eros) ਅਤੇ ਮ੍ਰਿਤੂਮੁਖ ਪ੍ਰਵਿਰਤੀਆਂ ਲਈ ਥਾਨਾਟੋਜ਼ (Thanatos) ਸ਼ਬਦਾਂ ਦੀ ਵਰਤੋਂ ਕੀਤੀ ਗਈ। ਜੀਵਨਮੁਖ ਸ਼ਕਤੀਆਂ ਮਨੁੱਖੀ ਜੀਵਨ ਦੀ ਸੁਰੱਖਿਆ ਕਰਦੀਆਂ ਹਨ ਤੇ ਮ੍ਰਿਤੂਮੁਖ ਪ੍ਰਵਿਰਤੀਆਂ ਦਾ ਉਦੇਸ਼ ਮਾਰਨਾ ਤੇ ਨਸ਼ਟ ਕਰਨਾ ਹੁੰਦਾ ਹੈ। ਇਨ੍ਹਾਂ ਦੋਹਾਂ ਪ੍ਰਵਿਰਤੀਆਂ ਦੀ ਕਸ਼ਮਕਸ਼ ਸਾਰੀ ਉਮਰ ਚੱਲਦੀ ਰਹਿੰਦੀ ਹੈ ਤੇ ਜੇਕਰ ਮ੍ਰਿਤੂਮੁਖ ਪ੍ਰਵਿਰਤੀਆਂ ਭਾਰੂ ਹੋ ਜਾਣ ਤਾਂ ਈਰਖਾ, ਆਤਮਘਾਤ, ਕਤਲ ਆਦਿ ਉਤਪੰਨ ਹੁੰਦੇ ਹਨ।

ਫਰਾਇਡ ਮਨੁੱਖੀ ਮਨ ਦੇ ਤਿੰਨ ਭਾਗ ਮੰਨਦਾ ਹੈ : (1) ਸੁਚੇਤਨ (2) ਅਚੇਤਨ (3) ਅਰਧ ਚੇਤਨ। ਮਨੁੱਖ ਦੀਆਂ ਇੱਛਾਵਾਂ ਸਮਾਜਕ ਆਲੇ ਦੁਆਲੇ ਨਾਲ ਟਕਰਾਉਂਦੀਆਂ ਹਨ ਤੇ ਅਧੂਰੀਆਂ ਰਹਿ ਜਾਂਦੀਆਂ ਹਨ। ਇਹ ਇੱਛਾਵਾਂ ਉਸਦੇ ਅਵਚੇਤਨ ਵਿਚ ਪਈਆਂ ਹੁੰਦੀਆਂ ਹਨ। ਮਨ ਦਾ ਸਭ ਤੋਂ ਵੱਡਾ ਹਿੱਸਾ ਅਚੇਤਨ ਹੁੰਦਾ ਹੈ ਇਸ ਲਈ ਫਰਾਇਡ ਬਰਫ਼ ਦੇ ਤੋਦੇ ਦੀ ਉਦਾਹਰਨ ਦਿੰਦਾ ਹੈ। ਯੁੰਗ ਅਨੁਸਾਰ ਅਚੇਤਨ ਸਮੂਹਿਕ ਹੀ ਹੁੰਦਾ ਹੈ। ਸਮਾਜ ਵਿਚ ਰਹਿੰਦਾ ਵਿਅਕਤੀ ਸਮਾਜ ਦੇ ਸਾਂਝੇ ਤਜ਼ਰਬੇ ਵਿਚੋਂ ਗੁਜ਼ਰਦਾ ਹੈ। ਪੰਜਾਬੀਆਂ ਨੂੰ ਲੰਬੇ ਸਮੇਂ ਲਈ ਜੰਗਾਂ ਯੁੱਧਾਂ ਵਿਚੋਂ ਗੁਜ਼ਰਨਾ ਪਿਆ ਹੈ ਜਿਸ ਕਾਰਨ ਪੰਜਾਬੀਆਂ ਦੇ ਅਚੇਤਨ ਵਿਚ ਹਿੰਸਾ ਦਾ ਭਾਵ ਸਮੋਇਆ ਹੋਇਆ ਹੈ। ਸੁਭਾਵਿਕ ਹੈ ਕਿ ਜਦੋਂ ਕਿਸੇ ਵਰਤਾਰੇ ਨਾਲ ਲੰਮੇ ਸਮੇਂ ਤੱਕ ਲੋਕ ਸਮੂਹ ਜੁੜਿਆ ਰਹੇ ਤਾਂ ਉਹ ਵਰਤਾਰਾ ਜਾਂ ਉਸ ਨਾਲ ਜੁੜੇ ਸੰਕਲਪ, ਵਿਸ਼ਵਾਸ ਅਤੇ ਮਨੌਤਾਂ ਲੋਕ ਮਨ ਦਾ ਹਿੱਸਾ ਬਣ ਜਾਂਦੀਆਂ ਹਨ ਜਾਂ ਲੋਕ ਸਮੂਹ ਦੇ ਅਚੇਤਨ ਦਾ ਭਾਗ ਬਣਦੀਆਂ ਹਨ।

ਵਾਸਤਵ ਵਿਚ ਲੋਕਮਨ ਦੀਆਂ ਅਕਾਂਖਿਆਵਾਂ ਅਜਿਹੀਆਂ ਘਟਨਾਵਾਂ ਨੂੰ ਜਨਮ ਦਿੰਦੀਆਂ ਹਨ ਜਿਹੜੀਆਂ ਲੋਕ ਸਮੂਹ ਲਈ ਘਾਤਕ ਹੋ ਨਿਬੜਦੀਆਂ ਹਨ। ਲੋਕਧਾਰਾਈ ਵਰਤਾਰਿਆਂ ਵਿਚ ਲੜਕੀਆਂ ਨੂੰ ਬਿਗਾਨਾ ਧਨ ਸਮਝ ਕੇ, ਕਮਜ਼ੋਰ ਸਮਝ ਕੇ, ਬੋਝ ਸਮਝ ਕੇ ਅਤੇ ਅਪਵਿੱਤਰ ਸਮਝ ਕੇ ਅਸਵਿਕਾਰ ਕੀਤਾ ਜਾਂਦਾ ਰਿਹਾ ਹੈ। ਇਹੋ ਕਾਰਨ ਹੈ ਲੋਕਮਨ ਆਦਿ ਕਾਲ ਤੋਂ ਹੀ ਔਰਤ ਨੂੰ ਜਨਮ ਤੋਂ ਪਹਿਲਾਂ ਅਤੇ ਜਨਮ ਸਮੇਂ ਹੀ ਮਾਰ ਦੇਣ ਦਾ ਹਾਮੀ ਰਿਹਾ ਹੈ ਜਾਂ ਬੁਰਜੂਆ ਸ਼੍ਰੇਣੀ ਇਸਨੂੰ ਭੋਗਣ ਵਾਲੀ ਵਸਤੂ ਹੀ ਸਮਝਦੀ ਰਹੀ ਹੈ। ਭਾਈ ਵੀਰ ਸਿੰਘ ਨੇ ਸੁੰਦਰੀ ਨਾਵਲ ਵਿਚ ਅਜਿਹੀਆਂ ਪਰੰਪਰਕ ਰਵਾਇਤਾਂ ਦਾ ਤਿਆਗ ਕਰਦਿਆਂ ਜਿਥੇ ਔਰਤ ਨੂੰ ਸੂਰਬੀਰਤਾ ਦਾ ਰੁਤਬਾ ਦਿੱਤਾ ਹੈ ਉਥੇ ਸੁੰਦਰੀ ਨੂੰ ਉਨ੍ਹਾਂ ਬਹਾਦਰ ਦੇਵੀਆਂ (ਸਰਸਵਤੀ/ਸੁੰਦਰੀ) ਅਤੇ ਔਰਤਾਂ ਦੀ ਸੰਗਿਆ ਵੀ ਦਿੰਦਾ ਹੈ ਜੋ ਸਿਰਫ ਆਪਣੇ ਲਈ ਨਹੀਂ ਸਮਾਜ ਲਈ ਵੀ ਸੰਘਰਸ਼ ਕਰਦੀਆਂ ਹਨ। ਨਾਵਲ ਵਿਚ ਕਈ ਵਾਰ ਭਾਈ ਵੀਰ ਸਿੰਘ ਸੁੰਦਰੀ ਨੂੰ 'ਸੋਨੇ ਦੀ ਚਿੜੀ' ਕਹਿ ਕੇ ਭਾਰਤ ਅਤੇ ਪੰਜਾਬ ਦੀ ਆਜ਼ਾਦੀ ਦਾ ਪ੍ਰੇਰਨਾ ਸ੍ਰੋਤ ਬਣਦਾ ਹੈ। ਇਕ ਤਰ੍ਹਾਂ ਨਾਲ ਇਹ ਲੋਕ-ਪ੍ਰਤੀਕ ਹਨ ਜੋ ਭਾਈ ਵੀਰ ਸਿੰਘ ਨੇ ਸੁੰਦਰੀ ਨਾਵਲ ਵਿਚ ਕਈ ਥਾਵਾਂ 'ਤੇ ਵਰਤੇ ਹਨ।

ਇਸ ਤਰ੍ਹਾਂ ਨਾਵਲ ਦਾ ਬਿਰਤਾਂਤ ਸਮਾਜਕ ਸੰਘਰਸ਼ ਵੱਲ ਮੁੜਦਾ ਹੈ। ਗੁਲਾਮੀ ਨੂੰ ਗਲੋਂ ਲਾਹੁਣ ਲਈ ਖ਼ਾਲਸੇ ਦਾ ਸੰਘਰਸ਼ ਸਾਹਮਣੇ ਆਉਂਦਾ ਹੈ। ਲੋਕ ਗੀਤ ਵਿਚ ਤਾਂ ਗੋਰੀ ਨੂੰ ਛੁਡਾਉਣ ਲਈ ਉਸਦੇ ਭਰਾ ਪਤੀ ਤੇ ਪਿਉ ਅਸਮਰੱਥ ਰਹਿੰਦੇ ਹਨ ਪਰ ਨਾਵਲ ਵਿਚ ਸੁੰਦਰੀ ਆਪ ਜ਼ੁਲਮ ਦਾ ਖਾਤਮਾ ਕਰਨ ਦੀ ਠਾਣ ਲੈਂਦੀ ਹੈ। ਅੰਤਾਂ ਦਾ ਵਿਸ਼ਵਾਸ ਤੇ ਹੌਂਸਲਾ ਕਰ ਕੇ ਉਹ ਕਹਿੰਦੀ ਹੈ :-

ਇਹ ਹਾਲ ਵੇਖ ਕੇ ਸੁਰੱਸਤੀ ਦੇ ਮਨ ਵਿਚ ਖਬਰੇ ਕੀ ਆਈ ਕਿ ਅੱਥਰੂ ਸੁੱਕ ਗਏ ਅਰ ਦਿਲ ਵਿਚ ਹੌਂਸਲਾ ਭਰ ਗਿਆ। ਉੱਠ ਕੇ ਭਰਾ ਦੇ ਕੰਨ ਵਿਚ ਕਹਿਣ ਲੱਗੀ ਉੱਠ ਵੇ ਉੱਠ। ਮੇਰੀ ਮਾਂ ਦਿਆ ਜਾਇਆ ਉੱਠ। ਘਰਾਂ ਨੂੰ ਜਾਹ ਮੁਗਲ ਦਾ ਪਾਣੀ ਮੈਂ ਨਾ ਪੀਆਂ ਵੀਰਾ। ਮਰਾਂਗੀ ਅੱਗ ਜਲਾ। ਜਦ ਪਿਉ ਭਰਾ ਨੂੰ ਪ੍ਰਤੀਤ ਹੋ ਗਈ ਕਿ ਮੁਗਲ ਕਿਸੇ ਤਰ੍ਹਾਂ ਨਹੀਂ ਛੱਡਦਾ ਅਤੇ ਪੁੱਤਰੀ ਧਰਮ ਛੀਨ ਭੀ ਨਹੀਂ ਕਰੇਗੀ ਤਦ ਸਾਰੇ ਉਠਾ ਕੇ ਟੁੱਟੇ ਲੱਕ ਤੇ ਭੱਜੇ ਦਿਲ ਘਰ ਨੂੰ ਆ ਰਹੇ।

ਲੋਕ-ਬਿਰਤਾਂਤਾਂ ਵਿਚ ਆਮ ਤੌਰ 'ਤੇ ਕਸ਼ਟ ਨਿਵਾਰਣ ਜਾਂ ਸੰਜੋਗੀ-ਮੇਲ ਦੇ ਸੰਕੇਤ ਮਿਲਦੇ ਹਨ। ਕਈ ਲੋਕ-ਕਥਾਵਾਂ ਵਿਚ ਨਾਇਕ ਜਾਂ ਨਾਇਕਾ ਉੱਤੇ ਔਖਾ ਵੇਲਾ ਆਉਂਦਾ ਹੈ ਤਾਂ ਕੋਈ ਮਨੁੱਖ ਜਾਂ ਦੈਵੀ ਸ਼ਕਤੀ ਉਸਦਾ ਕਸ਼ਟ ਨਿਵਾਰਨ ਲਈ ਪਰਗਟ ਹੁੰਦੀ ਹੈ। ਸੁੰਦਰੀ ਨਾਵਲ ਵਿਚ ਵੀ ਜਦੋਂ ਸੁੰਦਰੀ ਉੱਤੇ ਬਿਪਤਾ ਪੈਂਦੀ ਹੈ ਤਾਂ ਉਸਦਾ ਭਰਾ ਜੋ ਸਿੰਘ ਸੱਜ ਚੁੱਕਾ ਹੈ ਉਸ ਨੂੰ ਬਚਾਉਣ ਲਈ ਪਹੁੰਚ ਜਾਂਦਾ ਹੈ। ਇਸਦੇ ਨਾਲ ਹੀ ਭਾਈ ਵੀਰ ਸਿੰਘ ਨੇ ਸੁੰਦਰੀ ਨਾਵਲ ਵਿਚ ਪੰਜਾਬੀ ਲੋਕਧਾਰਾ ਵਿਭਿੰਨ ਵਰਤਾਰਿਆਂ, ਰਹਿਣ-ਸਹਿਣ, ਕੰਮ-ਧੰਦੇ, ਰੀਤੀ ਰਿਵਾਜਾਂ ਆਦਿ ਦੀ ਪੇਸ਼ਕਾਰੀ ਬੜੇ ਸੁਚੱਜੇ ਢੰਗ ਨਾਲ ਕੀਤੀ ਹੈ। ਭਾਈ ਵੀਰ ਸਿੰਘ ਨੇ ਕਈ ਤੱਥਾਂ ਨੂੰ ਪੇਸ਼ ਕਰਨ ਲਈ ਲੋਕ ਗੀਤਾਂ, ਧਾਰਮਿਕ ਗ੍ਰੰਥਾਂ ਅਤੇ ਗੁਰਬਾਣੀ ਦੀਆਂ ਪੰਕਤੀਆਂ ਦਾ ਹਵਾਲਾ ਵੀ ਦਿੱਤਾ ਹੈ।

ਸਮੁੱਚੇ ਤੌਰ 'ਤੇ ਕਿਹਾ ਜਾ ਸਕਦਾ ਹੈ ਕਿ ਭਾਈ ਵੀਰ ਸਿੰਘ ਦਾ ਪ੍ਰਥਮ ਨਾਵਲ ਸੁੰਦਰੀ ਲੋਕਧਾਰਾਈ ਵੇਰਵਿਆਂ ਤੇ ਵਰਤਾਰਿਆਂ ਨਾਲ ਓਤ-ਪੋਤ ਹੈ। ਇਸ ਵਿਚ ਭਾਈ ਵੀਰ ਸਿੰਘ ਨੇ ਲੋਕਧਾਰਾਈ ਤੱਥਾਂ ਦੀ ਪੇਸ਼ਕਾਰੀ ਧਾਰਮਿਕ, ਇਤਿਹਾਸਕ, ਸਾਂਸਕ੍ਰਿਤਕ ਅਤੇ ਦਾਰਸ਼ਨਿਕ ਪੱਖ ਤੋਂ ਕੀਤੀ ਹੈ।





ਪ੍ਰਮਿੰਦਰ ਸਿੰਘ ਪ੍ਰਵਾਨਾ
510-415-9377

# 'ਗੁਰਦਾਸ ਨੰਗਲ' ਦਾ ਫ਼ੈਸਲਾਕੁੰਨ ਟਾਕਰਾ

ਸਾਹਿਬ-ਏ-ਕਮਾਲ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਆਪਣੇ ਗੁਰੂਕਾਲ ਦੇ ਆਖਰੀ ਸਮੇਂ 1708 ਈ. ਨੂੰ ਨਾਂਦੇੜ ਵਿਚ ਸਨ। ਉਸ ਸਮੇਂ ਮਾਧੋਦਾਸ ਨੇ ਨਾਂਦੇੜ ਕੰਢੇ ਆਪਣਾ ਸੁੰਦਰ ਟਿਕਾਣਾ ਬਣਾਇਆ ਹੋਇਆ ਸੀ। ਉੱਥੇ ਆਪਣੀ ਯੋਗ ਵਿਦਿਆ ਨਾਲ ਲੋਕਾਂ ਨੂੰ ਭਰਮਾਉਣ ਲੱਗਾ। ਗੁਰੂ ਸਾਹਿਬ ਜੀ ਨੂੰ ਉਸ ਦੀਆਂ ਅਜਿਹੀਆਂ ਕਾਰਵਾਈਆਂ ਦੀ ਪੂਰੀ ਖ਼ਬਰ ਸੀ। ਸਤੰਬਰ 1708 ਈ. ਵਿਚ ਗੁਰੂ ਸਾਹਿਬ ਜੀ ਮਾਧੋਦਾਸ ਨੂੰ ਉਸ ਦੇ ਟਿਕਾਣੇ ਜਾ ਮਿਲੇ। ਮਾਧੋਦਾਸ ਗੁਰੂ ਸਾਹਿਬ ਜੀ ਦੀ ਸ਼ਖਸੀਅਤ ਦਾ ਤੇਜ ਪ੍ਰਤਾਪ ਵੇਖ ਕੇ ਬੜਾ ਪ੍ਰਭਾਵਿਤ ਹੋਇਆ ਕਿ ਗੁਰੂ ਸਾਹਿਬ ਜੀ ਦਾ ਗੁਲਾਮ ਹੋ ਕੇ ਰਹਿ ਗਿਆ। ਉਸ ਗੁਰੂ ਸਾਹਿਬ ਜੀ ਨੂੰ ਕਿਹਾ ਕਿ ਇਸ ਬੰਦੇ ਤੇ ਆਪਣੇ ਰਹਿਮ ਦੀ ਕ੍ਰਿਪਾ ਕਰੋ। ਮੈਂ ਆਪ ਜੀ ਦਾ ਸੇਵਕ ਬੰਦਾ ਹਾ। ਗੁਰੂ ਸਾਹਿਬ ਜੀ ਨੂੰ ਵੀ ਉਸ ਸਮੇਂ ਖ਼ਾਲਸਾ ਪੰਥ ਦੀ ਅਗਵਾਈ ਸੌਂਪਣ ਲਈ ਇਕ ਬੰਦੇ ਦੀ ਤਲਾਸ਼ ਸੀ। ਗੁਰੂ ਸਾਹਿਬ ਜੀ ਨੇ ਜਾਣ ਲਿਆ ਕਿ ਉਨ੍ਹਾਂ ਨੂੰ ਉਹ ਬੰਦਾ ਲੱਭ ਗਿਆ ਹੈ।

ਗੁਰੂ ਸਾਹਿਬ ਜੀ ਨੇ ਮਾਧੋਦਾਸ ਨੂੰ ਅੰਮ੍ਰਿਤ ਦੀ ਦਾਤ ਬਖ਼ਸ ਕੇ ਬੰਦਾ ਸਿੰਘ ਨਾਂ ਦਿੱਤਾ ਅਤੇ ਸਨਮਾਨ ਵਜੋਂ ਨਾਲ 'ਬਹਾਦਰ' ਜੋੜ ਦਿੱਤਾ। ਉਸ ਵੇਲੇ ਬਾਬਾ ਜੀ ਦੀ ਉਮਰ 38 ਸਾਲ ਸੀ। ਚਿਹਰੇ ਤੇ ਗੰਭੀਰਤਾ ਵਾਲਾ ਜਲਾਲ ਸੀ। ਗੁਰੂ ਪ੍ਰਤੀ ਗੰਭੀਰ ਨਿਸ਼ਠਾ ਸੀ। ਨਿਸ਼ਚੇ ਨਾਲ ਜੰਗ ਵਿਚ ਕਮਾਲ ਕਰ ਵਿਖਾਇਆ। ਸਰੀਰ ਪੱਖੋਂ ਭਾਵੇਂ ਸਾਵੇਂ ਸਨ, ਪਰ ਫੁਰਤੀਲੇ ਬਹੁਤ ਸਨ। ਇਹੀ ਉਨ੍ਹਾਂ ਦੀ ਬਹਾਦਰੀ ਦਾ ਕਰਤਬ ਸੀ। ਉਨ੍ਹਾਂ ਨੇ ਜੀਅ ਜਾਨ ਨਾਲ ਖ਼ਾਲਸਾ ਪੰਥ ਦੀ ਵਾਗਡੋਰ ਸੰਭਾਲੀ। ਜੋ ਉਨ੍ਹਾਂ ਨੂੰ ਪੰਥ ਦੀ ਸੇਵਾ ਕਰਨ ਦਾ ਸੁਭਾਗ ਪ੍ਰਾਪਤ ਹੋਇਆ। ਗੁਰੂ ਸਾਹਿਬ ਜੀ ਨੇ ਉਨ੍ਹਾਂ ਨੂੰ ਸਿੱਖੀ ਦੇ ਜੰਗੀ ਇਤਿਹਾਸ ਅਤੇ ਲੰਮੇ ਸਮੇਂ ਦੇ ਸੰਘਰਸ਼ ਤੋਂ ਵਿਚਥਾਰ ਵਿਚ ਜਾਣੂ ਕਰਵਾਇਆ ਕਿ ਉਹ ਮਾਨਸਿਕ ਤੌਰ 'ਤੇ ਆਪਣੇ ਫਰਜ਼ ਲਈ ਤਿਆਰ ਹੋ ਸਕਣ। ਗੁਰੂ ਸਾਹਿਬ ਜੀ ਨੇ ਕਿਹਾ ਕਿ ਪੰਥ ਦੀ ਸੇਵਾ ਹੀ ਇਸ ਸਮੇਂ ਪੰਥ ਵਾਸਤੇ ਉਤਮ ਕਾਰਜ ਹੈ। ਗੁਰੂ ਸਾਹਿਬ ਜੀ ਨੇ ਉਨ੍ਹਾਂ ਨੂੰ ਖ਼ਾਲਸਾ ਪੰਥ ਦੇ ਜਥੇਦਾਰ ਦੀ ਜਿੰਮੇਵਾਰੀ ਸੌਂਪ ਕੇ ਪੰਜਾਬ ਵੱਲ ਤੋਰਿਆ। ਗੁਰੂ ਸਾਹਿਬ ਜੀ ਨੇ ਸਿੱਖਾਂ ਲਈ ਹੁਕਮਨਾਮੇ ਲਿਖ ਕੇ ਦਿੱਤੇ ਕਿ ਬੰਦਾ ਸਿੰਘ ਜੀ ਬਹਾਦਰ ਨੂੰ ਆਪਣਾ ਆਗੂ ਮੰਨਣ। ਮੁਗਲਾਂ ਵਿਰੁਧ ਆਰੰਭੀਆਂ ਜਾਣ ਵਾਲੀਆਂ ਜੰਗਾਂ ਵਿਚ ਉਨ੍ਹਾਂ ਦਾ ਸਾਥ ਦੇਣ। ਪਛਾਣ ਵਜੋਂ ਨਿਸ਼ਾਨ (ਝੰਡਾ) ਤੇ ਨਗਾਰਾ ਦਿੱਤਾ। ਪੰਜ ਤੀਰ ਦਿੱਤੇ। ਪੰਜ ਸਿੰਘ ਬਾਬਾ ਬਿਨੋਦ ਸਿੰਘ, ਬਾਬਾ ਕਾਹਨ ਸਿੰਘ, ਬਾਬਾ ਬਾਜ਼ ਸਿੰਘ, ਬਾਬਾ ਦਇਆ ਸਿੰਘ ਅਤੇ ਭਾਈ ਰਣ ਸਿੰਘ ਸਲਾਹਕਾਰ ਤੋਰੇ। ਕੁਝ ਹਥਿਆਰ ਵੀ ਦਿੱਤੇ। ਗੁਰੂ ਸਾਹਿਬ ਜੀ ਦੇ ਦੱਸੇ ਰਾਹ ਤੇ ਇਹ ਕਾਫ਼ਲਾ ਅਕਤੂਬਰ 1708 ਨੂੰ ਪੰਜਾਬ ਵੱਲ ਵਧਿਆ।

ਜੈਪੁਰ ਅਤੇ ਰਾਜਪੂਤ ਰਿਆਸਤਾਂ ਦਿੱਲੀ ਆਦਿ ਲੰਘ ਕੇ ਰੋਹਤਕ ਸੋਨੀਪਤ ਤੋਂ ਹੁੰਦਾ ਹੋਇਆ ਸਹੇੜੀ ਖੰਡਾ ਪਿੰਡ ਵਿਚ ਰੁਕਿਆ। ਇਥੋਂ ਬਾਬਾ ਜੀ ਨੇ ਸਫਲ ਜਰਨੈਲ ਵਾਂਗ ਰਣਨੀਤੀ ਤਹਿ ਕੀਤੀ। ਇਥੋਂ ਉਨ੍ਹਾਂ ਸੂਚਨਾ ਪੱਤਰ ਅਤੇ ਗੁਰੂ ਸਾਹਿਬ ਜੀ ਦੇ ਲਿਖੇ ਹੁਕਮਨਾਮੇ ਜਾਰੀ ਕੀਤੇ, ਕਿ ਹਥਿਆਰਬੰਦ ਹੋ ਕੇ ਪਿੰਡ ਸਹੇੜੀ ਖੰਡਾ ਸਿੰਘ ਪਹੁੰਚਣ। ਸਿੰਘਾਂ ਨੂੰ ਜੋ ਵੀ ਹਥਿਆਰ ਲੱਭਾ ਲੈ ਕੇ ਜਥਿਆਂ ਦੇ ਰੂਪ ਵਿਚ ਪਹੁੰਚਣ ਲੱਗੇ। ਪਹਿਲਾਂ ਮਾਲਵੇ ਵਿਚੋਂ ਵੱਡੀ ਗਿਣਤੀ ਵਿਚ ਸਿੰਘ ਪਹੁੰਚੇ। ਜਿਨ੍ਹਾਂ ਵਿਚ ਭਾਈ ਭਗਤੂ ਦਾ ਪੋਤਰਾ ਫਤਹਿ ਸਿੰਘ, ਭਾਈ ਰੂਪੇ ਵਲੋਂ ਕਰਮ ਸਿੰਘ, ਧਰਮ ਸਿੰਘ ਅਤੇ ਨਗਾਹੀਆ ਸਿੰਘ ਤੇ ਚੂਹੜ ਸਿੰਘ ਜਥੇ ਲੈ ਕੇ ਪਹੁੰਚੇ। ਸਲੌਦੀ ਲੁਧਿਆਣਾ ਦੇ ਆਲੀ ਸਿੰਘ, ਮਾਲੀ ਸਿੰਘ ਪਹੁੰਚੇ। ਫੂਲਕੀਆਂ ਘਰਾਣੇ ਦੇ ਚੌਧਰੀ ਰਾਮ ਸਿੰਘ ਅਤੇ ਤਰਲੋਕ ਸਿੰਘ ਨੇ ਖਰਚਾ ਅਤੇ ਜੰਗੀ ਅਸਲਾ ਸਮਾਨ ਦੇ ਕੇ ਆਪਣੇ ਸਿੰਘ ਭੇਜੇ। ਪਿੰਡ ਸਹੇੜੀ ਖੰਡਾ ਧਰਮ ਯੁੱਧ ਦੀ ਇਕ ਵੱਡੀ ਫੌਜੀ ਛਾਉਣੀ ਦਾ ਕੇਂਦਰ ਬਣ ਗਿਆ।

ਇਥੋਂ ਬਾਬਾ ਜੀ ਦੀ ਜੰਗੀ ਮੁਹਿਮ ਸ਼ੁਰੂ ਹੁੰਦੀ ਹੈ। ਬਾਬਾ ਜੀ ਵਲੋਂ ਜੰਗਾਂ ਲੜੀਆਂ ਗਈਆਂ ਜਿਵੇਂ : ਸੋਨੀਪਤ, ਸਮਾਣਾ, ਚਪੜਚਿੜੀ, ਸਢੌਰਾ, ਲੋਹਗੜ੍ਹ, ਜੰਮੂ, ਰਾਹੋਂ, ਜਲਾਲਾਬਾਦ, ਸਰਹਿੰਦ ਅਤੇ ਵਿਸ਼ੇ ਅਧੀਨ ਗੁਰਦਾਸ ਨੰਗਲ (1 ਅਪ੍ਰੈਲ-7 ਦਸੰਬਰ 1715)

ਬਾਬਾ ਬੰਦਾ ਸਿੰਘ ਬਹਾਦਰ ਅਤੇ ਸਿੰਘਾਂ ਦੀਆਂ ਜਿੱਤਾਂ ਨਾਲ ਉਹ ਪੰਜਾਬ ਵੱਲ ਆ ਨਿਤਰੇ। ਮੁਗਲ ਬਾਦਸ਼ਾਹ ਫਾਰੂਖ ਸਈਅਰ ਚੌਕੰਨਾ ਹੋ ਗਿਆ। ਮਾਰਚ 14, 1715 ਨੂੰ ਬਾਬਾ ਜੀ ਨੇ ਕਲਾਨੌਰ, ਬਟਾਲਾ ਅਤੇ ਰਾਏਪੁਰ ਤੇ ਕਬਜਾ ਕਰ ਲਿਆ। ਮਾਰਚ 15, 1715 ਨੂੰ ਬਹੁਤ ਸਾਰੇ ਹਿੰਦੂ ਮੁਸਲਮਾਨ ਸਰਦਾਰਾਂ ਨੂੰ ਮੁਗਲ ਬਾਦਸ਼ਾਹ ਦਾ ਹੁਕਮ ਹੋਇਆ ਕਿ ਆਪਣੀਆਂ ਫੌਜਾਂ ਤਿਆਰ ਕਰਕੇ ਅਬਦੁਲ ਸਮੁੰਦ ਖਾਨ ਦੀ ਫੌਜ ਵਿਚ ਲਾਹੌਰ ਵਿਖੇ ਸ਼ਾਮਲ ਹਣ। ਗੁਜਰਾਤ, ਐਮਨਾਬਾਦ, ਪਸਰੂਰ, ਬਟਾਲਾ, ਪੱਟੀ ਅਤੇ ਕਲਾਨੌਰ ਦੀਆਂ ਫੌਜਾਂ, ਉਪਰੰਤ ਕਟੌਚ ਅਤੇ ਜਸਰੋਦਾ ਦੇ ਹਿੰਦੂ ਰਾਜਿਆਂ ਨੇ ਲਾਹੌਰ ਤੋਂ ਇਕੱਠਿਆਂ ਬਾਬਾ ਜੀ ਵਿਰੁਧ ਵਧਣਾ ਸ਼ੁਰੂ ਕਰ ਦਿੱਤਾ।

ਸਿੰਘ ਲਾਹੌਰ ਤੋਂ 12 ਕੁ ਕੋਹ ਤੱਕ ਆ ਚੁੱਕੇ ਸਨ। ਬਾਬਾ ਜੀ ਨੇ ਬਟਾਲਾ ਅਤੇ ਕਲਾਨੌਰ ਵਿਚਕਾਰ ਕੋਟ ਮਿਰਜਾ ਜਾਨ ਪਿੰਡ ਵਿਚ ਕੱਚੀ ਗੜ੍ਹੀ ਬਣਾਉਣ ਦਾ ਫੈਸਲਾ ਕੀਤਾ। ਅਜੇ ਤਿਆਰੀਆਂ ਸ਼ੁਰੂ ਹੀ ਸਨ ਕਿ ਅਬਦੁਲ ਸਮੁੰਦ ਖਾਨ ਦੀਆਂ ਰਲਵੀਆਂ ਫੌਜਾਂ ਸਿਰ ਤੇ ਆਣ ਪੁੱਜੀਆਂ। ਸੀਅਰਲਮੁਤਾਖਰੀਨ ਦਾ ਲੇਖਕ ਦੱਸਦਾ ਹੈ ਕਿ ਬਾਬਾ ਜੀ ਨੇ ਅਜਿਹਾ ਡਟ ਕੇ ਟਾਕਰਾ ਕੀਤਾ ਕਿ ਇਕ ਵਾਰ ਤਾਂ ਵੈਰੀ ਦੇ ਪੈਰ ਉਖੜ ਗਏ ਸਨ। ਪਰ ਦੁਸ਼ਮਣ ਦੀ ਭਾਰੀ ਫੌਜ ਦਾ ਟਾਕਰਾ ਕੱਚੀ ਗੜ੍ਹੀ ਤੋਂ ਬਹੁਤੀ ਦੇਰ ਤੱਕ ਨਹੀਂ ਕੀਤਾ ਜਾ ਸਕਦਾ ਸੀ। ਬਾਬਾ ਜੀ ਨੂੰ ਉਥੋਂ ਟਿਕਾਣਾ ਬਦਲਣਾ ਪਿਆ। ਸਿੰਘਾਂ ਦੇ ਸ਼ਹੀਦ ਹੁੰਦੇ ਜਾਣ ਤੇ ਵੀ ਬਾਬਾ ਜੀ ਠਰਮੇ ਨਾਲ ਇਕ ਟਿਕਾਣੇ ਤੋਂ ਦੂਸਰੇ ਟਿਕਾਣੇ ਤੇ ਪਹੁੰਚੇ ਰਹੇ। ਵੈਰੀ ਦੀਆਂ ਫੌਜਾਂ ਤੇ ਕਾਬੂ ਪਾਉਂਦੇ ਗੁਰਦਾਸਪੁਰ ਵੱਲ ਵਧਦੇ ਗਏ।'

ਗੁਰਦਾਸਪੁਰ ਦੇ ਇਕ ਪੁਰਾਣੇ ਪਿੰਡ ਜਾ ਟਿਕਾਣਾ ਕੀਤਾ। ਇਸ ਢਹਿ ਢੇਰੀ ਹੋਏ ਪਿੰਡ ਨੂੰ 'ਬੰਦੇ ਦੀ ਥੇਹ' ਕਹਿੰਦੇ ਹਨ ਜੋ ਗੁਰਦਾਸਪੁਰ ਤੋਂ ਚਾਰ ਕੁ ਮੀਲ ਪੱਛਮ ਵੱਲ ਪਿੰਡ ਗੁਰਦਾਸ ਨੰਗਲ ਵਿਚ ਭਾਈ ਦੁਨੀ ਚੰਦ ਦੇ ਅਹਾਤੇ ਵਿਚ ਜਾ ਠਹਿਰੇ। ਸਬੱਬੀ ਦੁਆਲੇ ਉੱਚੀ ਪੱਕੀ ਕੰਧ ਦਾ ਆਸਰਾ ਸੀ। ਬਾਬਾ ਜੀ ਨੇ ਇਕ ਸਫ਼ਲ ਰਣਨੀਤੀਕਾਰ ਵਜੋਂ ਮੋਰਚਾ ਗੱਡ ਦਿੱਤਾ। ਜਲਦੀ ਹੀ ਰਾਸ਼ਨ ਪਾਣੀ ਅਤੇ ਜੰਗੀ ਸਮਾਨ ਅਸਲਾ ਆਦਿ ਜਮ੍ਹਾਂ ਕਰ ਲਿਆ। ਵੈਰੀ ਦੀ ਫੌਜ ਦੇ ਟਾਕਰੇ ਲਈ ਤਿਆਰ ਸਨ। ਨਾਲ ਲਗਦੀ ਇਕ ਖਾਈ ਵਿਚ ਨਹਿਰ ਦਾ ਪਾਣੀ ਕੱਟ ਕੇ ਭਰ ਲਿਆ। ਦੁਆਲੇ ਚਿੱਕੜ ਦਲ ਦਲ ਵਿਛਾ ਲਈ ਕਿ ਵੈਰੀ ਦੀ ਫੌਜ ਲਈ ਅੜਿੱਕਾ ਬਣਿਆ ਰਹੇ ਅਤੇ ਛੇਤੀ ਨਾਲ ਹਮਲਾ ਨਾ ਕਰ ਸਕੇ।

7 ਅਪ੍ਰੈਲ 1715 ਨੂੰ ਅਬਦੁਲ ਸਮੁੰਦ ਖਾਨ ਰਲਵੀਂ ਫੌਜ ਨਾਲ ਗੁਰਦਾਸ ਨੰਗਲ ਦੇ ਟਿਕਾਣੇ ਤੇ ਪੁੱਜ ਗਿਆ। ਵੈਰੀ ਨੇ ਵੀ ਆਪਣੇ ਮੋਰਚੇ ਲਾਉਣੇ ਸ਼ੁਰੂ ਕਰ ਦਿੱਤੇ। ਬਾਦਸ਼ਾਹ ਦਾ ਹੁਕਮ ਸੀ ਕਿ ਬਾਬਾ ਜੀ ਅਤੇ ਉਸ ਦੇ ਸਾਥੀਆਂ ਨੂੰ ਕੈਦ ਕਰ ਲਉ ਜਾਂ ਕਤਲ ਕਰ ਦਿਓ। ਸਿੰਘ ਉਸ ਵੇਲੇ ਪਿੰਡਾਂ ਵਿਚੋਂ ਦਾਣਾ ਫੱਕਾ, ਘਾਹ ਪੱਠਾ ਅਤੇ ਰਾਸ਼ਨ ਇਕੱਠਾ ਕਰਨ ਲਈ ਨਿਕਲੇ ਹੋਏ ਸਨ। ਉਹ ਸ਼ਾਹੀ ਫੌਜ ਦੇ ਹੱਥ ਆ ਗਏ। ਵੈਰੀਆਂ ਨੇ ਉਨ੍ਹਾਂ ਨੂੰ ਬੁਰੀ ਤਰ੍ਹਾਂ ਤਸੀਹੇ ਦੇ ਕੇ ਸ਼ਹੀਦ ਕਰ ਦਿੱਤਾ। ਵੈਰੀ ਨੇ ਹਾਤੇ ਨੂੰ ਸਖਤ ਘੇਰਾ ਪਾ ਲਿਆ ਕਿ ਕੋਈ ਵੀ ਚੀਜ਼ ਸਿੰਘਾਂ ਤੱਕ ਅੰਦਰ ਨਾ ਪਹੁੰਚ ਸਕੇ।

ਇਬਰਤਨਾਮਾ ਦਾ ਲੇਖਕ ਮੁਹੰਮਦ ਕਾਸਿਮ ਮੌਕੇ ਦਾ ਗਵਾਹ ਲਿਖਦਾ ਹੈ ਕਿ ਸਿੰਘਾਂ ਦੀ ਬਹਾਦਰੀ ਤੇ ਦਲੇਰੀ ਦੇ ਕਾਰਨਾਮੇ ਹੈਰਾਨ ਕਰਨ ਵਾਲੇ ਸਨ। ਰੋਜ਼ 40-50 ਸਿੰਘ ਹਾਤੇ ਤੋਂ ਬਾਹਰ ਆਉਂਦੇ ਘਾਹ ਪੱਠਾ ਰਾਸ਼ਨ ਇਕੱਠਾ ਕਰਦੇ, ਜਦ ਸ਼ਾਹੀ ਫੌਜ ਨਾਲ ਉਨ੍ਹਾਂ ਦਾ ਟਾਕਰਾ ਹੁੰਦਾ ਤਾਂ ਸਿੰਘ ਤੀਰ, ਬੰਦੂਕਾਂ ਤਲਵਾਰਾਂ ਨਾਲ ਵੈਰੀਆਂ ਦਾ ਖਾਤਮਾ ਕਰ ਦੇਂਦੇ। ਵੈਰੀ ਨੂੰ ਪਿੱਛੇ ਮੁੜਨਾ ਪੈਂਦਾ। ਵੈਰੀ ਨੂੰ ਸ਼ੱਕ ਸੀ ਕਿ ਬਾਬਾ ਜੀ ਕੋਲ ਵੱਡੀ ਫੌਜੀ ਅਤੇ ਬਹੁਤ ਸਾਰਾ ਜੰਗੀ ਸਮਾਨ ਅਤੇ ਕੀਮਤੀ ਵਸਤਾਂ ਹਨ। ਇਸ ਗੱਲੋਂ ਵੈਰੀ ਵੱਡਾ ਹਮਲਾ ਕਰਨ ਤੋਂ ਡਰਦੇ ਸਨ। ਉਨ੍ਹਾਂ ਦਾ ਝੜਪ ਲੈਣ ਦਾ ਹੌਂਸਲਾ ਨਾ ਪੈਂਦਾ। ਵੈਰੀ ਨਿੱਤ ਦੀਆਂ ਸਿੰਘਾਂ ਨਾਲ ਹੁੰਦੀਆਂ ਝੜਪਾਂ ਤੋਂ ਤੰਗ ਆ ਚੁੱਕੇ ਸਨ। ਵੈਰੀ ਕਹਿੰਦੇ ਕਿ ਕਿਸੇ ਤਰ੍ਹਾਂ ਬਾਬਾ ਜੀ ਦੇ ਸਿੰਘ ਉਨ੍ਹਾਂ ਨੂੰ ਹਾਤੇ ਵਿਚੋਂ ਭਜਾ ਕੇ ਲੈ ਜਾਣ ਅਤੇ ਸਾਡੀ ਜਾਨ ਛੁੱਟ ਜਾਵੇ। ਉਹ ਸਿੰਘਾਂ ਤੋਂ ਇਤਨੇ ਭੈਭੀਤ ਸਨ ਕਿ ਜਦੋਂ ਕੋਈ ਪੱਤਾ ਵੀ ਹਿਲਦਾ ਤਾਂ ਡਰ ਜਾਂਦੇ ਕਿ ਸਿੰਘ ਆ ਗਏ ਹਨ।

ਬਾਬਾ ਜੀ ਹਾਤੇ ਵਿਚ ਡਟੇ ਹੋਏ ਸਨ। ਬਾਹਰ ਵੱਡੀਆਂ ਫੌਜਾਂ ਸਨ। ਮੁਕਾਬਲਾ ਅਸਾਵਾਂ ਸੀ। ਸਿੰਘਾਂ ਨੇ ਸੰਸਾਰ ਭਰ ਵਿਚ ਸਭ ਤੋਂ ਵੱਡੀਆਂ ਅਤੇ ਲੰਬੀਆਂ ਗੁਰੀਲਾ ਜੰਗਾਂ ਲੜੀਆਂ ਹਨ। ਸਿੰਘ ਉਸੇ ਨੀਤੀ ਹੇਠ ਬਾਹਰ ਆਉਂਦੇ ਖਾਣ ਪੀਣ ਦੀਆਂ ਵਸਤਾਂ ਲੈ ਕੇ ਵਾਪਸ ਆ ਜਾਂਦੇ। ਵੈਰੀ ਨੇ ਹੁਣ ਘੇਰਾ ਤੰਗ ਕਰਨਾ ਸ਼ੁਰੂ ਕਰ ਦਿੱਤਾ। ਉਨ੍ਹਾਂ ਦੇ ਤੰਬੂ ਹਾਤੇ ਦੇ ਨੇੜੇ ਆਉਣ ਲੱਗੇ। ਉਨ੍ਹਾਂ ਮਿੱਟੀ ਦੀਆਂ ਢੇਰਾਂ ਦੀਆਂ ਰੋਕਾਂ ਬਣਾ ਲਈਆਂ। ਝੜਪਾਂ ਵਿਚ ਸਿੰਘਾਂ ਨੇ ਕਈ ਵਾਰ ਵੈਰੀਆਂ ਦੀਆਂ (**ਬਾਕੀ ਸਫ਼ਾ 30 'ਤੇ**)








# ਪੰਜਾਬ ਦੀਆਂ ਮੁਟਿਆਰਾਂ ਚਿੱਟੇ ਦੇ ਚੱਕਰਵਿਊ ਵਿਚ

ਮੋਹਨ ਸ਼ਰਮਾ

ਦੁਖਾਂਤਕ ਪੱਖ ਇਹ ਵੀ ਹੈ ਕਿ ਹੁਣ ਮੁੰਡਿਆਂ ਦੇ ਨਾਲ-ਨਾਲ ਬਹੁਤ ਸਾਰੀਆਂ ਕੁੜੀਆਂ ਜਿੱਥੇ ਚਿੱਟੇ ਦੀ ਵਰਤੋਂ ਕਰਦੀਆਂ ਹਨ, ਉੱਥੇ ਹੀ ਨਸ਼ੇ ਦੀ ਖੇਪ ਇਕ ਥਾਂ ਤੋਂ ਦੂਜੀ ਥਾਂ ਪਹੁੰਚਾਉਣ ਲਈ ਕੂਰੀਅਰ ਵਜੋਂ ਵੀ ਕੰਮ ਕਰ ਰਹੀਆਂ ਹਨ। ਅਜਿਹੇ ਵਰਤਾਰੇ ਵਿਚ ਨੈਤਿਕ ਕਦਰਾਂ-ਕੀਮਤਾਂ, ਸਦਾਚਾਰ, ਭਾਈਚਾਰਕ ਤੰਦਾਂ, ਉੱਚ ਆਦਰਸ਼ ਤੇ ਸਹਿਣਸ਼ੀਲਤਾ ਖੇਰੂੰ-ਖੇਰੂੰ ਹੋਣ ਦੇ ਨਾਲ-ਨਾਲ ਪਰਿਵਾਰ ਅਤੇ ਪ੍ਰਾਂਤ ਦੀ ਅਰਥ ਵਿਵਸਥਾ, ਸਿੱਖਿਆ, ਸਿਹਤ, ਰੁਜ਼ਗਾਰ, ਵਿਅਕਤੀਤਵ ਵਿਕਾਸ, ਕਾਨੂੰਨ ਦੀ ਉਲੰਘਣਾ, ਅਨੁਸ਼ਾਸਨਹੀਣਤਾ ਆਦਿ ’ਤੇ ਵੀ ਪ੍ਰਸ਼ਨ ਚਿੰਨ੍ਹ ਲੱਗ ਗਿਆ ਹੈ। ਇਸ ਵੇਲੇ ਸਮਾਜ ਬਿਮਾਰ ਹੈ ਅਤੇ ਬਿਮਾਰ ਸਮਾਜ ਕਦੇ ਵੀ ਤਰੱਕੀ ਦੀਆਂ ਬੁਲੰਦੀਆਂ ਨਹੀਂ ਛੋਹ ਸਕਦਾ। ਭਲਾਂ, ਜਿੱਥੇ ਬਜ਼ੁਰਗਾਂ ਦੀ ਚਿੱਟੀ ਦਾੜ੍ਹੀ ਹੰਝੂਆਂ ਨਾਲ ਭਰੀ ਹੋਵੇ, ਜਿੱਥੇ ਮਾਵਾਂ ਦੇ ਕੀਰਨੇ ਕੰਧਾਂ ਨੂੰ ਵੀ ਰੁਆ ਰਹੇ ਹੋਣ, ਜਿੱਥੇ ਵਿਹੜੇ ਵਿਚ ਵਿਛੇ ਸੱਥਰਾਂ ਦੀ ਗਿਣਤੀ ਵਿਚ ਲਗਾਤਾਰ ਵਾਧਾ ਹੋ ਰਿਹਾ ਹੋਵੇ ਅਤੇ ਹਰ ਰੋਜ਼ ਨਸ਼ਿਆਂ ਕਾਰਨ ਸਿਵਿਆਂ ਦੀ ਅੱਗ ਪ੍ਰਚੰਡ ਹੋ ਰਹੀ ਹੋਵੇ, ਉੱਥੇ ‘ਵਿਕਾਸ ਦੀ ਹਨੇਰੀ’ ਦਾ ਦਾਅਵਾ ਥੋਥਾ ਜਿਹਾ ਜਾਪਦਾ ਹੈ। ਪੰਜਾਬ ਵਿਚ ਬਹੁਤ ਸਾਰੀਆਂ ਅਜਿਹੀਆਂ ਵੀਡੀਓ ਸੋਸ਼ਲ ਮੀਡੀਆ ’ਤੇ ਵਾਇਰਲ ਹੋ ਰਹੀਆਂ ਹਨ ਜਿੱਥੇ ਕੁੜੀਆਂ ਨੂੰ ਨਸ਼ੇ ਵਿਚ ਟੱਲੀ ਹੋ ਕੇ ਸੜਕ ’ਤੇ ਬੇਹੋਸ਼ੀ ਦੀ ਹਾਲਤ ਵਿਚ ਡਿੱਗੀਆਂ ਪਈਆਂ ਵਿਖਾਇਆ ਗਿਆ ਹੈ। ਬੱਸ ਵਿਚ ਕੁੜੀਆਂ ਦੀਆਂ ਢਾਣੀਆਂ ਨੂੰ ਨਸ਼ਈ ਹਾਲਤ ਵਿਚ ਸੱਭਿਅਤਾਹੀਣ ਹਰਕਤਾਂ ਕਰਦਿਆਂ ਵੀ ਵੇਖਿਆ ਗਿਆ ਹੈ। ਬੱਚਿਆਂ ਦੇ ਮਾਹਿਰ ਡਾ. ਰਿਚਰਡ ਰੌਡ ਨੇ ਪ੍ਰਗਟਾਵਾ ਕੀਤਾ ਹੈ ਕਿ ਨਸ਼ਾ ਕਰਨ ਵਾਲੀਆਂ ਔਰਤਾਂ ਦੇ ਪੇਟ ਵਿਚ ਪਲ ਰਹੇ ਬੱਚੇ ਦੇ ਦਿਮਾਗੀ ਵਿਕਾਸ ’ਤੇ ਬੁਰਾ ਅਸਰ ਪੈਂਦਾ ਹੈ ਅਤੇ ਉਹ ਯਹੂਦੀ ਟਾਈਪ ਵੀ ਹੋਵੇਗਾ। ਦੂਜੇ ਸ਼ਬਦਾਂ ਵਿਚ ਅਜਿਹੀ ਮਾਰੂ ਅਤੇ ਚਿੰਤਾਜਨਕ ਸਥਿਤੀ ਵਿਚ ਪੰਜਾਬ ਦੇ ਭਵਿੱਖ ਦੇ ਨਾਲ-ਨਾਲ ਨਸਲਾਂ ਨੂੰ ਵੀ ਗੰਭੀਰ ਖ਼ਤਰਾ ਹੈ।





ਕੁਝ ਸਮਾਂ ਪਹਿਲਾਂ ਰੋਪੜ ਦੇ ਹਸਪਤਾਲ ਵਿਚ ਇਕ 8-9 ਸਾਲਾਂ ਦੀ ਕੁੜੀ ਨੂੰ ਦਾਖ਼ਲ ਕਰਵਾਇਆ ਗਿਆ ਸੀ ਜਿਸ ਨੂੰ ਭੁੱਕੀ ਖਾਣ ਦੀ ਆਦਤ ਸੀ। ਬਾਅਦ ਵਿਚ ਪਤਾ ਲੱਗਿਆ ਕਿ ਉਸ ਦੇ ਮਾਂ-ਬਾਪ ਭੁੱਕੀ ਵੇਚਣ ਦਾ ਧੰਦਾ ਕਰਦੇ ਸਨ ਅਤੇ ਘਰ ਵਿਚ ਭੁੱਕੀ ਆਮ ਪਈ ਹੋਣ ਕਾਰਨ ਮਾਸੂਮ ਬੱਚੀ ਨਸ਼ੇ ਦਾ ਸੇਵਨ ਕਰਨ ਲੱਗ ਪਈ। ਇਸ ਮੰਦਭਾਗੀ ਘਟਨਾ ਨੇ ਇਹ ਸਪਸ਼ਟ ਕਰ ਦਿੱਤਾ ਕਿ ਬੱਚਿਆਂ ਨੂੰ ਮਾੜੇ ਸੰਸਕਾਰ ਅਤੇ ਬੁਰੀਆਂ ਆਦਤਾਂ ਪ੍ਰਦਾਨ ਕਰਨ ਵਿਚ ਮਾਪਿਆਂ ਦੀ ਅਹਿਮ ਭੂਮਿਕਾ ਹੁੰਦੀ ਹੈ। ਬਹੁਤ ਸਾਰੀਆਂ ਕੁੜੀਆਂ ਦਾ ਨਸ਼ਿਆਂ ਦੀ ਪੂਰਤੀ ਲਈ ਪੈਸਿਆਂ ਦਾ ਜੁਗਾੜ ਦੇਹ ਵਪਾਰ ਦੇ ਧੰਦੇ ਨਾਲ ਜੁੜ ਕੇ ਕਰਨ ਦੀਆਂ ਘਟਨਾਵਾਂ ਨੇ ਵੀ ਮਨੁੱਖੀ ਮਨ ਨੂੰ ਸੁੰਨ ਕਰ ਦਿੱਤਾ ਹੈ।

ਚਿੱਟੇ ਦੀਆਂ ਪੁੜੀਆਂ ਹੱਥਾਂ ਵਿਚ ਆਉਣ ਕਾਰਨ ਨਸ਼ਿਆਂ ਦੀ ਤਸਕਰੀ, ਲੁੱਟ-ਖੋਹ ਦੀਆਂ ਵਾਰਦਾਤਾਂ ਅਤੇ ਦੇਹ ਵਪਾਰ ਦੇ ਧੰਦੇ ਦਾ ਪ੍ਰਫੁੱਲਿਤ ਹੋਣਾ ਗੰਭੀਰ ਚਿੰਤਾ ਦਾ ਵਿਸ਼ਾ ਹੋਣ ਦੇ ਨਾਲ-ਨਾਲ ਸਮਾਜ ਲਈ ਧੱਬਾ ਵੀ ਹੈ। ਪੁਲਿਸ ਅਕੈਡਮੀ ਫਿਲੌਰ ਵਿਚ ਚਿੱਟੇ ਦੀ ਘੁਸਪੈਠ ਜਿੱਥੇ ਚਿੰਤਾ ਦਾ ਵਿਸ਼ਾ ਹੈ, ਉੱਥੇ ਹੀ ਲਾਗਲੇ ਪਿੰਡ ਦੀ ਨਸ਼ਾ ਸਪਲਾਈ ਕਰਨ ਵਾਲੀ ਔਰਤ ਨੂੰ ਵੀ ਗ੍ਰਿਫ਼ਤਾਰ ਕੀਤਾ ਗਿਆ ਹੈ। ਇਸ ਪੁਲਿਸ ਅਕੈਡਮੀ ਵਿਚ ਇਕ ਪੁਲਿਸ ਕਰਮਚਾਰੀ ਦੀ ਓਵਰਡੋਜ਼ ਨਾਲ ਮੌਤ ਹੋ ਗਈ ਹੈ ਅਤੇ ਇਸ ਅਕੈਡਮੀ ਦੀ ਇਸਤਰੀ ਪੁਲਿਸ ਮੁਲਾਜ਼ਮ ਦਾ ਨਸ਼ਿਆਂ ਦੀ ਦਲਦਲ ਵਿਚ ਧਸਣ ਦਾ ਸਨਸਨੀਖੇਜ਼ ਪ੍ਰਗਟਾਵਾ ਵੀ ਹੋਇਆ ਹੈ। ਇੱਥੇ ਵਰਨਣਯੋਗ ਹੈ ਕਿ ਇਸ ਅਕੈਡਮੀ ਵਿਚ ਅਪਰ ਕੋਰਸ ਕੀਤੇ ਬਿਨਾਂ ਅਗਲੀ ਤਰੱਕੀ ਸੰਭਵ ਨਹੀਂ। ਗੰਭੀਰ ਚਿੰਤਾ ਅਤੇ ਚਿੰਤਨ ਦਾ ਵਿਸ਼ਾ ਹੈ ਕਿ ਜੇਕਰ ਅਜਿਹੀ ਪੁਲਿਸ ਅਕੈਡਮੀ ਵਿਚ ਨਸ਼ਿਆਂ ਦਾ ਮੱਕੜਜਾਲ ਹੈ, ਫਿਰ ਇੱਥੋਂ ਅਪਰ ਕੋਰਸ ਕਰਨ ਉਪਰੰਤ ਜਦੋਂ ਪੁਲਿਸ ਮੁਲਾਜ਼ਮ ਫੀਲਡ ਵਿਚ ਜਾਣਗੇ ਤਾਂ ਉਨ੍ਹਾਂ ਦ ੀ ‘ਨਸ਼ਾ ਮੁਕਤ ਸਮਾਜ ਸਿਰਜਣ’ ਵਿਚ ਸ਼ੱਕੀ ਭੂਮਿਕਾ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ। ਭਲਾਂ ਜਦੋਂ ਦਰਬਾਨ ਦੀ ਅੱਖ ਚੋਰਾਂ ਨਾਲ ਮਿਲ ਜਾਵੇ, ਫਿਰ ਜਾਨ ਅਤੇ ਮਾਲ ਦੋਨਾਂ ਨੂੰ ਹੀ ਗੰਭੀਰ ਖ਼ਤਰਾ ਹੁੰਦਾ ਹੈ। ਜਦੋਂ ਮਾਲੀ ਦਗ਼ਾਬਾਜ਼ ਹੋ ਜਾਣ ਤਾਂ ਮਹਿਕਾਂ ਦੀ ਪੱਤ ਸੁਰੱਖਿਅਤ ਨਹੀਂ ਰਹਿੰਦੀ।

ਸਰਵੇਖਣ ਵਿਚ ਇਹ ਖ਼ੌਫ਼ਨਾਕ ਪ੍ਰਗਟਾਵਾ ਵੀ ਸਾਹਮਣੇ ਆਇਆ ਹੈ ਕਿ ਪੀਜੀ ਵਿਚ ਰਹਿੰਦੀਆਂ ਵਿਦਿਆਰਥਣਾਂ ਤੇ ਆਈਲੈਟਸ ਕਰਦੀਆਂ ਕਈ ਲੜਕੀਆਂ ਜਿੱਥੇ ਨਸ਼ੇ ਦੇ ਮੱਕੜਜਾਲ ਵਿਚ ਫਸ ਕੇ ਥਿੜਕ ਚੁੱਕੀਆਂ ਹਨ, ਉੱਥੇ ਹੀ ਨਸ਼ੇ ਦੇ ਵਪਾਰੀ ਅਜਿਹੀਆਂ ਲੜਕੀਆਂ ਰਾਹੀਂ ਸਮਗਲਿੰਗ ਕਰਵਾਉਣੀ ਸੁਰੱਖਿਅਤ ਸਮਝਦੇ ਹਨ। ਕੁਝ ਮਹੀਨੇ ਪਹਿਲਾਂ ਹੀ ਅੰਮ੍ਰਿਤਸਰ ਦੇ ਇਕ ਕਾਲਜ ਵਿਚ ਐੱਮਐੱਸਸੀ ਕਰਦੀ ਲੜਕੀ ਆਪਣੇ ਦੋਸਤ ਲੜਕੇ ਨਾਲ ਇਕ ਮਹਿੰਗੀ ਕਾਰ ਵਿਚ ਸਫ਼ਰ ਕਰ ਰਹੀ ਸੀ। ਪੁਲਿਸ ਨੇ ਮੁਖ਼ਬਰੀ ਦੇ ਆਧਾਰ ’ਤੇ ਜਦੋਂ ਉਨ੍ਹਾਂ ਦੀ ਕਾਰ ਰੋਕ ਕੇ ਤਲਾਸ਼ੀ ਲਈ ਤਾਂ ਕਾਰ ਵਿੱਚੋਂ 30 ਕਰੋੜ ਦਾ ਚਿੱਟਾ ਬਰਾਮਦ ਹੋਇਆ ਸੀ। ਇਸ ਤੋਂ ਪਹਿਲਾਂ ਭੁੱਕੀ, ਅਫੀਮ, ਸ਼ਰਾਬ ਆਦਿ ਦੀ ਸਮਗਲਿੰਗ ਥੋੜ੍ਹਾਂ ਦੀਆਂ ਮਾਰੀਆਂ ਔਰਤਾਂ ਕਰਦੀਆਂ ਸਨ ਪਰ ਹੁਣ ਤਾਂ ਸਰਦੇ-ਪੁੱਜਦੇ ਘਰਾਂ ਦੀਆਂ ਧੀਆਂ-ਧਿਆਣੀਆਂ ਇਸ ਘਿਨੌਣੇ ਵਪਾਰ ਦਾ ਹਿੱਸਾ ਬਣ ਕੇ ਆਪਣੀ ਜ਼ਿੰਦਗੀ ਬਰਬਾਦ ਕਰਨ ਦੇ ਨਾਲ-ਨਾਲ ਸਮਾਜ ਨੂੰ ਤਬਾਹੀ ਵੱਲ ਲੈ ਕੇ ਜਾਣ ਵਿਚ



ਅਹਿਮ ਭੂਮਿਕਾ ਨਿਭਾ ਰਹੀਆਂ ਹਨ। ਇਸ ਮਹਿੰਗੇ ਅਤੇ ਜਾਨਲੇਵਾ ਨਸ਼ੇ ਦਾ ਸ਼ਿਕਾਰ ਹੋਈਆਂ ਕੁੜੀਆਂ ਦਾ ਦੇਹ ਵਪਾਰ ਦੇ ਧੰਦੇ ਵਿਚ ਧਸ ਕੇ ਏਡਜ਼ ਦਾ ਸ਼ਿਕਾਰ ਹੋਣ ਦੀਆਂ ਸੁੰਨ ਕਰਨ ਵਾਲੀਆਂ ਘਟਨਾਵਾਂ ਵੀ ਸਾਹਮਣੇ ਆ ਰਹੀਆਂ ਹਨ।

ਅਜਿਹੀ ਅਣਸੁਖਾਵੀਂ ਅਤੇ ਡਰਾਉਣੀ ਤਸਵੀਰ ਸਾਡੇ ਸਮਾਜ ਦੇ ਮੱਥੇ ’ਤੇ ਧੱਬਾ ਹੈ ਅਤੇ ਅਜਿਹਾ ਵਰਤਾਰਾ ਨੈਤਿਕਤਾ ਅਤੇ ਕਿਰਦਾਰ ਦੇ ਨਿਘਾਰ ਦਾ ਸਿਖ਼ਰ ਹੈ। ਕੁਝ ਸਮਾਂ ਪਹਿਲਾਂ ਲੁਧਿਆਣਾ ਵਿਚ ਗਿਰੋਹ ਬਣਾ ਕੇ ਚਿੱਟਾ ਵੇਚਦੀਆਂ ਕੁੜੀਆਂ ਪੁਲਿਸ ਦੀ ਗ੍ਰਿਫਤ ਵਿਚ ਆਈਆਂ ਸਨ। ਉਨ੍ਹਾਂ ਵੱਲੋਂ ਵੀ ਅਜਿਹੇ ਸੁੰਨ ਕਰਨ ਵਾਲੇ ਕਾਰਨਾਮਿਆਂ ਦਾ ਪ੍ਰਗਟਾਵਾ ਕੀਤਾ ਗਿਆ ਸੀ। ਛੱਬੀ ਜੂਨ 2018 ਨੂੰ ਨਸ਼ਾ ਵਿਰੋਧੀ ਦਿਵਸ ਮੌਕੇ ਕਪੂਰਥਲਾ ਵਿਚ ਨਸ਼ਈ ਲੜਕੀਆਂ ਦੇ ਇਲਾਜ ਲਈ ਸਰਕਾਰੀ ਤੌਰ ’ਤੇ ਨਸ਼ਾ ਛੁਡਾਊ ਕੇਂਦਰ ਖੋਲ੍ਹਣਾ ਅਤੇ ਵੱਡੇ ਸ਼ਹਿਰਾਂ ਵਿਚ ਖੋਲ੍ਹੇ ਪ੍ਰਾਈਵੇਟ ਨਸ਼ਾ ਛੁਡਾਊ ਕੇਂਦਰਾਂ ਅੱਗੇ ਇਸ ਤਰ੍ਹਾਂ ਦਾ ਲੱਗਿਆ ਬੋਰਡ, ਇੱਥੇ ਲੜਕੀਆਂ ਦਾ ਨਸ਼ਾ ਛੁਡਾਉਣ ਦਾ ਵਿਸ਼ੇਸ਼ ਪ੍ਰਬੰਧ ਹੈ। ਇਸ ਗੱਲ ਦੀ ਗਵਾਹੀ ਭਰਦਾ ਹੈ ਕਿ ਪੰਜਾਬ ਵਿਚ ਬਹੁਤ ਸਾਰੀਆਂ ਲੜਕੀਆਂ ਨੂੰ ਵੀ ਨਸ਼ੇ ਦਾ ਸੇਕ ਲੱਗ ਚੁੱਕਾ ਹੈ। ਪਿੱਛੇ ਜਿਹੇ ਅੰਮ੍ਰਿਤਸਰ ਅਤੇ ਹੁਸ਼ਿਆਰਪੁਰ ਵਿਚ ਬੈਂਕ ਲੁੱਟਣ ਦੀ ਕੋਸ਼ਿਸ਼ ਕੀਤੀ ਗਈ। ਇਸ ਸਬੰਧ ਵਿਚ ਦੋ ਔਰਤਾਂ ਗ੍ਰਿਫ਼ਤਾਰ ਕੀਤੀਆਂ ਗਈਆਂ। ਗਿਰੋਹ ਨਾਲ ਸਬੰਧਤ ਇਹ ਦੋਨੋਂ ਔਰਤਾਂ ਭਾਰੀ ਮਾਤਰਾ ਵਿਚ ਚਿੱਟੇ ਦਾ ਸੇਵਨ ਕਰਦੀਆਂ ਸਨ। ਨਸ਼ੇ ਦੀ ਪੂਰਤੀ ਤੇ ਐਸ਼-ਪ੍ਰਸਤੀ ਭਰਿਆ ਜੀਵਨ ਬਤੀਤ ਕਰਨ ਲਈ ਉਨ੍ਹਾਂ ਨੇ ਲੁੱਟਾਂ-ਖੋਹਾਂ ਨੂੰ ਅੰਜਾਮ ਦੇਣਾ ਸ਼ੁਰੂ ਕਰ ਦਿੱਤਾ ਸੀ।

ਇਸ ਤਰ੍ਹਾਂ ਹੀ ਬਠਿੰਡਾ ਵਿਖੇ ਨਸ਼ੇ ਦੀ ਓਵਰਡੋਜ਼ ਕਾਰਨ ਬੇਹੋਸ਼ ਹੋਈਆਂ ਤਿੰਨ ਕੁੜੀਆਂ ਦਾ ਰੇਲਵੇ ਦੀ ਪਟੜੀ ਲਾਗੇ ਡਿੱਗੀਆਂ ਪਈਆਂ ਮਿਲਣਾ ਵੀ ਸਮਾਜਿਕ ਨਮੋਸ਼ੀ ਦਾ ਕਾਰਨ ਬਣਿਆ ਸੀ। ਕੁਝ ਦਿਨ ਪਹਿਲਾਂ ਹੀ ਐੱਸਟੀਐੱਫ ਦੀ ਟੀਮ ਨੇ ਲੁਧਿਆਣਾ ਦੇ ਇਕ ਥਾਣੇ ਵਿਚ ਨਿਯੁਕਤ ਵਧੀਕ ਥਾਣੇਦਾਰ ਨੂੰ ਗ੍ਰਿਫ਼ਤਾਰ ਕੀਤਾ ਹੈ ਜੋ ਆਪਣੀ ਨਸ਼ਾ ਤਸਕਰ ਔਰਤ ਨਾਲ ਮਿਲ ਕੇ 10 ਤੋਂ ਵੱਧ ਟਿਕਾਣਿਆਂ ’ਤੇ ਚਿੱਟੇ ਦੀ ਸਪਲਾਈ ਕਰਦਾ ਸੀ। ਔਰਤ ਅਤੇ ਥਾਣੇਦਾਰ ਸਲਾਖਾਂ ਪਿੱਛੇ ਹਨ। ਇਨ੍ਹਾਂ ਕੋਲੋਂ ਅੰਦਾਜ਼ਨ ਸਵਾ 400 ਕਰੋੜ ਮੁੱਲ ਦਾ ਚਿੱਟਾ ਬਰਾਮਦ ਹੋਇਆ ਹੈ।

ਚਾਣਕਿਆ ਨੇ ਲਿਖਿਆ ਹੈ, ਮੈਨੂੰ ਉਨ੍ਹਾਂ ਲੋਕਾਂ ’ਤੇ ਗੁੱਸਾ ਨਹੀਂ ਆਉਂਦਾ ਜੋ ਗ਼ੁਨਾਹ ਕਰਦੇ ਨੇ। ਉਨ੍ਹਾਂ ਲੋਕਾਂ ’ਤੇ ਗੁੱਸਾ ਆਉਂਦਾ ਹੈ ਜੋ ਗ਼ੁਨਾਹ ਹੁੰਦਿਆਂ ਵੇਖ ਕੇ ਚੁੱਪ ਕਰ ਜਾਂਦੇ ਹਨ। ਜਦੋਂ ਬੁਰੇ ਲੋਕ ਜੁੰਡਲੀ ਬਣਾ ਲੈਣ ਤਾਂ ਭਲੇ ਲੋਕਾਂ ਦਾ ਇਕੱਠੇ ਹੋਣਾ ਬਹੁਤ ਜ਼ਰੂਰੀ ਹੈ। ਅਜਿਹੀ ਸਥਿਤੀ ਨੂੰ ਸੁਖਾਵਾਂ ਮੋੜ ਦੇਣ ਲਈ ਸਰਕਾਰ ਦੀ ਦ੍ਰਿੜ੍ਹ ਇੱਛਾ ਸ਼ਕਤੀ, ਲੋਕਾਂ ਦਾ ਭਰਵਾਂ ਸਹਿਯੋਗ, ਪ੍ਰਸ਼ਾਸਨਿਕ ਅਧਿਕਾਰੀਆਂ ਦੀ ਸਮਰਪਿਤ ਭਾਵਨਾ, ਅਧਿਆਪਕਾਂ, ਰੰਗ ਕਰਮੀਆਂ, ਲੇਖਕਾਂ, ਪੱਤਰਕਾਰਾਂ, ਬੁੱਧੀਜੀਵੀਆਂ ਅਤੇ ਚਿੰਤਕਾਂ ਦੇ ਸੰਯੁਕਤ ਰੂਪ ਵਿਚ ਉਪਰਾਲਿਆਂ ਨਾਲ ਜਿੱਥੇ ਕੁਰਾਹੇ ਪਈਆਂ ਲੜਕੀਆਂ ਨੂੰ ਮੁੱਖ ਧਾਰਾ ਵਿਚ ਲਿਆਂਦਾ ਜਾ ਸਕਦਾ ਹੈ, ਉੱਥੇ ਹੀ ਨਸ਼ਿਆਂ ਦੇ ਦੈਂਤ ਨੂੰ ਵੀ ਢਹਿ-ਢੇਰੀ ਕੀਤਾ ਜਾ ਸਕਦਾ ਹੈ। ਜੇ ਅਜਿਹਾ ਸੰਭਵ ਨਾ ਹੋਇਆ ਤਾਂ ਇਤਿਹਾਸ ਸਾਡੀ ਹੋਣੀ ’ਤੇ ਕੀਰਨੇ ਪਾਵੇਗਾ ਅਤੇ ਅਸੀਂ ਬੁਜ਼ਦਿਲਾਂ ਦੀ ਕਤਾਰ ਵਿਚ ਸ਼ੁਮਾਰ ਹੋਵਾਂਗੇ।

## 67ਵੀਂ ਐਜੂਕੇਸ਼ਨਲ ਕਾਨਫਰੰਸ 'ਤੇ ਵਿਸ਼ੇਸ਼

# ਸਿੱਖ ਪੰਥ ਲਈ ਚੀਫ਼ ਖ਼ਾਲਸਾ ਦੀਵਾਨ ਦਾ ਵਿਦਿਅਕ ਯੋਗਦਾਨ



ਡਾ. ਸ.ਸ. ਛੀਨਾ



19 ਜਨਵਰੀ, 1908 ਨੂੰ ਮਜੀਠਾ ਹਾਊਸ ਵਿਚ ਚੀਫ਼ ਖ਼ਾਲਸਾ ਦੀਵਾਨ ਦੇ ਸਿਰਕੱਢ ਆਗੂਆਂ ਜਿਸ ਵਿਚ ਭਾਈ ਵੀਰ ਸਿੰਘ ਜੀ, ਸ. ਸੁੰਦਰ ਸਿੰਘ ਮਜੀਠੀਆ, ਸ: ਹਰਬੰਸ ਸਿੰਘ ਅਟਾਰੀ, ਭਾਈ ਜੋਧ ਸਿੰਘ ਆਦਿ ਸ਼ਾਮਿਲ ਸਨ, ਨੇ ਵਿਚਾਰ ਵਟਾਂਦਰੇ ਉਪਰੰਤ ਚੀਫ਼ ਖ਼ਾਲਸਾ ਦੀਵਾਨ ਲਈ ਇਕ ਐਜੂਕੇਸ਼ਨ ਕਮੇਟੀ ਸਥਾਪਤ ਕਰਨ ਦਾ ਫ਼ੈਸਲਾ ਕੀਤਾ। ਕਮੇਟੀ ਦੇ ਵਿਧੀ-ਵਿਧਾਨ ਲਈ ਗਠਿਤ ਕੀਤੀ ਗਈ ਕਮੇਟੀ ਜਿਸ ਵਿਚ ਲਾਹੌਰ ਤੋਂ ਬੈਰਿਸਟਰ ਸ. ਗੁਰਚਰਨ ਸਿੰਘ, ਸ. ਖੜਕ ਸਿੰਘ, ਸ. ਦਾਨ ਸਿੰਘ, ਗੁਜਰਾਂਵਾਲਾ ਦੇ ਸ: ਗੁਲਾਬ ਸਿੰਘ ਅਤੇ ਅੰਮ੍ਰਿਤਸਰ ਤੋਂ ਭਾਈ ਜੋਧ ਸਿੰਘ ਸ਼ਾਮਲ ਸਨ, ਵਲੋਂ ਕਈ ਮੀਟਿੰਗਾਂ ਕਰਨ ਉਪਰੰਤ ਤਿਆਰ ਕੀਤੇ ਵਿਧੀ ਵਿਧਾਨ ਦੇ ਖਰੜੇ ਨੂੰ ਪ੍ਰਵਾਨ ਕੀਤਾ ਗਿਆ। ਇਸ ਐਜੂਕੇਸ਼ਨ ਕਮੇਟੀ ਨੇ ਆਰੰਭ ਤੋਂ ਹੁਣ ਤੱਕ ਸਮਾਜ ਦੇ ਵਿੱਦਿਅਕ, ਧਾਰਮਿਕ, ਸਮਾਜਿਕ ਗੁਰਮਤਿ ਗਿਆਨ, ਸਿੱਖ ਸੱਭਿਆਚਾਰ ਆਦਿ ਖੇਤਰਾਂ ਵਿਚ ਅਹਿਮ ਭੂਮਿਕਾ ਨਿਭਾਈ ਹੈ ਅਤੇ ਨਿਰੰਤਰ ਨਿਭਾਅ ਰਹੀ ਹੈ। ਚੀਫ਼ ਖ਼ਾਲਸਾ ਦੀਵਾਨ ਦੀ ਜਨਵਰੀ 1908 ਵਿਚ ਬਣੀ ਐਜੂਕੇਸ਼ਨ ਕਮੇਟੀ ਦੇ ਉਦੇਸ਼ ਉਹੀ ਸਨ ਜੋ 1873 ਵਿਚ ਬਣੀ ਸ੍ਰੀ ਗੁਰੂ ਸਿੰਘ ਸਭਾ ਅੰਮ੍ਰਿਤਸਰ ਨੇ ਸਿੱਖ ਧਰਮ ਅਤੇ ਸਿੱਖ ਸਮਾਜ ਦੇ ਸਰਬਪੱਖੀ ਵਿਕਾਸ ਲਈ ਉਲੀਕੇ ਸਨ। ਖ਼ਾਲਸਾ ਕਾਲਜ ਦਾ ਇਤਿਹਾਸ ਜੋ ਡਾ. ਗੰਡਾ ਸਿੰਘ ਨੇ ਲਿਖਿਆ ਹੈ, ਉਸ ਵਿਚ ਇਨ੍ਹਾਂ ਉਦੇਸ਼ਾਂ ਦਾ ਵੇਰਵਾ ਪ੍ਰਾਪਤ ਹੁੰਦਾ ਹੈ : (ੳ) ਸਿੱਖ ਧਰਮ ਦੀ ਪੁਰਾਣੀ ਸ਼ੁੱਧਤਾ ਨੂੰ ਬਹਾਲ ਕਰਨਾ। (ਅ) ਇਤਿਹਾਸਕ ਅਤੇ ਧਾਰਮਿਕ ਪੁਸਤਕਾਂ ਦਾ ਸੰਪਾਦਨ ਅਤੇ ਪ੍ਰਕਾਸ਼ਨ ਕਰਨਾ। (ੲ) ਗੁਰਮੁਖੀ ਲਿੱਪੀ ਵਿਚ ਪੰਜਾਬੀ ਮਾਧਿਅਮ ਨਾਲ ਸਮਕਾਲੀ ਗਿਆਨ ਦਾ ਪ੍ਰਸਾਰ ਕਰਨਾ। (ਸ) ਪਤਿਤ ਹੋ ਚੁੱਕੇ ਸਿੱਖਾਂ ਦਾ ਸੁਧਾਰ ਕਰਕੇ ਉਨ੍ਹਾਂ ਨੂੰ ਫਿਰ ਸਿੱਖੀ ਦੇ ਘੇਰੇ ਵਿਚ ਲਿਆਉਣਾ। (ਹ) ਸਿੱਖਾਂ ਦੇ ਵਿਦਿਅਕ ਪ੍ਰੋਗਰਾਮ ਲਈ ਉੱਚ ਅੰਗਰੇਜ਼ ਅਧਿਕਾਰੀਆਂ ਵਿਚ ਦਿਲਚਸਪੀ ਪੈਦਾ ਕਰਨਾ ਅਤੇ ਉਨ੍ਹਾਂ ਦੇ ਸਹਿਯੋਗ ਨੂੰ ਯਕੀਨੀ ਬਣਾਉਣਾ। ਇਨ੍ਹਾਂ ਉਦੇਸ਼ਾਂ ਨੂੰ ਅਪਣਾਅ ਕੇ 1879 ਵਿਚ ਮਹਾਨ ਸਮਾਜਿਕ ਸੁਧਾਰਕ ਸ: ਗੁਰਮੁਖ ਸਿੰਘ ਦੀ ਅਗਵਾਈ ਵਿਚ ਅੰਮ੍ਰਿਤਸਰ ਦੀ ਤਰ੍ਹਾਂ ਹੀ ਸਿੰਘ ਸਭਾ ਲਾਹੌਰ ਬਣੀ। ਇਨ੍ਹਾਂ ਦੋਵਾਂ ਸਿੰਘ ਸਭਾਵਾਂ ਨੇ ਸਾਂਝੇ ਉਦੇਸ਼ ਦੀ ਪੂਰਤੀ ਲਈ ਵੱਖ-ਵੱਖ ਕਾਰਜ ਕਰਦਿਆਂ ਬੜਾ ਕੰਮ ਕੀਤਾ।ਦੋਵਾਂ ਸਿੰਘ ਸਭਾਵਾਂ ਦੇ ਮੁਖੀਆਂ ਨੇ ਅਨੁਭਵ ਕੀਤਾ ਕਿ ਜੇ ਉਦੇਸ਼ ਇਕ ਹੈ ਤਾਂ ਉਸ ਉਦੇਸ਼ ਦੀ ਪੂਰਤੀ ਲਈ ਵੱਖ-ਵੱਖ ਰਹਿ ਕੇ ਤਾਕਤ ਕਿਉਂ ਜ਼ਾਇਆ ਕੀਤੀ ਜਾਏ। ਨਤੀਜੇ ਵਜੋਂ 1880 ਵਿਚ ਦੋਵਾਂ ਸਿੰਘ ਸਭਾਵਾਂ ਨੇ ਮਿਲ ਕੇ ਪਹਿਲਾਂ 'ਜਨਰਲ ਸਭਾ' ਨਾਂ ਹੇਠਾਂ ਆਪਣੇ ਆਪ ਨੂੰ ਇਕੱਠੇ ਕੀਤਾ, ਫਿਰ 1883 ਵਿਚ ਇਸ ਦਾ ਨਾਂਅ ਖ਼ਾਲਸਾ ਦੀਵਾਨ ਰੱਖਿਆ। 'ਸਿੱਖਾਂ ਦਾ ਇਤਿਹਾਸ' ਦੇ ਲੇਖਕ ਸ: ਖ਼ੁਸ਼ਵੰਤ ਸਿੰਘ ਅਨੁਸਾਰ 1886 ਤੱਕ ਈਸਾਈ ਪਾਦਰੀਆਂ ਦੀ ਰੀਸ ਨਾਲ ਇਨ੍ਹਾਂ ਨੇ ਅੰਮ੍ਰਿਤਸਰ, ਸਿਆਲਕੋਟ ਅਤੇ ਲਾਹੌਰ ਵਿਚ ਸਕੂਲ ਖੋਲ੍ਹੇ। ਇਹ ਇਕ ਲਹਿਰ ਬਣ ਗਈ, ਜਿਸ ਨੇ ਰਾਵਲਪਿੰਡੀ, ਫ਼ਿਰੋਜ਼ਪੁਰ, ਸ਼ਿਮਲਾ, ਜਲੰਧਰ, ਲੁਧਿਆਣਾ, ਕਪੂਰਥਲਾ, ਫ਼ਰੀਦਕੋਟ ਸਮੇਤ ਸਾਰੇ ਪੰਜਾਬ ਨੂੰ ਆਪਣੇ ਕਲੇਵੇ ਵਿਚ ਲੈ ਲਿਆ। 1883 ਵਿਚ ਖ਼ਾਲਸਾ ਦੀਵਾਨ ਨੇ ਖ਼ਾਲਸਾ ਕਾਲਜ ਖੋਲ੍ਹਣ ਲਈ ਸਰਕਾਰ ਪਾਸ ਬੇਨਤੀ ਕਰਨ ਦਾ ਫ਼ੈਸਲਾ ਕੀਤਾ। ਜਦੋਂ 1886 ਵਿਚ ਖ਼ਾਲਸਾ ਦੀਵਾਨ ਆਪਸੀ ਮਤ-ਭੇਦਾਂ ਕਾਰਨ ਦੋ ਹਿੱਸਿਆਂ ਵਿਚ ਵੰਡਿਆ ਗਿਆ ਤਾਂ ਵੀ ਦੋਵਾਂ ਧਿਰਾਂ ਨੇ ਖ਼ਾਲਸਾ ਕਾਲਜ ਦੀ ਸਾਂਝੀ ਮੰਗ ਨੂੰ ਨਹੀਂ ਤਿਆਗਿਆ। ਦੋਵਾਂ ਧਿਰਾਂ ਨੇ ਵੱਖ-ਵੱਖ ਸਮੇਂ 'ਤੇ ਸਰਕਾਰ ਦੇ ਅਧਿਕਾਰੀਆਂ ਨੂੰ ਇਸ ਉਦੇਸ਼ ਦੀ ਪੂਰਤੀ ਲਈ ਮੰਗ-ਪੱਤਰ ਦਿੱਤੇ, ਜਿਸ ਦੇ ਨਤੀਜੇ ਵਜੋਂ 5 ਮਾਰਚ, 1892 ਨੂੰ ਪੰਜਾਬ ਦੇ ਲੈਫਟੀਨੈਂਟ ਗਵਰਨਰ ਸਰ ਜੇਮਜ਼ ਲਾਇਲ ਨੇ ਅੰਮ੍ਰਿਤਸਰ ਵਿਚ ਖ਼ਾਲਸਾ ਕਾਲਜ ਦੀ ਨੀਂਹ ਰੱਖੀ। ਖ਼ਾਲਸਾ ਦੀਵਾਨ ਅੰਮ੍ਰਿਤਸਰ ਤੇ ਲਾਹੌਰ ਦੇ ਬਹੁਤ ਸਾਰੇ ਸਿਰ-ਕੱਢ ਆਗੂ ਖ਼ਾਲਸਾ ਕਾਲਜ ਦੀ ਸਥਾਪਨਾ ਤੋਂ ਪਿੱਛੋਂ ਕਿਸੇ-ਨਾ-ਕਿਸੇ ਕਾਰਨ ਗੁਰੂ ਚਰਨਾਂ ਵਿਚ ਜਾ ਬਿਰਾਜੇ ਅਤੇ ਜੋ ਬਾਕੀ ਬਚੇ, ਉਨ੍ਹਾਂ ਨੇ ਚੀਫ਼ ਖ਼ਾਲਸਾ ਦੀਵਾਨ ਦੀ 30 ਅਕਤੂਬਰ, 1902 ਵਿਚ ਨਵੀਂ ਜਥੇਬੰਦੀ ਬਣਾਈ। ਇਸ ਜਥੇਬੰਦੀ ਦੇ ਮੁਖੀਆਂ ਵਿਚ ਭਾਈ ਅਰਜਨ ਸਿੰਘ ਬਾਗੜੀਆ, ਸ: ਸੁੰਦਰ ਸਿੰਘ ਮਜੀਠੀਆ, ਸ: ਤਰਲੋਚਨ ਸਿੰਘ ਵਕੀਲ, ਸ: ਹਰਬੰਸ ਸਿੰਘ ਅਟਾਰੀ, ਭਾਈ ਵੀਰ ਸਿੰਘ, ਪ੍ਰਿੰਸੀਪਲ ਜੋਧ ਸਿੰਘ, ਖ਼ਾਲਸਾ ਕਾਲਜ ਅੰਮ੍ਰਿਤਸਰ ਦੇ ਅਧਿਆਪਕ, ਸ੍ਰੀ ਹਰਿਮੰਦਰ ਸਾਹਿਬ ਨਾਲ ਜੁੜੇ ਗ੍ਰੰਥੀ ਅਤੇ ਸ਼ਹਿਰ ਦੇ ਹੋਰ ਅਨੇਕ ਪਤਵੰਤੇ ਸਨ। ਇਨ੍ਹਾਂ ਵਿਚੋਂ ਹਰੇਕ ਨੇ ਆਪਣੀ ਯੋਗਤਾ ਤੇ ਦਿਲਚਸਪੀ ਅਨੁਸਾਰ ਆਪਣਾ ਕਾਰਜ-ਖੇਤਰ ਚੁਣ ਲਿਆ ਅਤੇ ਖ਼ਾਲਸਾ ਪੰਥ ਦੀ ਸਰਬਪੱਖੀ ਉੱਨਤੀ ਅਤੇ ਵਿਕਾਸ ਦੇ ਟੀਚੇ ਨੂੰ ਕੇਂਦਰ ਬਿੰਦੂ ਮਿੱਥ ਕੇ ਕਾਰਜ ਕਰਨਾ ਆਰੰਭ ਕਰ ਦਿੱਤਾ।

1907 ਦੀਆਂ ਦਸੰਬਰ ਦੀਆਂ ਛੁੱਟੀਆਂ ਵਿਚ ਸ: ਹਰਬੰਸ ਸਿੰਘ ਅਟਾਰੀ ਧਰਮ ਪ੍ਰਚਾਰ ਲਈ ਆਪਣੇ ਜਥੇ ਨਾਲ ਕਰਾਚੀ (ਸਿੰਧ-ਪਾਕਿਸਤਾਨ) ਗਏ। ਉਨ੍ਹਾਂ ਦੇ ਨਾਲ ਸ: ਸੁੰਦਰ ਸਿੰਘ ਮਜੀਠੀਆ, ਭਾਈ ਵੀਰ ਸਿੰਘ ਅਤੇ ਹੋਰ ਪਤਵੰਤੇ ਵੀ ਸਨ। ਇਸ ਸਮੇਂ ਕਰਾਚੀ ਵਿਚ ਸਰ ਸੱਯਦ ਅਹਿਮ ਖਾਨ ਦੀ ਅਗਵਾਈ ਵਿਚ ਮੁਸਲਿਮ ਐਜੂਕੇਸ਼ਨਲ ਕਾਨਫ਼ਰੰਸ ਹੋ ਰਹੀ ਸੀ। ਕਾਨਫ਼ਰੰਸ ਦੇ ਪਤਵੰਤਿਆਂ ਦੇ ਸੱਦੇ 'ਤੇ ਚੀਫ਼ ਖ਼ਾਲਸਾ ਦੀਵਾਨ ਦੇ ਮੈਂਬਰ ਵੀ ਕਾਨਫ਼ਰੰਸ ਵਿਚ ਗਏ। ਕਾਨਫ਼ਰੰਸ ਦੇ ਉਦੇਸ਼ਾਂ ਵਿਚ ਮੁਸਲਮਾਨਾਂ ਦੇ ਪਛੜੇਵੇਂ ਨੂੰ ਦੂਰ ਕਰਨ ਲਈ ਉਠਾਏ ਜਾਣ ਵਾਲੇ ਕਦਮਾਂ ਸੰਬੰਧੀ ਸੋਚ ਵਿਚਾਰ ਕੀਤੀ ਜਾ ਰਹੀ ਸੀ। ਚੀਫ਼ ਖ਼ਾਲਸਾ ਦੀਵਾਨ ਦੇ ਮੈਂਬਰਾਂ ਨੂੰ ਇਹ ਚੰਗਾ ਲੱਗਾ। ਉਨ੍ਹਾਂ ਨੇ ਉਥੇ ਹੀ ਫ਼ੈਸਲਾ ਕਰ ਲਿਆ ਕਿ ਚੀਫ਼ ਖ਼ਾਲਸਾ ਦੀਵਾਨ ਵੀ ਅਜਿਹੀ ਹੀ ਕਮੇਟੀ ਦਾ ਗਠਨ ਕਰੇਗਾ। ਇਸ ਫ਼ੈਸਲੇ ਅਨੁਸਾਰ 19 ਜਨਵਰੀ, 1908 ਨੂੰ ਮਜੀਠਾ ਹਾਊਸ ਅੰਮ੍ਰਿਤਸਰ ਵਿਚ ਇਕ ਇਕੱਤਰਤਾ ਹੋਈ (**ਬਾਕੀ ਸਫ਼ਾ** 30 'ਤੇ)



# ਜ਼ਿੰਮੇਵਾਰੀ ਦਾ ਅਹਿਸਾਸ





ਡਾ. ਪਰਮਵੀਰ ਸਿੰਘ
ਸਿੱਖ ਵਿਸ਼ਵਕੋਸ਼ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ

ਜ਼ਿੰਮੇਵਾਰੀ ਇਕ ਅਜਿਹਾ ਸੰਕਲਪ ਹੈ ਜਿਹੜਾ ਕਿ ਮਨੁੱਖ ਨੂੰ ਉਸ ਦੇ ਕੰਮ ਜਾਂ ਫ਼ਰਜ ਪ੍ਰਤੀ ਸੁਚੇਤ ਕਰਦਾ ਹੈ। ਮਨੁੱਖ ਆਪਣੀ ਚਿੱਤ-ਬਿਰਤੀਆਂ ਇਕਾਗਰ ਕਰਕੇ ਆਪਣੇ ਉਦੇਸ਼ ਪ੍ਰਤੀ ਸੁਚੇਤ ਹੁੰਦਾ ਹੈ ਅਤੇ ਉਹ ਦੂਜਿਆਂ ਨੂੰ ਵੀ ਅਜਿਹੇ ਕਾਰਜਾਂ ਪ੍ਰਤੀ ਸੁਚੇਤ ਕਰਦਾ ਹੈ। ਮਨੁੱਖ ਸੰਸਾਰ ਦੇ ਜੀਵਾਂ ਵਿਚ ਸਭ ਤੋਂ ਸਰਬੋਤਮ ਹੈ ਇਸ ਲਈ ਉਸ ਤੋਂ ਹੀ ਇਹ ਆਸ ਕੀਤੀ ਜਾਂਦੀ ਹੈ ਕਿ ਉਹ ਆਪਣੇ ਪਰਿਵਾਰ, ਸਮਾਜ, ਭੂਗੋਲਿਕ ਖਿੱਤੇ, ਵਾਤਾਵਰਣ ਆਦਿ ਦੀ ਸਾਂਭ-ਸੰਭਾਲ ਅਤੇ ਸੁਰੱਖਿਆ ਲਈ ਜ਼ਿੰਮੇਵਾਰੀ ਨਾਲ ਕੰਮ ਕਰੇਗਾ।ਆਮ ਲੋਕਾਂ ਦੀ ਜ਼ਿੰਮੇਵਾਰੀ ਹੈ ਕਿ ਦੇਸ਼ ਦੀਆਂ ਲੋੜਾਂ ਦੀ ਪੂਰਤੀ ਲਈ ਮਿਹਨਤ ਮੁਸ਼ੱਕਤ ਕਰਨ। ਇਸ ਜ਼ਿੰਮੇਵਾਰੀ ਦੇ ਅਹਿਸਾਸ ਕਰਕੇ ਹੀ ਇਕ ਕਿਸਾਨ ਫ਼ਸਲ ਬੀਜਦਾ ਹੈ, ਉਸ ਦੀ ਰਾਖੀ ਕਰਦਾ ਹੈ ਅਤੇ ਜਦੋਂ ਫ਼ਸਲ ਪੱਕ ਕੇ ਤਿਆਰ ਹੋ ਜਾਂਦੀ ਹੈ ਤਾਂ ਮੰਡੀ ਵਿਚਵੇਚ ਦਿੰਦਾ ਹੈ ਤਾਂ ਕਿ ਸਮਾਜ ਦੇ ਦੂਜੇ ਲੋਕ ਉਸ ਦੀ ਫ਼ਸਲ ਤੋਂ ਫਾਇਦਾ ਪ੍ਰਾਪਤ ਕਰ ਸਕਣ। ਇਸੇ ਤਰ੍ਹਾਂ ਜਿਹੜਾ ਕੰਮ ਕਿਸਾਨ ਨਹੀਂ ਕਰ ਸਕਦਾ, ਸਮਾਜ ਦੇ ਦੂਜੇ ਲੋਕ ਉਹ ਕੰਮ ਕਰਦੇ ਹਨ ਅਤੇ ਕਿਸਾਨ ਉਨ੍ਹਾਂ ਦੀ ਵਰਤੋਂ ਕਰਦਾ ਹੈ।

ਜ਼ਿੰਮੇਵਾਰੀ ਦੇ ਅਹਿਸਾਸ ਕਰਕੇ ਹੀ ਹਰ ਵਿਅਕਤੀ ਕੋਈ ਨਾ ਕੋਈ ਵਪਾਰ ਜਾਂ ਰੁਜ਼ਗਾਰ ਕਰਦਾ ਹੈ। ਸਰਕਾਰ ਦਾ ਕੰਮ ਸਮਾਜ ਦੇ ਸਾਰੇ ਵਿਅਕਤੀਆਂ ਦੀਆਂ ਲੋੜਾਂ ਦਾ ਪ੍ਰਬੰਧ ਕਰਨਾ ਅਤੇ ਉਹਨਾਂ ਨੂੰ ਸੁਰੱਖਿਆ ਪ੍ਰਦਾਨ ਕਰਨਾ ਹੈ। ਜਦੋਂ ਸਰਕਾਰ ਆਪਣੀ ਕਿਸੇ ਜ਼ਿੰਮੇਵਾਰੀ ਤੋਂ ਪਿੱਛੇ ਹੱਟਣ ਦਾ ਯਤਨ ਕਰਦੀ ਹੈ ਤਾਂ ਸਮਾਜ ਵਿਚ ਅਰਾਜਕਤਾ ਵਾਲਾ ਮਾਹੌਲ ਪੈਦਾ ਹੋ ਜਾਂਦਾ ਹੈ। ਭਾਰਤ ਧਰਮ ਪ੍ਰਧਾਨ ਦੇਸ਼ ਹੈ ਅਤੇ ਇੱਥੇ ਕੀਤੇ ਜਾਣ ਵਾਲੇ ਸਮੂਹ ਕੰਮਾਂ ਵਿਚ ਧਰਮ ਦੀ ਭਾਵਨਾ ਆ ਜਾਣਾ ਸੁਭਾਵਿਕ ਹੈ। ਧਰਮ ਵੀ ਮਨੁੱਖ ਨੂੰ ਉਸ ਦੀ ਜ਼ਿੰਮੇਵਾਰੀ ਦਾ ਅਹਿਸਾਸ ਕਰਾਉਂਦੇ ਹਨ। ਸਮੱਸਿਆ ਉਸ ਸਮੇਂ ਪੈਦਾ ਹੁੰਦੀ ਹੈ ਜਦੋਂ ਧਰਮ ਦੀ ਅਜਿਹੀ ਵਿਆਖਿਆ ਕੀਤੀ ਜਾਵੇ ਜਿਹੜੀ ਕੇਵਲ ਦੂਜਿਆਂ ਨੂੰ ਹੀ ਜ਼ਿੰਮੇਵਾਰੀ ਦਾ ਅਹਿਸਾਸ ਕਰਾਉਂਦੀ ਹੋਵੇ ਅਤੇ ਆਪਣੇ ਆਪ ਨੂੰ ਸਮੂਹ ਜ਼ਿੰਮੇਵਾਰੀਆਂ ਤੋਂ ਮੁਕਤ ਰੱਖਣ ਦਾ ਕੰਮ ਕਰਦੀ ਹੋਵੇ। ਗੁਰੂ ਸਾਹਿਬਾਨ ਦੀ ਸਿੱਖਿਆ ਅਤੇ ਸੰਦੇਸ਼ ਦਾ ਸਭ ਤੋਂ ਵਧੇਰੇ ਪ੍ਰਭਾਵ ਪੰਜਾਬ ਦੇ ਲੋਕਾਂ 'ਤੇ ਨਜ਼ਰ ਆਉਂਦਾ ਹੈ। ਗੁਰੂ ਸਾਹਿਬਾਨ ਨੇ ਇਸ ਖਿੱਤੇ ਦੇ ਲੋਕਾਂ ਨੂੰ ਸੁਰੱਖਿਅਤ ਅਤੇ ਸਵੈਮਾਣ ਭਰਪੂਰ ਜੀਵਨ ਬਸਰ ਕਰਨ ਲਈ ਆਪਣੀ

ਜ਼ਿੰਮੇਵਾਰੀ ਦਾ ਅਹਿਸਾਸ ਕਰਨ ਦੀ ਸਿੱਖਿਆ ਪ੍ਰਦਾਨ ਕੀਤੀ ਹੈ। ਗੁਰੂ ਨਾਨਕ ਦੇਵ ਜੀ ਨੇ ਅਨੁਭਵ ਕੀਤਾ ਸੀ ਕਿ ਜਿਨ੍ਹਾਂ ਆਗੂਆਂ ਨੇ ਸਮਾਜ ਨੂੰ ਸੁਚਾਰੂ ਦਿਸ਼ਾ ਪ੍ਰਦਾਨ ਕਰਨੀ ਸੀ ਉਹ ਆਪਣੀ ਜ਼ਿੰਮੇਵਾਰੀ ਤੋਂ ਭੱਜ ਗਏ ਹਨ ਜਿਸ ਦਾ ਸਪੱਸ਼ਟ ਪ੍ਰਗਟਾਵਾ ਉਨ੍ਹਾਂ ਦੀ ਬਾਣੀ ਵਿਚੋਂ ਹੁੰਦਾ ਹੈ :

ਕਾਦੀ ਕੂੜੁ ਬੋਲਿ ਮਲੁ ਖਾਇ॥
ਬ੍ਰਾਹਮਣੁ ਨਾਵੈ ਜੀਆ ਘਾਇ ॥
ਜੋਗੀ ਜੁਗਤਿ ਨ ਜਾਣੈ ਅੰਧੁ॥
ਤੀਨੇ ਓਜਾੜੇ ਕਾ ਬੰਧੁ॥ ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 662

ਇਨ੍ਹਾਂ ਤੋਂ ਇਲਾਵਾ ਲੋਧੀ ਸ਼ਾਸਕ ਵੀ ਆਮ ਲੋਕਾਂ ਦੀ ਸੁਰੱਖਿਆ ਕਰਨ ਵਿਚ ਅਸਮਰੱਥ ਸਨ। ਇਬਰਾਹੀਮ ਲੋਧੀ ਦਿੱਲੀ ਦਾ ਬਾਦਸ਼ਾਹ ਸੀ ਅਤੇ ਇਸ ਦੇ ਅਧੀਨ ਲਾਹੌਰ ਦੇ ਗਵਰਨਰ ਦੌਲਤ ਖ਼ਾਨ ਨੇ ਲੋਭ ਅਤੇ ਸੁਆਰਥ ਨੂੰ ਮੁੱਖ ਰੱਖਦੇ ਹੋਏ ਬਾਬਰ ਨੂੰ

ਭਾਰਤ ਆਉਣ ਦਾ ਸੱਦਾ ਭੇਜਿਆ ਸੀ। ਆਮ ਲੋਕਾਂ ਦੀ ਬਾਂਹ ਫੜਨ ਵਾਲਾ ਕੋਈ ਨਹੀਂ ਸੀ ਅਤੇ ਬਾਬਰ ਦੀਆਂ ਫ਼ੌਜਾਂ ਨੇ ਏਮਨਾਬਾਦ ਨਗਰ ਦੀ ਜੋ ਤਬਾਹੀ ਕੀਤੀ ਉਹ ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚ ਦਰਜ ਹੈ। ਅਜਿਹੇ ਸਮੇਂ ਕੇਵਲ ਗੁਰੂ ਜੀ ਹੀ ਬਾਬਰ ਅੱਗੇ ਖੜੇ ਹੋਏ ਸਨ। ਉਹ ਇਕ ਪਾਸੇ ਪ੍ਰਮਾਤਮਾ ਨਾਲ ਰੋਸ ਕਰ ਰਹੇ ਸਨ ਅਤੇ ਦੂਜੇ ਪਾਸੇ ਬਾਬਰ ਨਾਲ ਵਿਚਾਰ ਕਰਨ ਦੀ ਹਿੰਮਤਰੱਖਦੇ ਸਨ। ਗੁਰੂ ਜੀ ਦੀ ਬਾਣੀ ਅੱਗੇ ਸਭ ਪਾਣੀ ਹੋ ਜਾਂਦੇ ਸਨ ਅਤੇ ਇਹੀ ਹਾਲ ਬਾਬਰ ਦਾ ਵੀ ਹੋਇਆ ਸੀ। ਉਹ ਗੁਰੂ ਜੀ ਨੂੰ ਕੈਦ

ਵਿਚੋਂ ਰਿਹਾਅ ਕਰਨਾ ਚਾਹੁੰਦਾ ਸੀ ਪਰ ਗੁਰੂ ਜੀ ਨੇ ਬੱਚਿਆਂ, ਬਜ਼ੁਰਗਾਂ, ਔਰਤਾਂ, ਮਰਦਾਂ ਸਮੇਤ ਹਰ ਇਕ ਨੂੰ ਬਾਬਰ ਦੀ ਕੈਦ ਵਿਚੋਂ ਅਜ਼ਾਦ ਕਰਵਾ ਲਿਆ ਸੀ।

ਸਿੱਖ ਇਤਿਹਾਸ ਦੀ ਦੂਜੀ ਵੱਡੀ ਘਟਨਾ ਗੁਰੂ ਤੇਗ਼ ਬਹਾਦਰ ਜੀ ਦੀ ਸ਼ਹਾਦਤ ਸਮੇਂ ਦੇਖਣ ਨੂੰ ਮਿਲਦੀ ਹੈ। ਕਸ਼ਮੀਰੀ ਪੰਡਿਤ ਗੁਰੂ ਜੀ ਕੋਲ ਧਰਮ ਦੀ ਰੱਖਿਆ ਲਈ ਫਰਿਆਦ ਲੈ ਕੇ ਆਏ ਤਾਂ ਉਹਨਾਂ ਦੱਸਿਆ ਕਿ ਅਸੀਂ ਬਹੁਤ ਸਾਰੇ ਧਾਰਮਿਕ ਅਸਥਾਨਾਂ 'ਤੇ ਜਾ ਕੇ ਆਪਣਾ ਧਰਮ ਬਚਾਉਣ ਲਈ ਬੇਨਤੀ ਕੀਤੀ ਹੈ ਪਰ ਕਿਸੇ ਨੇ ਸਾਡੀ ਬਾਂਹ ਨਹੀਂ ਫੜੀ ਜਿਸ ਦਾ ਪ੍ਰਗਟਾਵਾ ਪੰਡਿਤ ਕਿਰਪਾ ਦੁਆਰਾ ਗੁਰੂ ਜੀ ਅੱਗੇ ਕੀਤੀ ਗਈ ਬੇਨਤੀ ਵਿਚੋਂ ਹੁੰਦਾ ਹੈ :

ਹਾਥ ਜੋਰ ਕਹਯੋ ਕ੍ਰਿਪਾ ਰਾਮ। ਦੱਤ ਬ੍ਰਾਹਮਨ ਮਟਨ ਗ੍ਰਾਮ।
ਹਮਰੋ ਬਲ ਅਬ ਰਹਯੋ ਨਹਿੰ ਕਾਈ। ਹੇ ਗੁਰ ਤੇਗ ਬਹਾਦਰ ਰਾਈ।
ਗਜ ਕੇ ਬੰਧਨ ਕਾਟਨਹਾਰੇ। ਤੁਮ ਗੁਰ ਨਾਨਕ ਹੈਂ ਅਵਤਾਰੇ।
ਜਿਮ ਦ੍ਰੋਪਤੀ ਰਾਖੀ ਲਾਜ। ਦੀਯੋ ਸਵਾਰ ਸੁਦਾਮੇ ਕਾਜ।
ਫਿਰਤ ਫਿਰਤ ਪ੍ਰਭੁ ਆਏ ਥਾਰੇ। ਥਾਕ ਪਰੇ ਹਉਂ ਤਉਂ ਦਰਬਾਰੇ।
ਸੇਵਾ ਹਰੀ ਇਮ ਅਰਜ਼ ਗੁਜ਼ਾਰੀ। ਤੁਮ ਕਲਿਜੁਗ ਕੇ ਕ੍ਰਿਸ਼ਨ ਮੁਰਾਰੀ।

ਗੁਰੂ ਤੇਗ਼ ਬਹਾਦਰ ਜੀ ਦੀ ਸ਼ਰਨ ਵਿਚ ਆਉਣ ਤੋਂ ਬਾਅਦ ਉਨ੍ਹਾਂ ਨੂੰ ਕਿਸੇ ਹੋਰ ਕੋਲ ਜਾਣ ਦੀ ਲੋੜ ਨਹੀਂ ਪਈ ਕਿਉਂਕਿ ਗੁਰੂ ਜੀ ਇਹ ਸਮਝਦੇ ਸਨ ਕਿ ਬਾਦਸ਼ਾਹ ਪ੍ਰਮਾਤਮਾ ਦੁਆਰਾ ਪੈਦਾ ਕੀਤੇ ਸੰਸਾਰ ਚ ਬਹੁਲਵਾਦ ਦੇ ਸਿਧਾਂਤ ਨੂੰ ਮਿਟਾਉਣਾ ਚਾਹੁੰਦਾ ਹੈ ਅਤੇ ਇਸ ਨੂੰ ਰੋਕਿਆ ਜਾਣਾ ਬਹੁਤ ਜਰੂਰੀ ਹੈ। ਇਸ ਲਈ ਗੁਰੂ ਜੀ ਨੇ ਪਰਮਾਤਮਾ ਦੇ ਇਸ ਸਿਧਾਂਤ ਨੂੰ ਬਚਾਉਣ ਵਿਚ ਆਪਣੀ ਜ਼ਿੰਮੇਵਾਰੀ ਦਾ ਅਹਿਸਾਸ ਕਰਦੇ ਹੋਏ ਕਸ਼ਮੀਰੀ ਪੰਡਿਤਾਂ ਨੂੰ ਕਹਿ ਦਿੱਤਾ ਸੀ ਕਿ ਤੁਹਾਨੂੰ ਹੁਣ ਹੋਰ ਕਿਤੇ ਅੱਗੇ ਭਟਕਣ ਦੀ ਲੋੜ ਨਹੀਂ। ਬਾਦਸ਼ਾਹ ਨੂੰ ਕਹਿ ਦੇਵੋ ਕਿ ਜੇਕਰ ਗੁਰੂ ਜੀ ਇਸਲਾਮ ਕਬੂਲ ਕਰ ਲੈਣਗੇ ਤਾਂ ਅਸੀਂ ਆਪਣੇ ਆਪ ਮੁਸਲਮਾਨ ਹੋ ਜਾਵਾਂਗੇ।ਗੁਰੂ ਜੀ ਦੀ ਸ਼ਹਾਦਤ ਨਾਲ ਕੇਵਲ ਹਿੰਦੂ ਧਰਮ ਹੀ ਨਹੀਂ ਬਚਿਆ ਸੀ ਬਲਕਿ ਇਸ ਮੁਲਕ ਵਿਚ ਰਹਿਣ ਵਾਲੇ ਜੈਨੀ, ਬੋਧੀ ਅਤੇ ਹੋਰਨਾਂ ਵਿਸ਼ਵਾਸਾਂ ਦੇ ਧਾਰਨੀ ਵੀ ਬੱਚ ਗਏ ਸਨ। ਇਸ ਲਈ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਪਿਤਾ ਗੁਰੂ ਤੇਗ਼ ਬਹਾਦਰ ਜੀ ਦੀ ਸ਼ਹਾਦਤ ਨੂੰ 'ਧਰਮ ਹੇਤ ਸਾਕਾ' ਦੱਸਿਆ ਹੈ। ਇਸੇ ਦ੍ਰਿਸ਼ਟੀ ਤੋਂ ਗੁਰੂ ਜੀ ਦੀ ਸ਼ਹਾਦਤ ਨੂੰ ਬਦੀ ਵਿਰੁੱਧ ਜੈਕਾਰ ਦੱਸਦੇ ਹੋਏ ਉਨ੍ਹਾਂ ਨੂੰ ਧਰਮ ਦੀ ਚਾਦਰ,

(ਬਾਕੀ ਸਫ਼ਾ 30 'ਤੇ)

ਹਰਫ਼ਾਂ ਦੇ ਨੂਰ

# ਜ਼ਿੰਦਗੀ ਜਿਊਣ ਦਾ ਸੁਚੱਜਾ ਢੰਗ



ਜਗਮੀਤ ਸਿੰਘ ਚੁੰਬਰ
(ਬਰੜਵਾਲ)
ਮੋ. 96536-39891

ਜ਼ਿੰਦਗੀ ਦੀ ਉਣਾਤਾਈ ਵਿੱਚ ਉਲਝਿਆ ਆਦਮੀ ਆਪਣੀ ਅਸਲੀ ਜ਼ਿੰਦਗੀ ਜਿਊਣ ਦੇ ਢੰਗ ਨੂੰ ਭੁੱਲ ਕੇ ਸਮਾਜਿਕ ਆਵਾਗੌਣ ਵਿੱਚ ਉਲਝਿਆ ਰਹਿੰਦਾ ਹੈ। ਉਹ ਇੱਥੋਂ ਤੱਕ ਉਲਝ ਕੇ ਰਹਿ ਜਾਂਦਾ ਹੈ ਕਿ ਇੱਕ ਸਮੇ ਉਸ ਨੂੰ ਆਪਣੇ ਚੰਗੇ ਮਾੜੇ ਦਾ ਫਰਕ ਵੀ ਭੁੱਲ ਜਾਂਦਾ ਹੈ ਵਿਅਕਤੀ ਸੰਸਾਰ ਦੇ ਇਸ ਚੱਕਰਵਿਊ ਵਿੱਚ ਇੰਨਾ ਫਸ ਜਾਂਦਾ ਹੈ ਕਿ ਉਹ ਸਿਰਫ ਪੈਸੇ ਨੂੰ ਹੀ ਸਭ ਕੁਝ ਮੰਨਣ ਲੱਗ ਜਾਂਦਾ ਹੈ। ਉਸਨੂੰ ਇਹ ਭੁੱਲ ਜਾਂਦਾ ਹੈ ਕਿ ਪੈਸਾ ਸਾਡੇ ਲਈ ਬਣਿਆ ਹੈ ਨਾਂ ਕਿ ਅਸੀਂ ਪੈਸੇ ਲਈ। ਪਰ ਹੁੰਦਾ ਕਿ ਹੈ ਵਿਅਕਤੀ ਇਸ ਮੋਹ-ਮਾਇਆ ਦੇ ਚੱਕਰ ਵਿੱਚ ਫਸਕੇ ਆਪਣੇ ਸਕੇ ਭੈਣ-ਭਰਾਵਾਂ ਨੂੰ ਵੀ ਭੁੱਲ ਜਾਂਦਾ ਹੈ। ਉਸਨੂੰ ਸਿਰਫ ਪੈਸਾ ਅਤੇ ਪੈਸਾ ਹੀ ਨਜ਼ਰ ਆਉਂਦਾ ਹੈ ਉਹ ਆਪ ਤੋਂ ਗਰੀਬ ਵਿਅਕਤੀ ਨਾਲ ਰਿਸ਼ਤਾ ਨਿਭਾਉਣਾ ਤਾਂ ਦੂਰ ਦੀ ਗੱਲ ਸਗੋਂ ਉਸਨੂੰ ਬੁਲਾਉਣ ਤੋਂ ਵੀ ਗੁਰੇਜ਼ ਕਰਦਾ ਹੈ ਕਿ ਕਿਤੇ ਮੇਰੇ ਕੋਲੋਂ ਕੁਝ ਉਧਾਰ ਹੀ ਨਾ ਮੰਗ ਲਵੇ। ਅਤੇ ਉਹ ਸਿਰਫ ਆਪਣੇ ਜਵਾਕਾਂ ਅਤੇ ਘਰਵਾਲੀ ਤੱਕ ਸੀਮਿਤ ਰਹਿ ਜਾਂਦਾ ਹੈ। ਪਰ ਇਕ ਦਿਨ ਅਜਿਹਾ ਵੀ ਆਉਂਦਾ ਜਾਂ ਵਾਪਰਦਾ ਹੈ ਜਿਸ ਸਮੇਂ ਉਸਦਾ ਚਾਅ ਲਾਡਾਂ ਨਾਲ ਪਾਲੇ ਪੁੱਤ ਅਤੇ ਪਿਆਰੀ ਘਰਵਾਲੀ ਵੀ ਉਸਨੂੰ ਇਸ ਰੁਪਇਆਂ ਦੀ ਖਾਤਿਰ ਘਰੋਂ ਬਾਹਰ ਕਰ ਦਿੰਦੇ ਹਨ ਕਿ ਹੁਣ ਅਸੀਂ ਸਿਆਣੇ ਹੋ ਗਏ ਹਾਂ। ਤੁਸੀਂ ਬੁੱਢੇ ਸਾਡੀ ਬੇਇਜ਼ਤੀ ਕਰਾਉਂਦੇ ਹੋ ਜਾਂ ਫਿਰ ਤੁਹਾਨੂੰ ਇਸ ਨਵੇਂ ਜਮਾਨੇ ਦੇ ਹਿਸਾਬ ਨਾਲ ਜਿਊਣਾ ਨਹੀਂ ਆਉਂਦਾ। ਉਸ ਸਮੇਂ ਉਸਨੂੰ ਉਹ ਸਭ ਕੁਝ ਯਾਦ ਆਉਂਦਾ ਹੈ ਕਿ ਕਿਸ ਤਰ੍ਹਾਂ ਉਹ ਲੋਕਾਂ ਨੂੰ ਲੁੱਟ-ਖਸੁੱਟ ਕਰਕੇ ਆਪਣੇ ਸਕੇ ਭਰਾਵਾਂ ਦਾ ਹੱਕ ਮਾਰਕੇ ਅਤੇ ਘਰਵਾਲੀ ਦੇ ਪਿੱਛੇ ਕੇ ਆਪਣੇ ਸਕੇ ਭੈਣ ਭਰਾਵਾਂ ਨੂੰ ਭੁੱਲਕੇ ਨਕਲੀ ਰਿਸ਼ਤੇ ਪਿੰਡੋਂ ਨਿਕਲ ਸ਼ਹਿਰਾਂ ਵਿੱਚ ਬਣਾਉਂਦਾ ਹੈ। ਇਥੋਂ ਤੱਕ ਕਿ ਆਪਣੇ ਬਿਰਧ ਮਾਂ ਪਿਉ ਨੂੰ ਵੀ ਪਿੱਛੇ ਤੜਫਣ ਲਈ ਛੱਡ ਜਾਂਦਾ ਹੈ। ਇਸ ਤਰ੍ਹਾਂ ਜਿੰਦਗੀ ਦਾ ਇਹ ਚੱਕਰ ਘੁੰਮਦਾ ਹੋਇਆ ਮੁੜ ਉਸ ਸਮੇਂ 'ਤੇ ਹੀ ਆ ਖੜ੍ਹਦਾ ਹੈ। ਜਦੋਂ ਸਮੇਂ ਦੀ ਤਾਣੀ ਉਲੱ ਜਾਂਦੀ ਹੈ ਅਤੇ ਵਿਅਕਤੀ ਦਾ ਅਖੀਰਲਾ ਪੜਾਅ ਸ਼ੁਰੂ ਹੋ ਜਾਂਦਾ ਹੈ ਜਿਸ ਵਿੱਚ ਉਹ ਬਿਰਧ ਆਯੂ ਵਿੱਚ ਪਹੁੰਚ ਕੇ ਆਪਣੇ ਧੀਆਂ ਪੁੱਤਰਾਂ ਉੱਪਰ ਨਿਰਭਰ ਹੋ ਜਾਂਦਾ ਹੈ ਇਹ ਸਮਾਂ ਇਹੋ ਜਿਹਾ ਹੁੰਦਾ ਹੈ ਕਿ ਇਸ ਬਿਰਧ ਆਯੂ ਵਿੱਚ ਭਾਵੇਂ ਕੋਈ ਗਰੀਬ ਜਾਂ ਅਮੀਰ ਹੋਵੇ ਫਿਰ ਵੀ ਤੰਗੀ ਮਹਿਸੂਸ ਹੁੰਦੀ ਹੈ। ਭਾਵੇਂ ਪੁੱਤਰ ਧੀਆਂ ਅਤੇ ਨੂੰਹਾਂ ਕਿਨੇ ਵੀ ਨੇਕ ਹੋਣ ਤਾਂ ਵੀ ਘਰ ਵਿੱਚ ਬੁੱਢੇ ਦੀ ਘੱਟ ਹੀ ਪੁੱਛ ਹੁੰਦੀ ਹੈ। ਨਾ ਹੀ ਉਸਦੀ ਕੋਈ ਗੱਲ ਮੰਨੀ ਜਾਂਦੀ ਹੈ। ਇਸ ਉਮਰ ਵਿਚ ਬੁੱਢੇ ਨੂੰ ਮੰਜਾ ਘਟੀਆ ਦੇਣਗੇ ਅਤੇ ਨਾ ਹੀ ਬਿਸਤਰਾਂ ਸਾਫ਼ ਸੁਥਰਾ ਹੁੰਦਾ ਹੈ। ਰੋਟੀ ਵੀ ਇੱਕੋ ਵਾਰ ਪਰੋਸਣਗੇ, ਫਿਰ ਕਿਸੇ ਨੇ ਪੁੱਛਣਾ ਨਹੀਂ। ਜਿਵੇਂ ਕਿ ਇਸ ਕਹਾਣੀ ਵਿੱਚ ਵਾਪਰਦਾ ਹੈ। ਇੱਕ ਵਾਰ ਬੁੱਢੇ ਕੋਲ ਉਸਦੇ ਪੁੱਤਰ ਨੇ ਟੱਲੀ ਰੱਖ ਦਿੱਤੀ ਕਿ ਜਦੋਂ ਤੈਨੂੰ ਕਿਸੇ ਚੀਜ ਦਾ ਲੋੜ ਹੋਵੇ ਤਾਂ ਇਹ ਟੱਲੀ ਖੜਕਾ ਦੇਵੀਂ ਕਿਉਂਕਿ ਕੰਮ ਧੰਦੇ ਵਿੱਚ ਕਈ ਵਾਰ ਅਵਾਜ਼ ਨਹੀਂ ਸੁਣਦੀ। ਇੱਕ ਦਿਨ ਸੁੱਤੇ ਪਏ ਬਾਬੇ ਦੀ ਟੱਲੀ ਉਸਦਾ ਪੋਤਾ ਚੁੱਕ ਕੇ ਲੈ ਗਿਆ। ਲੋੜ ਪੈਣ 'ਤੇ ਬਾਬੇ ਨੂੰ ਕਿਸੇ ਨੇ ਵੀ ਰੋਟੀ ਪਾਣੀ ਨਾ ਦਿੱਤਾ। ਜਦੋਂ ਬਾਹਰੋਂ ਆਇਆ ਪੁੱਤਰ ਕੋਲ ਦੀ ਲੰਘਣ ਲੱਗਿਆ ਤਾਂ ਪੁੱਤਰ ਨੇ ਕਿਹਾ ਬਾਪੂ ਕੀ ਗੱਲ ਹੈ? ਭਾਈ ਕਿਸੇ ਨੇ ਮੈਨੂੰ ਰੋਟੀ ਪਾਣੀ ਨਹੀਂ ਦਿੱਤਾ ਉਸਨੇ ਆਪਣੀ ਘਰਵਾਲੀ ਨੂੰ ਪੁੱਛਿਆ। ਕੀ ਗੱਲ ਹੈ ਅੱਜ ਬਾਪੂ ਨੂੰ ਰੋਟੀ ਪਾਣੀ ਨਹੀਂ ਦਿੱਤਾ। ਕਹਿਣ ਲੱਗੀ ਬਾਬੇ ਨੇ ਅੱਜ ਟੱਲੀ ਨਹੀਂ ਖੜਕਾਈ ਮੈਂ ਸਮਝਿਆ ਕਿ ਬਾਪੂ ਨੂੰ ਕਿਸੇ ਵੀ ਚੀਜ ਦੀ ਲੋੜ ਨਹੀਂ। ਪੁੱਤਰ ਬਾਪੂ ਨੂੰ ਕਹਿਣ ਲੱਗਾ ਬਾਪੂ ਤੂੰ ਟੱਲੀ ਨਹੀਂ ਵਜਾਈ। ਭਾਈ ਮੈਨੂੰ ਤਾਂ ਟੱਲੀ ਕਿਤੇ ਮਿਲੀ ਨਹੀਂ, ਪਤਾ ਨਹੀਂ ਕੌਣ ਲੈ ਗਿਆ? ਜਦੋਂ ਬੁੱਢੇ ਦੇ ਪੁੱਤਰ ਨੇ ਆਪਣੇ ਮੁੰਡੇ ਤੋਂ ਪਤਾ ਕੀਤਾ, ਮੁੰਡੇ ਨੇ ਦੱਸਿਆ ਕਿ ਟੱਲੀ ਮੈਂ ਲਕੋ ਕੇ ਰੱਖ ਦਿੱਤੀ ਹੈ। ਜਦ ਤੂੰ ਬੁੱਢਾ ਹੋ ਗਿਆ ਤਾਂ ਇਹ ਟੱਲੀ ਮੈਂ ਤੈਨੂੰ ਦਿਆਗਾਂ। ਕਿਉਂਕਿ ਅਜੋਕੇ ਸਮੇਂ ਵਿੱਚ ਜਿੱਥੇ ਤਕਨੀਕ ਦਾ ਵਿਕਾਸ ਹੋਇਆ ਉਥੇ ਰਿਸ਼ਤਿਆਂ ਵਿੱਚ ਖੋਖਲਾਪਣ ਵੇਖਣ ਨੂੰ ਆਇਆ ਹੈ। ਅੱਜ ਹਰ ਉਮਰ ਦਾ ਵਿਅਕਤੀ ਸਿਰਫ ਮੋਬਾਇਲ ਤੱਕ ਸੀਮਤ ਹੋ ਕੇ ਰਹਿ ਗਿਆ ਹੈ। ਅੱਜ ਹਰ ਰਿਸ਼ਤਾ ਲੋਕ ਮੋਬਾਇਲਾਂ ਦੇ ਜਰੀਏ ਹੀ ਨਿਭਾਉਣ ਲੱਗ ਪਏ ਹਨ ਅੱਜ ਆਪਸੀ ਰਿਸ਼ਤਿਆਂ ਵਿੱਚ ਫਿੱਕਾਪਣ ਵੱਧਦਾ ਦਿਖਾਈ ਦਿੰਦਾ ਹੈ। ਲੋਕ ਸਿਰਫ ਹਾਲ-ਚਾਲ ਪੁੱਛਣ ਤੱਕ ਹੀ ਸੀਮਿਤ ਰਹਿ ਗਏ ਹਨ। ਜਿੰਦਗੀ ਜੋ ਕਿ ਸਿਰਫ ਵਿਖਾਵਾ ਬਣਕੇ ਰਹਿ ਗਈ ਹੈ ਅੱਜ ਲੋਕ ਸਿਰਫ ਵਿਖਾਵੇ ਦੀ ਜਿੰਦਗੀ ਨੂੰ ਹੀ ਜਿਊਣ ਦਾ ਢੰਗ ਸਮਝ ਕੇ ਬੈਠ ਗਏ ਹਨ। ਪਹਿਲਾਂ ਵਾਲਾ ਪਿਆਰ ਅਤੇ ਸਨੇਹ ਵੇਖਣ ਨੂੰ ਨਹੀਂ ਮਿਲਦਾ। ਜਿੰਦਗੀ ਤੇਜ਼ੀ ਨਾਲ ਲੰਘ ਰਹੀ ਹੈ। ਇੰਨੀ ਤਕਨਾਲੋਜੀ ਅਤੇ 4 ਜੀ ਨੈਟਵਰਕ ਦੇ ਬਾਵਜੂਦ ਵੀ ਵਿਅਕਤੀ (ਬਾਕੀ ਸਫ਼ਾ 30 'ਤੇ)

## ਲੋਕ ਸਾਹਿਤ ਸੰਗਮ ਰਾਜਪੁਰਾ ਪੰਜਾਬ ਦਾ ਸਤਵਾਂ ਅੰਤਰਰਾਸ਼ਟਰੀ ਸਾਹਿਤ ਸਮਾਗਮ ਹੋਇਆ ਸੰਪੰਨ



ਰਾਜਪੁਰਾ (ਪੰਜਾਬ)/ਪ੍ਰਮਿੰਦਰ ਸਿੰਘ ਪ੍ਰਵਾਨਾ : ਲੋਕ ਸਾਹਿਤ ਸੰਗਮ ਰਾਜਪੁਰਾ ਪੰਜਾਬ ਦਾ ਸੱਤਵਾਂ ਅੰਤਰਰਾਸ਼ਟਰੀ ਸਾਹਿਤਕ ਸਮਾਗਮ ਡਾ. ਗੁਰਵਿੰਦਰ ਸਿੰਘ ਅਮਨ ਪ੍ਰਧਾਨ, ਡਾ. ਹਰਜੀਤ ਸਿੰਘ ਸੱਧਰ ਚੇਅਰਮੈਨ, ਸੁਰਿੰਦਰ ਸਿੰਘ ਸੋਹਣਾ ਜਨਰਲ ਸਕੱਤਰ ਦੀ ਅਗਵਾਈ ਹੇਠ ਹੋਇਆ। ਸਮਾਗਮ ਦਾ ਆਰੰਭ ਕਰਦਿਆਂ ਜਨਾਬ ਸੰਜੀਵ ਕੁਮਾਰ ਐਸ.ਡੀ.ਐਮ. ਰਾਜਪੁਰਾ ਨੇ ਕਿਹਾ ਕਿ ਉਹ ਆਪਣੀ ਮਾਂ ਬੋਲੀ ਪੰਜਾਬੀ ਦਾ ਦਿਲੋਂ ਸਤਿਕਾਰ ਕਰਦਾ ਹੈ। ਉਨ੍ਹਾਂ ਨੇ ਕਿਹਾ ਕਿ ਦੇਸ਼ ਵਿਦੇਸ਼ ਵਿਚ ਬੈਠੇ ਪੰਜਾਬੀਆਂ ਨੂੰ ਆਪਣੇ ਬੱਚਿਆਂ ਨਾਲ ਘਰ ਵਿਚ ਪੰਜਾਬੀ ਬੋਲਣ ਅਤੇ ਪੰਜਾਬੀ ਸਿਖਾਉਣ ਦਾ ਉਪਰਾਲਾ ਕਰਦੇ ਰਹਿਣ। ਦੇਸ਼ ਵਿਦੇਸ਼ ਤੋਂ ਪਹੁੰਚੇ ਸਾਹਿਤਕਾਰਾਂ ਵਿਚ ਅਜਾਇਬ ਸਿੰਘ ਚੱਠਾ ਚੇਅਰਮੈਨ ਵਿਸ਼ਵ ਪੰਜਾਬੀ ਕਾਨਫਰੰਸ ਕੈਨੇਡਾ, ਡਾ. ਸਰਬਜੀਤ ਸਿੰਘ ਮੁਖੀ ਅਤੇ ਪ੍ਰੋਫੈਸਰ ਪੰਜਾਬੀ ਅਧਿਐਨ ਵਿਭਾਗ, ਯੂਨੀਵਰਸਿਟੀ, ਚੰਡੀਗੜ੍ਹ, ਡਾ. ਗੁਰਮਿੰਦਰ ਸਿੱਧੂ ਵਿਸ਼ਵ ਪ੍ਰਸਿੱਧ ਕਵਿਤਰੀ ਕੈਨੇਡਾ, ਪ੍ਰਮਿੰਦਰ ਸਿੰਘ ਪ੍ਰਵਾਨਾ ਸੰਚਾਲਕ ਸਾਂਝਾ ਸੱਭਿਆਚਾਰਕ ਮੰਚ ਅਮਰੀਕਾ, ਹਰਭਜਨ ਸਿੰਘ ਬਰਾੜ ਪ੍ਰਧਾਨ ਸਾਈਂ ਮੀਆਂ ਮੀਰ ਇੰਟਰਨੈਸ਼ਨਲ ਫਾਊਂਡੇਸ਼ਨ ਕੈਨੇਡਾ, ਪਵਨ ਹਰਚੰਦਪੁਰੀ ਪ੍ਰਧਾਨ ਕੇਂਦਰੀ ਪੰਜਾਬੀ ਲੇਖਕ ਸਭਾ (ਸੇਖੋਂ), ਅਜੈ ਭਟੇਜਾ ਪ੍ਰਧਾਨ ਰੋਟਰੀ ਕਲੱਬ ਰਾਜਪੁਰਾ। ਪ੍ਰੋਗਰਾਮ ਦੀ ਸਭ ਤੋਂ ਵੱਡੀ ਪ੍ਰਾਪਤੀ ਰਹੀ ਕਿ 60 ਦੇ ਕਰੀਬ ਸਾਹਿਤਕਾਰਾਂ ਨੇ ਬੜੀ ਸਰਗਰਮੀ ਨਾਲ ਹਿੱਸਾ ਲਿਆ ਸੱਭਿਆਚਾਰ ਦੇ ਖੇਤਰ ਵਿਚੋਂ ਲੋਕ ਗਾਇਕ ਪਾਲੀ ਦੇਤਵਾਲੀਆ ਅਤੇ ਉਘੀ ਗਾਇਕਾ ਗੁਲਸ਼ਨ ਕੋਮਲ ਦਾ ਸਨਮਾਨ ਕੀਤਾ ਗਿਆ। ਦੋਵਾਂ ਨੇ ਆਪਣੇ ਗੀਤਾਂ ਨਾਲ ਸਾਂਝ ਪਾਈ। ਕਵੀਆਂ ਵਿਚ ਸ਼ਾਮਲ ਸਨ, ਸੁਰਿੰਦਰ ਗਿੱਲ ਚੰਡੀਗੜ੍ਹ, ਅਮਰਜੀਤ ਕੋਕੇ, ਗੁਰਦਰਸ਼ਨ ਗੁਸੀਲ, ਡਾ. ਰਤਨ ਸਿੰਘ ਢਿੱਲੋਂ, ਡਾ. ਸੁਰੇਸ਼ ਨਾਇਕ,

(ਬਾਕੀ ਸਫ਼ਾ 30 'ਤੇ)

TRANS-ALLIANCE
TOGETHER WE SAVE

FUEL DISCOUNTS
UPTO 80 CENTS PER GALLON DISCOUNT
MAJOR NETWORK OF TRUCK STOPS

FUEL CARDS
NO CREDIT - NO PROBLEM
BEST CUSTOMER SERVICE




FLEET ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

YOU BREAK DOWN
WE SHOW UP
24-HOUR ROADSIDE ASSISTANCE

TRUCK REPAIR & TIRE DISCOUNTS
GET NATIONAL ACCOUNT
NEARLY 3,000 HIGHLY SKILLED TECHNICIANS COAST TO COAST

FUEL MANAGEMENT
DAILY FUEL RATES IN PHONE APP

CALL FOR MORE INFO
(855)641-6955, (888)795-7035






ਸਿਮਰਜੀਤ ਸਿੰਘ

## ਮੁਗ਼ਲ ਹਕੂਮਤ ਨਾਲ ਜੂਝਣ ਵਾਲੀ ਰੂਹਾਨੀ ਰੂਹ

# ਮਾਤਾ ਗੁਜਰੀ ਜੀ

ਜ਼ਿਲ੍ਹਾ ਜਲੰਧਰ ਵਿਚ ਇਤਿਹਾਸਿਕ ਨਗਰ ਹੈ-ਕਰਤਾਰਪੁਰ। ਇਹ ਨਗਰ ਜਲੰਧਰ ਸ਼ਹਿਰ ਤੋਂ 16 ਕਿਲੋਮੀਟਰ ਦੀ ਦੂਰੀ 'ਤੇ ਉੱਤਰ-ਪੱਛਮ ਵੱਲ ਸਥਿਤ ਹੈ। ਇਸ ਸ਼ਹਿਰ ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸੰਨ 1593 ਈ. ਵਿਚ ਵਸਾਇਆ ਸੀ। ਇਕ ਧਾਰਨਾ ਅਨੁਸਾਰ ਮਾਤਾ ਭਾਨੀ ਜੀ ਦੇ ਸਵਰਗਵਾਸ ਹੋ ਜਾਣ ਉਪਰੰਤ ਸ੍ਰੀ ਗੁਰੂ ਅਰਜਨ ਦੇਵ ਜੀ ਗੋਇੰਦਵਾਲ ਸਾਹਿਬ ਤੋਂ ਦੁਆਬੇ ਵੱਲ ਚੱਲ ਪਏ ਅਤੇ ਕਰਤਾਰਪੁਰ ਸਾਹਿਬ ਵਾਲੀ ਥਾਂ 'ਤੇ ਹੱਥ ਵਾਲੀ ਸੋਟੀ ਗੱਡ ਕੇ ਇੱਥੇ ਨਗਰ ਵਸਾਉਣ ਦੀ ਘੋਸ਼ਣਾ ਕੀਤੀ। ਗੁਰੂ ਜੀ ਨੇ ਜਿਸ ਥਾਂ 'ਤੇ ਸੋਟੀ ਗੱਡੀ ਸੀ ਉਸ ਥਾਂ ਗੁਰੂ ਜੀ ਦੀ ਯਾਦ ਵਿਚ ਗੁਰਦੁਆਰਾ ਥੰਮ ਸਾਹਿਬ ਸੁਸ਼ੋਭਿਤ ਹੈ। ਅਕਬਰ ਨੇ ਆਪਣੇ ਰਾਜਕਾਲ ਸਮੇਂ 1597 ਈ. ਵਿਚ ਸ਼ਹਿਜ਼ਾਦਾ ਸਲੀਮ ਨੇ ਇਸ ਦੇ ਮਾਮਲੇ ਦੀ ਮੁਆਫੀ ਦਾ ਪਟਾ ਦਿੱਤਾ ਸੀ। ਅਕਬਰਨਾਮੇ ਅਨੁਸਾਰ ਅਕਬਰ ਸੰਨ 1598 ਈ. ਵਿਚ ਗੋਇੰਦਵਾਲ ਦੇ ਪੱਤਣ ਤੋਂ ਬਿਆਸ ਦਰਿਆ ਪਾਰ ਕਰ ਕੇ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਹਜ਼ੂਰੀ ਵਿਚ ਆਇਆ ਅਤੇ ਇਸ ਜ਼ਮੀਨ ਦਾ ਪਟਾ ਦਰਸ਼ਨ ਭੇਟ ਵਜੋਂ ਦਿੱਤਾ। ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਤੋਂ ਮਗਰੋਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਇਸ ਨਗਰ ਦਾ ਵਿਕਾਸ ਕਰਵਾਇਆ। ਇਸ ਨਗਰ ਵਿਚ ਪਿਤਾ ਭਾਈ ਲਾਲ ਚੰਦ ਜੀ ਅਤੇ ਮਾਤਾ ਬਿਸ਼ਨ ਕੌਰ ਜੀ ਦੇ ਘਰ ਗੁਜਰੀ ਜੀ ਦਾ ਜਨਮ ਹੋਇਆ। ਇਨ੍ਹਾਂ ਦੇ ਜਨਮ ਬਾਰੇ ਕੋਈ ਪੱਕੀ ਤਾਰੀਖ ਨਹੀਂ ਮਿਲਦੀ ਜਿਸ ਕਾਰਨ ਵਿਦਵਾਨਾਂ ਵਿਚ ਇਨ੍ਹਾਂ ਦੀ ਜਨਮ ਮਿਤੀ ਬਾਰੇ ਮਤਭੇਦ ਹਨ। ਬਚਪਨ ਤੋਂ ਹੀ ਆਪ ਧਾਰਮਿਕ ਰੁਚੀਆਂ ਦੇ ਮਾਲਕ ਸਨ। ਆਪ ਜੀ ਦੇ ਮਾਤਾ-ਪਿਤਾ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਦਰਬਾਰ ਵਿਚ ਜਾਇਆ ਕਰਦੇ ਸਨ।

ਮਾਤਾ ਗੁਜਰੀ ਜੀ ਦਾ ਵਿਆਹ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਾਹਿਬਜ਼ਾਦੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨਾਲ ਹੋਇਆ। ਭਾਈ ਕਾਨ੍ਹ ਸਿੰਘ ਨਾਭਾ 'ਮਹਾਨ ਕੋਸ਼' ਵਿਚ ਲਿਖਦੇ ਹਨ ਕਿ ਆਪ ਜੀ ਦਾ ਵਿਆਹ 15 ਅੱਸੂ, 1686 ਬਿਕ੍ਰਮੀ ਨੂੰ ਹੋਇਆ। ਪਰ ਬਹੁਤ ਸਾਰੇ ਹੋਰ ਇਤਿਹਾਸਕਾਰਾਂ ਨੇ ਵਿਆਹ ਦੀ ਤਾਰੀਖ 15 ਅੱਸੂ, 1689 ਬਿਕ੍ਰਮੀ ਮੰਨੀ ਹੈ। ਮਾਤਾ ਗੁਜਰੀ ਜੀ ਨੇ ਆਪਣੇ ਵਿਆਹ ਤੋਂ ਬਾਅਦ ਕੁਝ ਸਾਲ ਸ੍ਰੀ ਅੰਮ੍ਰਿਤਸਰ ਵਿਖੇ ਬਿਤਾਏ। ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ 1701 ਬਿਕ੍ਰਮੀ ਵਿਚ ਕਰਤਾਰਪੁਰ ਸਾਹਿਬ ਵਿਖੇ ਜੋਤੀ-ਜੋਤ ਸਮਾ ਗਏ। ਉਨ੍ਹਾਂ ਦੇ ਜੋਤੀ-ਜੋਤ ਸਮਾ ਜਾਣ ਤੋਂ ਬਾਅਦ ਮਾਤਾ ਗੁਜਰੀ ਜੀ ਅਤੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਮਾਤਾ ਨਾਨਕੀ ਜੀ ਦੇ ਆਦੇਸ਼ ਨਾਲ ਨਾਨਕੇ ਪਿੰਡ ਬਾਬਾ ਬਕਾਲਾ ਵਿਖੇ ਰਹਿਣ ਲੱਗ ਪਏ। ਇੱਥੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਕਈ ਸਾਲ ਅਕਾਲ ਪੁਰਖ ਦਾ ਨਾਮ-ਸਿਮਰਨ ਕਰਦਿਆਂ ਭਗਤੀ ਵਿਚ ਗੁਜ਼ਾਰੇ। ਮਾਤਾ ਗੁਜਰੀ ਜੀ ਨੇ ਆਪ ਜੀ ਦਾ ਹਰ ਤਰ੍ਹਾਂ ਨਾਲ ਖਿਆਲ ਰੱਖ ਕੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਭਗਤੀ ਵਿਚ ਨਵੀਂ ਸਿਖਰ ਤਕ ਪਹੁੰਚਣ ਵਿਚ ਮਦਦ ਕੀਤੀ।

ਅਠਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਦੇ ਜੋਤੀ-ਜੋਤ ਸਮਾਉਣ ਵੇਲੇ ਗੁਰਿਆਈ 'ਬਾਬਾ ਬਕਾਲਾ' ਕਹਿ ਕੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਦੇ ਦਿੱਤੀ। ਗੁਰਗੱਦੀ ਮਿਲਣ ਤੋਂ ਬਾਅਦ ਗੁਰੂ ਜੀ ਕੀਰਤਪੁਰ ਸਾਹਿਬ ਵਿਖੇ ਆ ਗਏ ਅਤੇ ਮਾਤਾ ਨਾਨਕੀ ਜੀ ਦੀ ਆਗਿਆ ਮੰਨ ਕੇ ਧਰਮ ਪ੍ਰਚਾਰ ਲਈ ਉੱਤਰ ਪ੍ਰਦੇਸ਼, ਬਿਹਾਰ, ਬੰਗਾਲ ਅਤੇ ਅਸਾਮ ਦੇ ਪ੍ਰਾਂਤਾਂ ਵੱਲ ਚਲੇ ਗਏ। ਮਾਤਾ ਗੁਜਰੀ ਜੀ, ਮਾਤਾ ਨਾਨਕੀ ਜੀ ਅਤੇ ਬਹੁਤ ਸਾਰੇ ਸਿੱਖ ਸੇਵਕ ਗੁਰੂ ਜੀ ਦੇ ਨਾਲ ਸਨ। ਇਨ੍ਹਾਂ ਦਿਨਾਂ ਵਿਚ ਹੀ ਸੈਫਾਬਾਦ ਦੇ ਨਵਾਬ ਸੈਫ਼-ਉਲ-ਦੀਨ ਨੇ ਆਪ ਜੀ ਵਾਸਤੇ ਇਕ ਸੁੰਦਰ ਘੋੜਾ, ਸਾਮਾਨ ਰੱਖਣ ਵਾਲੀ ਇਕ ਸੁੰਦਰ ਗੱਡੀ, ਵੱਡਾ ਤੰਬੂ, ਭਾਰ ਢੋਣ ਲਈ ਕੁਝ ਊਠ, ਗੱਡੀਆਂ ਖਿੱਚਣ ਲਈ ਕੁਝ ਬਲਦ ਭੇਟ ਵਜੋਂ ਦਿੱਤੇ। ਆਪ ਜੀ ਪੂਰਬ ਵੱਲ ਪ੍ਰਚਾਰ-ਫੇਰੀ ਦੌਰਾਨ ਪਹੇਵਾ, ਕੁਰਕਸ਼ੇਤਰ, ਮਥਰਾ, ਬ੍ਰਿੰਦਾਬਨ, ਆਗਰਾ, ਇਟਾਵਾ, ਕਾਨ੍ਹਪੁਰ, ਅਲਾਹਾਬਾਦ, ਮਿਰਜ਼ਾਪੁਰ, ਬਨਾਰਸ, ਸਾਸਾਰਾਮ, ਬਹਾਰਾਖਲ, ਭਵਾਨੀਪੁਰ, ਸਾਦਲਪੁਰ, ਗਯਾ ਆਦਿ ਗਏ। ਗਯਾ ਵਿਚ ਹੀ ਆਪ ਜੀ ਦੀ ਭੇਂਟ ਰਾਜਾ ਰਾਮ ਸਿੰਹੁ ਨਾਲ ਹੋਈ। ਗਯਾ ਤੋਂ ਬਾਅਦ ਆਪ ਪਟਨਾ ਵਿਖੇ ਗਏ।

ਬਿਹਾਰ ਰਾਜ ਦੀ ਰਾਜਧਾਨੀ ਪਟਨਾ ਗੰਗਾ ਦਰਿਆ ਦੇ ਸੱਜੇ ਕੰਢੇ 'ਤੇ ਸਥਿਤ ਹੈ। ਪਹਿਲਾਂ ਇਸ ਨੂੰ ਪਾਟਲਗ੍ਰਾਮ ਦੇ ਨਾਂ ਨਾਲ ਜਾਣਿਆ ਜਾਂਦਾ ਸੀ ਅਤੇ ਇਸ ਦਾ ਨਾਂ ਪਾਟਲੀਪੁੱਤਰ ਕਰ ਕੇ ਪ੍ਰਸਿੱਧ ਸੀ। ਸੰਸਕ੍ਰਿਤ ਗ੍ਰੰਥਾਂ ਵਿਚ ਇਸ ਸ਼ਹਿਰ ਦਾ ਨਾਂ ਕੁਸੁਮਪੁਰ, ਪਦਮਾਵਤੀ, ਪੁਸ਼ਪਪੁਰ ਆਦਿ ਵੀ ਮਿਲਦਾ ਹੈ। ਗਯਾ ਤੋਂ ਬਾਅਦ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਪਟਨੇ ਵਿਖੇ ਠਹਿਰੇ ਹੋਏ ਸਨ। ਸਤਿਗੁਰੂ ਜੀ ਦੇ ਪਿਆਰ ਦਾ ਖਿੱਚਿਆ ਰਾਜਾ ਰਾਮ ਸਿੰਹੁ ਵੀ ਪਟਨੇ ਆ ਗਿਆ। ਬਾਦਸ਼ਾਹ ਔਰੰਗਜ਼ੇਬ ਨੇ ਸ਼ਿਵਾ ਜੀ ਮਰਹੱਟਾ ਅਤੇ ਉਸ ਦੇ ਪੁੱਤਰ ਨੂੰ ਕੈਦ ਕਰ ਕੇ ਰਾਜਾ ਰਾਮ ਸਿੰਹੁ ਦੇ ਸਪੁਰਦ ਕੀਤਾ ਸੀ ਜੋ ਉਸ ਦੀ ਜੇਲ੍ਹ ਵਿੱਚੋਂ ਫਰਾਰ ਹੋ ਗਏ ਸਨ। ਉਨ੍ਹਾਂ ਦੋਹਾਂ ਦੇ ਦੌੜ ਜਾਣ ਕਾਰਨ ਬਾਦਸ਼ਾਹ ਔਰੰਗਜ਼ੇਬ ਰਾਜਾ ਰਾਮ ਸਿੰਹੁ ਤੋਂ ਖਫਾ ਸੀ। ਪਟਨਾ ਉਸ ਸਮੇਂ ਮੁਗਲਾਂ ਦਾ ਗੜ੍ਹ ਸੀ। ਗੁਰੂ ਜੀ ਨੇ ਰਾਜਾ ਰਾਮ ਸਿੰਹੁ ਦੀ ਮਜਬੂਰੀ ਨੂੰ ਧਿਆਨ ਵਿਚ ਰੱਖਦਿਆਂ ਉਸ ਨੂੰ ਉੱਥੋਂ ਚਲੇ ਜਾਣ ਦੀ ਸਲਾਹ ਦਿੱਤੀ। ਇਨ੍ਹਾਂ ਦਿਨਾਂ ਵਿਚ ਮਾਤਾ ਗੁਜਰੀ ਜੀ ਜਣੇਪੇ ਦੀ ਸੀਮਾ ਦੇ ਨੇੜੇ ਹੋਣ ਕਾਰਨ ਅੱਗੇ ਯਾਤਰਾ ਕਰਨ ਦੇ ਯੋਗ ਨਹੀਂ ਸਨ। ਇਸ ਲਈ ਮਾਤਾ ਗੁਜਰੀ ਜੀ ਦੀ ਰਿਹਾਇਸ਼ ਦਾ ਪ੍ਰਬੰਧ ਪਟਨਾ ਨਗਰ ਵਿਖੇ ਕਰ ਕੇ ਉਨ੍ਹਾਂ ਦੀ ਸੇਵਾ-ਸੰਭਾਲ ਦੀ ਜ਼ਿੰਮੇਵਾਰੀ ਮਾਤਾ ਗੁਜਰੀ ਜੀ ਦੇ ਭਰਾ ਭਾਈ ਕਿਰਪਾਲ ਚੰਦ ਜੀ ਅਤੇ ਭਾਈ ਦਯਾਲ ਦਾਸ ਅਤੇ ਭਾਈ ਗੁਰਦਿੱਤਾ ਜੀ ਨੂੰ ਸੌਂਪ ਕੇ ਆਪਣੇ ਨਾਲ ਭਾਈ ਮਤੀ ਦਾਸ, ਭਾਈ ਸਤੀ ਦਾਸ ਨੂੰ ਲੈ ਕੇ ਰਾਜਾ ਰਾਮ ਸਿੰਹੁ ਨੂੰ ਮੰਘੇਰ ਨਗਰੀ ਵਿਚ ਜਾ ਮਿਲੇ। ਉੱਥੋਂ ਸ੍ਰੀ ਗੁਰੂ ਤੇਗ ਬਾਹਦਰ ਸਾਹਿਬ ਜੀ ਨੇ ਪਟਨਾ ਦੀ ਸੰਗਤ ਦੇ ਨਾਮ ਇਕ ਹੁਕਮਨਾਮਾ ਵੀ ਭੇਜਿਆ। ਪਟਨਾ ਨਿਵਾਸੀ ਸੰਗਤ ਨੇ ਗੁਰੂ ਜੀ ਦੇ ਪਰਿਵਾਰ ਲਈ ਇਕ ਨਿਵਾਸ ਸਥਾਨ ਤਿਆਰ ਕੀਤਾ, ਜਿਸ ਦਾ ਨਾਂ ਹਰਿਮੰਦਰ ਰੱਖਿਆ। ਇਨ੍ਹਾਂ ਦਿਨਾਂ ਵਿਚ ਹੀ ਕਰੀਮ ਬਖ਼ਸ਼ ਅਤੇ ਰਹੀਮ ਬਖ਼ਸ਼ ਨਾਮਕ ਸ਼ਰਧਾਲੂਆਂ ਨੇ ਸਤਿਗੁਰੂ ਜੀ ਦੀ ਸੇਵਾ ਵਿਚ ਇਕ ਬਾਗ਼ ਅਤੇ ਇਕ ਪਿੰਡ ਭੇਟ ਕੀਤਾ ਜੋ ਅੱਜ ਤਕ ਗੁਰਦੁਆਰਾ ਸ੍ਰੀ ਹਰਿਮੰਦਰ ਸਾਹਿਬ ਪਟਨਾ ਦੀ ਮਲਕੀਅਤ ਹੈ। ਪਟਨਾ ਵਿਖੇ ਮਾਤਾ ਗੁਜਰੀ ਜੀ ਦੇ ਘਰ ਪੋਹ ਸੁਦੀ 7 ਮੁਤਾਬਿਕ 23 ਪੋਹ 1723 ਬਿਕ੍ਰਮੀ ਨੂੰ ਬਾਲ ਸ੍ਰੀ ਗੋਬਿੰਦ ਰਾਇ ਜੀ ਨੇ ਜਨਮ ਲਿਆ। ਉਸ ਸਮੇਂ ਮਾਤਾ ਜੀ ਦੀ ਉਮਰ 42 ਸਾਲ ਦੀ ਸੀ।

ਬੱਚੇ ਦੇ ਜੀਵਨ ਉੱਪਰ ਮਾਂ ਦੀ ਸ਼ਖ਼ਸੀਅਤ ਦਾ ਬਹੁਤ ਅਸਰ ਹੁੰਦਾ ਹੈ। ਮਾਤਾ ਗੁਜਰੀ ਜੀ ਨੇ ਬਾਲ ਗੋਬਿੰਦ ਰਾਇ ਜੀ ਨੂੰ ਸਿੱਖਿਆ ਦੇਣ ਵਿਚ ਆਪਣੀ ਵਿਸ਼ੇਸ਼ ਭੂਮਿਕਾ ਨਿਭਾਈ। ਇਨ੍ਹਾਂ ਦਿਨਾਂ ਵਿਚ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਬੰਗਾਲ ਦੀ ਰਾਜਧਾਨੀ ਢਾਕਾ ਵਿਖੇ ਠਹਿਰੇ ਹੋਏ ਸਨ। ਬਾਲ ਗੋਬਿੰਦ ਰਾਇ ਜੀ ਦੇ ਜਨਮ ਦੀ ਸੂਚਨਾ ਇਨ੍ਹਾਂ ਨੂੰ ਇੱਥੇ ਹੀ ਮਿਲੀ ਸੀ। ਗੁਰੂ ਜੀ ਨੇ ਅਸਾਮ ਦੇ ਰਾਜਾ ਸੁਕਦੇਊ ਚੱਕਰਧਵਜ ਅਤੇ ਰਾਜਾ ਰਾਮ ਸਿੰਹੁ ਦੀ ਸੁਲਾਹ ਕਰਵਾ ਦਿੱਤੀ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਲੱਗਭਗ ਤਿੰਨ ਸਾਲ ਰਾਜਾ ਰਾਮ ਸਿੰਹੁ ਦੇ ਨਾਲ ਕਾਮਰੂਪ (ਆਸਾਮ) ਦੇਸ਼ ਵਿਚ ਰਹੇ।

ਅਸਾਮ ਦੀ ਯਾਤਰਾ ਤੋਂ ਬਾਅਦ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਅਨੰਦਪੁਰ ਸਾਹਿਬ ਵਿਖੇ ਆ ਗਏ। ਕੁਝ ਸਮਾਂ ਬਾਅਦ ਮਾਤਾ ਗੁਜਰੀ ਜੀ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਆਗਿਆ ਮਿਲਣ 'ਤੇ ਬਾਲ ਗੋਬਿੰਦ ਰਾਇ ਜੀ ਅਤੇ ਪਰਵਾਰ ਦੇ ਹੋਰ ਮੈਂਬਰਾਂ ਨੂੰ ਨਾਲ ਲੈ ਕੇ ਪਟਨਾ ਸਾਹਿਬ ਤੋਂ ਅਨੰਦਪੁਰ ਸਾਹਿਬ ਨੂੰ ਚੱਲ ਪਏ। ਪਟਨਾ ਸਾਹਿਬ ਦੀ ਸੰਗਤ ਵੀ ਉਨ੍ਹਾਂ ਦੇ ਨਾਲ ਤੁਰ ਪਈ।



ਕਾਫਲੇ ਨੇ ਪਹਿਲਾ ਪੜਾਅ ਪਟਨਾ ਸਾਹਿਬ ਤੋਂ 20 ਕਿਲੋਮੀਟਰ ਦੀ ਦੂਰੀ 'ਤੇ ਦਾਨਪੁਰ ਵਿਖੇ ਕੀਤਾ। ਇਸ ਤੋਂ ਅੱਗੇ ਲਖਨੌਰ ਨਗਰ ਪਹੁੰਚੇ। ਲਖਨੌਰ ਨਗਰ ਵਿਖੇ ਮਾਤਾ ਗੁਜਰੀ ਜੀ ਦੇ ਵੱਡੇ ਭਰਾ ਭਾਈ ਮਿਹਰ ਚੰਦ ਜੀ ਨਿਵਾਸ ਕਰਦੇ ਸਨ। ਭਾਈ ਜੇਠਾ ਮਸੰਦ ਵੀ ਇਸੇ ਨਗਰ ਦਾ ਵਸਨੀਕ ਸੀ। ਮਾਤਾ ਗੁਜਰੀ ਜੀ ਅਤੇ ਬਾਲ ਗੋਬਿੰਦ ਰਾਇ ਜੀ ਸਾਰੇ ਸਿੱਖਾਂ ਸਮੇਤ ਇੱਥੇ ਲੱਗਭਗ ਛੇ ਮਹੀਨੇ ਠਹਿਰੇ। ਇਸ ਤੋਂ ਬਾਅਦ ਸਾਰੇ ਕੀਰਤਪੁਰ ਸਾਹਿਬ ਥੋੜ੍ਹਾ ਸਮਾਂ ਠਹਿਰ ਕੇ ਅਨੰਦਪੁਰ ਸਾਹਿਬ ਪਹੁੰਚੇ।

ਇਸ ਤੋਂ ਬਾਅਦ ਮਾਤਾ ਗੁਜਰੀ ਜੀ ਲਈ ਧਰਮ 'ਤੇ ਡਟੇ ਰਹਿਣ ਲਈ ਪ੍ਰੀਖਿਆ ਦਾ ਸਮਾਂ ਸੀ। ਮੁਸ਼ਕਲਾਂ ਨਾਲ ਭਰੇ ਸਮੇਂ ਵਿਚ ਵੱਡੇ-ਵੱਡੇ ਮਨੁੱਖ ਡੋਲ ਜਾਂਦੇ ਹਨ। ਪਰੰਤੂ ਮਾਤਾ ਗੁਜਰੀ ਜੀ ਨੇ ਜਿਨ੍ਹਾਂ ਮੁਸ਼ਕਲਾਂ ਦਾ ਮੁਕਾਬਲਾ ਜਿਸ ਦਲੇਰੀ ਨਾਲ ਕੀਤਾ ਉਸ ਦੀ ਮਿਸਾਲ ਹੋਰ ਕਿਧਰੇ ਨਹੀਂ ਮਿਲਦੀ।

ਸੰਨ 1674 ਈ. ਵਿਚ ਜੂਨ ਦੇ ਮਹੀਨੇ ਬਾਦਸ਼ਾਹ ਔਰੰਗਜ਼ੇਬ ਰਾਵਲਪਿੰਡੀ ਦੇ ਨੇੜੇ ਹਸਨ ਅਬਦਾਲ ਦੇ ਸਥਾਨ 'ਤੇ ਆ ਗਿਆ। ਜਦੋਂ ਬਾਦਸ਼ਾਹ ਖੁਦ ਪੰਜਾਬ ਵਿਚ ਆ ਕੇ ਬੈਠ ਗਿਆ ਤਾਂ ਹਾਕਮਾਂ ਨੇ ਬਾਦਸ਼ਾਹ ਨੂੰ ਪ੍ਰਸੰਨ ਕਰਨ ਲਈ ਗੈਰ-ਮੁਸਲਮਾਨਾਂ ਦਾ ਕਤਲ-ਏ-ਆਮ ਸ਼ੁਰੂ ਕਰ ਦਿੱਤਾ। ਬਹੁਤ ਸਾਰੇ ਹਿੰਦੂਆਂ ਨੂੰ ਮੁਸਲਮਾਨ ਬਣਾ ਲਿਆ ਗਿਆ। ਜੰਮੂ-ਕਸ਼ਮੀਰ ਦੇ ਡਰੇ ਹੋਏ ਪੰਡਿਤ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਪਾਸ ਆਏ। ਪੰਡਿਤ ਆੜੂ ਰਾਮ ਦਾ ਪੁੱਤਰ ਪੰਡਿਤ ਕਿਰਪਾ ਰਾਮ ਸਰਸਵਤੀ ਬ੍ਰਾਹਮਣ ਮੱਤਨ ਪਿੰਡ ਦਾ ਰਹਿਣ ਵਾਲਾ ਸੀ। ਇਹ ਪਿੰਡ ਸ੍ਰੀਨਗਰ ਤੋਂ ਪੂਰਬ ਵਾਲੇ ਪਾਸੇ ਲੱਗਭਗ 65 ਕਿਲੋਮੀਟਰ ਦੀ ਦੂਰੀ 'ਤੇ ਹੈ। ਪੰਡਿਤ ਕਿਰਪਾ ਰਾਮ ਅਤੇ ਉਸ ਦੇ ਸਾਥੀਆਂ ਨੇ ਕਸ਼ਮੀਰ ਦੇ ਸੂਬੇਦਾਰ ਅਫਤਖਾਰ ਖਾਂ ਵੱਲੋਂ ਨਿਹੱਥੇ ਗ਼ੈਰ-ਮੁਸਲਮਾਨਾਂ ਤੇ ਕੀਤੇ ਜਾਂਦੇ ਜ਼ੁਲਮ ਦੀ ਸਾਰੀ ਵਿਥਿਆ ਗੁਰੂ ਸਾਹਿਬ ਨੂੰ ਸੁਣਾ ਕੇ ਮਦਦ ਲਈ ਅਰਜ਼ੋਈ ਕੀਤੀ।

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਔਰੰਗਜ਼ੇਬ ਵੱਲੋਂ ਕੀਤੇ ਜਾ ਰਹੇ ਜੁਲਮ ਦੇ ਵਿਰੋਧ ਵਿਚ ਅਨੰਦਪੁਰ ਸਾਹਿਬ ਤੋਂ ਬਲਿਦਾਨ ਦੇਣ ਲਈ ਚੱਲੇ। ਉਸ ਸਮੇਂ ਬਾਲ ਗੋਬਿੰਦ ਰਾਇ ਜੀ ਦੀ ਉਮਰ 9 ਸਾਲ ਦੀ ਸੀ।

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਦਿੱਲੀ ਵਿਖੇ ਸ਼ਹੀਦ ਕਰ ਦਿੱਤਾ ਗਿਆ। ਜਦੋਂ ਭਾਈ ਜੈਤਾ ਜੀ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਸੀਸ ਲੈ ਕੇ ਅਨੰਦਪੁਰ ਸਾਹਿਬ ਪਹੁੰਚੇ ਤਾਂ ਉਸ ਵੇਲੇ ਮਾਤਾ ਗੁਜਰੀ ਜੀ ਸੰਸਾਰੀਆਂ ਵਾਂਗ ਰੋਏ-ਕੁਰਲਾਏ ਨਹੀਂ ਸਗੋਂ 9 ਸਾਲਾਂ ਦੇ ਸਪੁੱਤਰ ਗੋਬਿੰਦ ਰਾਇ ਜੀ ਨੂੰ ਉਨ੍ਹਾਂ ਦੇ ਆਪਣੇ ਫਰਜ਼ਾਂ ਪ੍ਰਤੀ ਜਾਗਰਿਤ ਕੀਤਾ। ਸਿੱਖ ਜਗਤ ਦਾ ਸਮੁੱਚਾ ਪ੍ਰਬੰਧ ਮਾਤਾ ਗੁਜਰੀ ਜੀ ਅਤੇ ਉਨ੍ਹਾਂ ਦੇ ਛੋਟੇ ਭਰਾਤਾ ਭਾਈ ਕਿਰਪਾਲ ਚੰਦ ਜੀ ਦੀ ਸਹਾਇਤਾ ਨਾਲ ਗੁਰੂ ਸਾਹਿਬ ਕਰਦੇ ਰਹੇ।

1761 ਬਿਕ੍ਰਮੀ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਮੁਗ਼ਲ ਸ਼ਾਸਕਾਂ ਅਤੇ ਹਿੰਦੂ ਪਹਾੜੀ ਰਾਜਿਆਂ ਦੀਆਂ ਝੂਠੀਆਂ ਕਸਮਾਂ 'ਤੇ ਇਤਬਾਰ ਕਰ ਕੇ ਅਨੰਦਪੁਰ ਸਾਹਿਬ ਦਾ ਕਿਲ੍ਹਾ ਛੱਡ ਦਿੱਤਾ। ਜਦੋਂ ਗੁਰੂ ਜੀ ਦਾ ਜਥਾ ਸਰਸਾ ਨਦੀ ਦੇ ਕੰਢੇ 'ਤੇ ਪਹੁੰਚਿਆ ਤਾਂ ਕਾਲੀ ਬੋਲ਼ੀ ਰਾਤ ਵਿਚ ਸਰਸਾ ਨਦੀ ਦਾ ਪਾਣੀ ਮੀਂਹ ਪੈਣ ਕਾਰਨ ਠਾਠਾਂ ਮਾਰ ਰਿਹਾ ਸੀ। ਸ਼ਾਹੀ ਸੈਨਾ ਅਤੇ ਪਹਾੜੀ ਰਾਜਿਆਂ ਨੇ ਜੰਗੀ ਨੁਕਤਾ-ਨਿਗਾਹ ਤੋਂ ਮੌਕਾ ਠੀਕ ਸਮਝਦੇ ਹੋਏ ਸਾਰੀਆਂ ਕਸਮਾਂ ਭੁਲਾ ਕੇ ਗੁਰੂ ਜੀ ਦੇ ਜਥੇ 'ਤੇ ਪਿੱਛੋਂ ਹਮਲਾ ਕਰ ਦਿੱਤਾ। ਇੱਥੇ ਗੁਰੂ ਜੀ ਦਾ ਪਰਵਾਰ ਕਾਫਲੇ ਨਾਲੋਂ ਵਿੱਛੜ ਗਿਆ। ਮਾਤਾ ਗੁਜਰੀ ਜੀ ਅਤੇ ਛੋਟੇ ਸਾਹਿਬਜ਼ਾਦੇ ਕਾਫਲੇ ਨਾਲੋਂ ਅਲੱਗ ਹੋ ਗਏ। ਉਹ ਰਸੋਈਏ ਗੰਗੂ ਨਾਲ ਉਸ ਦੇ ਪਿੰਡ ਸਹੇੜੀ (ਖੇੜੀ) ਪਹੁੰਚ ਗਏ। ਗੰਗੂ ਦੇ ਮਨ ਵਿਚ ਲਾਲਚ ਆ ਗਿਆ ਤਾਂ ਉਸ ਨੇ ਮਾਤਾ ਗੁਜਰੀ ਜੀ ਅਤੇ ਨਿੱਕੇ-ਨਿੱਕੇ ਸਾਹਿਬਜ਼ਾਦਿਆਂ ਨੂੰ ਮੋਰਿੰਡੇ ਦੇ ਕੋਤਵਾਲ ਕੋਲ ਸ਼ਿਕਾਇਤ ਕਰ ਕੇ ਫੜਾ ਦਿੱਤਾ। ਸਾਹਿਬਜ਼ਾਦਾ ਜ਼ੋਰਾਵਰ ਸਿੰਘ ਅਤੇ ਸਾਹਿਬਜ਼ਾਦਾ ਫਤਿਹ ਸਿੰਘ, ਉਨ੍ਹਾਂ ਨਾਲ ਉਨ੍ਹਾਂ ਦੀ ਦਾਦੀ ਮਾਤਾ ਗੁਜਰੀ ਜੀ ਨੂੰ ਮੋਰਿੰਡੇ ਦਾ ਕੋਤਵਾਲ ਵਜ਼ੀਰ ਖਾਂ ਪਾਸ ਸਰਹਿੰਦ ਛੱਡ ਗਿਆ। 'ਗੁਰਬਿਲਾਸ ਪਾਤਸ਼ਾਹੀ ਦਸਵੀਂ' ਵਿਚ ਇਸ ਦਾ ਜ਼ਿਕਰ ਹੈ ਕਿ ਜਦ ਸਾਹਿਬਜ਼ਾਦਿਆਂ ਨੂੰ ਸਰਹਿੰਦ ਲਿਆਂਦਾ ਗਿਆ ਤਾਂ ਉਸ ਸਮੇਂ ਉਨ੍ਹਾਂ ਨੇ ਨੀਲਾ ਬਾਣਾ ਪਾਇਆ ਹੋਇਆ ਸੀ ਅਤੇ ਉਨ੍ਹਾਂ ਦੇ ਖ਼ੂਬਸੂਰਤ ਬਦਨ ਇੰਞ ਲੱਗ ਰਹੇ ਸਨ, ਜਿਵੇਂ ਬੱਦਲਾਂ ਵਿਚ ਬਿਜਲੀ ਚਮਕ ਰਹੀ ਹੋਵੇ। ਹੱਥਾਂ ਵਿਚ ਹੱਥਕੜੀਆਂ ਅਤੇ ਪੈਰਾਂ ਵਿਚ ਬੇੜੀਆਂ ਪਾਈਆਂ ਹੋਈਆਂ ਸਨ :

ਨੀਲੇ ਝਗੀਆਂ ਤਨ ਮੋ ਕੈਸੇ। ਬਿਜਲੀ ਸਯਾਮ ਅਭ੍ਰ ਮੈ ਜੈਸੇ।

ਕੋਮਲ ਅੰਗ ਹਥੋੜੀ ਹਾਥਾ। ਪਾਦ ਜੰਜੀਰੀ ਤਿਨੁ ਕੋ ਸਾਥਾ।

ਕੇਸਰੀ ਅੰਗ ਪੋਸ਼ਾਕ ਮਹਾਬਰ।

ਕਚਹਿਰੀ ਵਿਚ ਪੇਸ਼ ਹੋਣ ਵੇਲੇ ਉਨ੍ਹਾਂ ਕੇਸਰੀ ਬਾਣਾ ਸਜਾ ਲਿਆ। ਉਨ੍ਹਾਂ ਨੂੰ ਦੇਖ ਸੂਬੇਦਾਰ ਨੇ ਚਿਤਵਿਆ ਕਿ ਇਨ੍ਹਾਂ ਨੂੰ ਦੀਨ ਵਿਚ ਲਿਆਵਣਾ ਚਾਹੀਏ। ਇਨ੍ਹਾਂ ਤਿੰਨਾਂ ਨੂੰ ਸਰਹਿੰਦ ਦੇ ਕਿਲ੍ਹੇ ਦੇ ਠੰਡੇ ਬੁਰਜ ਵਿਚ ਕੈਦ ਕਰ ਦਿੱਤਾ ਗਿਆ। ਸ਼ਹਿਰ ਸਰਹਿੰਦ ਦੇ ਚਾਰੇ ਪਾਸੇ ਇਕ ਕੰਧ ਸੀ। ਉਸ ਵਿਚ ਅੱਠ ਬੁਰਜ ਸਨ। ਠੰਡਾ ਬੁਰਜ ਉਸ ਨੂੰ ਇਸ ਲਈ ਕਿਹਾ ਜਾਂਦਾ ਸੀ ਕਿ ਇਹ 140 ਫੁੱਟ ਉੱਚਾ ਸੀ ਅਤੇ ਇਸ ਦੇ ਨਾਲ ਠੰਡੇ ਪਾਣੀ ਦਾ ਨਾਲਾ ਵਗਦਾ ਸੀ, ਜਿਸ ਕਾਰਨ ਇਹ ਬਹੁਤ ਠੰਡਾ ਰਹਿੰਦਾ ਸੀ ਅਤੇ ਸੂਬਾ ਗਰਮੀ ਦੇ ਦਿਨਾਂ ਵਿਚ ਇੱਥੇ ਠਹਿਰਿਆ ਕਰਦਾ ਸੀ। ਅੱਤ ਦੀ ਠੰਡ ਦੇ ਦਿਨਾਂ ਵਿਚ ਬਿਰਧ ਮਾਤਾ ਗੁਜਰੀ ਜੀ ਛੋਟੇ-ਛੋਟੇ ਬੱਚਿਆਂ ਨੂੰ ਆਪਣੀ ਬੁੱਕਲ ਵਿਚ ਲੈ ਕੇ ਨਿੱਘ ਦੇਣ ਦੀ ਕੋਸ਼ਿਸ਼ ਕਰ ਰਹੇ ਸਨ ਅਤੇ ਧਰਮ ਉੱਤੇ ਡਟੇ ਰਹਿਣ ਦੀ ਸਿੱਖਿਆ ਦੇ ਰਹੇ ਸਨ। ਇੱਥੇ ਭਾਈ ਮੋਤੀ ਨਾਂ ਦਾ ਇਕ ਮਹਿਰਾ ਜੋ ਨਵਾਬ ਵਜ਼ੀਰ ਖਾਂ ਦਾ ਰਸੋਈਆ ਅਤੇ ਗੁਰੂ-ਘਰ ਦਾ ਸ਼ਰਧਾਲੂ ਸੀ, ਉਹ ਮਾਤਾ ਜੀ ਅਤੇ ਸਾਹਿਬਜ਼ਾਦਿਆਂ ਨੂੰ ਆਪਣੀ ਜਾਨ ਦੀ ਪਰਵਾਹ ਨਾ ਕਰਦੇ ਹੋਏ ਠੰਡੇ ਬੁਰਜ ਵਿਚ ਦੁੱਧ ਪਹੁੰਚਾਉਂਦਾ ਰਿਹਾ, ਜਿਸ ਦਾ ਪਤਾ ਲੱਗਣ ਉੱਤੇ ਨਵਾਬ ਵਜ਼ੀਰ ਖਾਂ ਨੇ ਉਸ ਨੂੰ ਉਸ ਦੇ ਸਾਰੇ ਪਰਵਾਰ ਸਮੇਤ ਕੋਹਲੂ ਵਿਚ ਪੀੜ ਕੇ ਸ਼ਹੀਦ ਕਰ ਦਿੱਤਾ।

13 ਪੋਹ 1761 ਬਿਕ੍ਰਮੀ ਨੂੰ ਸਰਹਿੰਦ ਦੇ ਸੂਬੇਦਾਰ ਵਜ਼ੀਰ ਖਾਂ ਨੇ ਸਾਹਿਬਜ਼ਾਦਿਆਂ ਨੂੰ ਕਚਹਿਰੀ ਵਿਚ ਪੇਸ਼ ਕਰਨ ਦਾ ਹੁਕਮ ਦਿੱਤਾ। ਹੁਕਮ ਦੀ ਤਾਮੀਲ ਕਰਦਿਆਂ ਦੀਵਾਨ ਸੁੱਚਾ ਨੰਦ ਦੀ ਅਗਵਾਈ ਹੇਠ ਸਿਪਾਹੀ ਠੰਡੇ ਬੁਰਜ ਤੋਂ ਮਾਤਾ ਗੁਜਰੀ ਜੀ ਪਾਸੋਂ ਸਾਹਿਬਜ਼ਾਦਿਆਂ ਨੂੰ ਲੈ ਕੇ ਆਏ। ਅੱਲਾ ਯਾਰ ਖਾਂ ਜੋਗੀ ਨੇ ਇਸ ਘਟਨਾ ਨੂੰ ਕਲਮਬੰਦ ਕਰਦੇ ਹੋਏ ਲਿਖਿਆ ਹੈ :

ਬੱਚੋਂ ਕੋ ਲੇਨੇ ਆਏ ਗਰਜ ਚੰਦ ਬੇ-ਹਯਾ,
ਸਰਦਾਰ ਇਨਕਾ ਕਹਤੇ ਕਿ ਸੁੱਚਾ ਨੰਦ ਥਾ।

ਮਾਤਾ ਗੁਜਰੀ ਜੀ ਪਾਸੋਂ ਸਾਹਿਬਜ਼ਾਦਿਆਂ ਦੀ ਜੁਦਾਈ ਦਾ ਸਮਾਂ ਸਿਰ ਉੱਤੇ ਆਣ ਪਹੁੰਚਾ। ਅੱਲਾ ਯਾਰ ਖਾਂ ਜੋਗੀ ਇਸ ਬਾਰੇ ਮਾਤਾ ਗੁਜਰੀ ਜੀ ਦੇ ਮਨੋਭਾਵ ਕਲਮਬੰਦ ਕਰਦਾ ਲਿਖਦਾ ਹੈ ਕਿ :

(ਬਾਕੀ ਸਫ਼ਾ 31 'ਤੇ)



ਹਰਦੇਵ ਗਰੇਵਾਲ

ਨਾਵਲ

ਕਿਸ਼ਤ-7

# ਇਹ ਖ਼ੁਦਕੁਸ਼ੀ ਨਹੀਂ ਜਨਾਬ ! ਕਤਲ ਹੈ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

'ਜੇ ਆਹ ਗੱਲ ਸੀ ਤਾਂ ਗੱਡੀ ਕਿਉਂ ਚਾੜ੍ਹਤੇ ? ਚੜ੍ਹਾਵਾ ਨੀ ਚਾੜ੍ਹਿਆ ਪਿੱਛੇ ਆਲ਼ਿਆਂ ਨੇ ?'

'ਉਏ ਜੇ ਚੜ੍ਹਾਵਾ ਚੜ੍ਹਾਉਣ ਜੋਗੇ ਨਾ ਹੁੰਦੇ ਤਾਂ ਚੱਕਣੇ ਈ ਕਿਉਂ ਸੀ ਸਾਅਬ ਨੇ ? ਫੰਡਰ ਮੱਝ ਦਾ ਕੀ ਕਰਨਾ ਕਿਸੇ ਨੇ ? ਪਰ ਜੇ ਵਾਰਦਾਤ ਹੋ ਜੇ ਕਿਤੇ ਤਾਂ ਕਿਸੇ ਦੇ ਗਲ਼ ਤਾਂ ਪਾਉਣੀ ਹੋਈ ਨਾ ? ਕਰਨ ਆਲ਼ੇ ਤਾਂ ਸ਼ੂਕਦੇ ਉੱਡ ਜਾਂਦੇ ਆ ਪਤੰਦਰ। ਤੇ ਉੱਪਰੋਂ ਡੰਡਾ ਤਾਂ ਫਿਰ ਲੱਗਦੇ ਠਾਣੇ ਆਲ਼ਿਆਂ 'ਤੇ ਈ ਚੜ੍ਹਦਾ ਨਾ ? ਕੇਸ ਵੀ ਤਾਂ ਹੱਲ ਕਰਨੇ ਹੋਏ ? ਫੀਤੀਆਂ ਵੀ ਤਾਂ ਲਵਾਉਣੀਆਂ ਹੋਈਆਂ ? ਅਫ਼ਸਰਾਂ ਨੂੰ ਦਿਖਾਉਣਾ ਵੀ ਤਾਂ ਹੈ ਕਿ ਨਹੀਂ ਬਈ ਠਾਣਾ ਮੁਸਤੈਦ ਐ ? ਬੱਸ ਫਿਰ ਜੇਹੜਾ ਮੌਕੇ 'ਤੇ ਆ ਗਿਆ ਸਾਹਮਣੇ, ਲੱਗ ਗਿਆ ਨੰਬਰ, ਤੇ ਨਾਲ਼ੇ ਜਿਹੜਾ ਦੁੱਧ ਚੋਣਾ ਸੀ ਚੋਅ ਲਿਆ ਸਾਅਬ ਨੇ। ਮਤਲਬ ਤਾਂ ਅਗਲੇ ਨੂੰ ਮਾਂਜਣ ਤਾਂਈਂ ਸੀ। ਐਥੇ ਕਿਹੜਾ ਪਰਨੋਟ ਲਿਖ ਕੇ ਦਿੱਤਾ ਸੀ ਬਈ ਛੱਡਣੇ ਈ ਸੀ। ਬੱਸ ਲੋੜ ਪੈਗੀ ਮੁਕਾਬਲੇ ਦੀ, ਤੇ ਉਨ੍ਹਾਂ ਵਿਚਾਰਿਆਂ ਦੀ ਕਿਸਮਤ, ਊਂ ਮੁੰਡੇ ਹੈ ਵਿਚਾਰੇ ਨਰਮ ਜਹੇ ਈ ਸੀ, ਜਮਾਂ ਸੱਜਰ-ਸੂਈ ਮੱਝ ਦੇ ਕਟਰੂਆਂ ਅਰਗੇ।'

'ਚੱਲ ਆਪਾਂ ਕੀ ਲੈਣਾ ? ਆਪਾਂ ਨੂੰ ਤਾਂ ਆਪਣੇ ਥਾਂਈਂ ਮਤਲਬ ਆ।'

ਦਿਲ 'ਚ ਫੁੱਟਦੇ ਲੱਡੂਆਂ ਨੂੰ ਬੋਚਦੇ ਦੌਲੇ ਨੇ, ਗੱਲ 'ਤੇ ਓਥੇ ਈ ਵਿਰਾਮ ਚਿੰਨ੍ਹ ਲਗਾ ਦਿੱਤਾ।

ਦੂਜੇ ਦਿਨ ਸ਼ਾਮ ਨੂੰ ਆਪਣੇ ਕਾਗ਼ਜ਼ ਪੱਤਰ ਲੈ ਦੌਲਾ ਪੁਰੀ ਸਾਹਬ ਦੀ ਹਜ਼ੂਰੀ 'ਚ ਜਾ ਪੁੱਜਾ।

ਅਗਲੇ ਦਿਨ ਅਖ਼ਬਾਰਾਂ ਦੀਆਂ ਸੁਰਖ਼ੀਆਂ, ਤਿੰਨ ਖ਼ੂੰਖ਼ਾਰ ਅੱਤਵਾਦੀਆਂ ਨਾਲ਼ ਹੋਈ, ਪੁਰੀ ਸਾਹਬ ਤੇ ਉਨ੍ਹਾਂ ਦੀ ਟੀਮ ਦੀ ਚਾਰ ਘੰਟੇ ਤੱਕ ਚੱਲੀ ਭਿਆਨਕ ਮੁੱਠ-ਭੇੜ ਦੇ ਜ਼ਿਕਰ ਨਾਲ਼ ਭਰੀਆਂ ਪਈਆਂ ਸਨ। ਪੂਰੀ ਖ਼ਬਰ ਅਨੁਸਾਰ ਇੱਕ ਅੱਤਵਾਦੀ ਮੌਕਾ ਪਾ ਕੇ ਫ਼ਰਾਰ ਹੋਣ 'ਚ ਸਫਲ ਹੋ ਗਿਆ ਸੀ ਤੇ ਦੋ ਪੁਲਿਸ ਨੇ ਬੜੀ ਬਹਾਦਰੀ ਦਾ ਸਬੂਤ ਦਿੰਦੇ ਹੋਏ ਮਾਰ ਗਿਰਾਏ ਸਨ। ਪੁਲਿਸ ਦੀ ਟੀਮ ਨੂੰ ਕੋਈ ਨੁਕਸਾਨ ਨਹੀਂ ਪੁੱਜਾ ਸੀ। ਅੱਤਵਾਦੀਆਂ ਕੋਲੋਂ ਹਥਿਆਰਾਂ ਦੀ ਬਰਾਮਦਗੀ ਦਾ ਵੀ ਜ਼ਿਕਰ ਸੀ।

ਅਗਲੇ ਇੱਕ ਹਫ਼ਤੇ 'ਚ ਪੁਰੀ ਨੇ ਪਤਾ ਨਹੀਂ ਕਿਹੜਾ ਜਾਦੂ ਦਾ ਡੰਡਾ ਘੁੰਮਾਇਆ ਕਿ ਇੱਕ ਚੋਰ, ਉਠਾਈਗਿਰਾ, ਗੰਦੀ ਨਾਲ਼ੀ ਦਾ ਕੀੜਾ ਦੌਲਾ, ਜਨਤਾ ਦੇ ਜਾਨੋ-ਮਾਲ ਦਾ ਰਖਵਾਲਾ, ਸਰਦੂਲ ਸਿੰਘ ਸਿਪਾਹੀ ਪੰਜਾਬ ਪੁਲਿਸ ਬਣ ਗਿਆ। ਦੋ ਮਾਸੂਮ, ਬੇਗੁਨਾਹ ਨੌਜੁਆਨਾਂ ਦੇ ਬੇਰਹਿਮ ਕਤਲ ਦੀ ਬਹਾਦਰੀ ਦੇ ਇਨਾਮ ਵਜੋਂ, ਸਮਾਜ ਅਤੇ ਕਾਨੂੰਨ ਦਾ ਮੁਜਰਿਮ ਦੌਲਾ, ਇੱਕ ਬਾਵਰਦੀ ਪੁਲਿਸ ਮੁਲਾਜ਼ਮ ਸਰਦੂਲ ਸਿੰਘ ਬਣ ਗਿਆ।

ਇਉਂ ਉਸਨੇ ਦੌਲੇ ਤੋਂ ਸਿਪਾਹੀ ਸਰਦੂਲ ਸਿੰਘ ਤੱਕ ਦਾ ਸਫ਼ਰ ਤੈਅ ਕੀਤਾ ਸੀ। ਤੇ ਸਿਪਾਹੀ ਸਰਦੂਲ ਸਿੰਘ ਤੋਂ ਸਰਦੂਲ ਸਿੰਘ ਏ.ਐਸ.ਆਈ. ਤੱਕ, ਦਰਜ਼ਨਾਂ ਨੌਜੁਆਨਾਂ ਦੀ ਬਲੀ ਚਾੜ੍ਹ ਕੇ ਪਹੁੰਚਿਆ ਸੀ ਉਹ।

ਪੁਰੀ ਅਤੇ ਸਰਦੂਲ ਸਿੰਘ ਦੀ ਜੋੜੀ ਨੇ ਅਗਲੇ ਪੂਰੇ ਇੱਕ ਦਹਾਕੇ ਤੱਕ ਇਲਾਕੇ 'ਚ ਕਹਿਰ ਵਰਤਾਈ ਰੱਖਿਆ। ਜਿੱਥੇ-ਜਿੱਥੇ ਪੁਰੀ ਦੀ ਪੋਸਟਿੰਗ ਹੋਈ, ਸਰਦੂਲ ਸਿੰਘ ਨੂੰ ਪਰਛਾਵੇਂ ਵਾਂਗੂੰ ਨਾਲ਼ ਰੱਖਿਆ ਉਸ ਨੇ। ਦੋਹਾਂ ਨੇ ਰੱਜ ਕੇ ਪੈਸਾ ਅੰਦਰ ਕੀਤਾ ਤੇ ਅਫ਼ਸਰਸ਼ਾਹੀ ਨੂੰ ਵੀ ਚੋਖਾ ਹਿੱਸਾ ਮਿਲਦਾ ਰਿਹਾ। ਘਾਟੇ 'ਚ ਚੱਲਦੇ ਥਾਣੇ ਉਨ੍ਹਾਂ ਦੀ ਸਰਪ੍ਰਸਤੀ ਹੇਠ ਆ ਕੇ ਅਫ਼ਸਰਾਂ ਲਈ ਮੋਟਾ ਪਰਾਫ਼ਿਟ ਕੱਢਣ ਲੱਗ ਜਾਂਦੇ। ਇਸ ਲਈ ਅਫ਼ਸਰਸ਼ਾਹੀ ਵੀ ਉਨ੍ਹਾਂ ਤੋਂ ਪੂਰੀ ਖ਼ੁਸ਼ ਸੀ।

ਪੁਰੀ ਨੇ ਖਾੜਕੂਵਾਦ ਦੀ ਆੜ ਹੇਠ, ਲੋਕਾਂ ਦੀਆਂ ਆਪਸੀ ਦੁਸ਼ਮਣੀਆਂ 'ਤੋਂ ਪੈਸਾ ਚੱਕਣ ਦਾ ਨਵਾਂ ਤਰੀਕਾ ਲੱਭ ਲਿਆ। ਉਸਨੇ ਪੁਲਿਸ ਦੇ ਟਾਊਟਾਂ ਰਾਹੀਂ ਸੁਪਾਰੀ ਚੱਕਣੀ ਸ਼ੁਰੂ ਕਰ ਦਿੱਤੀ। ਕਦੇ ਸ਼ਿਕਾਰ ਦਾ ਕਤਲ ਖਾੜਕੂਆਂ ਦੇ ਹਿੱਸੇ ਪਾ ਦੇਣਾ ਤੇ ਕਦੇ ਖਾੜਕੂ ਦਿਖਾ ਮੁਕਾਬਲਾ ਬਣਾ ਦੇਣਾ। ਇਸ 'ਮਿਸ਼ਨ' ਵਿੱਚ ਪੁਰੀ ਦਾ ਬਾਵਰਦੀ 'ਸ਼ੂਟਰ' ਸੀ ਸਰਦੂਲ ਸਿੰਘ। ਲੋਕਾਂ ਨੇ ਹੁਣ ਉਸਨੂੰ ਸਰਦੂਲ਼ ਸਿੰਘ 'ਬੰਦੇ ਚੱਕ' ਕਹਿਣਾ ਸ਼ੁਰੂ ਕਰ ਦਿੱਤਾ ਸੀ।

ਸਰਦੂਲ ਸਿੰਘ ਨੇ ਇਸ ਕਤਲੋ-ਗ਼ਾਰਤ ਤੋਂ ਕਮਾਏ ਪੈਸੇ ਨਾਲ਼ ਵੱਖ-ਵੱਖ ਸ਼ਹਿਰਾਂ 'ਚ, ਸ਼ਾਨਦਾਰ ਲੋਕੇਸ਼ਨਾਂ 'ਤੇ, ਚਾਰ-ਪੰਜ ਪਲਾਟ ਬਣਾ ਲਏ ਅਤੇ ਲੁਧਿਆਣੇ ਸਰਾਭਾ ਨਗਰ ਜਿਹੇ ਪੱਸ਼ ਇਲਾਕੇ 'ਚ ਕੋਠੀ ਪਾ ਲਈ।

ਨੱਬਿਆਂ ਦੇ ਮੱਧ ਦਹਾਕੇ ਵਿਚ ਚੱਲੀ ਖਾੜਕੂ ਸਫ਼ਾਈ ਮੁਹਿੰਮ ਦੌਰਾਨ ਇੱਕ ਸੱਚੀਂ-ਮੁੱਚੀਂ ਦੀ ਮੁੱਠਭੇੜ ਦੌਰਾਨ ਪੁਰੀ ਮਾਰਿਆ ਗਿਆ ਤੇ ਸਰਦੂਲ ਸਿੰਘ ਵਾਲ਼-ਵਾਲ਼ ਬਚ ਗਿਆ।

ਫਿਰ ਹੌਲ਼ੀ-ਹੌਲ਼ੀ ਪੰਜਾਬ ਦੇ ਹਾਲਾਤ ਸੁਧਰਨ ਲੱਗ ਪਏ। ਲੋਕਾਂ ਨੇ ਸੁੱਖ ਦਾ ਸਾਹ ਲਿਆ, ਪਰ ਸਰਦੂਲ ਸਿੰਘ ਦੇ ਕਹਿਣ ਮੁਤਾਬਿਕ ਤਾਂ 'ਤੀਆਂ ਮੁੱਕ ਗਈਆਂ' ਸਨ। ਜਿਸ ਦੌਰ ਨੂੰ ਲੋਕੀਂ 'ਕਾਲ਼ੇ ਦੌਰ' ਵਜੋਂ ਯਾਦ ਕਰਕੇ ਸੋਗ ਮਨਾਉਂਦੇ, ਸਰਦੂਲ ਸਿੰਘ ਉਸਨੂੰ 'ਸੁਨਹਿਰੀ ਦੌਰ' ਆਖਦਿਆਂ, ਉਸ ਦੇ ਬੀਤ ਜਾਣ 'ਤੇ ਸੋਗ ਮਨਾਉਂਦਾ।

ਲੁਧਿਆਣੇ ਪਾਈ ਕੋਠੀ ਵਿਚ ਉਸਨੇ ਇੱਕ ਰਖੇਲ ਪਾਲ਼ ਰੱਖੀ ਸੀ। ਕਹਿਣ ਨੂੰ ਪੇਸ਼ੇ ਵਜੋਂ ਉਹ ਇੱਕ ਨਰਸ ਸੀ, ਪਰ ਅਸਲ 'ਚ ਇੱਕ ਢਕੀ-ਛੁਪੀ ਕਾੱਲ-ਗਰਲ ਸੀ। ਉਸਦਾ ਪਤੀ ਨਿਕੰਮਾ ਤੇ ਨਸ਼ੇੜੀ ਸੀ ਅਤੇ ਆਪਣੀ ਪਤਨੀ ਦੇ ਪੇਸ਼ੇ ਤੋਂ ਬਹੁਤ ਖ਼ੁਸ਼ ਸੀ।

ਸਰਦੂਲ ਸਿੰਘ ਵੀ ਪਹਿਲੀ ਵਾਰ ਉਸਦੇ ਗ੍ਰਾਹਕ ਵਜੋਂ ਹੀ ਉਸ ਕੋਲ਼ ਪੁੱਜਿਆ ਸੀ, ਤੇ ਪਹਿਲੀ ਹੀ ਮੁਲਾਕਾਤ 'ਚ ਉਸ ਨਾਲ ਪਤਾ ਨਹੀਂ ਕੀ ਅਜਿਹੀ ਘੁੰਡੀ ਫਸੀ, ਕਿ ਉਹ ਉਸਦੀ ਪੱਕੀ ਰਖੇਲ ਬਣ ਗਈ। ਸਰਦੂਲ ਸਿੰਘ ਨੇ ਉਸਨੂੰ ਉਸਦੇ ਪਰਿਵਾਰ ਸਮੇਤ ਆਪਣੀ ਕੋਠੀ ਵਿਚ ਬਿਠਾ ਲਿਆ।

ਇਸ ਪ੍ਰਕਾਰ ਹੋਰ ਵੀ ਕਈ ਅੱਯਾਸ਼ੀਆਂ ਪਾਲ਼ ਰੱਖੀਆਂ ਸਨ ਉਸਨੇ। ਸਹੀ ਹੀ ਆਖਿਆ ਸਿਆਣਿਆਂ ਕਿ 'ਚੋਰੀ ਦਾ ਮਾਲ ਮੋਰੀ 'ਚ'। ਹਰਾਮ ਦੇ ਪੈਸੇ 'ਚ ਬਰਕਤ ਨਹੀਂ ਹੁੰਦੀ। ਤੇ ਜੇ ਉਹ ਪੈਸਾ ਮਾਸੂਮ ਬੇਗੁਨਾਹ ਲੋਕਾਂ ਦੇ ਲਹੂ ਵਿਚ ਰੰਗਿਆ ਹੋਵੇ, ਤਾਂ ਅਜਿਹਾ ਪੈਸਾ ਕਦੇ ਅਰਥ ਨਹੀਂ ਆਉਂਦਾ।

ਇਸ ਪ੍ਰਕਾਰ ਇਨਸਾਨੀ ਜਾਨਾਂ ਨੂੰ ਕਦਮਾਂ ਤਲੇ ਰੌਂਦ ਕੇ ਸਰਦੂਲ ਸਿੰਘ ਅੱਯਾਸ਼ੀ ਭਰੀ ਜ਼ਿੰਦਗੀ ਦਾ ਮਾਲਿਕ ਬਣ ਬੈਠਾ ਸੀ।

ਪਰ ਪਿਛਲੇ ਚਾਰ ਕੁ ਸਾਲ ਤੋਂ ਅਚਾਨਕ ਹੀ ਉਸਨੂੰ ਕਈ ਪਰੇਸ਼ਾਨੀਆਂ ਨੇ ਘੇਰਾ ਪਾਉਣਾ ਸ਼ੁਰੂ ਕਰ ਦਿੱਤਾ। ਉਸਦੇ ਕਹਿਣ ਮੁਤਾਬਿਕ ਪਤਾ ਨਹੀਂ ਕਿਹੜੀ ਸਾੜ੍ਹਸੱਤੀ ਉਸਦੀ ਕੁੰਡਲੀ 'ਤੇ ਆ ਬੈਠੀ ਸੀ ਕਿ ਹਰ ਪਾਸੇ ਮਾੜਾ ਹੀ ਮਾੜਾ ਹੋ ਰਿਹਾ ਸੀ।

ਪਹਿਲਾਂ ਤਾਂ ਤਿੰਨ ਕੁੜੀਆਂ ਪਿੱਛੋਂ ਮੰਨਤਾਂ ਮੰਗ-ਮੰਗ ਕੇ ਲਿਆ ਉਸ ਦਾ ਇੱਕਲੌਤਾ ਪੁੱਤਰ ਇੱਕ ਸੜਕ ਹਾਦਸੇ 'ਚ ਮੌਤ ਦਾ ਸ਼ਿਕਾਰ ਹੋ ਗਿਆ। ਸੁਭਾਅ ਤੋਂ ਪਹਿਲਾਂ ਹੀ ਕੁਪੱਤੀ ਉਸਦੀ ਪਤਨੀ, ਇੱਕਲੌਤੇ ਪੁੱਤਰ ਦੀ ਮੌਤ ਸਦਕਾ ਨੀਮ-ਪਾਗਲ ਜਿਹੀ ਹੋ ਗਈ ਤੇ ਸਾਰਾ ਦਿਨ ਬੇ ਸਿਰ-ਪੈਰ ਦਾ ਅਵਾ-ਤਵਾ ਬੋਲਦੀ ਰਹਿੰਦੀ। ਜੇ ਕਿਤੇ ਲਗਾਤਾਰ ਪੰਜ ਮਿੰਟ ਵੀ ਸਰਦੂਲ ਸਿੰਘ ਨੂੰ ਉਸਦੇ ਕੋਲ਼ ਰਹਿਣਾ ਪੈਂਦਾ ਤਾਂ ਉਸਦੀਆਂ ਬੇ-ਸਿਰ-ਪੈਰ ਦੀਆਂ ਗੱਲਾਂ ਸੁਣਦੇ-ਸੁਣਦੇ ਸਰਦੂਲ ਸਿੰਘ ਦੇ ਦਿਮਾਗ਼ ਦੀਆਂ ਨਸਾਂ ਫਟਣ 'ਤੇ ਆ ਜਾਂਦੀਆਂ।

ਫਿਰ ਮਾਨਵ ਅਧਿਕਾਰ ਵਾਲ਼ਿਆਂ ਨੇ ਉਸਦੇ ਖ਼ਿਲਾਫ਼ ਖਾੜਕੂਵਾਦ ਦੌਰਾਨ ਝੂਠੇ ਪੁਲਿਸ ਮੁਕਾਬਲੇ ਕਰਨ ਦਾ ਦੋਸ਼ ਲਗਾ, ਕੋਰਟ ਵਿਚ ਜਨ-ਹਿੱਤ ਪਟੀਸ਼ਨ ਦਾਇਰ ਕਰ ਦਿੱਤੀ। ਇਨਕੁਆਰੀ ਬੈਠ ਗਈ ਤੇ ਉਹ ਸਸਪੈਂਡ ਹੋ ਗਿਆ। ਉੱਤੋਂ ਦੀ ਕੋੜ੍ਹ 'ਤੇ ਖਾਜ ਵਾਂਗੂੰ ਇਨਕਮ ਟੈਕਸ ਦਾ ਛਾਪਾ ਪੈ ਗਿਆ।

ਕੋਈ ਹੋਰ ਹੁੰਦਾ ਤਾਂ ਸਜ਼ਾ ਹੋ ਜਾਂਦੀ, ਪਰ ਜੁਗਾੜੂ ਸਰਦੂਲ ਸਿੰਘ ਨੇ ਉੱਪਰ-ਥੱਲਿਓਂ ਖੁਆ-ਪਿਆ ਕੇ, ਤਿੰਨ ਮਹੀਨਿਆਂ ਦੇ ਅੰਦਰ-ਅੰਦਰ ਹੀ ਇਨਕਮ ਟੈਕਸ ਦਾ ਕੇਸ ਵੀ ਰਫ਼ਾ-ਦਫ਼ਾ ਕਰਵਾ ਦਿੱਤਾ ਤੇ ਪੁਲਿਸ ਮੁਕਾਬਲਿਆਂ ਵਾਲ਼ਾ ਕੇਸ ਵੀ ਠੰਡੇ ਬਸਤੇ 'ਚ ਪਵਾ ਦਿੱਤਾ।



ਪਰ ਇਸ ਸਾਰੀ ਕਾਰਗੁਜ਼ਾਰੀ ਵਿਚ ਉਸਦੇ ਸਾਰੇ ਦੇ ਸਾਰੇ ਪਲਾਟ ਵਿਕ ਗਏ ਤੇ ਕੋਠੀ ਵੀ ਗਹਿਣੇ ਪੈ ਗਈ।

ਉਤਲੀ ਆਮਦਨ ਤਾਂ ਭਾਵੇਂ ਹਾਲੇ ਵੀ ਹੋ ਰਹੀ ਸੀ, ਪਰ ਪਹਿਲਾਂ ਵਾਲੀਆਂ ਗੱਲਾਂ ਹੁਣ ਖ਼ਤਮ ਹੋ ਚੁੱਕੀਆਂ ਸਨ।

ਅੱਯਾਸ਼ੀਆਂ 'ਤੇ ਖੁੱਲ੍ਹੇ ਪੈਸੇ ਖ਼ਰਚਣ ਗਿੱਝੇ ਸਰਦੂਲ ਸਿੰਘ ਦੀ ਜੇਬ ਦਾ ਭਾਰ ਹੁਣ ਲਗਾਤਾਰ ਘਟਦਾ ਜਾ ਰਿਹਾ ਸੀ, ਤੇ ਖ਼ਰਚੇ ਸੀ ਕਿ ਦਿਨੋਂ-ਦਿਨ ਵਧਦੇ ਜਾ ਰਹੇ ਸਨ।

ਨਰਸ ਦੇ ਪਰਿਵਾਰ ਦਾ ਖ਼ਰਚਾ ਵੀ ਹੁਣ ਉਸਦੇ ਸਿਰ ਸੀ, ਜਿਸਨੇ ਉਸਦੇ ਗੀਝੇ ਵਿਚ ਇੱਕ ਵੱਡੀ ਮੋਰੀ ਕੀਤੀ ਹੋਈ ਸੀ। ਤੇ ਉੱਪਰੋਂ ਘਰ ਵਾਲ਼ੀ ਦੀ ਮਾਨਸਿਕ ਬੀਮਾਰੀ ਦੇ ਮਹਿੰਗੇ ਇਲਾਜ ਦਾ ਚੋਖਾ ਖ਼ਰਚਾ ਸੀ। ਗੱਲ ਕੀ ਮਾਲੀ ਹਾਲਤ ਖ਼ਸਤਾ-ਦਰ-ਖ਼ਸਤਾ ਹੋ ਰਹੀ ਸੀ।

ਆਪਣੇ ਇੱਕਲੌਤੇ ਪੁੱਤਰ ਦੀ ਮੌਤ ਤੋਂ ਬਾਅਦ, ਉਹ ਆਪ ਵੀ ਮਾਨਸਿਕ ਤੌਰ 'ਤੇ ਟੁੱਟ ਜਿਹਾ ਗਿਆ ਸੀ। ਇੱਕ ਅਜੀਬ ਜਿਹੀ ਸਮੱਸਿਆ ਨੇ ਘੇਰ ਲਿਆ ਸੀ

ਉਸਨੂੰ। ਰਾਤ ਨੂੰ ਬੈੱਡ 'ਤੇ ਪੈਣ ਲੱਗਿਆਂ ਹੀ ਡਰ ਲੱਗਣ ਲੱਗ ਪੈਂਦਾ, ਕੰਨਾਂ ਵਿੱਚ ਖ਼ੌਫ਼ਨਾਕ ਚੀਕਾਂ ਗੂੰਜਣ ਲੱਗ ਪੈਂਦੀਆਂ। ਹੁਣ ਤਾਂ ਜਦ ਤੱਕ ਸ਼ਰਾਬ ਪੀ ਕੇ ਬੇਸੁੱਧ ਹੋ ਬਿਸਤਰੇ 'ਤੇ ਨਾ ਡਿੱਗ ਪੈਂਦਾ, ਨੀਂਦ ਨਹੀਂ ਸੀ ਆਉਂਦੀ।

ਏਸ ਚੱਕਰ ਵਿਚ ਪਹਿਲਾਂ ਤੋਂ ਹੀ ਖੁੱਲ੍ਹੀ ਸ਼ਰਾਬ ਪੀਣ ਦੇ ਆਦੀ ਸਰਦੂਲ ਸਿੰਘ ਦੀ ਸ਼ਰਾਬਨੋਸ਼ੀ ਦੀ ਮਾਤਰਾ 'ਚ ਚੋਖਾ ਵਾਧਾ ਹੋ ਗਿਆ ਸੀ। ਦੁਪਹਿਰ ਢਲ਼ਦਿਆਂ ਹੀ ਸ਼ਰਾਬ ਦੀ ਤੋੜ ਲੱਗ ਜਾਂਦੀ ਤੇ ਰਾਤ ਨੂੰ ਫੁੱਲ ਟੱਲੀ ਹੋਣ ਤੋਂ ਬਿਨਾਂ ਨੀਂਦ ਨਾ ਆਉਂਦੀ।

ਰਾਤ ਨੂੰ ਸ਼ਰਾਬ ਦੇ ਨਸ਼ੇ 'ਚ ਧੁੱਤ ਹੋ ਕੇ ਉਹ ਨੀਂਦ ਦੇ ਹਵਾਲੇ ਤਾਂ ਹੋ ਜਾਂਦਾ ਪਰ ਤੜਕਸਾਰ ਹੌਲਨਾਕ ਸੁਪਨਿਆਂ ਦੇ ਸ਼ਿਕਾਰਵੱਸ ਉੱਭੜਵਾਹੇ ਉੱਠ ਖੜ੍ਹਦਾ।

ਇੱਕ ਸੁਪਨਾ ਉਸਨੂੰ ਅਕਸਰ ਆਉਂਦਾ, ਜਿਸ ਵਿੱਚ ਉਸਨੂੰ ਇੱਕ ਭਿਆਨਕ ਦ੍ਰਿਸ਼ ਦਿਖਾਈ ਦਿੰਦਾ।

ਕਾਲ਼ੀ-ਬੋਲ਼ੀ ਰਾਤ ਇੱਕ ਅਸੀਮ ਬੰਜਰ ਮੈਦਾਨ ਵਿੱਚ, ਜਿੱਥੇ ਵੀ ਨਜ਼ਰ ਮਾਰੋ ਅਣਗਿਣਤ ਸਿਵੇ ਮੱਚ ਰਹੇ ਹੁੰਦੇ। ਮੱਚਦੇ ਸਿਵਿਆਂ ਦੇ ਐਨ ਵਿਚਕਾਰ, ਇਨਸਾਨੀ ਲੋਥਾਂ ਦਾ ਇੱਕ ਵਿਸ਼ਾਲ ਢੇਰ ਲੱਗਿਆ ਹੁੰਦਾ। ਲੋਥਾਂ ਦੇ ਉਸ ਵਿਸ਼ਾਲ ਢੇਰ ਦੀ ਐਨ ਚੋਟੀ 'ਤੇ ਉਹ ਪੂਰਨ ਤੌਰ ਤੇ ਨਗਨ ਖੜ੍ਹਾ ਹੁੰਦਾ। ਉਸਦੇ ਗਲ਼ ਵਿੱਚ ਇੱਕ ਨਰਮੁੰਡਾਂ ਦੀ ਮਾਲ਼ਾ ਲਟਕ ਰਹੀ ਹੁੰਦੀ। ਨਰਮੁੰਡਾਂ ਦੀ ਉਸ ਮਾਲ਼ਾ ਵਿਚ ਲਟਕ ਰਹੇ ਸਿਰਾਂ ਦੇ ਚਿਹਰੇ, ਬਿਲਕੁਲ ਉਸ ਦੁਆਰਾ ਮਾਰੇ ਗਏ ਮੁੰਡਿਆਂ ਦੇ ਚਿਹਰਿਆਂ ਵਰਗੇ ਹੁੰਦੇ। ਉਹਨਾਂ ਦੇ ਮੂੰਹਾਂ 'ਚੋਂ ਨਿੱਕਲ ਰਹੀਆਂ ਭਿਆਨਕ ਆਵਾਜ਼ਾਂ ਨਾਲ਼ ਫ਼ਿਜ਼ਾ ਵਿਚ ਦਿਲ ਦਹਿਲਾਉਣ ਵਾਲ਼ਾ ਚੀਕ-ਚਿਹਾੜਾ ਮੱਚਿਆ ਹੁੰਦਾ। ਕੋਈ ਸਿਰ ਕੰਨ-ਚੀਰਵੀਆਂ ਚੀਕਾਂ ਮਾਰ ਰਿਹਾ ਹੁੰਦਾ, ਕੋਈ ਦਰਦ ਭਿੰਨੀ ਆਵਾਜ਼ 'ਚ ਕਰਾਹ ਰਿਹਾ ਹੁੰਦਾ, ਕੋਈ ਵਹਿਸ਼ੀਅਤ ਭਰੇ ਠਹਾਕੇ ਮਾਰ ਰਿਹਾ ਹੁੰਦਾ। ਉਸਦੇ ਸੱਜੇ ਹੱਥ ਵਿਚ ਵਾਲ਼ਾਂ ਤੋਂ ਫੜਿਆ, ਇੱਕ ਵੱਢਿਆ ਸਿਰ ਲਟਕ ਰਿਹਾ ਹੁੰਦਾ, ਜਿਸਦੀ ਸ਼ਕਲ ਇੰਨ-ਬਿੰਨ ਉਸਦੇ ਮਰੇ ਹੋਏ ਪੁੱਤਰ ਵਰਗੀ ਹੁੰਦੀ। ਉਸਦੀ ਵੱਢੀ ਹੋਈ ਗਰਦਨ 'ਚੋਂ ਧਰਾਲ਼ਾਂ ਮਾਰ-ਮਾਰ ਕੇ, ਗਾੜ੍ਹਾ ਗਰਮ ਖ਼ੂਨ ਚੋਅ ਰਿਹਾ ਹੁੰਦਾ। ਉਸਦੇ ਮਰੇ ਹੋਏ ਪੁੱਤਰ ਦੀ ਸ਼ਕਲ ਵਾਲ਼ਾ ਉਹ ਸਿਰ ਤਿੱਖੀ ਆਵਾਜ਼ 'ਚ ਕਿਸੇ ਨਵਜੰਮੇ ਬਾਲ ਵਾਂਗ ਲਗਾਤਾਰ ਰੋਈ ਜਾ ਰਿਹਾ ਹੁੰਦਾ।

ਕਾਫ਼ੀ ਅਰਸੇ ਤੋਂ ਰੋਜ਼ ਸੁਵਖਤੇ ਇਹ ਮੰਜ਼ਰ ਦੇਖ, ਉਹ ਤ੍ਰਭਕ ਕੇ ਜਾਗ ਉੱਠਦਾ।

ਗਰਮੀ ਹੋਵੇ ਜਾਂ ਸਰਦੀ, ਉਸਦਾ ਪੂਰਾ ਸਰੀਰ ਪਸੀਨੇ ਨਾਲ਼ ਗੜੁੱਚ ਹੋਇਆ ਹੁੰਦਾ।

ਇਸ ਪ੍ਰਕਾਰ ਆਏ ਦਿਨ ਕੋਈ ਨਾ ਕੋਈ ਸਮੱਸਿਆ ਉਸਨੂੰ ਘੇਰਨ ਲਈ ਤਿਆਰ ਬੈਠੀ ਹੁੰਦੀ।

ਇਸ ਮਾੜੇ ਸਮੇਂ 'ਚ ਜੇ ਕੋਈ ਚੰਗੀ ਗੱਲ ਹੋਈ, ਤਾਂ ਉਹ ਇਹ ਕਿ ਉਸਦੀ ਵੱਡੀ ਕੁੜੀ ਦਾ ਸਾਕ ਕੈਨੇਡਾ ਹੋ ਗਿਆ ਸੀ। ਛੇਆਂ ਮਹੀਨਿਆਂ ਤਾਈਂ ਵਿਆਹ ਹੋ ਜਾਣਾ ਸੀ।

ਸਰਦੂਲ ਸਿੰਘ ਨੇ ਪੂਰੀ ਸਕੀਮ ਘੜ ਰੱਖੀ ਸੀ।

'ਅਗਲੇ ਸਾਲ ਕੋਠੀ ਵੇਚ ਕੇ ਪੂਰਾ ਪਰਿਵਾਰ ਕੈਨੇਡਾ ਪਹੁੰਚ ਜਾਂਗੇ। ਨਰਸ ਸਾਲ਼ੀ ਨੂੰ ਆਪੇ ਈ ਅਗਲੇ ਚੱਕ ਕੇ ਬਾਹਰ ਮਾਰਨਗੇ, ਨਾਲ਼ੇ ਉਹਤੋਂ ਫੇਰ ਕੀ ਲੈਣਾ ਸਾਲ਼ੀ ਗਸ਼ਤੀ 'ਤੋਂ ? ਕੈਨੇਡਾ ਦੀਆਂ ਮੇਮਾਂ 'ਚ ਫਿਰ ਨਰਸ ਕਿੱਥੇ ਯਾਦ ਰਹਿਣੀ ਆਂ ?'

ਇਹ ਮਨਸੂਬੇ ਸਨ ਸਰਦੂਲ ਸਿੰਘ ਦੇ ਆਪਣੀਆਂ ਮੌਜੂਦਾ ਆਰਥਿਕ ਦੁਸ਼ਵਾਰੀਆਂ ਤੋਂ ਨਿਜਾਤ ਪਾਉਣ ਲਈ।

ਪਰ ਹਾਲ ਦੀ ਘੜੀ ਤਾਂ ਉਸਦਾ ਹਰ ਪਾਸਾ ਉਲਟਾ ਹੀ ਪੈ ਰਿਹਾ ਸੀ।

ਇਨ੍ਹਾਂ ਤਮਾਮ ਸਮੱਸਿਆਵਾਂ ਦੇ ਬਾਵਜੂਦ, ਉਸਦੇ ਅੱਖੜ ਸੁਭਾਅ 'ਚ ਕੋਈ ਤਬਦੀਲੀ ਨਹੀਂ ਆਈ ਸੀ। ਆਪਣੇ ਆਪ ਨੂੰ ਰੱਬ ਤੋਂ ਵੀ ਦੋ ਗਿੱਠ ਉਤਾਂਹ ਉਹ ਪਹਿਲਾਂ ਵੀ ਸਮਝਦਾ ਸੀ ਤੇ ਹੁਣ ਵੀ। ਆਸ-ਪਾਸ ਦੇ ਬੰਦੇ ਉਸ ਲਈ ਪਹਿਲਾਂ ਵੀ ਕੀੜੇ-ਮਕੌੜੇ ਸਨ ਤੇ ਹੁਣ ਵੀ। ਆਪਣੇ ਹੱਥੋਂ ਮਰੇ ਨਿਰਦੋਸ਼ ਬੰਦਿਆਂ ਲਈ ਕੋਈ ਅਫ਼ਸੋਸ ਨਾ ਤਾਂ ਪਹਿਲਾਂ ਸੀ ਉਸਨੂੰ ਤੇ ਨਾ ਹੀ ਹੁਣ। ਸਗੋਂ ਉਲਟਾ ਇਹ ਤਾਂ ਉਸਨੂੰ ਆਪਣੀ 'ਬਹਾਦਰੀ ਦੇ ਕਿੱਸੇ' ਲੱਗਦੇ ਸਨ।

ਮੰਦਾ ਬੋਲਣਾ ਤਾਂ ਉਸਦੀਆਂ ਬੇਸ਼ੁਮਾਰ ਮਾੜੀਆਂ ਆਦਤਾਂ ਵਿਚ ਮੁੱਖ ਤੌਰ 'ਤੇ ਸ਼ੁਮਾਰ ਸੀ।

ਨਾ ਮੰਦਾ ਬੋਲਣ ਤੋਂ ਪਹਿਲਾਂ ਉਸਨੇ ਕਦੇ ਸੋਚਿਆ ਸੀ, ਤੇ ਨਾ ਮੰਦਾ ਬੋਲਣ ਤੋਂ ਬਾਅਦ 'ਚ ਕਦੇ ਅਫ਼ਸੋਸ ਹੀ ਕੀਤਾ ਸੀ।

ਇਹੋ ਜਿਹਾ ਹੀ ਬੇਕਿਰਕ ਜ਼ਹਿਰੀ ਆਦਮੀ ਸੀ ਸਰਦੂਲ ਸਿੰਘ ਏ.ਐਸ.ਆਈ.। ਤੇ ਉਸ 'ਪਿੱਦੀ ਜਿਹੇ ਛੋਕਰੇ' ਦੀ ਇਹ ਬਿਸਾਤ, ਕਿ ਸਰਦੂਲ ਸਿੰਘ 'ਬੰਦੇ ਚੱਕ' ਨੂੰ ਅੱਗਿਉਂ ਮੂੰਹ-ਤੋੜਵਾਂ ਜਵਾਬ ਦੇ ਜਾਵੇ ? ਜਿਸ ਸਰਦੂਲ ਸਿੰਘ ਦੇ ਪਰਛਾਵੇਂ ਤੋਂ ਵੀ ਅੱਧਾ ਪੰਜਾਬ ਤ੍ਰਹਿ ਕੇ ਲੰਘਦਾ ਰਿਹਾ, ਇੱਕ 'ਪਿੱਦੀ ਜਿਹਾ ਛੋਕਰਾ' ਉਸਦੇ ਮੂੰਹ 'ਤੇ ਥੁੱਕ ਗਿਆ ਤੇ ਉਹ ਦੇਖਦਾ ਹੀ ਰਹਿ ਗਿਆ ?

ਸਰਦੂਲ ਸਿੰਘ ਨੂੰ ਯਕੀਨ ਜਿਹਾ ਨਹੀਂ ਹੋ ਰਿਹਾ ਸੀ ਕਿ ਆਖ਼ਿਰ ਉਸ ਨੂੰ ਹੋ ਕੀ ਗਿਆ ਸੀ ? ਆਖ਼ਿਰ ਉਸ ਛੋਕਰੇ ਦੀ ਆਵਾਜ਼ 'ਚ ਅਜਿਹੀ ਕਿਹੜੀ ਗੱਲ ਸੀ ਕਿ ਉਹ ਬੈਠਾ ਉਸਦੇ ਮੂੰਹ ਵੱਲ ਝਾਕੀ ਗਿਆ, ਤੇ ਉਹ ਛੋਕਰਾ ਬੇਖ਼ੌਫ਼ ਹੋ ਕਾੜ੍ਹ-ਕਾੜ੍ਹ ਬੋਲੀ ਗਿਆ ?

'ਕਿਤੇ ਪਿਲਪਿਲਾ ਤਾਂ ਨੀਂ ਹੋ ਗਿਆ ਸਰਦੂਲ ਸਿਆਂ ?'

ਮਨ ਹੀ ਮਨ ਆਪਣੇ ਆਪ ਨੂੰ ਇਹ ਸਵਾਲ ਕਰਕੇ ਸਰਦੂਲ ਸਿੰਘ ਨੂੰ ਤੇਜਵੀਰ ਦੇ ਨਾਲ਼-ਨਾਲ਼ ਆਪਣੇ ਆਪ 'ਤੇ ਵੀ ਗੁੱਸਾ ਚੜ੍ਹੀ ਜਾ ਰਿਹਾ ਸੀ।

ਗੁੱਸੇ ਦੀ ਅਧਿਕਤਾ ਕਾਰਣ ਸਰਦੂਲ ਸਿੰਘ ਦੀਆਂ ਅੱਖਾਂ ਲਾਲ ਹੋ ਗਈਆਂ, ਬੁੱਲ੍ਹ ਫਰਕਣ ਲੱਗ ਪਏ ਤੇ ਉਹ ਮੁੱਠੀਆਂ ਮੀਚ ਕੇ ਕੁਰਸੀ 'ਤੋਂ ਉੱਠਦਿਆਂ ਹੋਇਆਂ ਗਰਜਿਆ।

'ਤੇਰੀ ਭੈਣ ਦੀ ਉਏ !'

'ਜਨਾਬ ਕੰਟਰੋਲ ਕਰੋ, ਅਗਲਾ ਤਾਂ ਕਦੋਂ ਦਾ ਚਲਾ ਗਿਆ ਜੀ ! ਨਾਲ਼ੇ ਮੌਕਾ ਸਾਂਭੋ ਜਨਾਬ, ਆਲ਼ੇ-ਦੁਆਲ਼ੇ ਕੈਮਰੇ ਈ ਕੈਮਰੇ ਫਿਰਦੇ ਆ।'

ਉਸਦੇ ਸਿਰ 'ਤੇ ਖੜ੍ਹੇ ਸਿਪਾਹੀ ਨੇ ਉਸਦੇ ਕੰਨ ਵਿਚ ਫੁਸਫੁਸਾ ਕੇ ਉਸਨੂੰ ਸੁਚੇਤ ਕੀਤਾ।

ਸਿਪਾਹੀ ਦੀ ਆਵਾਜ਼ ਸੁਣ ਕੇ ਸਰਦੂਲ ਸਿੰਘ ਸ਼ਰਮ ਨਾਲ਼ ਪਾਣੀ-ਪਾਣੀ ਹੋ ਗਿਆ। ਉਸਦਾ ਤਾਂ ਉਸਨੂੰ ਖ਼ਿਆਲ ਹੀ ਭੁੱਲ ਗਿਆ ਸੀ।

'ਉਹ-ਹੋ , ਕੱਲ੍ਹ ਤੱਕ ਜਿਸ ਦੀ 'ਜੀ ਜਨਾਬ' ਤੋਂ ਬਿਨਾਂ ਉਸਦੇ ਸਾਹਮਣੇ ਜ਼ੁਬਾਨ ਨੀਂ ਸੀ ਖੁੱਲ੍ਹਦੀ, ਅੱਜ ਉਹ ਇੱਕ ਅਦਨਾ ਜਿਹਾ ਸਿਪਾਹੀ, ਉਸਨੂੰ ਮੱਤਾਂ ਵੀ ਦੇਣ ਲੱਗ ਪਿਆ ? ਕੱਲ੍ਹ ਤੱਕ ਜਿਹੜਾ ਉਸਦੀ ਦਹਿਸ਼ਤ ਦੇ ਕਿੱਸੇ ਸੁਣ ਕੇ ਕੰਨਾਂ ਨੂੰ ਹੱਥ ਲਾ ਲੈਂਦਾ ਸੀ, ਅੱਜ ਉਹੀ ਉਸਦਾ ਮਾਤਹਤ ਇੱਕ ਦੋ ਕੌਡੀ ਦੇ ਛੋਕਰੇ ਹੱਥੋਂ ਹੋਈ ਉਸਦੀ ਬੇਇੱਜ਼ਤੀ ਦਾ ਗਵਾਹ ਬਣ ਗਿਆ ਸੀ ? ਸਾਲ਼ਾ ਇੱਕ ਦੀਆਂ ਚਾਰ-ਚਾਰ ਲਾ ਕੇ, ਸੁਆਦ ਲੈ-ਲੈ ਬਕੂ ਹੁਣ ਸਭ ਦੇ ਸਾਹਮਣੇ। ਕੀ ਇੱਜ਼ਤ ਰਹਿ ਗਈ ਸੀ ਉਸਦੀ ਹੁਣ ਆਪਣੇ ਮਾਤਹਤਾਂ ਦੇ ਸਾਹਮਣੇ ? ਪੱਚੀਆਂ ਸਾਲਾਂ ਦਾ ਕਮਾਇਆ ਨਾਂ ਉਹ ਪੱਤਰਕਾਰ ਛੋਕਰਾ ਦੋ ਮਿੰਟਾਂ 'ਚ ਮਿੱਟੀ ਵਿਚ ਰੋਲ਼ ਕੇ ਤੁਰਦਾ ਬਣਿਆ, ਤੇ ਉਹ ਹੱਥ 'ਤੇ ਹੱਥ ਧਰੀ ਬੈਠਾ ਰਿਹਾ ?'

ਸੋਚਦੇ ਸਰਦੂਲ ਸਿੰਘ ਨੂੰ ਹੁਣ ਸਿਪਾਹੀ ਨਾਲ਼ ਨਜ਼ਰਾਂ ਮਿਲਾਉਣੀਆਂ ਔਖੀਆਂ ਹੋ ਰਹੀਆਂ ਸਨ।

'ਪਰ ਜਨਾਬ, ਮੁੰਡਾ ਬੇਜ਼ਤੀ ਜਹੀ ਵਾਹਵਾ ਕਰ ਗਿਆ ਜੀ, ਪਰ ਤੁਸੀਂ ਹੁਣ ਪਾਓ ਮਿੱਟੀ, ਇਹ ਪੱਤਰਕਾਰ ਤਾਂ ਸਾਲ਼ੇ ਐਵੇਂ ਕੁੱਤਿਆਂ ਆਂਗੂੰ ਭੌਂਕਦੇ ਈ ਰਹਿੰਦੇ ਨੇ, ਇਨ੍ਹਾਂ ਦੇ ਮੂੰਹ ਕਾਹਨੂੰ ਲੱਗਣਾ ਜੀ। ਨਾਲ਼ੇ ਅਗਲਾ ਤਾਂ ਆਵਦੀਆਂ ਚਾਰ ਸੁਣਾ ਕੇ ਡੰਡੀ ਪੈ ਗਿਆ, ਹੁਣ ਲਕੀਰ ਪਿੱਟਣ ਦਾ ਕੀ ਫੈਦਾ ?'

ਸਿਪਾਹੀ ਉੱਪਰੋਂ-ਉੱਪਰੋਂ ਮੱਲ੍ਹਮ ਦਾ ਦਿਖਾਵਾ ਕਰ, ਉੱਕਾ ਈ ਲੂਣ ਦਾ ਬੁੱਕ ਭੁੱਕ ਗਿਆ ਸਰਦੂਲ ਸਿੰਘ ਦੇ ਅੱਲ੍ਹੇ ਫੱਟਾਂ 'ਤੇ।

ਸਰਦੂਲ ਸਿੰਘ ਅੰਦਰੋਂ-ਅੰਦਰੀਂ ਤੜਫ਼ ਕੇ ਰਹਿ ਗਿਆ।

'ਤੂੰ ਚੁੱਪ ਕਰ ਉਏ ਵੱਡਿਆ ਸਲਾਹਕਾਰਾ !'

(ਚਲਦਾ)

ਕਹਾਣੀ

# ਅੱਗ ਲੱਗੇ ਦਰਿਆ



ਜ਼ੁਬੈਰ ਅਹਿਮਦ

ਕਿਸੇ ਪੁਰਾਣੇ ਕਮਰੇ ਵਿਚ ਮੈਂ ਬੈਠਾਂ। ਦੂਜੀ ਮੰਜ਼ਲੇ, ਵੱਡੀ ਇਮਾਰਤ। ਇਮਾਰਤ ਉਕਾ ਖਾਲੀ, ਜੀਅ ਕੋਈ ਨਹੀਂ। ਅਸਲੋਂ ਇਹ ਇਮਾਰਤ ਪੁਰਾਣੇ ਹੋਵਣ ਪਾਰੋਂ ਬੰਦ ਹੋਈ ਜਾਪਦੀ ਏ। ਕਦੇ ਹੁੰਦੀ ਸੀ ਰੱਜ ਆਬਾਦ, ਵਸੀ ਰਸੀ। ਕਿਥੇ ਰਾਤ ਨੂੰ ਜਾ ਚੁੱਪ ਲੱਥਣੀ। ਗੋਲ ਘੁੰਮ ਘੇਰ ਪੌੜੀਆਂ ਪੁਰਾਣਿਆਂ ਵੇਲਿਆਂ ਦੀਆਂ, ਤੇ ਜਦ ਤੁਸੀਂ ਪੌੜੀਆਂ ਚੜ੍ਹ ਕੇ ਉਤੇ ਅੱਪੜੋ, ਲੰਮਾ ਬਰਾਂਡਾ, ਤੇ ਦੂਜੇ ਹੱਥ ਕਮਰਿਆਂ ਦੀ ਪਾਲ। ਪਹਿਲੇ ਕਮਰੇ ਵਿਚ ਰਜ਼ਾ ਤੇ ਮੈਂ ਬੈਠਦੇ ਸਾਂ, ਪਰ ਹੁਣ ਉਹ ਕਮਰਾ ਅਸਚਰਜ ਜਿਹਾ ਲੱਗਾ। ਬਹੁਤ ਸੌੜਾ ਲੱਗਾ ਦਿਲ ਨੂੰ ਬੜਾ ਦੁਖੀ ਜਿਹਾ ਕਰਦਾ। ਇਕ ਪਾਸੇ ਚਿੱਟਾ ਕੱਪੜਾ ਬੰਨ੍ਹਿਆ ਹੋਵੇ, ਗੋਲ ਬਾਂਸ ਵਰਗਾ ਲੰਮਾ ਦੂਰ ਤੀਕ ਜਾਂਦਾ, ਛੱਤ ਨਾਲ ਜਿਵੇਂ ਏ.ਸੀ. ਦੀ ਮੋਟੀ ਪਾਈਪ ਬਾਹਰ ਨੂੰ ਲੱਗੀ ਜਾਂਦੀ ਏ ਜਾਂ ਜਿਵੇਂ ਪੜਛੱਤੀ ਜਿਹੀ।

ਇਹ ਰਿਕਾਰਡ ਰੂਮ ਵਿਚ ਨਹੀਂ ਸੀ ਹੁੰਦੀ ? ਜਿਥੇ ਹੁੰਦਾ ਸੀ ਚਾਚਾ ਆਸ਼ਿਕ, ਸਸਤੇ ਸਿਗਰਟ ਫੂਕਦਾ। ਇਸ ਦਾ ਕਮਰਾ ਪੁਰਾਣੀਆਂ ਫਾਈਲਾਂ ਨਾਲ ਭਰਿਆ ਰਹਿਣਾ। ਗਰਮੀਆਂ ਵਿਚ ਪੁਰਾਣਾ ਕੂਲਰ ਘੀਂ ਘੀਂ ਚਲਦੇ ਹੋਣਾ ਤੇ ਸਿਆਲਾਂ ਵਿਚ ਮੌਜ। ਸਰਕਾਰੀ ਕੋਟੇ ਦਾ ਕੋਇਲਾ ਜਾਂ ਫਿਰ ਕਮਰੇ ਨਾਲ ਈ ਵਿਹੜਾ। ਧੁੱਪ ਹੋਵੇ ਤਾਂ ਉਸ ਦੀ ਨਿਸ਼ਾ ਲਉ, ਪਰ ਇਹ ਸਾਰੀਆਂ ਫਾਈਲਾਂ ਇਥੇ ਕਿਉਂ ਆ ਗਈਆਂ ? ਮੈਂ ਚੁੱਪ-ਚਾਪ ਬੈਠਾ ਹਾਂ। ਇਕ ਵੇਲੇ ਮੈਂ ਇਥੇ ਕਲਰਕ ਸਾਂ, ਬਿਜਲੀ ਦੇ ਮਹਿਕਮੇ ਵਿਚ।

ਇਸ ਇਮਾਰਤ ਨੂੰ ਕੀ ਹੋਇਆ। ਅਜਬ ਜਿਹਾ ਭੇਤ ਏ ਹੁਣ ਇਸ ਵਿਚ। ਬੇਕਦਰੀ ਜਿਹੀ ਵੀਰਾਨੀ, ਉਜੜੀ ਹੋਈ ਬੇ-ਨਿਸ਼ਾਨੀ। ਇਸ ਵੇਲੇ ਇਕ ਬੰਦਾ ਬਸ਼ਰ ਨਹੀਂ ਇਸ ਵਿਚ। ਉਕਾ ਬੰਦ ਏ ਇਹ। ਮੈਂ ਕਿਥੋਂ ਆਣ ਵੜਿਆ ਆਂ। ਮੈਂ ਬੜੀ ਔਖ ਨਾਲ ਬੈਠਾ ਆਂ ਐਥੇ। ਇਕ ਛਿਣ ਨੂੰ ਉਹ ਮੈਨੂੰ ਬੂਹੇ ਤੋਂ ਬਾਹਰ ਦਿਸਦਾ ਏ। ਰਜ਼ਾ। ਲਗਦਾ ਏ ਜਿਵੇਂ ਮੈਂ ਫੜਿਆ ਗਿਆ ਆਂ। ਰਜ਼ਾ ਮੈਨੂੰ ਵੇਖ ਕੇ ਇਕਦਮ ਛਾਈਂ ਮਾਈਂ ਹੋ ਜਾਂਦਾ ਏ। ਰਜ਼ਾ ਤੇ ਮੈਂ ਇਕੋ ਕਮਰੇ ਵਿਚ ਪੰਜ ਵਰ੍ਹੇ ਬੈਠੇ ਰਹੇ। ਉਹ ਮੈਥੋਂ ਕਈ ਵਰ੍ਹੇ ਵੱਡਾ ਸੀ। ਸੀ ਉਹ ਵੀ ਕਲਰਕ, ਪਰ ਸਿਗਰਟ ਪੀਣੇ ਗੋਲਡ ਲੀਫ਼ ਦੇ। ਉਹ ਇੰਜ ਦਾ ਨਹੀਂ ਸੀ ਰਿਸ਼ਵਤਖੋਰ। ਬੜੀ ਚੰਗੀ ਸੀ ਉਸ ਦੀ ਡਰਾਫਟਿੰਗ। ਪੁਰਾਣੇ ਵੇਲਿਆਂ ਦਾ ਬੀ.ਏ. ਪਾਸ। ਮਧਰਾ ਕੱਦ ਬੁੱਤ। ਗਠਿਆ ਜਿਹਾ ਪਿੰਡਾ। ਉਸ ਸਾਰੇ ਦਿਨ ਆਪਣੀ ਸੀਟ ਤੋਂ ਨਾ ਹਿੱਲਣਾ। ਮੈਂ ਸਵੇਰੇ ਜਦ ਦਫ਼ਤਰ ਆਉਣਾ, ਉਸ ਆਪਣੀ ਸੀਟ 'ਤੇ ਬੈਠੇ ਹੋਣਾ। ਜਦ ਮੈਂ ਜਾਣਾ, ਉਦੋਂ ਵੀ। ਕਈਆਂ ਕਹਿਣਾ, ਦਫ਼ਤਰ ਦੀ ਸਟੇਸ਼ਨਰੀ ਵੇਚਦਾ ਏ। ਇਸ ਲਈ ਜਦ ਸਾਰੇ ਚਲੇ ਜਾਂਦੇ, ਇਸ ਤਦ ਜਾਣੈ। ਕਿਸੇ ਸੁਣਾਵਣਾ, ਖੋਤਾ ਰੇੜ੍ਹੀ ਆਉਂਦੀ ਏ, ਤੇ ਲੱਦ ਤੁਰ ਜਾਂਦੀ ਏ ਸਟੇਸ਼ਨਰੀ। ਕੁਝ ਦੱਸਦੇ, ਦਫ਼ਤਰ ਦੀ ਸਫ਼ਾਈ ਕਰ ਕੇ ਘਰ ਜਾਣਾ ਤੇ ਕੁਝ ਕੰਮ ਸਵੇਰੇ ਕਰਨਾ ਤੇ ਸਵੇਰੇ ਵੀ ਉਸ ਸਭ ਤੋਂ ਪਹਿਲਾਂ ਆਉਣਾ।

ਉਹ ਸਭੇ ਮੁਲਾਜ਼ਮ ਜਿਨ੍ਹਾਂ ਦੀ ਮੁਅੱਤਲੀ ਜਾਂ ਸ਼ੋਅ ਕਾਜ਼ ਨੋਟਿਸ ਜਾਰੀ ਹੋਇਆ ਹੁੰਦਾ, ਉਸ ਤੋਂ ਜਵਾਬ ਲਿਖਵਾਉਣ ਆਉਂਦੇ ਸਨ। ਅਸੀਂ ਭਾਵੇਂ ਦੋਵੇਂ ਇਕ ਕਮਰੇ ਵਿਚ ਬਹਿਨੇ ਸਾਂ, ਸਾਡੇ ਵਿਚਕਾਰ ਝਿਜਕ ਸੀ, ਓਹਲਾ ਜਿਹਾ, ਕੋਈ ਲੁਕੋ। ਖੌਰੇ ਝਿਜਕ ਪਾਰੋਂ ਕੋਈ ਡਰ, ਅਣਜਾਣੇ ਦੀ ਵਿੱਥ ਜਿਵੇਂ। ਅਸਾਂ ਪੂਰੇ ਪੰਜ ਵਰ੍ਹੇ ਇਕੋ ਕਮਰੇ ਵਿਚ ਇਕੋ ਛੱਤ ਥੱਲੇ ਬੈਠੇ, ਪਰ ਇਹ ਵਿੱਥ, ਝਿਜਕ ਨਾ ਮੁੱਕੀ।

ਇਹ ਲੁਕਾ ਉਸ ਵੱਲੋਂ ਸੀ, ਮੇਰੇ ਵੱਲੋਂ ਨਹੀਂ। ਖੌਰੇ ਇਸ ਲਈ, ਪਈ ਉਸ ਅੰਦਰ ਕੋਈ ਚੋਰ ਸੀ ਜਿਸ ਕਰ ਕੇ ਵਿੱਥ ਨਾ ਮੁੱਕੀ। ਨਾਲੇ ਮੈਂ ਉਸ ਤੋਂ ਘੱਟੋ ਘੱਟ 20 ਵਰ੍ਹੇ ਨਿੱਕਾ ਸਾਂ। ਮੈਂ ਬੀ.ਏ. ਕਰ ਕੇ ਨਵਾਂ ਨਵਾਂ ਕਲਰਕ ਲੱਗਾ ਸਾਂ ਤੇ ਐਮ.ਏ. ਪ੍ਰਾਈਵੇਟ ਦੀ ਤਿਆਰੀ ਕਰਦਾ ਪਿਆ ਸਾਂ। ਉਸ ਨੂੰ ਪਤਾ ਸੀ, ਮੈਂ ਕੁਝ ਚਿਰ ਲਈ ਆਂ। ਮੈਂ ਉਚੀ ਸਿਫ਼ਾਰਸ਼ ਪਾਰੋਂ ਸਿੱਧਾ 7ਵੀਂ ਸਕੇਲ ਵਿਚ ਆਇਆ ਸਾਂ ਤੇ ਉਹ 15 ਵਰ੍ਹੇ ਜੂਨੀਅਰ ਕਲਰਕ ਰਹਿਣ ਪਿਛੋਂ ਹੁਣ ਸੀਨੀਅਰ ਕਲਰਕ ਬਣਿਆ ਸੀ। ਇਸ ਦਾ ਉਸ ਨੂੰ ਰੱਜ ਸਾੜਾ ਸੀ। ਉਸ ਨੂੰ ਇਹ ਵੀ ਡਰ ਸਨ, ਪਈ ਕਿਤੇ ਉਸ ਦੇ ਕੰਮ ਮੈਨੂੰ ਨਾ ਮਿਲ ਜਾਣ। ਉਸ ਦੇ ਸਾਰੇ ਕੰਮ ਕਮਾਈ ਆਲੇ ਸਨ, ਇਸ ਲਈ ਉਸ ਹੈਡ ਕਲਰਕ ਨਾਲ ਅੱਟੀ ਸਿਟੀ ਲੜਾ ਕੇ ਮੈਨੂੰ ਉਹ ਕੰਮ ਦਿੱਤੇ, ਜਿਨ੍ਹਾਂ ਵਿਚ ਕੋਈ ਕਮਾਈ ਨਹੀਂ ਸੀ; ਸਗੋਂ ਮੈਨੂੰ ਕਈ ਦਿਨ ਕੋਈ ਕੰਮ ਨਾ ਲੱਭਾ। ਮੈਂ ਦਫ਼ਤਰ ਆਣਾ ਤੇ ਸਾਰਾ ਦਿਨ ਵਿਹਲੇ ਬਹਿ ਘਰ ਤੁਰ ਜਾਣਾ।

ਮੈਂ ਕਿਉਂ ਜੋ ਨਵਾਂ ਨਵਾਂ ਨੌਕਰੀ ਲੱਗਾ ਸਾਂ, ਇਸ ਲਈ ਹਮੇਸ਼ਾ ਵੇਲੇ ਸਿਰ ਆਉਣਾ। ਪੂਰੇ ਸਾਢੇ ਸੱਤ ਵਜੇ। ਇਸ ਵੇਲੇ ਨਿਰਾ ਰਜ਼ਾ ਤੇ ਰਿਕਾਰਡ ਕੀਪਰ ਆਉਂਦੇ ਸਨ। ਹਾਂ, ਅਫਸਰ ਦੇ ਕਮਰੇ ਦਾ ਚਪੜਾਸੀ ਤੇ ਥੱਲੇ ਕੰਟੀਨ ਵਾਲਾ ਵੀ ਆਇਆ ਹੋਣਾ, ਪਰ ਚਾਹ ਸਾਨੂੰ ਨੌਂ, ਸਾਢੇ ਨੌਂ ਵਜੇ ਜਾ ਲੱਭਣੀ ਤੇ ਸਭ ਤੋਂ ਪਹਿਲੀ ਚਾਹ ਵੀ ਮੇਰੇ ਕਮਰੇ ਦੇ ਬੇਲੀ ਈ ਮੰਗਾਣੀ। ਇਸ ਦਾ ਚਾਹ ਦਾ ਬਿੱਲ ਵੀ ਸਭ ਤੋਂ ਵੱਧ ਹੋਣਾ, ਪਰ ਉਸ ਨੂੰ ਕੋਈ ਪ੍ਰਵਾਹ ਨਾ ਹੋਣੀ; ਸਗੋਂ ਜਦ ਕੋਈ ਉਸ ਨੂੰ ਮਿਲਣ ਆਉਂਦਾ, ਉਸ ਝੱਟ ਆਪਣੀ ਕੁਰਸੀ ਤੋਂ ਉਠ ਬਾਰੀ ਕੋਲ ਜਾ ਹੌਲੀ ਜਿਹੀ ਹੇਠਾਂ ਸਿਰ ਕਰ, ਚਾਹ ਲਈ 'ਵਾਜ ਮਾਰ ਦੇਣੀ। ਕਈ ਵਾਰੀ ਅਗਲੇ ਤੁਰ ਜਾਣਾ, ਤੇ ਮੁੜ ਉਸ ਚਾਹ ਮੇਰੀ ਮੇਜ਼ 'ਤੇ ਧਰ ਦੇਣੀ। ਪੌਂਦ ਵਿਚ ਤਾਂ ਮੈਨੂੰ ਚੰਗਾ ਲਗਦਾ ਰਿਹਾ, ਫਿਰ ਮੈਨੂੰ ਖਿਆਲ ਆਉਣਾ, ਇਹ ਵੱਢੀ ਤਾਂ ਨਹੀਂ। ਇਸ ਲਈ ਮੈਂ ਹੌਲੀ ਹੌਲੀ ਚਾਹ ਪੀਣ ਤੋਂ ਨਾਂਹ ਕਰ ਦੇਣੀ, ਤੇ ਉਸ ਦਫ਼ਤਰ ਦੀ ਝਾੜ ਪੂੰਝ ਕਰਨ ਆਲੀ ਨੂੰ ਬੁਲਾ ਚਾਹ ਦੇ ਦੇਣੀ। ਉਸ ਦਾ ਨਾਂ ਜਮੀਲਾ ਸੀ। ਉਹ ਚੌਂਤੀ-ਪੈਂਤੀ ਦੀ ਹੋਣੀ ਏ। ਕਾਲਾ ਸ਼ਾਹ ਪਿੰਡਾ ਤੇ ਭਰਿਆ ਭਰਿਆ ਸਰੀਰ। ਮੋਟੇ ਬੁੱਲ੍ਹ ਤੇ ਮੋਟੀਆਂ ਈ ਕਾਲੀਆਂ ਸ਼ਾਹ ਅੱਖੀਆਂ। ਇਸ ਦੇ ਮੁੱਖ ਉਤੇ ਸਭ ਤੋਂ ਸੋਹਣੀਆਂ ਉਸ ਦੀਆਂ ਅੱਖਾਂ ਈ ਸਨ।

ਸਾਰਾ ਦਿਨ ਉਸ ਨਾਲ ਗੰਦਾ-ਮੰਦਾ ਮਖੌਲ ਹੁੰਦਾ ਰਹਿਣਾ, ਤੇ ਉਸ ਖਚਰਾ ਜਿਹਾ ਹਾਸਾ ਹੱਸਦੇ ਰਹਿਣਾ। ਕਈ ਵਾਰੀ ਉਹ ਬਹੁੰ ਚੁੱਪ ਹੁੰਦੀ ਸੀ ਤੇ ਉਸ ਉਕਾ ਕਿਸੇ ਗੱਲ ਦਾ ਜਵਾਬ ਨਾ ਦੇਣਾ, ਸਗੋਂ ਕਿਸੀ ਲੁਕਵੇਂ ਥਾਂ ਪਏ ਰਹਿਣਾ। ਅੱਖਾਂ ਉਸ ਦੀਆਂ ਵਿਚ ਅਜਬ ਜਿਹਾ ਪਾਣੀ ਤਰਨਾ ਦੁੱਖ ਦਾ ਤੇ ਪੀੜ ਦਾ। ਅਜਿਹੇ ਵੇਲਿਆਂ, ਉਸ ਮੇਰੇ ਵੱਲ ਵੀ ਆਪਣੀਅਤ ਨਾਲ ਤੱਕਣਾ, ਜਿਵੇਂ ਕਹਿੰਦੀ ਹੋਵੇ, ਮੁੰਡਿਆ ! ਤੂੰ ਅਜੇ ਮੌਜ ਕਰ, ਤੈਨੂੰ ਹਯਾਤੀ ਦੇ ਦੁੱਖਾਂ ਦੀ ਕੀ ਸਾਰ ਏ ? ਰਜ਼ਾ ਨੇ ਉਸ ਨੂੰ ਗੰਦੇ ਮਖੌਲ ਕਰਦੇ ਰਹਿਣਾ। 'ਜਮੀਲਾ, ਇਹਦਾ ਵੀ ਮੁਬਾਇਲ ਬਦਲਾ ਦੇ'। ਮੈਨੂੰ ਬੜੀ ਸ਼ਰਮ ਆਣੀ। ਸਾਡੇ ਪੜ੍ਹਿਆਰ ਮੁੰਡਿਆਂ ਵਿਚਕਾਰ ਇੰਨੇ ਨੰਗੇ ਮਖੌਲ ਨਹੀਂ ਸਨ ਹੁੰਦੇ। ਗਾਲਾਂ ਦੀ ਵਾਛੜ ਭਾਵੇਂ ਵਰ੍ਹਦੀ ਸੀ, ਪਰ ਸ਼ਰਮ ਲਿਹਾਜ਼ ਵੀ ਹੁੰਦਾ ਸੀ। ਖੌਰੇ ਪੜ੍ਹਿਆਰਾਂ ਦੀ ਬਹਿਣਾ ਪਾਰੋਂ ਹੋਵੇ। ਕਈ ਵਾਰੀ ਜਮੀਲਾ ਲੰਘਦੇ ਲੰਘਦੇ ਮੇਰੀ ਗੱਲ੍ਹ ਵੀ ਪੁੱਟ ਲੈਣੀ, ਜਾਂ ਚੂੰਢੀ ਵੱਢ ਲੈਣੀ, ਪਰ ਉਸ ਦਾ ਸਾਰਾ ਮਖੌਲ ਇੰਨਾ ਹੀ ਹੁੰਦਾ ਸੀ।

ਤੇ ਹੌਲੀ ਹੌਲੀ ਮੇਰੇ ਪੈਰ ਉਸ ਦਫਤਰ ਲੱਗਣੇ ਸ਼ੁਰੂ ਹੋਏ। ਇਸ ਵਿਚ ਵੀ ਬਹੁਤਾ ਹੱਥ ਜਮੀਲਾ ਦਾ ਸੀ। ਉਸ ਕਹਿਣਾ, 'ਘਾਬਰੀਂ ਨਾ। ਇਨ੍ਹਾਂ ਸਾਰਿਆਂ ਦੇ ਭੇਤ ਨੇ, ਕੁਝ ਦੇ ਘੱਟ, ਕੁਝ ਦੇ ਵੱਧ। ਛੱਡਦਾ ਕੋਈ ਨਹੀਂ, ਮੰਗਦੇ ਸਾਰੇ ਨੇ। ਤੈਨੂੰ ਵੀ ਜੋ ਲੱਭੇ, ਬੋਝੇ ਪਾ ਲਈਂ। ਨਿਰੀ ਤਨਖਾਹ ਨਾਲ ਕੀ ਹੁੰਦਾ ਏ ? ਬੱਸ ਮੂੰਹ ਸੁੱਟ ਕੇ ਆਪਣਾ ਕੰਮ ਕਰੀ ਜਾ। ਕਿਸੇ ਵੱਲ ਵੇਖਣ ਟੋਹ ਲੈਣ ਦੀ ਲੋੜ ਨਹੀਂ। ਕੋਈ ਕੀ ਕਰਦਾ ਏ, ਤੇਰਾ ਕੋਈ ਮਤਲਬ ਨਹੀਂ। ਤੇਰੀ ਨਵੀਂ ਨਵੀਂ ਨੌਕਰੀ ਏ, ਚੁੱਪ ਕਰ ਕੇ ਵੇਲਾ ਟਪਾ। ਨਹੀਂ ਤਾਂ ਰਹਿਣਾ ਔਖਾ ਕਰ ਦੇਣਗੇ। ਤੈਨੂੰ ਰੋਜ਼ ਅਫ਼ਸਰ ਤੋਂ ਝਾੜ ਪਏਗੀ। ਅਫ਼ਸਰ ਤੋਂ ਝਾੜ ਪਏ ਤਾਂ ਬੰਦੇ ਦਾ ਜੀਅ ਕਰਦਾ ਏ ਥਾਂ ਮਰ ਜਾਵੇ। ਮੈਨੂੰ ਵੇਖ। ਮੇਰੇ ਤਿੰਨ ਬਾਲ ਨੇ। ਬੰਦਾ ਕੁਝ ਨਹੀਂ ਕਰਦਾ। ਅਠਾਰਾਂ ਵਰ੍ਹਿਆਂ ਦੀ ਸਾਂ ਜਦ ਇਥੇ ਆਈ। ਪਹਿਲੇ ਦਿਨ ਈ ਸਵੇਰੇ ਮੈਨੂੰ ਮੇਰੇ ਨਾਲ ਦੇ ਨੇ ਈ ਢਾਹ ਲਿਆ। ਤੂੰ ਨਹੀਂ ਜਾਣਦਾ, ਹੁਣ ਉਹਦੀ ਬਦਲੀ ਹੋ ਗਈ ਏ। ਮੁੜ ਇਕ ਦਿਨ ਕਿਸੇ ਹੋਰ। ਹੌਲੀ ਹੌਲੀ ਮੈਂ ਤਾਕਤ ਫੜੀ, ਤੇ ਦੋ-ਤਿੰਨ ਵਰ੍ਹਿਆਂ ਵਿਚ ਈ ਆਪਣੇ ਪੈਰਾਂ ਉਤੇ ਖਲੋ ਗਈ। ਹੁਣ ਭਾਵੇਂ ਗੰਦਾ ਮਖੌਲ ਕਰਦੇ ਨੇ, ਪਰ ਮਜਾਲ ਏ ਕੋਈ ਹੱਥ ਲਾਏ, ਮੇਰੀ ਮਰਜ਼ੀ ਬਿਨਾਂ। ਉਹ ਭੇਤ ਭਰੀ ਮੁਸਕਾਨ ਨਾਲ ਕਹਿੰਦੀ ਏ।

ਇਹ ਦਫ਼ਤਰ ਅਸਲੋਂ ਬਹੁੰ ਪੁਰਾਣੀ ਕੋਠੀ ਵਿਚ ਸੀ। ਚੌਬੁਰਜੀ ਵਿਚ। ਜੇ ਤੁਸੀਂ ਸ਼ਾਮ ਨਗਰ ਵੱਲ ਜਾਓ, ਰਾਹ ਵਿਚ ਪੈਂਦੈ ਪੁੱਠੇ ਹੱਥ। ਹੁਣ ਖੌਰੇ ਹੈ ਵੀ ਜਾਂ ਨਹੀਂ, ਜਾਂ ਫਿਰ ਪਲਾਜ਼ਾ ਬਣ ਗਿਆ ਹੋਣਾ ਏ। ਬਿਜਲੀ ਦੇ ਮਹਿਕਮੇ ਆਲਿਆਂ ਕਿਰਾਏ ਉੱਤੇ ਲਈ ਹੋਈ ਸੀ ਕੋਠੀ, ਤੇ ਉਤਲੀ ਮੰਜ਼ਲੇ ਐਕਸੀਅਨ ਬੈਠਦਾ ਸੀ ਜਿਹੜਾ ਐਸ ਡੀ ਓ ਤੋਂ ਉਚਾ ਅਫ਼ਸਰ ਹੁੰਦਾ ਏ, ਤੇ ਉਸ ਦੇ ਹੇਠ ਤਿੰਨ-ਚਾਰ ਐਸ ਡੀ ਓ ਹੁੰਦੇ ਨੇ। ਉਤੇ ਦਸ ਬਾਰਾਂ ਕਮਰੇ ਸਨ ਜਿਸ ਵਿਚ ਕਲਰਕਾਂ, ਡਰਾਫ਼ਟਮੈਨ, ਸਟੈਨੋ, ਰਿਕਾਰਡ ਕੀਪਰ, ਡਾਇਰੀ ਕਲਰਕ ਦੇ ਵੱਖੋ-ਵੱਖ ਕਮਰੇ ਸਨ। ਇੰਨੇ ਈ ਕਮਰੇ ਥੱਲੇ ਸਨ, ਪਰ ਥੱਲੇ ਰੈਵਨਿਊ ਦਾ ਦਫ਼ਤਰ ਸੀ ਜਿਹੜਾ ਵੱਖਰਾ ਦਫਤਰ ਸੀ।

ਇਸ ਕੋਠੀ ਦੀ ਮਾਲਕਣ ਬੁੜ੍ਹੀ ਮਾਈ ਸੀ ਜਿਸ ਮਸਾਂ ਪੌੜੀਆਂ ਚੜ੍ਹਨੀਆਂ, ਤੇ ਮੁੜ ਵਰਾਂਡੇ ਵਿਚ ਡਾਇਰੀ ਕਲਰਕ ਕੋਲ ਬਹਿ ਜਾਣਾ। ਇਸ ਡਾਇਰੀ ਕਲਰਕ ਈ ਉਸ ਦਾ ਕਿਰਾਏ ਦਾ ਬਿੱਲ ਪਾਸ ਕਰਾਣਾ, ਤੇ ਉਸ ਨੂੰ ਚੈਕ ਦੇ ਕੇ ਡਾਇਰੀ ਰਜਿਸਟਰ ਉਤੇ ਵਸੂਲੀ ਦੇ ਦਸਤਖ਼ਤ ਕਰਾ ਲੈਣੇ। ਇਸ ਬਿੱਲ ਦੀ ਤਿਆਰੀ ਦੀ ਫਾਈਲ ਰਜ਼ਾ ਦੇ ਨੋਟ ਉਤੋਂ ਛੁਹਣੀ, ਮੁੜ ਇਹ ਫਾਈਲ ਹੈਡ ਕਲਰਕ ਕੋਲ ਜਾਣੀ ਤੇ ਮੁੜ ਐਕਸੀਅਨ ਦੀ ਮਨਜ਼ੂਰੀ ਨਾਲ ਚੈੱਕ ਬਣਾ ਜਾਣਾ। ਮਾਈ ਨੇ ਇੰਨਾ ਚਿਰ ਡਾਇਰੀ ਕਲਰਕ ਕੋਲ ਬੈਠੀ ਰਹਿਣਾ, ਤੇ ਮੁੜ ਉਸ ਚੈੱਕ ਲਿਆ ਕੇ ਡਾਇਰੀ ਰਜਿਸਟਰ ਉਤੇ ਉਹਦੇ ਦਸਤਖਤ ਕਰਾ ਕੇ ਇਹ ਚੈੱਕ ਉਹਦੇ ਹਵਾਲੇ ਕਰ ਦੇਣਾ, ਤੇ ਇਸ ਡਾਇਰੀ ਕਲਰਕ ਦੇ ਖੀਸੇ ਵਿਚ ਕੁਝ ਪਾ ਕੇ ਹੌਲੀ ਹੌਲੀ ਆਪਣੇ ਡਰਾਈਵਰ ਨਾਲ ਪੌੜੀਆਂ ਲਹਿ ਜਾਣਾ।

ਇਸ ਕੋਠੀ ਬਾਰੇ ਬੜੀਆਂ ਕਹਾਣੀਆਂ ਸਨ। ਇਕ ਕਹਾਣੀ ਇਹ ਸੀ, ਪਈ ਇਹ ਕੋਠੀ ਸਦਰ ਅਯੂਬ ਨੇ ਕਿਸੇ ਫੌਜੀ ਨੂੰ ਤੋਹਫ਼ੇ ਵਿਚ ਦਿੱਤੀ ਸੀ, ਤੇ ਇਹ ਬੁੜ੍ਹੀ ਮਾਈ ਉਸ ਦੀ ਵਹੁਟੀ ਈ। ਕੁਝ ਕਹਿੰਦੇ, ਨਹੀਂ ਰਖੇਲ ਸੀ ਅਯੂਬ ਦੇ ਵੇਲੇ ਦੇ ਕਿਸੇ ਫੌਜੀ ਅਫ਼ਸਰ ਦੀ, ਤੇ ਉਸ ਨੇ ਦਿੱਤੀ ਕੋਈ ਡਿਪਟੀ ਮਾਰਸ਼ਲ ਲਾਅ ਅਫਸਰ ਸੀ ਮੁਲਤਾਨ, ਕਿ ਲਾਹੌਰ, ਕਿ ਪਿਸ਼ੌਰ ਦਾ, ਤੇ ਮੁੜ ਸਾਰੇ ਕਲਰਕਾਂ ਉਚੀ ਹੱਸ ਕੇ ਉਸ ਬੁਢੇਰੀ ਦੀਆਂ ਨਕਲਾਂ ਲਾਹਣੀਆਂ। ਵੇਖਿਆ ਨਹੀਂ, ਕਿੰਝ ਪਾਨ ਖਾਂਦੀ ਈ, ਬਾਈ ਨਹੀਂ ਲਗਦੀ ਤੈਨੂੰ। ਮੈਨੂੰ ਉਹ ਇਸ ਤੋਂ ਚੇਤੇ ਏ, ਪਈ ਇਕ ਵਾਰ ਉਹ ਚੈੱਕ ਲੈਣ ਆਈ, ਤੇ ਸਾਡਾ ਡਾਇਰੀ ਕਲਰਕ ਜਿਹੜਾ ਸੋਹਣਾ ਸ਼ੌਂਕੀ ਮੁੰਡਾ ਸੀ, ਤੇ ਸਦਾ ਇਸ ਦੇ ਮੁੱਖ ਉਤੇ ਮੁਸਕਾਨ ਰਹਿਣੀ। ਸਭ ਨੂੰ ਪਤਾ ਸੀ, ਪਈ ਮਾਲਕਣ ਚੈੱਕ ਲੈ ਉਸ ਦੇ ਬੁਸ਼ਰਟ ਦੇ ਖੀਸੇ ਵਿਚ ਕੁਝ ਪਾ ਜਾਂਦੀ ਏ। ਇਕ ਦਿਨ ਉਹਦੀ ਛੁੱਟੀ ਪਾਰੋਂ ਮੈਨੂੰ ਇਹ ਕੰਮ ਕਰਨਾ ਪਿਆ, ਤੇ ਜਾਂਦੀ ਵਾਰੀ ਉਸ ਨੇ ਮੇਰੀ ਕਮੀਜ਼ ਦੇ ਖੀਸੇ ਵਿਚ ਸੌ ਦਾ ਨੋਟ ਪਾ ਦਿੱਤਾ। ਉਨ੍ਹਾਂ ਵੇਲਿਆਂ ਵਿਚ ਸੌ ਦਾ ਨੋਟ ਬਹੁੰ ਰਕਮ ਸੀ। ਮੇਰੀ ਤਾਂ ਕੁੱਲ ਤਨਖਾਹ ਯਾਰਾਂ-ਬਾਰਾਂ ਸੌ ਸੀ।

ਪਰ ਮੈਂ ਇਹ ਕੇਹੀ ਸੋਚੀ ਜਾਂਦਾ ਆਂ। ਇਸ ਕਮਰੇ ਵਿਚ 'ਕੱਲਾ ਕੀ ਕਰਦਾ ਪਿਆ ਆਂ। ਦਫ਼ਤਰ ਤੇ ਕਦ ਦਾ ਮੁੱਕ ਗਿਆ ਹੋਇਆ ਏ। ਮੈਨੂੰ ਰਜ਼ਾ ਦਾ ਖਿਆਲ ਆਂਦਾ ਏ, ਉਸ ਨੂੰ ਤਾਂ ਮਿਲਾਂ। ਹੁਣੇ ਨਜ਼ਰੀ ਪਿਆ ਤਾਂ ਸੀ। ਮੈਂ ਕਮਰੇ ਤੋਂ ਬਾਹਰ ਨਿਕਲਦਾ ਆਂ, ਤੇ ਸਾਰੇ ਕਮਰਿਆਂ ਨੂੰ ਤਾਲੇ ਵੱਜੇ ਹੋਏ ਨੇ। ਹੇਠਾਂ ਵੇਖਦਾ ਆਂ ਤਾਂ ਗੇਟ ਕੁੰਡਲੀਆਂ ਤਾਰਾਂ ਨਾਲ ਬੰਦ ਕੀਤਾ ਹੋਇਆ ਏ। ਇਥੋਂ ਹੁਣ ਕਿਵੇਂ ਨਿਕਲਾਂ। ਅਚਨਚੇਤ ਤ੍ਰਿਖੇ ਪੈਰੀਂ ਨੱਸਦਾ ਮੁੜ ਮੁੜ ਪਿਛੇ ਪੁਣਛ ਰੋਡ ਉਤੇ ਦਿੱਸਦਾ ਏ, ਮੈਂ ਉਸ ਦੇ ਪਿਛੇ ਨੱਸਦਾ ਆਂ। ਉਹ ਤ੍ਰਿਖਾ ਨੱਸਦਾ ਮੁੜ ਮੁੜ ਪਿਛੇ ਵੇਖਦਾ ਨੱਸੀ ਜਾਂਦਾ ਏ। ਕਦੇ ਉਹ ਜਵਾਨ ਬਣ ਜਾਂਦਾ ਏ, ਕਦੀ ਬਹੁੰ ਬੁਢੇਰਾ। ਮੈਂ ਉਹਨੂੰ 'ਵਾਜਾਂ ਮਾਰਦਾ ਆਂ, ਪਰ ਉਹ ਮੇਰੀ 'ਵਾਜ ਨਹੀਂ ਸੁਣਦਾ। ਮੈਨੂੰ ਚੇਤੇ ਆਂਦਾ ਏ, ਇਹਦਾ ਵਾਪਡਾ ਟਾਊਨ ਵਿਚ ਪਲਾਟ ਹੁੰਦਾ ਸੀ। ਜਦ 80-82 ਵਿਚ ਇਹ ਕਾਲੋਨੀ ਬਣੀ ਸੀ, ਤੇ ਇਸ ਦੇ ਨਕਸ਼ੇ ਆਏ ਸਨ, ਤੇ ਰਜ਼ਾ ਕਿੰਨੇ ਚਾਅ ਨਾਲ ਆਪਣਾ ਪਲਾਟ ਵਿਖਾਂਦਾ ਸੀ- 'ਵੇਖੋ ਨੇੜੇ ਈ ਮਸੀਤ ਏ। ਸਾਹਮਣੇ ਬਾਲਾਂ ਦਾ ਪਾਰਕ ਏ। ਕਾਰਨਰ ਪਲਾਟ ਏ। ਇਹਦਾ ਤਾਂ ਮੁੱਲ ਵੀ ਬੜਾ ਮਿਲ ਜਾਏਗਾ। ਉਦੋਂ ਉਹ ਹਰ ਵੇਲੇ ਆਪਣੇ ਪਲਾਟ ਦੀਆਂ ਗੱਲਾਂ ਕਰਦਾ ਰਹਿੰਦਾ ਸੀ। ਇੰਝ ਦਾ ਨਕਸ਼ਾ ਹੋਵੇਗਾ। ਡਰਾਫ਼ਟਮੈਨ ਕੋਲੋਂ ਨਵੇਂ ਨਵੇਂ ਨਕਸ਼ਿਆਂ ਬਾਰੇ ਪੁੱਛਦਾ ਸੀ। ਮੈਂ ਇਸ ਦੇ ਪਿਛੇ ਪਿਛੇ ਨੱਸਦਾ ਉਚੀ 'ਵਾਜ ਨਾਲ ਪੁੱਛਨਾ ਆਂ- 'ਵਾਪਡਾ ਟਾਊਨ ਘਰ ਪਾ ਲਿਆ ਸੀ ?' 'ਨਹੀਂ।' ਉਹ ਉਚੀ 'ਵਾਜ ਦਿੰਦਾ ਨੱਸੀ ਜਾਂਦਾ ਏ, 'ਕੁੜੀਆਂ ਦੇ ਵਿਆਹ ਕਰਨੇ ਸਨ, ਵੇਚ ਦਿੱਤਾ ਸੀ।' 'ਹੈਂ', ਮੈਂ ਅਚੰਭੇ ਨਾਲ ਕਹਿੰਨਾ ਆਂ। ਇਹ ਆਖ ਉਹ ਛਾਈਂ ਮਾਈਂ ਹੋ ਜਾਂਦਾ ਏ।

ਅਚਨਚੇਤ ਮੈਂ ਚੌਬੁਰਜੀ ਚੌਕ ਵਿਚ ਆ ਖੜ੍ਹਾ ਹੋਨਾ ਆਂ। ਚੌਕ ਵਿਚ ਘਾਹ ਉਤੇ ਲੋਕ ਬੈਠੇ ਹੋਏ ਨੇ। ਸਾਹਮਣੇ ਟੀ ਸਟਾਲ ਤੋਂ ਚਾਹਵਾਂ ਆਈ ਜਾਂਦੀਆਂ ਨੇ। ਲੋਕ ਗਪੌੜੀਆਂ ਮਾਰਦੇ ਪਏ ਨੇ। ਬਾਲ ਤੇ ਜਨਾਨੀਆਂ ਵੀ ਨੇ। ਤੇਲ ਮਾਲਿਸ਼ ਆਲੇ ਬੋਤਲਾਂ ਖੜਕਾਂਦੇ ਪਏ ਨੇ। ਚੌਕ ਦੇ ਚੁਫ਼ੇਰੇ ਮੈਨੂੰ ਪਾਣੀ ਦਾ ਵੱਡਾ ਨਾਲਾ ਜਿਹਾ ਵਿਖਾਈ ਦਿੰਦਾ ਏ। ਇਸ ਵਿਚ ਸਾਫ਼ ਸੁਥਰਾ ਪਾਣੀ ਏ, ਤੇ ਰੰਗ ਬਰੰਗੀਆਂ ਮੱਛੀਆਂ ਨਾਲ ਭਰਿਆ ਹੋਇਆ ਏ। 'ਹੈਂ ! ਇਥੇ ਮੱਛੀਆਂ ਵੀ ਨੇ। ਕਦੀ ਫੜਨ ਆਵਾਂਗਾ।' ਸਾਫ਼ ਪਾਣੀ ਵਿਚ ਮੱਛੀਆਂ ਮੈਨੂੰ ਟੁੰਬ ਲੈਂਦੀਆਂ ਨੇ। ਮੈਨੂੰ ਲੱਗਦਾ ਏ, ਮੈਂ ਇਨ੍ਹਾਂ ਨੂੰ ਹੱਥ ਨਾਲ ਫੜ ਸਕਨਾਂ ਵਾਂ।

ਮੈਂ ਪਾਣੀ ਵਿਚ ਹੱਥ ਪਾਨਾ ਈ ਆਂ, ਤੇ ਪਾਣੀ ਇਕਦਮ ਲਾਲ ਹੋ ਜਾਂਦਾ ਏ। ਮੱਛੀਆਂ ਤੜਫ਼ਣ ਲਗ ਪੈਂਦੀਆਂ ਨੇ, ਜਿਵੇਂ ਮਰ ਰਹੀਆਂ ਹੋਵਣ। ਫਿਰ ਉਹ ਫਟਣ ਲੱਗ ਪੈਂਦੀਆਂ ਨੇ। ਉਨ੍ਹਾਂ ਦੇ ਲੋਥੜੇ ਪਾਣੀ ਵਿਚ ਖਿੱਲਰ ਜਾਂਦੇ ਨੇ। ਚੌਕ ਅਚਨਚੇਤ ਸੁੰਨ ਮਸਾਣ ਹੋ ਜਾਂਦਾ ਏ। ਸਭ ਲੋਕ ਗੈਬ ਜਿਹੇ ਹੋ ਜਾਂਦੇ ਨੇ। ਮੱਛੀਆਂ ਨਾਲੇ ਤੋਂ ਬਾਹਰ ਡਿੱਗਣ ਲੱਗ ਪੈਂਦੀਆਂ ਨੇ, ਤੇ ਸੜਕ ਉਤੇ ਤੜਾਫਟ ਨਾਲ ਲੋਟਣ ਲੱਗ ਪੈਂਦੀਆਂ ਨੇ। ਉਹ ਮੈਨੂੰ ਅਤਿ ਹੈਰਾਨੀ ਨਾਲ ਤੱਕਦੀਆਂ ਸੜਕ ਉਤੇ ਮਰੀ ਜਾਂਦੀਆਂ ਨੇ, ਤੇ ਉਨ੍ਹਾਂ ਦੇ ਆਨੇ ਟੱਡੇ ਜਾਂਦੇ ਨੇ। ਹੈਂ...!ਬਿਸਤਰਿਓਂ ਉਠ ਬਹਿ ਜਾਨਾ। ਕੇਹਾ ਕੁ ਸੁਫ਼ਨਾ ਸੀ ਇਹ। ਪੂਰੀ ਡਿੱਠੀ ਸਗਵੀਂ ਫਿਲਮ ਦੀ ਰੀਲ ਹਾਰ ਅੱਖਾਂ ਅੱਗਿਉਂ ਲੰਘ ਜਾਂਦੀ ਏ, ਅੱਖ ਖੁੱਲ੍ਹਣ ਨਾਲ ਭਾਵੇਂ ਬਹੁਤੇ ਸੁਫ਼ਨੇ ਤੇ ਧੁੱਪ ਵਿਚ ਤ੍ਰੇਲ ਵਾਂਙੂ ਉਡ ਪੁੱਡ ਜਾਂਦੇ ਨੇ। ਕਮਰਿਓਂ ਉਠ ਵੱਡੇ ਬਹਿਣ ਆਲੇ ਕਮਰੇ ਆ ਖਲੋਨਾ ਆਂ। ਓਹ ਮੇਰਿਆਂ ਰੱਬਾ ! ਸਾਡਾ ਤਾਂ ਜੀਵਨ ਈ ਕੁ-ਸੁਫਨਾ ਹੋਈ ਜਾਂਦਾ ਏ। ਬਾਹਰੋਂ ਬਾਰੀਆਂ ਰਾਹੀਂ ਨਿੰਮ੍ਹਾ ਨਿੰਮ੍ਹਾ ਚਾਨਣ ਆਂਦਾ ਪਿਆ ਏ। ਬਾਹਰ ਦੀ ਬੱਤੀ ਬੰਦ ਕਰਾਂ, ਤੇ ਅਖਬਾਰ ਵੇਖਾਂ, ਆਇਆ ਏ ਜਾਂ ਨਹੀਂ ! ਬੱਤੀ ਬੰਦ ਕਰ ਭੁੰਜਿਉਂ ਅਖ਼ਬਾਰ ਚੁੱਕਣ ਲਈ ਹੱਥ ਵਿਚ ਫੜਨਾ ਈ ਆਂ, ਕਿ ਹੱਥ ਲਹੂ ਨਾਲ ਭਰ ਜਾਂਦੇ ਨੇ। ਹੈਂ..!



# ਕਾਵਿ ਸੰਸਾਰ

## ਕਵਿਤਾ

ਜੀਵਨ ਪਾਇਲ
ਜ਼ਿਲ੍ਹਾ ਲੁਧਿਆਣਾ



ਕਰਾ ਕੇ ਬ੍ਰਹਮ ਗਿਆਨ ਜੀਵਨ ਸਜਾ ਗਿਆ,
ਸੁੰਨੀ ਤੇ ਵਿਰਾਨ ਜ਼ਿੰਦਗੀ ਨੂੰ ਰੰਗ ਲਾ ਗਿਆ,
ਗੁਰਦੇਵ ਮੇਰਾ ਹਰਦੇਵ ਯਾਰੋ ਰੰਗ ਚੜਾ ਗਿਆ,
ਭਰਮਾ 'ਚ ਫਸੇ ਜੀਵ ਦਾ ਜੀਵਨ ਬਣਾ ਗਿਆ,
ਦੁੱਖਾਂ ਦੀ ਮਾਰੀ ਦੁਨੀਆਂ ਸਾਹਿਬ ਸੁਣਾ ਗਿਆ,
ਬਚਨਾਂ ਨੂੰ ਸੁਣਕੇ ਮੁੱਖ ਤੋਂ ਮੈਂ ਤਾਂ ਘਬਰਾ ਗਿਆ,
ਜੀਵਨ ਤਾਂ ਤੇਰਾ ਦੋ ਘੜੀ ਦਾ ਕਿੱਸਾ ਸੁਣਾ ਗਿਆ,
ਕਰਾ ਕੇ ਬ੍ਰਹਮ ਗਿਆਨ ਜੀਵਨ ਸਜਾ ਗਿਆ,
ਕੀ ਬਣੂ ਦੁਨੀਆਂ ਦਾ ਯਾਰੋ ਜੰਮਦੇ ਰਹਿਣਗੇ,
ਇਸ ਜਨਮ ਮਰਨ ਦੇ ਚੱਕਰਾਂ ਚ ਦੁੱਖ ਘਣੇ ਸਹਿਣਗੇ,
ਬੱਚ ਜਾਣਾ ਉਸ ਜੀਵ ਨੇ ਜੋ ਸ਼ਰਨ ਗੁਰੂ ਦੀ ਆਗਿਆ,
ਕਰਾ ਕੇ ਬ੍ਰਹਮ ਗਿਆਨ ਜੀਵਨ ਸਜਾ ਗਿਆ,
ਭੁਲੇਆ ਹੋਇਆ ਨੂੰ ਆ ਕੇ ਰਸਤਾ ਵਿਖਾ ਗਿਆ,
ਕੱਟੇ ਸਾਰੇ ਬੰਧਨ ਤੇ ਮੁਕਤ ਕਰਾ ਗਿਆ,
ਬਦਲ ਕੇ ਜੀਵਨ ਸਤਿਬਚਨੀ ਬਣਾ ਗਿਆ,
ਕਰਾ ਕੇ ਬ੍ਰਹਮ ਗਿਆਨ ਜੀਵਨ ਸਜਾ ਗਿਆ,
ਅੱਖ ਮੇਰੀ ਨੂੰ ਖੋਲ ਕੇ ਚਾਨਣ ਵਿਖਾ ਗਿਆ,
ਜੋ ਸਭ ਤੋਂ ਔਖਾ ਕੰਮ ਸੀ ਸੌਖਾ ਬਣਾ ਗਿਆ,
(ਪੈਲ ਵਾਲੇ ਜੀਵਨ) ਨੂੰ ਸਬਕ ਸਿਖਾ ਗਿਆ,
ਕਰਾ ਕੇ ਬ੍ਰਹਮ ਗਿਆਨ ਜੀਵਨ ਸਜਾ ਗਿਆ।

## ਯੂਨੀਵਰਸਿਟੀ

ਹਰਦੇਵ ਸਿੰਘ

ਘਰੋਂ ਤੁਰੇ ਜੋ ਸੁਫਨੇ ਲੈ ਕੇ,
ਅੰਬਰਾਂ ਤੀਕਰ ਪਹੁੰਚ ਗਏ,
ਕੁਝ ਚੁੱਲ੍ਹੇ ਦੀ ਮਿੱਟੀ ਹੋ ਗਏ,
ਰੋਟੀ ਸੇਕਦਿਆਂ।
ਕੁਝ ਨੂੰ ਯਾਰ ਤੇ ਵੈਰ ਸਿਆਸਤ,
ਕੁਝ ਨੂੰ ਨੇਕ ਉਸਤਾਦ ਮਿਲੇ,
ਕੁਝ ਕਿੱਕਰਾਂ ਤੋਂ ਚੰਦਨ ਹੋ ਗਏ,
ਅੱਖੀਂ ਵੇਖਦਿਆਂ।
ਕੁਝ ਨੇ ਪੰਥ ਦੇ ਨਕਸ਼ ਪਛਾਣੇ,
ਫਲਸਫਿਆਂ ਦੇ ਭੇੜਾਂ 'ਚੋਂ,
ਕੁਝ ਚਾਨਣ ਦੇ ਦੇਸ ਉੱਠ ਗਏ,
ਨ੍ਹੇਰੇ ਛੇਕਦਿਆਂ।
ਹਰ ਬੰਦੇ ਲਈ ਯੁਨੀਵਰਸਿਟੀ,
ਮੌਜਾਂ ਵਾਲੀ ਬਸਤੀ ਨਹੀਂ,
ਕੁਝ ਲੋਕਾਂ ਨੂੰ ਤੱਕਿਐ ਏਥੇ,
ਮੱਥੇ ਟੇਕਦਿਆਂ।

## ਕਲਮ

ਰਣਦੀਪ ਕੌਰ ਪੰਧੇਰ



ਰਾਤੀਂ ਜਦ ਮੈਨੂੰ ਸੁਫਨਾ ਆਇਆ
ਇੱਕ ਸਵਾਲ ਕਲਮ ਨੇ ਪਾਇਆ
ਕਰਨ ਲੱਗੀ ਉਹ ਮੈਨੂੰ ਸੁਆਲ
ਕਿਰਤੀ ਹੋਏ ਹਾਲੋਂ ਬੇਹਾਲ
ਕਲਮਾਂ ਵਾਲੇ ਚੁੱਪ ਨੇ ਫਿਰਦੇ
ਲੱਗਦਾ ਦਿਨੇ ਵੀ ਸੁੱਤੇ ਫਿਰਦੇ
ਮੈਂ ਕਿਹਾ ਦੱਸ ਮੈਂ ਕਰ ਕੀ ਸਕਦੀ
ਕੱਲੀ ਸਭ ਨਾਲ ਲੜ ਨੀ ਸਕਦੀ
ਕਲਮ ਕਹਿੰਦੀ ਜਦ ਮੈਂ ਤੇਰੇ ਕੋਲ
ਸਭ ਦੇ ਛਿਪੇ ਤੂੰ ਪਾਜ਼ ਤਾਂ ਖੋਲ
ਧਾਰ ਮੇਰੀ ਤਿੱਖੀ ਸਮਸ਼ੀਰ ਤੋ
ਸੁਣ ਕੇ ਲਿਖੀ ਇੱਕ ਵਾਰ ਜ਼ਮੀਰ ਤੋਂ
ਆਮ ਲੋਕਾਂ ਦੀ ਬਣ ਆਵਾਜ਼
ਲਿਖ ਹਾਕਮਾਂ ਦੇ ਸਭ ਰਾਜ
ਈਨ ਕਿਸੇ ਦੀ ਮੈਂ ਨਾ ਮੰਨੀ
ਮੈਂ ਤਾਂ ਸਭ ਦੀ ਆਕੜ ਭੰਨੀ
ਬਾਬੇ ਨਾਨਕ ਨੇ ਮੈਨੂੰ ਧਨ ਕਹਿ ਕੇ ਨਿਵਾਜਿਆ
ਕਹਿ ਕੇ ਲਿਖਾਰੀ ਧੰਨ ਤੈਨੂੰ ਵੀ ਹੈ ਸਾਜਿਆ
ਜਗਾ ਕੇ ਲਿਖੀਂ ਤੂੰ ਹੁਣ ਆਪਣੀ ਜ਼ਮੀਰ ਨੂੰ
ਧਾਰ ਮੇਰੀ ਪਿੱਛੇ ਛੱਡੂ ਫਿਰ ਸ਼ਮਸ਼ੀਰ ਨੂੰ

## ਗੀਤ

ਅਮਰਦੀਪ ਸਿੰਘ ਗਿੱਲ

ਕਿਸੇ ਚੌਂਕ ਵਿੱਚ ਕਿਸੇ ਸੜਕ ਤੇ
ਕੋਈ ਪੈਰ ਧਰੇ ਜਦ ਮੜਕ ਤੇ
ਲਾਵੇ ਨਾਕਾ ਥੋਡੀ ਬੜਕ ਤੇ
ਕਰੇ ਕਿੰਤੂ ਬੋਲਾਂ ਦੀ ਰੜਕ ਤੇ
ਉਦੋਂ ਸੀਨੇ ਵਿੱਚ ਜੋ ਉੱਠਦੈ ਮੈਂ ਉਹ ਉਬਾਲ ਹੁੰਦਾ ਹਾਂ।
ਹੱਕਾਂ ਲਈ ਲੜਦੇ ਯੋਧਿਓ ਮੈਂ ਥੋਡੇ ਨਾਲ ਹੁੰਦਾ ਹਾਂ।
ਹੱਕਾਂ ਲਈ.....
ਜਦ ਕਿਤੇ ਸਰਕਾਰੀ ਵਰਦੀਆਂ
ਥੋਨੂੰ ਬੇਪੱਤ ਆ ਕੇ ਕਰਦੀਆਂ
ਜਾਂ ਫਸਲ ਮਿਹਨਤ ਦੀ ਚਰਦੀਆਂ
ਤੇ ਰੀਝਾਂ ਦਿਲ ਵਿੱਚ ਮਰਦੀਆਂ
ਉਦੋਂ ਦਿਲ ਦੇ ਵਿੱਚ ਜੋ ਆਉਂਦੈ ਮੈਂ ਉਹ ਖਿਆਲ ਹੁੰਦਾ ਹਾਂ ।
ਹੱਕਾਂ ਲਈ ਲੜਦੀਓ ਭੈਣੋਂ ਮੈ ਥੋਡੇ ਨਾਲ ਹੁੰਦਾ ਹਾਂ।
ਹੱਕਾਂ ਲਈ...
ਜਦ ਰੁਲੇ ਗਲੀ ਵਿੱਚ ਪੱਗ ਕੋਈ
ਤੇ ਲੰਘੇ ਉਤੋਂ ਦੀ ਵੱਗ ਕੋਈ
ਜਦ ਲਾਵੇ ਘਰ ਨੂੰ ਅੱਗ ਕੋਈ
ਜਾਪੇ ਸ਼ਹਿਰ ਬੇਗਾਨਾ ਜੱਗ ਕੋਈ
ਤੁਸੀਂ ਹਿੱਕ ਨਾਲ ਜੋ ਘੁੱਟਦੇ ਮੈਂ ਉਹ ਬਾਲ ਹੁੰਦਾ ਹਾਂ।
ਐ ਜ਼ੁਲਮ ਸਹਿੰਦੇ ਮਜ਼ਲੂਮੋਂ ਮੈਂ ਥੋਡੇ ਨਾਲ ਹੁੰਦਾ ਹਾਂ।
ਜ਼ੁਲਮਾਂ ਨੂੰ.....
ਤੁਸੀਂ ਤੁਰੋ ਜਦੋਂ ਤਲਵਾਰ ਲੈ
ਜਾਂ ਕਲਮ ਦਾ ਹਥਿਆਰ ਲੈ
ਦਿਸ਼ਾ ਇਤਿਹਾਸ ਤੋਂ ਹਰ ਵਾਰ ਲੈ
ਤੇ ਸੋਚ ਦੀ ਉੱਚੀ ਮੀਨਾਰ ਲੈ
ਜੋ ਥੋਡੇ ਮੁੱਖ ਤੇ ਨੱਚਦੈ ਮੈਂ ਰੰਗ ਲਾਲ ਹੁੰਦਾ ਹਾਂ ।
ਐ ਅਣਖੀ ਮਰਦ ਦਲੇਰੋ ਮੈਂ ਥੋਡੇ ਨਾਲ ਹੁੰਦਾ ਹਾਂ।
ਐ ਅਣਖੀ ਮਰਦ.......
(ਲੋਕ ਸੰਘਰਸ਼ਾਂ ਨੂੰ ਸਮਰਪਿਤ )

## ਜ਼ਿੰਦਗੀ ਦੇ ਰੰਗ

ਬਲਜੀਤ ਫਰਵਾਲੀ

ਉੱਪਰੋਂ ਹੱਸਦੇ
ਆਪਣਿਆਂ ਨੂੰ ਡੱਸਦੇ
ਮਾੜੇ ਨੂੰ ਤਾਹਨੇ ਕੱਸਦੇ
ਪੈਸੇ ਪਿੱਛੇ ਨੱਸਦੇ
ਮੈ ਸੋਚ ਰਿਹਾ ਸੀ
ਕਿ ਕਿਵੇਂ ਲੋਕ ?
ਉੱਪਰੋਂ ਹੱਸ ਲੈਂਦੇ ਨੇ
ਆਪਣਿਆਂ ਨੂੰ ਡੱਸ ਲੈਂਦੇ ਨੇ
ਤਾਹਨੇ ਕੱਸ ਲੈਂਦੇ ਨੇ
ਪੈਸੇ ਪਿੱਛੇ ਨੱਸ ਲੈਂਦੇ ਨੇ
ਅੱਜ ਕਿਤੇ ਲਿਖਿਆ ਪੜ੍ਹਿਆ
'ਇਹ ਦੁਨੀਆ ਮੰਡੀ ਪੈਸੇ ਦੀ
ਹਰ ਚੀਜ਼ ਵਿਕਦੀ ਏ ਭਾਅ ਸੱਜਣਾਂ
ਏਥੇ ਰੋਂਦੇ ਚਿਹਰੇ ਨਹੀਂ ਵਿਕਦੇ
ਹੱਸਣ ਦੀ ਆਦਤ ਪਾ ਸੱਜਣਾ'
ਤਾਂ ਸਮਝ ਆਇਆ ਕਿ
ਇਸ ਦੁਨੀਆ ਦੀ ਮੰਡੀ ਵਿੱਚ ਤਾਂ ਹੀ
ਲੋਕੀ ਉੱਪਰੋਂ ਹੱਸਦੇ ਨੇ
ਆਪਣਿਆਂ ਨੂੰ ਡੱਸਦੇ ਨੇ
ਮਾੜੇ ਨੂੰ ਤਾਹਨੇ ਕੱਸਦੇ ਨੇ
ਪੈਸੇ ਪਿੱਛੇ ਨੱਸਦੇ ਨੇ
ਪਰ ਜਿਹਨ 'ਚ ਰੱਖ ਸੱਜਣਾਂ
ਜਦੋਂ ਫਲਾਈਟ ਫੜਨੀ
ਇਸ ਜਹਾਨੋਂ ਅਗਲੇ ਜਹਾਨ ਦੀ
ਰਾਹ 'ਚ ਉਨਾਂ ਕੁ ਹੀ ਮਿਲਣਾ
ਜਿਨਾਂ ਕੁ ਤੂੰ ਬੋਝੇ ਪਾਇਆ
ਵੱਡਿਆਂ ਦਾ ਅਸ਼ੀਰਵਾਦ
ਛੋਟਿਆਂ ਦਾ ਪਿਆਰ
ਗਰੀਬ ਦੀ ਸੇਵਾ
ਕੁਦਰਤ ਦਾ ਖਿਆਲ
ਰੱਬ ਦਾ ਧਿਆਨ

## ਮਾਂ

ਸ਼ਮੀਲ ਜਸਵੀਰ



ਬੀਬੀ ਮੈਨੂੰ ਅਕਾਸ਼ 'ਚੋਂ ਦੇਖਦੀ ਹੈ,
ਮੈਨੂੰ ਥਿੜ੍ਹਕਣ ਤੋਂ ਬਚਾਈ ਰੱਖਦੀ ਹੈ,
ਮੈਂ ਡੋਲ ਜਾਂਦਾਂ ਕਦੇ,
ਜੀਵਨ ਦੀਆਂ ਬੇਯਕੀਨੀਆਂ ਤੋਂ,
ਮਨ ਦੇ ਵੇਗਾਂ ਤੋਂ,
ਜੀਅ ਕਰਦਾ ਹੈ ਗਰਕ ਜਾਵਾਂ,
ਗਰਕਣ ਲੱਗਦਾਂ,
ਤਾਂ ਉਹ ਮੈਨੂੰ ਰੋਕ ਲੈਂਦੀ ਹੈ,
ਉਹ ਮੈਨੂੰ ਦੇਖਦੀ ਰਹਿੰਦੀ ਹੈ,
ਜਿਉਂਦੀ ਸੀ ਤਾਂ ਚੋਰੀ ਕਰ ਸਕਦਾ ਸਾਂ,
ਮਰਕੇ ਤਾਂ ਉਹ ਦੇਖ ਸਕਦੀ ਹੈ,
ਅਕਾਸ਼ ਤੋਂ,
ਹੁਣ ਮੈਂ ਉਸ ਤੋਂ ਚੋਰੀ ਨਹੀਂ ਕਰ ਸਕਦਾ,
ਹਮੇਸ਼ਾ ਦੇਖਦੀ ਰਹਿੰਦੀ ਹੈ,
ਦੇਖਦੇ ਤਾਂ ਦੇਵਤੇ ਵੀ ਹਨ,
ਰੱਬ ਵੀ,
ਪਰ ਉਨ੍ਹਾਂ ਨੂੰ ਮੈਂ ਪਛਾਣਦਾ ਨਹੀਂ,
ਉਨ੍ਹਾਂ ਤੋਂ ਮੈਂ ਸੰਗਦਾ ਨਹੀਂ,
ਅਸਮਾਨ ਵਿੱਚ,
ਮੈਂ ਇਕੱਲੀ ਬੀਬੀ ਨੂੰ ਹੀ ਜਾਣਦਾਂ,
ਪੂਰਾ ਅਸਮਾਨ ਮਾਵਾਂ ਨਾਲ ਭਰਿਆ ਹੈ,
ਮਾਂ,
ਮਾਂ ਦੀ ਮਾਂ,
ਫੇਰ ਉਸ ਦੀ ਮਾਂ,
ਅਨੰਤ ਤੱਕ ਮਾਵਾਂ ਹੀ ਮਾਵਾਂ ਹਨ,
ਬੱਚਿਆਂ ਨੂੰ ਦੇਖ ਰਹੀਆਂ ਹਨ,
ਪੁੱਤਰ ਗੁਨਾਹ ਕਰਦੇ ਹਨ,
ਤਾਂ ਤੜਫਦੀਆਂ ਹਨ,
ਦੁਖੀ ਹੁੰਦੀਆਂ ਹਨ,
ਪੂਰਾ ਅਸਮਾਨ ਤੜਫਦਾ ਹੈ,
ਅਨੰਤ ਤੱਕ,
ਪੁੱਤਰ ਦੁਖੀ ਹੁੰਦੇ ਹਨ,
ਤਾਂ ਦੁਖੀ ਹੁੰਦੀਆਂ ਹਨ,
ਪੂਰਾ ਅਸਮਾਨ ਦੁਖ ਨਾਲ ਭਰ ਜਾਂਦਾ ਹੈ,
ਦੁਖ ਉਹ ਸਾਰੇ ਨਾਲ ਲੈ ਗਈਆਂ,
ਸਬਰ ਵਿੱਚ ਬੰਨ੍ਹ ਕੇ,
ਤੰਗੀਆਂ ਦੇ,
ਪਿਓਆਂ ਦੇ,
ਘਰਾਂ ਦੇ,
ਬੱਚਿਆਂ ਦੇ,
ਪਿੱਛੇ ਅਰਦਾਸਾਂ ਛੱਡ ਗਈਆਂ,
ਸੁਖਾਂ ਬਹੁਤ ਸਾਰੀਆਂ,
ਜੋਤ ਵਾਲੇ ਆਲੇ,
ਪਾਠ ਦੀਆਂ ਧੁਨਾਂ,
ਧੂਫ, ਜੋ ਹਵਾ ਵਿੱਚ ਘੁਲ ਗਈ,
ਮਾਵਾਂ ਵੀ ਅਜੀਬ ਦੇਵੀਆਂ ਨੇ,
ਮੈਂ ਹੁਣ ਕੋਈ,
ਹੇਰਾਫੇਰੀ ਨਹੀਂ ਕਰ ਸਕਦਾ,
ਆਪਣੇ ਆਪ ਨਾਲ ਵੀ ਨਹੀਂ,
ਸਭ ਦੇਖਦੀਆਂ ਹਨ,
ਮੁੜ ਆਉਂਦਾ ਗੁਨਾਹਾਂ ਤੋਂ,
ਗਲਤੀਆਂ ਠੀਕ ਕਰਦਾਂ,
ਡਿਗਣ ਤੋਂ ਬਚਾਕੇ ਰੱਖਦਾਂ ਖੁਦ ਨੂੰ,
ਬੀਬੀ ਮੈਨੂੰ ਦੇਖੀ ਜਾ ਰਹੀ ਹੈ,
ਅਕਾਸ਼ ਤੋਂ,
ਉਹ ਮੈਨੂੰ ਬਚਾਈ ਰੱਖਦੀ ਹੈ।

## ਕਵਿਤਾ

ਜਨਮੇਜਾ ਸਿੰਘ ਜੌਹਲ

ਮੈਨੂੰ ਚਿੜੀਆਂ ਦੀ ਚੀਂ ਚੀਂ ਸੁੱਣਦੀ ਹੈ,
ਕਾਵਾਂ ਦੀ ਕਾਵਾਂ ਰੋਅਲ਼ੀ,
ਕਬੂਤਰਾਂ ਦੀ ਗੁਟੱਰ ਗੂ,
ਘੁੱਗੀਆਂ ਦੈ ਹਟਕੋਰੇ,
ਪੱਤਿਆਂ ਦੀ ਖੜ ਖੜ,
ਹਵਾ ਦੀ ਸਰਸਰਾਹਟ,
ਪੈਰਾਂ ਨੂੰ ਕੂਲ੍ਹੀ ਮਿੱਟੀ,
ਸੂਰਜ ਦੀ ਆਖਰੀ ਲਾਲੀ,
ਖਾਲ਼ ਵਿਚਲੇ ਪਾਣੀ ਦੀ ਪਹਿਲੀ ਚਾਲ,
ਦੂਰੋਂ ਕਾਮੇ ਦੀ ਸਪਸ਼ਟ ਵਾਜ,
ਅਚਾਨਕ ਉੱਡੇ ਤਿੱਤਰ ਦੀ ਪਰਵਾਜ਼,
ਖੋੜ੍ਹਾਂ ਵਿਚ ਊਂਘਦੇ ਉੱਲੂ,
ਤਾਰਿਆਂ ਦਾ ਗਿਣਨਾ,
ਬੱਸ ਇਹੀ ਫ਼ਰਕ ਹੈ,
ਤੇਰੇ ਤੇ ਮੇਰੇ ਵਿਚ।

## ਗੀਤਾਂ ਦੇ ਸ਼ਹਿਰ

ਜਸਵੀਰ ਮਾਨ
ਮੋ.8437775940



ਮੈਂ ਕੱਲ ਗੀਤਾਂ ਦੇ ਸ਼ਹਿਰ ਗਿਆ ਸੀ,
ਮੰਗਣ ਮਾਂ ਬੋਲੀ ਦੀ ਖੈਰ ਗਿਆ ਸੀ,
ਕੁੱਝ ਗੀਤ ਲੱਗੇ ਮੈਨੂੰ ਮਾਂਵਾਂ ਵਰਗੇ,
ਕੁੱਝ ਲੱਗੇ ਬੋਹੜ ਦੀਆਂ ਛਾਵਾਂ ਵਰਗੇ,
ਕਈ ਗੀਤ ਸੀ ਮੋਹ ਵਿੱਚ ਭਿੱਜੇ,
ਕੁੱਝ ਲੱਗੇ ਵੀਰਾਂ ਦੀਆਂ ਬਾਹਵਾਂ ਵਰਗੇ,
ਉੱਥੇ ਥੋੜਾ ਸਕੂਨ ਜਿਹਾ ਸੀ ਮਿਲਿਆ,
ਮੈਂ ਦੋ ਪਲ ਉਥੇ ਠਹਿਰ ਗਿਆ ਸੀ,
ਮੈਂ ਕੱਲ ਗੀਤਾਂ ਦੇ ਸ਼ਹਿਰ ਗਿਆ ਸੀ।
ਕੁੱਝ ਗੀਤ ਪਾਸ਼ ਦੀ ਸੋਚ ਜਿਹੇ ਸੀ,
ਆਜ਼ਾਦੀ ਦੀ ਯਾਰੋ ਲੋਚ ਜਿਹੇ ਸੀ,
ਕੁੱਝ ਗੀਤਾਂ ਨੂੰ ਅਧਰੰਗ ਸੀ ਹੋਇਆ,
ਕਈ ਗਿੱਟੇ ਦੀ ਯਾਰੋ ਮੋਚ ਜਿਹੇ ਸੀ,
ਪਾਸ਼ ਦਾ ਉਦੋਂ ਮੁਰੀਦ ਮੈਂ ਹੋਇਆ,
ਜੋ ਬਣ ਸਿਸਟਮ ਤੇ ਕਹਿਰ ਗਿਆ ਸੀ,
ਮੈਂ ਕੱਲ ਗੀਤਾਂ ਦੇ ਸ਼ਹਿਰ ਗਿਆ ਸੀ।
ਕੁੱਝ ਗੀਤ ਸ਼ਿਵ ਦੇ ਦਰਦ ਜਿਹੇ ਸੀ,
ਦਿਲਜਲਿਆਂ ਦੀ ਮਰਜ਼ ਜਿਹੇ ਸੀ,
ਕੁੱਝ ਗੀਤ ਮਿਲ਼ੇ ਮੈਨੂੰ ਲਹਿਰਾਂ ਵਰਗੇ,
ਕਈ ਪਾਰਸ ਦੀ ਗਰਜ਼ ਜਿਹੇ ਸੀ,
ਜਿਨ੍ਹਾਂ ਕੀਤੀ ਮਾਂ ਬੋਲੀ ਦੀ ਸੇਵਾ,
ਮੈਂ ਛੋਹਣ ਉਨ੍ਹਾਂ ਦੇ ਪੈਰ ਗਿਆ ਸੀ,
ਮੈਂ ਕੱਲ ਗੀਤਾਂ ਦੇ ਸ਼ਹਿਰ ਗਿਆ ਸੀ।
ਕੁੱਝ ਗੀਤ ਅੰਮ੍ਰਿਤਾ ਦੇ ਅਫਸਾਨੇ ਵਰਗੇ,
ਵਾਰਿਸ ਸ਼ਾਹ ਨੂੰ ਮਾਰੇ ਤਾਅਨੇ ਵਰਗੇ,
ਕਈ ਗੀਤ ਲੱਗੇ ਮੈਨੂੰ ਪਾਤਰ ਵਾਂਗੂੰ,
ਕੁਦਰਤ ਨਾਲ ਪਏ ਯਾਰਾਨੇ ਵਰਗੇ,
ਕੁੱਝ ਗੀਤ ਸੀ ਵਗਦੇ ਪਾਣੀਆਂ ਵਰਗੇ,
ਜਿਨ੍ਹਾਂ ਦੇ ਸੰਗ ਮੈਂ ਤੈਰ ਗਿਆ ਸੀ,
ਮੈਂ ਕੱਲ ਗੀਤਾਂ ਦੇ ਸ਼ਹਿਰ ਗਿਆ ਸੀ।
ਕੁੱਝ ਗੀਤ ਮਿਲ਼ੇ ਹਥਿਆਰਾਂ ਵਰਗੇ,
ਕੀਤੇ ਹੋਏ ਪਿੱਠ ਤੇ ਵਾਰਾਂ ਵਰਗੇ,
ਕੁੱਝ ਗੀਤਾਂ ਨੇ ਲਾਹੀਆਂ ਸੰਗਾਂ,
ਮੈਨੂੰ ਲੱਗੇਂ ਯਾਰ ਗੱਦਾਰਾਂ ਵਰਗੇ,
ਐਸੇ ਗੀਤ ਤੋਂ ਮਾਨਾਂ ਕਰੀਏ ਤੌਬਾ,
ਜੋ ਘੋਲ਼ ਨਸਾਂ ਵਿੱਚ ਜ਼ਹਿਰ ਗਿਆ ਸੀ,
ਮੈਂ ਕੱਲ ਗੀਤਾਂ ਦੇ ਸ਼ਹਿਰ ਗਿਆ ਸੀ,
ਮੰਗਣ ਮਾਂ ਬੋਲੀ ਦੀ ਖੈਰ ਗਿਆ ਸੀ।

## ਫਿਲਮੀ ਸਮੀਖਿਆ

# 'ਦ ਸੈਂਚਰੀ ਆਫ ਸੈਲਫ' ਦਾ ਵਿਸ਼ਲੇਸ਼ਣ



ਰਣਜੀਤ ਸਿੰਘ ਕੁਕੀ

'ਦ ਸੈਂਚਰੀ ਆਫ ਦ ਸੈਲਫ' ਫਿਲਮਸਾਜ ਐਡਮ ਕਰਟਿਸ ਦੁਆਰਾ ਬਣਾਈ ਗਈ ਇਕ ਡਾਕੂਮੈਂਟਰੀ ਸੀਰੀਜ਼ ਹੈ। ਇਹ ਡਾਕੂਮੈਂਟਰੀ ਮਨੋਵਿਗਆਨੀਆਂ ਸਿਗਮੰਡ ਫਰਾਇਡ, ਐਨਾ ਫਰਾਇਡ, ਅਤੇ ਜਨਤਕ ਸੰਬੰਧਾਂ ਦੇ ਸਲਾਹਕਾਰ ਐਡਵਰਡ ਬਾਰਨੇਜ਼ ਦੇ ਕੰਮ ਉੱਪਰ ਕੇਂਦਰਿਤ ਹੈ। ਇਸ ਦੀ ਪਹਿਲੇ ਭਾਗ ਵਿਚ ਕਰਟਿਸ ਕਹਿੰਦਾ ਹੈ, ਇਹ ਸੀਰੀਜ਼ ਦਿਖਾਉਂਦੀ ਹੈ ਕਿ ਸੱਤਾ ਵਿਚ ਰਹਿਣ ਵਾਲਿਆਂ ਨੇ ਲੋਕਤੰਤਰ ਦੇ ਯੁੱਗ ਵਿਚ ਫਰਾਇਡ ਦੇ ਸਿਧਾਂਤਾਂ ਦਾ ਇਸਤੇਮਾਲ ਖਤਰਨਾਕ ਭੀੜ ਨੂੰ ਨਿਯੰਤ੍ਰਤ ਕਰਨ ਲਈ ਇਸਤੇਮਾਲ ਕੀਤਾ ਹੈ।ਇਸ ਡਾਕੂਮੈਂਟਰੀ ਦੇ ਚਾਰ ਭਾਗ, ਖੁਸ਼ੀ ਦੀਆਂ ਮਸ਼ੀਨਾਂ , ਸਹਿਮਤੀ ਦੀ ਇੰਜਨੀਅਰਿੰਗ ਸਾਡੇ ਸਾਰਿਆਂ ਦੇ ਅੰਦਰ ਇਕ ਪੁਲਿਸ ਵਾਲਾ ਹੁੰਦਾ ਹੈ ਜਿਸ ਨੂੰ ਮਾਰਨਾ ਬਹੁਤ ਜਰੂਰੀ ਹੈ ਅਤੇ ਕੈਟਰਿੰਗ ਵਿਚ ਅੱਠ ਲੋਕ ਵਾਈਨ ਪੀਂਦੇ ਹੋਏ ਅਲੱਗ-ਅਲੱਗ ਪੱਖਾਂ ਨੂੰ ਪੇਸ਼ ਕਰਦੇ ਹਨ।

ਮਨੋਵਿਗਿਆਨੀ ਸਿਗਮੰਡ ਫਰਾਇਡ ਨੇ ਸਾਡੇ ਦਿਮਾਗ ਦੀ ਅਨੁਭੂਤੀ ਅਤੇ ਇਸ ਦੇ ਕੰਮ ਕਰਨ ਦੇ ਢੰਗ ਨੂੰ ਹਮੇਸ਼ਾ ਲਈ ਬਦਲ ਦਿੱਤਾ।ਇਸ ਡਾਕੂਮੈਂਟਰੀ ਵਿਚ ਦਿਖਾਇਆ ਗਿਆ ਹੈ ਕਿਵੇਂ ਸਰਕਾਰਾਂ, ਗਲੋਬਲ ਸੰਸਥਾਵਾਂ ਅਤੇ ਕਾਰਪੋਰੇਸ਼ਨਾਂ ਨੇ ਫਰਾਇਡ ਦੇ ਸਿਧਾਂਤਾਂ ਦਾ ਇਸਤੇਮਾਲ ਕੀਤਾ ਹੈ। ਇਸ ਦੇ ਪਹਿਲੇ ਭਾਗ ਵਿਚ ਫਰਾਇਡ ਅਤੇ ਉਸ ਦੇ ਭਤੀਜੇ ਐਡਵਰਡ ਬਾਰਨੇਜ਼, ਜੋ ਕਿ ਜਨਤਕ ਸੰਬੰਧਾਂ ਵਿਚ ਮਨੋਵਿਗਿਆਨਕ ਤਕਨੀਕਾਂ ਨੂੰ ਵਰਤਣ ਵਾਲਾ ਪਹਿਲਾ ਵਿਅਕਤੀ ਸੀ, ਬਾਰੇ ਵਿਸ਼ਲੇਸ਼ਣ ਕੀਤਾ ਗਿਆ ਹੈ। ਉਸ ਦੀ ਬੇਟੀ ਐਨਾ ਫਰਾਇਡ, ਜੋ ਕਿ ਬੱਚਿਆਂ ਦੇ ਮਨੋਵਿਗਿਆਨ ਨਾਲ ਸੰਬੰਧਿਤ ਸੀ, ਬਾਰੇ ਜ਼ਿਕਰ ਇਸ ਦੇ ਦੂਜੇ ਭਾਗ ਵਿਚ ਮਿਲਦਾ ਹੈ। ਫਰਾਇਡ ਦੇ ਸਿਧਾਂਤਾਂ ਦੇ ਵਿਰੋਧੀ ਵਿਲਹੀਮ ਰਾਇਚ ਬਾਰੇ ਵਿਸ਼ਲੇਸ਼ਣ ਤੀਜੇ ਭਾਗ ਵਿਚ ਕੀਤਾ ਗਿਆ ਹੈ।

ਸੱਤਾ ਅਤੇ ਬਿਜ਼ਨਸ ਨਾਲ ਸੰਬੰਧਿਤ ਬਹੁਤੇ ਵਿਅਕਤੀਆਂ ਲਈ ਸਵੈ ਦੀ ਜਿੱਤ ਹੀ ਲੋਕਤੰਤਰ ਦਾ ਅੰਤਿਮ ਇਜ਼ਹਾਰ ਹੈ ਜਿੱਥੇ ਸੱਤਾ ਲੋਕਾਂ ਤੱਕ ਪਹੁੰਚ ਗਈ ਹੈ। ਨਿਸ਼ਚਿਤ ਹੀ ਲੋਕ ਇਹ ਮਹਿਸੂਸ ਕਰ ਸਕਦੇ ਹਨ ਕਿ ਸਭ ਕੁਝ ਉਨ੍ਹਾਂ ਦੇ ਨਿਯੰਤ੍ਰਣ ਵਿਚ ਹੈ, ਪਰ ਕੀ ਇਹ ਅਸਲ ਵਿਚ ਸੱਚ ਹੈ ? ਸੈਂਚਰੀ ਆਫ ਦ ਸੈਲਫ ਵਿਆਪਕ ਉਪਭੋਗਤਾ ਸਮਾਜ ਦੀ ਅਕਹਿ ਅਤੇ ਵਿਵਾਦਪੂਰਨ ਤਰੱਕੀ ਬਾਰੇ ਦੱਸਦੀ ਹੈ ਅਤੇ ਕਿਵੇਂ ਵਿਆਪਕ ਉਪਭੋਗੀ ਸਵੈ ਦੀ ਸਿਰਜਣਾ ਕੀਤੀ ਗਈ, ਕਿਸ ਦੁਆਰਾ ਅਤੇ ਕਿਉਂ ਕੀਤੀ ਗਈ ? ਇਸ ਦੀ ਰੋਸ਼ਨੀ ਵਿਚ ਹੀ ਦ ਸੈਂਚਰੀ ਆਫ ਦ ਸੈਲਫ ਉਪਭੋਗਤਾਵਾਦ ਦੀਆਂ ਜੜ੍ਹਾਂ ਅਤੇ ਇਸ ਦੇ ਢੰਗਾਂ ਅਤੇ ਨਤੀਜਿਆਂ ਬਾਰੇ ਡੂੰਘੇ ਸੁਆਲ ਕਰਦੀ ਹੈ।ਇਹ ਉਸ ਆਧੁਨਿਕ ਢੰਗ ਨੂੰ ਵੀ ਸੁਆਲ ਕਰਦੀ ਹੈ ਜਿਸ ਰਾਹੀ ਲੋਕ ਆਪਣੇ ਆਪ ਨੂੰ ਦੇਖਦੇ ਹਨ ਅਤੇ ਉਨ੍ਹਾਂ ਦੇ ਫੈਸ਼ਨ ਪ੍ਰਤੀ ਸਤਹੀ ਰਵੱਈਏ ਦੀਆਂ ਵੀ ਪਰਤਾਂ ਫਰੋਲਦੀ ਹੈ।ਸੱਤਾ ਅਤੇ ਬਿਜਨਸ ਲੋਕਾਂ ਦੀਆਂ ਇਛਾਵਾਂ ਨੂੰ ਪੜ੍ਹਨ ਅਤੇ ਜਾਣਨ ਲਈ ਮਨੋਵਿਗਿਆਨਕ ਢੰਗਾਂ ਦਾ ਇਸਤੇਮਾਲ ਕਰਦੇ ਹਨ ਅਤੇ ਉਹੋ ਜਿਹੇ ਉਤਪਾਦ ਅਤੇ ਭਾਸ਼ਣ ਤਿਆਰ ਕਰਦੇ ਹਨ ਜੋ ਕਿ ਜਿਆਦਾ ਤੋਂ ਜਿਆਦਾ ਉਪਭੋਗੀਆਂ ਅਤੇ ਵੋਟਰਾਂ ਨੂੰ ਲੁਭਾ ਸਕਣ। ਕਰਟਿਸ ਜਨਤਾ ਨੂੰ ਇਸ ਤਰਾਂ ਲੁਭਾਉਣ ਦੇ ਨਵੇਂ ਢੰਗ ਤਰੀਕਿਆਂ ਨੂੰ ਸੁਆਲਾਂ ਦੇ ਘੇਰੇ ਵਿਚ ਲੈ ਕੇ ਆਉਂਦਾ ਹੈ।

ਕਿਸੇ ਸਮੇਂ ਰਾਜਨੀਤਿਕ ਪ੍ਰੀਕਿਰਿਆ ਲੋਕਾਂ ਦੇ ਤਰਕਪੂਰਣ ਅਤੇ ਚੇਤਨ ਦਿਮਾਗਾਂ ਨੂੰ ਰੁਝਾਉਣ ਅਤੇ ਕਿਦੇ ਸਮੂਹ ਦੀਆਂ ਜਰੂਰਤਾਂ ਪੂਰੀਆਂ ਕਰਨ ਨਾਲ ਸੰਬੰਧਿਤ ਸੀ। ਜਨਤਕ ਸੰਬੰਧਾਂ ਦੇ ਇਤਿਹਾਸਕਾਰ ਸਟੂਅਰਟ ਇਵਨ ਦਾ ਕਹਿਣਾ ਹੈ ਕਿ ਅੱਜ ਦੇ ਰਾਜਨੇਤਾ ਲੋਕਾਂ ਦੇ ਰੂੜੀਵਾਦੀ ਝੁਕਾਵਾਂ ਨੂੰ ਲੁਭਾਉਂਦੇ ਹਨ ਜਿਨ੍ਹਾਂ ਦੀ ਉਪਭੋਗਤਾ ਸਮਾਜ ਦੇ ਸੌੜੇ ਹਿੱਤਾਂ ਨੂੰ ਪੂਰਾ ਕਰਨ ਤੋਂ ਇਲਾਵਾ ਹੋਰ ਕੋਈ ਸਾਰਥਿਕਤਾ ਨਹੀਂ ਹੁੰਦੀ। ਵਾਲ ਸਟਰੀਟ ਦੇ ਬੈਂਕਰ ਪਾਲ ਮਾਜ਼ਰ ਦੇ ਲਹਿਮਨ ਭਰਾਵਾਂ ਬਾਰੇ 1927 ਵਿਚ ਕਹੇ ਇਹ ਸ਼ਬਦ ਬਹੁਤ ਮਹੱਤਵਪੂਰਨ ਹਨ ਸਾਨੂੰ ਅਮਰੀਕਾ ਨੂੰ ਜਰੂਰਤ ਮੁਖੀ ਸਮਾਜ ਤੋਂ ਇਛਾਵਾਂ ਮੁਖੀ ਸਮਾਜ ਵੱਲ ਮੋੜਨਾ ਚਾਹੀਦਾ ਹੈ। ਲੋਕਾਂ ਨੂੰ ਕਿਸੇ ਚੀਜ ਦੀ ਇੱਛਾ ਰੱਖਣ, ਪੁਰਾਣੀਆਂ ਚੀਜ਼ਾਂ ਦੇ ਖਤਮ ਹੋਣ ਤੋਂ ਪਹਿਲ਼ਾਂ ਹੀ ਨਵੀਆਂ ਚੀਜ਼ਾਂ ਚਾਹੁਣ ਦੀ ਟ੍ਰੇਨਿੰਗ ਦੇਣੀ ਚਾਹੀਦੀ ਹੈ। ਮਨੁੱਖ ਦੀਆਂ ਇਛਾਵਾਂ ਉਸ ਦੀਆਂ ਜਰੂਰਤਾਂ ਉੱਪਰ ਭਾਰੂ ਪੈਣੀਆਂ ਚਾਹੀਦੀਆਂ ਹਨ।

ਡਾਕੂਮੈਂਟਰੀ ਦੇ ਚੌਥੇ ਭਾਗ ਵਿਚ ਰਾਜਨੀਤਿਕ ਰਣਨੀਤੀਕਾਰ ਫਿਲੀਪ ਗੋਲਡ ਅਤੇ ਜਨਤਕ ਸੰਬੰਧਾਂ ਦੇ ਸਲਾਕਾਰ ਮੈਥਊ ਫਰਾਇਡ, ਜੋ ਕਿ ਸਿਗਮੰਡ ਫਰਾਇਡ ਦਾ ਪੜਪੋਤਾ ਸੀ, ਬਾਰੇ ਗੱਲ ਕੀਤੀ ਗਈ ਹੈ। 1990 ਵਿਚ ਉਹ ਇਕ ਫੋਕਸ ਸਮੂਹ ਦੀ ਵਰਤੋਂ ਕਰਕੇ ਅਮਰੀਕਾ ਵਿਚ ਲੋਕਤੰਤਰੀ ਪਾਰਟੀ ਅਤੇ ਇੰਗਲੈਂਡ ਵਿਚ ਲੇਬਰ ਪਾਰਟੀ ਨੂੰ ਮੂਹਰੇ ਲਿਆਉਣ ਵਿਚ ਮੋਹਰੀ ਸਨ। ਇਸ ਦੀ ਕਾਢ ਅਮਰੀਕੀ ਕਾਰਪੋਰੇਸ਼ਨਾਂ ਨਾਲ ਸੰਬੰਧਿਤ ਮਨੋਵਿਗਿਆਨੀਆਂ ਦੁਆਰਾ ਕੀਤੀ ਗਈ ਸੀ ਤਾਂ ਕਿ ਉਪਭੋਗਤਾ ਮਨੋਚਿਕਿਤਸਾ ਦੀ ਪ੍ਰੀਕਿਰਿਆ ਵਾਂਗ ਆਪਣੀਆਂ ਭਾਵਨਾਵਾਂ ਦਾ ਇਜ਼ਹਾਰ ਕਰ ਸਕਣ। ਕਰਟਿਸ ਅੰਤ ਵਿਚ ਕਹਿੰਦਾ ਹੈ, ਭਾਵੇਂ ਅਸੀ ਆਪਣੇ ਆਪ ਨੂੰ ਅਜ਼ਾਦ ਮਹਿਸੂਸ ਕਰਦੇ ਹਾਂ, ਅਸਲ ਵਿਚ ਅਸੀ, ਰਾਜਨੇਤਾਵਾਂ ਦੀ ਤਰਾਂ, ਆਪਣੀਆਂ ਇਛਾਵਾਂ ਦੇ ਗੁਲਾਮ ਬਣ ਗਏ ਹਾਂ। ਉਹ ਅਮਰੀਕਾ ਅਤੇ ਇੰਗਲੈਂਡ ਦੀ ਤੁਲਨਾ ਡੈਮੋਕਰੇਸਿਟੀ ਨਾਲ ਕਰਦਾ ਹੈ ਜਿਸ ਦੀ ਪ੍ਰਦਰਸ਼ਨੀ 1939 ਵਿਚ ਨਿਊਯਾਰਕ ਮੇਲੇ ਵਿਚ ਲਗਾਈ ਗਈ ਸੀ ਅਤੇ ਜਿਸ ਨੂੰ ਐਡਵਰਡ ਬਰਨੇਜ਼ ਨੇ ਬਣਾਇਆ ਸੀ। ਸਿਗਮੰਡ ਫਰਾਇਡ ਦੀ ਵਿਰਾਸਤ ਅੱਜ ਵੀ ਸੰਸਾਰ ਭਰ ਦੇ ਲੋਕਾਂ ਦੀਆਂ ਜ਼ਿੰਦਗੀਆਂ ਨੂੰ ਪ੍ਰਭਾਵਿਤ ਕਰਦੀ ਹੈ ਭਾਵੇਂ ਇਹ ਉਹ ਵਰਤਾਰਾ ਹੈ ਜਿਸ ਪ੍ਰਤੀ ਜਿਆਦਾਤਰ ਲੋਕ ਚੇਤੰਨ ਨਹੀਂ ਹਨ।




ਇਸ ਤਰ੍ਹਾਂ 'ਦ ਸੈਂਚਰੀ ਆਫ ਦ ਸੈਲਫ' ਮਨੁੱਖੀ ਇਛਾਵਾਂ ਦਾ ਵਿਸ਼ਲੇਸ਼ਣ ਕਰਦੀ ਹੈ ਅਤੇ ਦੱਸਦੀ ਹੈ ਉਨ੍ਹਾਂ ਨੂੰ ਕਿਸ ਤਰਾਂ ਮਸ਼ਹੂਰੀ, ਉਪਭੋਗਤਾਵਾਦ ਅਤੇ ਰਾਜਨੀਤੀ ਲਈ ਵਰਤਿਆ ਜਾਂਦਾ ਹੈ। ਇਸ ਦਾ ਦੂਜਾ ਭਾਗ ਬਰਨੇਜ਼ ਅਤੇ ਫਰਾਇਡ ਦੀ ਧੀ ਐਨਾ ਫਰਾਇਡ ਦੁਆਰਾ ਕੀਤੀਆਂ ਗਈਆਂ ਕੋਸ਼ਿਸ਼ਾਂ ਬਾਰੇ ਹੈ ਜਿਸ ਵਿਚ ਉਨ੍ਹਾਂ ਨੇ ਮਨੁੱਖੀ ਦਿਮਾਗ ਦੀ ਸਮਰੱਥਾ ਨੂੰ ਦਬਾਉਣ ਦੀਆਂ ਵਿਧੀਆਂ ਇਜ਼ਾਦ ਕਰਨ ਲਈ ਅਮਰੀਕੀ ਸਥਾਪਤੀ ਨਾਲ ਕੰਮ ਕੀਤਾ। ਸਰਕਾਰ ਦਾ ਮੰਨਣਾ ਸੀ ਕਿ ਇਨ੍ਹਾਂ ਗਤੀਵਿਧੀਆਂ ਰਾਹੀ ਹੀ ਅਨੁਰੂਪ ਲੋਕਤੰਤਰ ਦੀ ਸਥਾਪਨਾ ਸੰਭਵ ਸੀ।ਇਹ ਡਾਕੂਮੈਂਟਰੀ ਦਿਖਾਉਂਦੀ ਹੈ ਕਿ ਫਰਾਇਡ ਦੇ ਸਿਧਾਂਤਾਂ ਨੂੰ ਸਮੇਂ ਤੋਂ ਪਾਰ ਜਾ ਕੇ ਆਪਣੇ ਢੰਗਾਂ ਰਾਹੀਂ ਵਰਤਿਆ ਜਾ ਸਕਦਾ ਹੈ। ਇਸ ਤਰਾਂ ਇਹ ਮਨੁੱਖੀ ਸੱਚਾਈ ਦੀਆਂ ਪਰਤਾਂ ਨੂੰ ਫਰੋਲਦੀ ਹੈ ਅਤੇ ਸਾਡੇ ਨਿਯੰਤ੍ਰਿਤ ਹੋ ਜਾਣ ਦੀ ਕਮੀ ਨੂੰ ਉਜਾਗਰ ਕਰਦੀ ਹੈ।

# ਜਾਸੂਸ ਬਣੇਗੀ ਕਰੀਨਾ ਕਪੂਰ

ਏਕਤਾ ਅਤੇ ਰੀਆ ਕਪੂਰ ਇਕ ਔਰਤਾਂ 'ਤੇ ਕੇਂਦਰਤ ਫ਼ਿਲਮ ਸ਼ੁਰੂ ਕਰਨ ਜਾ ਰਹੇ ਹਨ। ਇਸ ਦਾ ਟਾਈਟਲ ਹਾਲੇ ਤੈਅ ਨਹੀਂ ਹੋਇਆ ਹੈ ਪਰ ਇਸ ਲਈ ਤੱਬੂ, ਕਰੀਨਾ ਕਪੂਰ ਅਤੇ ਕ੍ਰਿਤੀ ਸੈਨਨ ਨੂੰ ਫਾਈਨਲ ਕੀਤਾ ਜਾ ਚੁੱਕਾ ਹੈ।

ਇਹ ਇਕ ਕਾਮੇਡੀ ਆਧਾਰਿਤ ਫ਼ਿਲਮ ਹੋਵੇਗੀ, ਜਿਸ ਦਾ ਨਿਰਦੇਸ਼ਨ 'ਲੂਟਕੇਸ' ਦੇ ਨਿਰਦੇਸ਼ਕ ਰਾਜੇਸ਼ ਕ੍ਰਿਸ਼ਣਨ ਕਰਨਗੇ। ਕਰੀਨਾ ਕਪੂਰ ਫ਼ਿਲਮ ਨੂੰ ਲੈ ਕੇ ਕਾਫ਼ੀ ਉਤਸ਼ਾਹੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਇਹ 'ਵੀਰੇ ਦੀ ਵੈਡਿੰਗ-2' ਨਹੀਂ ਹੈ, ਸਗੋਂ ਇਕ ਬਿਲਕੁਲ ਨਵੇਂ ਵਿਸ਼ੇ 'ਤੇ ਆਧਾਰਿਤ ਫ਼ਿਲਮ ਹੈ। ਇਸ ਫ਼ਿਲਮ ਦੀ ਕਹਾਣੀ ਤਿੰਨ ਔਰਤਾਂ ਬਾਰੇ ਹੈ। ਫ਼ਿਲਮ ਵਿਚ ਕਰੀਨਾ ਕਪੂਰ ਪਹਿਲੀ



ਵਾਰ ਤੱਬੂ ਅਤੇ ਕ੍ਰਿਤੀ ਸੈਨਨ ਦੇ ਨਾਲ ਸਕ੍ਰੀਨ ਸਾਂਝੀ ਕਰਦੀ ਨਜ਼ਰ ਆਵੇਗੀ। ਫ਼ਿਲਮ ਦੀ ਸ਼ੂਟਿੰਗ ਜਨਵਰੀ 2023 ਵਿਚ ਸ਼ੁਰੂ ਹੋਵੇਗੀ।

'ਲਾਲ ਸਿੰਘ ਚੱਢਾ' ਦੇ ਪ੍ਰਮੋਸ਼ਨ ਦੌਰਾਨ ਕਰੀਨਾ ਨੇ ਖ਼ੁਲਾਸਾ ਕਰਦੇ ਹੋਏ ਕਿਹਾ ਸੀ ਕਿ ਉਹ ਜਲਦ ਹੀ ਆਪਣੀ 'ਵੀਰੇ ਦੀ ਵੈਡਿੰਗ' ਪ੍ਰੋਡਿਊਸਰ ਰੀਆ ਕਪੂਰ ਦੇ ਨਾਲ ਇਕ ਫ਼ਿਲਮ ਕਰੇਗੀ।

ਕਰੀਨਾ ਕਪੂਰ ਨੇ ਸੁਜਾਏ ਘੋਸ਼ ਦੇ ਨਿਰਦੇਸ਼ਨ ਵਿਚ ਆਪਣੇ ਓ.ਟੀ.ਟੀ. ਪ੍ਰਾਜੈਕਟ ਦੀ ਸ਼ੂਟਿੰਗ ਪੂਰੀ ਕਰ ਲਈ ਹੈ। ਜਾਪਾਨੀ ਨਾਵਲ 'ਤੇ ਆਧਾਰਿਤ ਇਸ ਸੀਰੀਜ਼ ਵਿਚ ਕਰੀਨਾ ਕਪੂਰ ਜੈਦੀਪ ਅਹਿਲਾਵਤ ਅਤੇ ਵਿਜੈ ਵਰਮਾ ਦੇ ਨਾਲ ਨਜ਼ਰ ਆਵੇਗੀ। ਇਹ ਕਰੀਨਾ ਕਪੂਰ ਦਾ ਪਹਿਲਾ ਸਟ੍ਰੀਮਿੰਗ ਪ੍ਰਾਜੈਕਟ ਹੈ। ਇਸ ਵਲੋਂ ਉਹ ਆਪਣਾ ਡਿਜੀਟਲ ਡੈਬਿਊ ਕਰਨ ਜਾ ਰਹੀ ਹੈ।

ਕਰੀਨਾ ਕਪੂਰ ਹੁਣ ਤੱਕ ਤਿੰਨਾਂ ਖਾਨਾਂ ਦੇ ਨਾਲ ਹੀ ਨਾਲ ਲਗਪਗ ਸਭ ਵੱਡੇ (ਬਾਕੀ ਸਫ਼ਾ 29 'ਤੇ)

## ਖੇਡ ਸੰਸਾਰ

# ਵਿਸ਼ਵਨਾਥਨ ਆਨੰਦ ਅਤੇ ਡੀ. ਗੁਕੇਸ਼ ਕਾਰਨ ਆਪਣੇ ਸੁਨਹਿਰੀ ਯੁੱਗ ਵਿਚ ਹੈ ਭਾਰਤੀ ਸ਼ਤਰੰਜ

ਸਾਹਿਮ ਅੰਨਾ

ਹਾਲ ਦੇ ਸਾਲਾਂ ਵਿਚ ਭਾਰਤ 'ਚ ਸ਼ਤਰੰਜ ਦਾ ਬਹੁਤ ਤੇਜ਼ੀ ਨਾਲ ਵਿਕਾਸ ਹੋਇਆ ਹੈ, ਜਿਸ ਨਾਲ ਅੱਜ ਭਾਰਤ ਅੰਤਰਰਾਸ਼ਟਰੀ ਪੱਧਰ 'ਤੇ ਨਵੀਆਂ ਬੁਲੰਦੀਆਂ ਨੂੰ ਛੂਹ ਰਿਹਾ ਹੈ। ਅਜਿਹਾ ਦੋ ਗ੍ਰੈਂਡਮਾਸਟਰਜ਼ ਦਾ ਮੰਨਣਾ ਹੈ, ਪਹਿਲੇ ਹਨ ਪੰਜ ਵਾਰ ਦੇ ਵਿਸ਼ਵ ਸ਼ਤਰੰਜ ਚੈਂਪੀਅਨ ਰਹੇ ਵਿਸ਼ਵਨਾਥਨ ਆਨੰਦ ਅਤੇ ਦੂਜੇ ਹਨ ਭਵਿੱਖ ਦੇ ਸੰਭਾਵਿਤ ਵਿਸ਼ਵ ਚੈਂਪੀਅਨ ਡੀ. ਗੁਕੇਸ਼। ਇਸ ਵਿਚ ਕੋਈ ਦੋ ਰਾਵਾਂ ਨਹੀਂ ਹਨ ਕਿ ਪਿਛਲੇ ਤਿੰਨ ਦਹਾਕਿਆਂ ਤੋਂ ਵੀ ਵੱਧ ਸਮੇਂ ਤੋਂ ਆਨੰਦ ਹੀ ਭਾਰਤ ਵਿਚ ਆਪਣੇ ਦਮ 'ਤੇ ਸ਼ਤਰੰਜ ਨੂੰ ਉਤਸ਼ਾਹਿਤ ਕਰ ਰਹੇ ਹਨ, ਜਿਸ ਦਾ ਨਤੀਜਾ ਹੈ ਕਿ ਸਾਡੇ ਦੇਸ਼ 'ਚ ਇਸ ਸਮੇਂ 76 ਗ੍ਰੈਂਡਮਾਸਟਰਜ਼ ਹਨ। ਆਨੰਦ 1988 ਵਿਚ



ਦੇਸ਼ ਦੇ ਪਹਿਲੇ ਗ੍ਰੈਂਡਮਾਸਟਰ ਬਣੇ ਸਨ ਅਤੇ ਉਸ ਤੋਂ ਬਾਅਦ ਉਨ੍ਹਾਂ ਨੇ ਵਿਸ਼ਵ ਪੱਧਰ 'ਤੇ ਕਈ ਕੀਰਤੀਮਾਨ ਸਥਾਪਿਤ ਕੀਤੇ। ਡੀ. ਗੁਕੇਸ਼ ਅਜੇ ਸਿਰਫ਼ 16 ਸਾਲਾਂ ਦੇ ਹਨ, ਪਰ ਭਾਰਤ ਦੇ ਹੋਰ ਕਈ ਨੌਜਵਾਨ ਖਿਡਾਰੀਆਂ ਦੇ ਨਾਲ ਉਨ੍ਹਾਂ ਨੇ ਨਾ ਸਿਰਫ਼ ਆਨੰਦ ਦੀ ਪਰੰਪਰਾ ਨੂੰ ਅੱਗੇ ਵਧਾਉਣ ਦੀ ਜ਼ਿੰਮੇਵਾਰੀ ਆਪਣੇ ਮੋਢਿਆਂ 'ਤੇ ਚੁੱਕੀ ਹੋਈ ਹੈ, ਸਗੋਂ



ਉਨ੍ਹਾਂ ਨੇ ਆਪਣੇ ਸ਼ਾਨਦਾਰ ਪ੍ਰਦਰਸ਼ਨ ਨਾਲ ਪੂਰੇ ਸੰਕੇਤ ਦੇ ਦਿੱਤੇ ਹਨ ਕਿ ਉਨ੍ਹਾਂ 'ਚ ਵਿਸ਼ਵ ਚੈਂਪੀਅਨ (ਬਾਕੀ ਸਫ਼ਾ 31 'ਤੇ)



## ਅਮਰੀਕਾ ਤੋਂ ਗੋਲਡੀ ਬਰਾੜ ਭਾਰਤ...

ਉਸ ਨੂੰ 2 ਕਰੋੜ ਰੁਪਏ ਦੇਣ ਦਾ ਐਲਾਨ ਕਰੇ ਤੇ ਇਹ ਰਕਮ ਉਹ ਆਪਣੀ ਜੇਬ ਵਿਚੋਂ ਸਰਕਾਰ ਨੂੰ ਦੇਣਗੇ, ਫਿਰ ਚਾਹੇ ਇਸ ਦੇ ਲਈ ਉਨ੍ਹਾਂ ਨੂੰ ਜ਼ਮੀਨ ਕਿਉਂ ਨਾ ਵੇਚਣੀ ਪਵੇ। ਉਨ੍ਹਾਂ ਭਾਵੁਕ ਹੁੰਦਿਆਂ ਕਿਹਾ ਕਿ ਸਰਕਾਰ ਚਾਹੇ ਉਨ੍ਹਾਂ ਨੂੰ ਸੁਰੱਖਿਆ ਦੇਵੇ ਨਾ ਦੇਵੇ ਪਰ ਉਨ੍ਹਾਂ ਦੇ ਪੁੱਤਰ ਦੇ ਕਾਤਲ ਗੋਲਡੀ ਬਰਾੜ ਨੂੰ ਜ਼ਰੂਰ ਫੜ ਲਵੇ।

ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਬਿਕਰਮ ਸਿੰਘ ਮਜੀਠੀਆ ਨੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਆਖਿਆ ਕਿ ਉਹ ਪੰਜਾਬੀਆਂ ਨੂੰ ਦੱਸਣ ਕਿ ਉਨ੍ਹਾਂ ਨੇ ਗੈਂਗਸਟਰ ਗੋਲਡੀ ਬਰਾੜ ਨੂੰ ਅਮਰੀਕਾ ਵਿਚ ਅਮਰੀਕੀ ਏਜੰਸੀਆਂ ਵੱਲੋਂ ਹਿਰਾਸਤ ਵਿਚ ਲੈਣ ਤੇ ਫਿਰ ਉਸ ਨੂੰ ਛੇਤੀ ਪੰਜਾਬ ਲਿਆਉਣ ਦੇ ਦਾਅਵੇ ਦੇ ਝੂਠ ਕਿਉਂ ਬੋਲੇ। ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਇਹ ਬਿਆਨ ਸੂਬੇ ਦੇ ਮੁਖੀ ਵਜੋਂ ਦਿੱਤਾ ਸੀ ਪਰ ਏਨਾ ਸਮਾਂ ਬੀਤਣ ਮਗਰੋਂ ਵੀ ਗੋਲਡੀ ਬਰਾੜ ਨੂੰ ਹਿਰਾਸਤ ਵਿਚ ਲੈਣ ਦੀ ਕੋਈ ਤਸਵੀਰ ਜਾਂ ਵੀਡੀਓ ਸਾਹਮਣੇ ਨਹੀਂ ਆਈ।ਉਨ੍ਹਾਂ ਕਿਹਾ ਕਿ ਪੰਜਾਬ ਦੇ ਡੀ.ਜੀ.ਪੀ ਅਤੇ ਕੇਂਦਰੀ ਏਜੰਸੀਆਂ ਵੀ ਪੰਜਾਬ ਦੇ ਮੁੱਖ ਮੰਤਰੀ ਦੇ ਦਾਅਵੇ ਦੀ ਪੁਸ਼ਟੀ ਕਰਨ ਤੋਂ ਗੁਰੇਜ਼ ਕਰ ਰਹੇ ਹਨ। ਸ. ਮਜੀਠੀਆ ਨੇ ਕਿਹਾ ਕਿ ਅਜਿਹਾ ਜਾਪਦਾ ਹੈ ਕਿ ਪੰਜਾਬ ਦੇ ਮੁੱਖ ਮੰਤਰੀ ਦਾ ਦਾਅਵਾ ਉਨ੍ਹਾਂ ਦੇ ਪਹਿਲਾਂ ਕੀਤੇ ਝੂਠੇ ਦਾਅਵਿਆਂ ਵਰਗਾ ਹੀ ਹੈ। ਉਨ੍ਹਾਂ ਕਿਹਾ ਕਿ ਤਾਜ਼ਾ ਦਾਅਵੇ ਦਾ ਮਕਸਦ ਗੁਜਰਾਤੀਆਂ ਨੂੰ ਇਸ ਗੱਲ ਲਈ ਰਾਜ਼ੀ ਕਰਨਾ ਸੀ ਕਿ ਪੰਜਾਬ ਵਿਚ ਕਾਨੂੰਨ ਵਿਵਸਥਾ ਬਿਲਕੁਲ ਠੀਕ ਹੈ, ਜਦੋਂ ਕਿ ਜ਼ਮੀਨੀ ਹਕੀਕਤ ਇਸ ਤੋਂ ਬਿਲਕੁਲ ਉਲਟ ਹੈ।

ਦੂਜੇ ਪਾਸੇ ਸਿੱਧੂ ਮੂਸੇਵਾਲਾ ਦੀ ਹੱਤਿਆ ਮਾਮਲੇ ਵਿਚ ਨਾਮਜ਼ਦ ਗੈਂਗਸਟਰ ਗੋਲਡੀ ਬਰਾੜ ਦੇ ਨਾਂ 'ਤੇ ਸੋਸ਼ਲ ਮੀਡੀਆ 'ਤੇ ਪਾਈ ਗਈ ਇਕ ਪੋਸਟ ਵਿਚ ਗੋਲਡੀ ਬਰਾੜ ਦੀ ਗ੍ਰਿਫ਼ਤਾਰੀ ਤੋਂ ਇਨਕਾਰ ਕਰਦਿਆਂ ਕਿਹਾ ਗਿਆ ਹੈ ਕਿ ਉਹ ਪੂਰੀ ਤਰ੍ਹਾਂ ਸੁਰੱਖਿਅਤ ਹੈ ਤੇ ਉਸ ਦੀ ਗ੍ਰਿਫ਼ਤਾਰੀ ਦੀ ਖ਼ਬਰ ਬਿਲਕੁਲ ਗਲਤ ਹੈ। ਗੋਲਡੀ ਬਰਾੜ ਦੇ ਨਾਂ 'ਤੇ ਪਾਈ ਗਈ ਪੋਸਟ ਨਾਲ ਇਕ ਵਾਰ ਫਿਰ 'ਆਪ' ਸਰਕਾਰ ਕਸੂਤੀ ਫਸਦੀ ਨਜ਼ਰ ਆ ਰਹੀ ਹੈ ਤੇ ਅਜਿਹੇ ਵਿਚ ਗੁਜਰਾਤ ਚੋਣਾਂ ਦੌਰਾਨ ਅਫੜਾ-ਦਫ਼ੜੀ ਵਿਚ ਕੀਤਾ ਗਿਆ ਦਾਅਵਾ 'ਆਪ' ਲਈ ਸੂਬੇ ਅੰਦਰ ਨਵੀਆਂ ਮੁਸ਼ਕਿਲਾਂ ਖੜ੍ਹੀਆਂ ਕਰ ਸਕਦਾ ਹੈ ਅਤੇ ਵਿਰੋਧੀ ਪਾਰਟੀਆਂ ਵੱਲੋਂ ਇਸ ਮਸਲੇ 'ਤੇ ਸਰਕਾਰ ਦੀ ਨੁਕਤਾਚੀਨੀ ਕੀਤੀ ਜਾ ਰਹੀ ਹੈ।

**ਗੋਲਡੀ ਬਰਾੜ ਨੇ ਲਈ ਸੀ ਹੱਤਿਆ ਦੀ ਜ਼ਿੰਮੇਵਾਰੀ**

ਗੋਲਡੀ ਦਾ ਅਸਲ ਨਾਮ ਸਤਿੰਦਰਜੀਤ ਸਿੰਘ ਹੈ ਤੇ ਉਸ ਦਾ ਪਰਿਵਾਰ ਮੁਕਤਸਰ ਵਿੱਚ ਕੋਟਕਪੂਰਾ-ਮੁਕਤਸਰ ਰੋਡ 'ਤੇ ਆਦੇਸ਼ ਨਗਰ ਵਿਚ ਰਹਿੰਦਾ ਹੈ। ਉਸ ਦੇ ਪਿਤਾ ਸ਼ਮਸ਼ੇਰ ਸਿੰਘ ਪੰਜਾਬ ਪੁਲਿਸ ਵਿੱਚ ਏਐੱਸਆਈ ਸਨ, ਜਿਨ੍ਹਾਂ ਨੂੰ ਗੋਲਡੀ ਦੇ ਗੈਂਗਸਟਰ ਬਣਨ ਮਗਰੋਂ 2021 ਵਿੱਚ ਜਬਰੀ ਸੇਵਾਮੁਕਤ ਕਰ ਦਿੱਤਾ ਗਿਆ ਸੀ। 9 ਮਾਰਚ 2021 ਨੂੰ ਕੋਟਕਪੂਰਾ ਪੁਲਿਸ ਨੇ ਸ਼ਮਸ਼ੇਰ ਸਿੰਘ ਖ਼ਿਲਾਫ਼ ਵੀ ਕੇਸ ਦਰਜ ਕਰ ਕੇ ਉਸ ਨੂੰ ਗ੍ਰਿਫ਼ਤਾਰ ਕਰ ਲਿਆ ਸੀ। ਗੋਲਡੀ ਬਰਾੜ ਖ਼ਿਲਾਫ਼ ਪਹਿਲਾ ਮਾਮਲਾ ਫ਼ਿਰੋਜ਼ਪੁਰ ਜ਼ਿਲ੍ਹੇ ਵਿਚ 2012 ਵਿੱਚ ਦੋ ਧੜਿਆਂ 'ਚ ਹੋਈ ਗੋਲ਼ੀਬਾਰੀ ਤੋਂ ਬਾਅਦ ਦਰਜ ਕੀਤਾ ਗਿਆ ਸੀ। ਹਾਲਾਂਕਿ ਇਸ ਮਾਮਲੇ 'ਚ ਉਸ ਨੂੰ ਬਰੀ ਕਰ ਦਿੱਤਾ ਗਿਆ ਸੀ। ਫਿਰ 2015 ਵਿੱਚ ਉਸ ਖ਼ਿਲਾਫ਼ ਮੁਕਤਸਰ ਵਿੱਚ ਕਤਲ ਦਾ ਮੁਕੱਦਮਾ ਦਰਜ ਹੋਇਆ, ਪਰ ਅਦਾਲਤ 'ਚ ਸਬੂਤਾਂ ਦੀ ਘਾਟ ਕਾਰਨ ਉਹ ਬਰੀ ਹੋ ਗਿਆ। ਫਿਰ ਉਹ ਪੜ੍ਹਨ ਲਈ ਚੰਡੀਗੜ੍ਹ ਆ ਗਿਆ, ਜਿੱਥੇ ਉਹ ਬੀਏ ਦੀ ਪੜ੍ਹਾਈ ਦੌਰਾਨ ਲਾਰੈਂਸ ਬਿਸ਼ਨੋਈ ਦੇ ਸੰਪਰਕ ਵਿੱਚ ਆਇਆ। ਗੋਲਡੀ ਦੇ ਚਚੇਰੇ ਭਰਾ ਗੁਰਲਾਲ ਬਰਾੜ ਨੇ ਲਾਰੈਂਸ ਦੀ ਹੱਲਾਸ਼ੇਰੀ 'ਤੇ 'ਸਟੂਡੈਂਟਸ ਆਰਗੇਨਾਈਜੇਸ਼ਨ ਆਫ ਪੰਜਾਬ ਯੂਨੀਵਰਸਿਟੀ' ਬਣਾਈ ਸੀ। ਫਿਰ ਉਹ ਬੀਏ ਦੀ ਪੜ੍ਹਾਈ ਵਿਚਾਲੇ ਛੱਡ ਕੇ ਸਾਲ 2017 ਵਿਚ ਸਟੱਡੀ ਵੀਜ਼ੇ 'ਤੇ ਕੈਨੇਡਾ ਚਲਾ ਗਿਆ। ਅਕਤੂਬਰ 2020 ਵਿੱਚ ਗੁਰਲਾਲ ਬਰਾੜ ਦਾ ਕਤਲ ਹੋ ਗਿਆ। ਗੋਲਡੀ ਨੇ ਲਾਰੈਂਸ ਬਿਸ਼ਨੋਈ ਨਾਲ ਮਿਲ ਕੇ ਆਪਣੇ ਭਰਾ ਦੇ ਕਾਤਲ ਫ਼ਰੀਦਕੋਟ ਯੂਥ ਕਾਂਗਰਸ ਦੇ ਪ੍ਰਧਾਨ ਗੁਰਲਾਲ ਸਿੰਘ ਭੁੱਲਰ ਪਹਿਲਵਾਨ ਦਾ ਕਤਲ ਕਰਵਾ ਵੀ ਕਰਵਾਇਆ। ਕੈਨੇਡਾ ਵਿੱਚ ਉਹ ਟਰੱਕ ਡਰਾਈਵਰ ਵਜੋਂ ਕੰਮ ਕਰਦਾ ਰਿਹਾ ਹੈ। ਇਸ ਮਗਰੋਂ ਉਹ ਅਪਰਾਧ ਦੀ ਦੁਨੀਆਂ ਵਿੱਚ ਅੱਗੇ ਵਧਦਾ ਗਿਆ ਤੇ ਲਾਰੈਂਸ ਬਿਸ਼ਨੋਈ ਨਾਲ ਉਸ ਦਾ ਰਿਸ਼ਤਾ ਹੋਰ ਗੂੜ੍ਹਾ ਹੋ ਗਿਆ।

ਗੋਲਡੀ ਬਰਾੜ ਨੇ ਪੰਜਾਬ, ਹਰਿਆਣਾ, ਦਿੱਲੀ ਤੇ ਰਾਜਸਥਾਨ ਵਿੱਚ ਕਈ ਅਪਰਾਧਕ ਘਟਨਾਵਾਂ ਨੂੰ ਅੰਜਾਮ ਦਿੱਤਾ। ਇਹ ਨੈੱਟਵਰਕ ਉਹ ਵਿਦੇਸ਼ ਵਿੱਚ ਬੈਠ ਕੇ ਚਲਾ ਰਿਹਾ ਸੀ। ਉਸ ਖ਼ਿਲਾਫ਼ ਵੱਖ-ਵੱਖ ਜ਼ਿਲ੍ਹਿਆਂ ਵਿੱਚ ਕਤਲ, ਕਤਲ ਦੀ ਕੋਸ਼ਿਸ਼, ਜਬਰੀ ਵਸੂਲੀ ਸਣੇ ਹੋਰ ਕਈ ਅਪਰਾਧਕ ਮਾਮਲਿਆਂ ਵਿੱਚ ਕੁੱਲ 18 ਕੇਸ ਦਰਜ ਹਨ। ਉਹ ਸਿੱਧੂ ਮੂਸੇਵਾਲਾ, ਗੁਰਲਾਲ ਸਿੰਘ ਭੁੱਲਰ ਉਰਫ਼ ਪਹਿਲਵਾਨ ਅਤੇ ਕੋਟਕਪੂਰਾ ਵਿੱਚ ਡੇਰਾ ਪ੍ਰੇਮੀ ਦੀ ਹੱਤਿਆ ਕਰਨ ਦੇ ਮਾਮਲੇ ਵਿੱਚ ਨਾਮਜ਼ਦ ਮੁਲਜ਼ਮ ਹੈ।

29 ਮਈ 2022 ਨੂੰ ਮਸ਼ਹੂਰ ਪੰਜਾਬੀ ਗਾਇਕ ਸ਼ੁਭਦੀਪ ਸਿੰਘ ਸਿੱਧੂ ਉਰਫ਼ ਸਿੱਧੂ ਮੂਸੇਵਾਲਾ ਦੇ ਕਤਲ ਤੋਂ ਬਾਅਦ ਗੋਲਡੀ ਬਰਾੜ ਨੇ ਉਸ ਦੀ ਕਤਲ ਦੀ ਜ਼ਿੰਮੇਵਾਰੀ ਲਈ ਸੀ। ਇਸ ਕੇਸ ਵਿਚ ਪੁਲਿਸ ਵੱਲੋਂ ਹੋਰ ਵੀ ਬਹੁਤ ਸਾਰੇ ਗੈਂਗਸਟਰਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ ਤੇ ਕੁੱਝ ਪੁਲਿਸ ਮੁਕਾਬਲਿਆਂ ਵਿਚ ਮਾਰੇ ਵੀ ਗਏ ਸਨ। ਮੂਸੇਵਾਲਾ ਦੀ ਹੱਤਿਆ ਤੋਂ ਇਲਾਵਾ 10 ਨਵੰਬਰ ਨੂੰ ਡੇਰਾ ਪ੍ਰੇਮੀ ਪ੍ਰਦੀਪ ਕਟਾਰੀਆ ਦੀ ਹੱਤਿਆ ਦੇ ਪਿੱਛੇ ਵੀ ਗੋਲਡੀ ਬਰਾੜ ਦਾ ਹੱਥ ਸਾਹਮਣੇ ਆਇਆ ਸੀ। ਗੋਲਡੀ ਬਰਾੜ ਨੇ ਇਸ ਦੀ ਜ਼ਿੰਮੇਵਾਰੀ ਲਈ ਸੀ। ਉਸ ਨੇ ਕਿਹਾ ਸੀ ਕਿ ਪ੍ਰਦੀਪ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦਾ ਮੁਲਜ਼ਮ ਸੀ। ਉਸ ਨੂੰ ਸਰਕਾਰ ਸਜ਼ਾ ਦੇਣ ਵਿਚ ਦੇਰੀ ਕਰ ਰਹੀ ਸੀ। ਇਸੇ ਵਜ੍ਹਾ ਨਾਲ ਉਸ ਦੀ ਹੱਤਿਆ ਕੀਤੀ ਗਈ। ਸਿੱਧੂ ਮੂਸੇਵਾਲਾ ਹੱਤਿਆ ਕਾਂਡ ਦੇ ਮੁੱਖ ਮੁਲਜ਼ਮ ਗੋਲਡੀ ਬਰਾੜ ਨੂੰ ਭਾਰਤ ਲਿਆਉਣ ਦੀਆਂ ਕੋਸ਼ਿਸ਼ਾਂ ਦਰਮਿਆਨ ਕੇਂਦਰੀ ਗ੍ਰਹਿ ਮੰਤਰਾਲੇ ਨੇ ਪੰਜਾਬ ਪੁਲਿਸ ਤੋਂ ਉਸ ਦਾ ਨਵਾਂ ਡੋਜ਼ੀਅਰ ਮੰਗਿਆ ਹੈ। ਐੱਫਬੀਆਈ ਉਸ ਖ਼ਿਲਾਫ਼ ਦਰਜ ਕੇਸਾਂ ਦੀ ਵਿਸਤ੍ਰਿਤ ਜਾਣਕਾਰੀ ਚਾਹੁੰਦੀ ਹੈ। ਯਾਦ ਰਹੇ ਕਿ ਗੋਲਡੀ ਬਰਾੜ ਕੈਨੇਡਾ ਤੋਂ ਲਾਰੈਂਸ ਬਿਸ਼ਨੋਈ ਗੈਂਗ ਚਲਾ ਰਿਹਾ ਸੀ ਪਰ ਕੁਝ ਦਿਨ ਪਹਿਲਾਂ ਉਹ ਕੈਨੇਡਾ ਤੋਂ ਅਮਰੀਕਾ ਭੱਜ ਗਿਆ ਸੀ। ਮਾਹਿਰਾਂ ਮੁਤਾਬਕ, ਗੋਲਡੀ ਬਰਾੜ ਨੂੰ ਭਾਰਤ ਲਿਆਉਣਾ ਹਾਲੇ ਪੰਜਾਬ ਸਰਕਾਰ ਲਈ ਸੌਖਾ ਨਹੀਂ। ਕੇਂਦਰ ਸਰਕਾਰ ਵੱਲੋਂ ਗੋਲਡੀ ਨੂੰ ਰੈੱਡ ਕਾਰਨਰ ਨੋਟਿਸ ਜਾਰੀ ਕੀਤਾ ਗਿਆ। ਉਸ ਨੂੰ ਮੁਲਜ਼ਮ ਮੰਨਿਆ ਜਾ ਰਿਹਾ ਹੈ। ਹਾਲੇ ਉਹ ਦੋਸ਼ੀ ਸਾਬਤ ਨਹੀਂ ਹੋਇਆ। ਉੱਧਰ, ਜੇਕਰ ਗੋਲਡੀ ਬਰਾੜ ਅਮਰੀਕਾ ਵਿਚ ਸਿਆਸੀ ਪਨਾਹ ਮੰਗਦਾ ਹੈ ਤਾਂ ਅਮਰੀਕਾ ਉਸ 'ਤੇ ਸੁਣਵਾਈ ਕਰ ਸਕਦਾ ਹੈ।

ਪੁਲਿਸ ਸੂਤਰ ਦੱਸਦੇ ਹਨ ਕਿ ਗੋਲਡੀ ਬਰਾੜ ਦਾ ਕੈਨੇਡਾ ਛੱਡਣ ਪਿੱਛੇ ਇਹ ਵੀ ਵੱਡਾ ਕਾਰਨ ਮੰਨਿਆ ਜਾ ਰਿਹਾ ਸੀ ਕਿ ਬੰਬੀਹਾ ਗੈਂਗ ਦੇ ਮੈਂਬਰ ਉਸ ਨੂੰ ਲੱਭ ਰਹੇ ਸਨ। ਸੂਤਰਾਂ ਦਾ ਕਹਿਣਾ ਹੈ ਕਿ ਬੰਬੀਹਾ ਗੈਂਗ ਦਾ ਵੀ ਕੈਨੇਡਾ ਵਿੱਚ ਕਾਫ਼ੀ ਨੈੱਟਵਰਕ ਹੈ। ਬੰਬੀਹਾ ਗੈਂਗ ਨੇ ਗੋਲਡੀ ਬਰਾੜ ਨੂੰ ਜਾਨੋਂ ਮਾਰਨ ਦੀ ਧਮਕੀ ਵੀ ਦਿੱਤੀ ਹੋਈ ਹੈ।

***

## ਵਿਦੇਸ਼ਾਂ 'ਚੋਂ ਮੁਲਜ਼ਮਾਂ...

ਨਹੀਂ ਹੋ ਸਕੀ। ਇਨ੍ਹਾਂ ਵਿੱਚੋਂ ਇੱਕ ਤਾਂ ਰਾਸ਼ਟਰੀ ਸਵੈਮ ਸੇਵਕ ਸੰਘ ਦੇ ਸੂਬਾਈ ਪ੍ਰਧਾਨ ਰਹੇ ਰੁਲਦਾ ਸਿੰਘ ਦੇ 2009 ਵਿੱਚ ਹੋਏ ਕਤਲ ਕੇਸ 'ਚ ਨਾਮਜ਼ਦ ਇੰਗਲੈਂਡ ਵਿਚ ਰਹਿ ਰਿਹਾ ਮੁਹਾਲੀ ਵਾਸੀ ਪਰਮਜੀਤ ਸਿੰਘ ਪੰਮਾ ਹੈ। ਦੂਜਾ, ਨਾਭਾ ਵਿੱਚੋਂ ਗੈਂਗਸਟਰਾਂ ਤੇ ਖਾੜਕੂਆਂ ਨੂੰ ਭਜਾ ਕੇ ਲਿਜਾਣ ਦੀ ਘਟਨਾ ਵਿੱਚ ਲੋੜੀਂਦਾ ਰਮਨਜੀਤ ਸਿੰਘ ਰੋਮੀ ਹੈ। ਇੰਟਰਪੋਲ ਜ਼ਰੀਏ ਜਾਰੀ ਨੋਟਿਸ ਤਹਿਤ 18 ਦਸੰਬਰ 2015 ਨੂੰ ਪਰਮਜੀਤ ਸਿੰਘ ਪੰਮੇ ਨੂੰ ਪੁਰਤਗਾਲ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਸੀ। ਉਸ ਨੂੰ ਲੈਣ ਗਈ ਪਟਿਆਲਾ ਪੁਲਿਸ ਦੀ ਟੀਮ ਨੂੰ ਬੇਰੰਗ ਪਰਤਣਾ ਪਿਆ ਸੀ।

ਉੱਧਰ, ਰੋਮੀ ਹਾਂਗਕਾਂਗ ਵਿਚਲੇ ਹੀ ਦੋ ਕੇਸਾਂ ਸਬੰਧੀ 2018 ਵਿੱਚ ਉੱਥੇ ਫੜਿਆ ਗਿਆ ਸੀ। ਉਸ ਨੂੰ ਲੈਣ ਲਈ ਡੀਜੀਪੀ ਵੱਲੋਂ ਟੀਮ ਗਠਿਤ ਕੀਤੀ ਗਈ ਸੀ ਅਤੇ ਏਆਈਜੀ ਸਟੇਟ ਕਰਾਈਮ ਹਰਵਿੰਦਰ ਸਿੰਘ ਵਿਰਕ ਇਸ ਮਾਮਲੇ ਦੇ ਨੋਡਲ ਅਫ਼ਸਰ ਚੱਲੇ ਆ ਰਹੇ ਹਨ। ਪਰ ਰੋਮੀ ਦੀ ਹਵਾਲਗੀ ਸਬੰਧੀ ਅੰਤਿਮ ਫ਼ੈਸਲੇ ਲਈ ਕੇਸ ਉੱਥੇ ਰਾਸ਼ਟਰਪਤੀ ਦੇ ਅਹੁਦੇ ਦੇ ਬਰਾਬਰ ਮੰਨੇ ਜਾਂਦੇ ਸੀਈਓ ਕੋਲ ਸੁਣਵਾਈ ਅਧੀਨ ਹੈ। ਇਸ ਤਰ੍ਹਾਂ ਜਿੱਥੇ ਪੰਮਾ ਦੀ ਹਵਾਲਗੀ ਤੋਂ ਕੋਰਾ ਜਵਾਬ ਹੀ ਮਿਲ ਗਿਆ ਸੀ, ਉੱਥੇ ਹੀ ਰੋਮੀ ਦੇ ਚਾਰ ਸਾਲਾਂ ਤੋਂ ਹਾਂਗਕਾਂਗ ਦੀ ਜੇਲ੍ਹ 'ਚ ਹੋਣ ਅਤੇ ਕੇਸ ਜਿੱਤ ਲੈਣ ਦੇ ਬਾਵਜੂਦ ਅਜੇ ਤੱਕ ਭਾਰਤ ਦੇ ਹਵਾਲੇ ਨਹੀਂ ਕੀਤਾ ਗਿਆ।

ਜ਼ਿਕਰਯੋਗ ਹੈ ਕਿ 2016 'ਚ ਵਾਪਰੇ ਜੇਲ੍ਹ ਕਾਂਡ ਤੋਂ ਕੁਝ ਮਹੀਨੇ ਪਹਿਲਾਂ ਰੋਮੀ ਨੂੰ ਬਿਕਰਮਜੀਤ ਬਰਾੜ ਡੀਐਸਪੀ ਨੇ ਗ੍ਰਿਫ਼ਤਾਰ ਕੀਤਾ ਸੀ, ਜੋ ਬਾਅਦ 'ਚ ਜ਼ਮਾਨਤ ਲੈ ਕੇ ਵਿਦੇਸ਼ ਚਲਾ ਗਿਆ। ਜਿਸ ਨੇ ਵਿਦੇਸ਼ ਵਿਚ ਬੈਠ ਕੇ ਹੀ ਨਾਭਾ ਜੇਲ੍ਹ ਕਾਂਡ ਨੂੰ ਅੰਜਾਮ ਦੇਣ ਵਿਚ ਭੂਮਿਕਾ ਨਿਭਾਈ ਸੀ। ਉਦੋਂ ਤੋਂ ਹੀ ਪੁਲਿਸ ਉਸ ਨੂੰ ਲਿਆਉਣ ਲਈ ਜ਼ੋਰ-ਅਜ਼ਮਾਈ ਕਰ ਰਹੀ ਹੈ।

***

## ਗੁਰਾਇਆ ਦੇ ਗੁਰਦੁਆਰੇ 'ਚ ਵਾਪਰੀ ਬੇਅਦਬੀ

ਕਰਦਾ ਹਾਂ।ਦੋਸ਼ੀਆਂ ਨੂੰ ਜ਼ਿਕਰਯੋਗ ਸਜ਼ਾ ਮਿਲਣੀ ਚਾਹੀਦੀ ਹੈ। ਇਹ ਜਾਣਬੁੱਝ ਕੇ ਕੀਤਾ ਗਿਆ ਭੜਕਾਉਣ ਵਾਲਾ ਕੰਮ ਹੈ ਜੋ ਮੁਆਫ਼ੀਯੋਗ ਨਹੀਂ ਹੈ।'

ਸ਼੍ਰੋਮਣੀ ਗੁਰੂਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਵੀ ਬੇਅਦਬੀ ਦੀ ਸਖ਼ਤ ਨਿੰਦਾ ਕੀਤੀ ਹੈ।ਉਨ੍ਹਾਂ ਨੇ ਦੋਸ਼ੀਆਂ ਖ਼ਿਲਾਫ਼ ਸਖ਼ਤ ਸਜ਼ਾ ਦੀ ਮੰਗ ਕੀਤੀ। ਇਸ ਦੇ ਨਾਲ ਹੀ ਸ਼੍ਰੋਮਣੀ ਕਮੇਟੀ ਨੇ ਇਹ ਵੀ ਸਵਾਲ ਚੁੱਕਿਆ ਹੈ ਕਿ ਆਖਿਰ ਵਾਰ-ਵਾਰ ਬੇਅਦਬੀ ਗੁਰਦੁਆਰਾ ਸਾਹਿਬ ਵਿਚ ਹੀ ਕਿਉਂ ਹੁੰਦੀ ਹੈ।

ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਫਿਲੌਰ ਨੇੜੇ ਪਿੰਡ ਮਨਸੂਰਪੁਰ ਦੇ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਵਿਖੇ ਪਾਵਨ ਸਰੂਪ ਦੀ ਬੇਅਦਬੀ ਦੀ ਵਾਪਰੀ ਮੰਦਭਾਗੀ ਘਟਨਾ 'ਤੇ ਦੁੱਖ ਜ਼ਾਹਿਰ ਕਰਦਿਆਂ ਅਤੇ ਸਰਕਾਰ ਤੇ ਪ੍ਰਸ਼ਾਸਨ ਨੂੰ ਸਖ਼ਤ ਤਾੜਨਾ ਕਰਦਿਆਂ ਕਿਹਾ ਹੈ ਕਿ ਦੋਸ਼ੀਆਂ 'ਤੇ ਸਖ਼ਤ ਕਾਰਵਾਈ ਕੀਤੀ ਜਾਵੇ। ਸਿੰਘ ਸਾਹਿਬ ਨੇ ਕਿਹਾ ਕਿ ਕਈ ਵਾਰ ਪ੍ਰਸ਼ਾਸਨ ਵਲੋਂ ਅਜਿਹੇ ਦੋਸ਼ੀਆਂ ਨੂੰ ਪਾਗਲ ਕਰਾਰ ਦੇ ਕੇ ਰਾਹਤ ਦਿੱਤੀ ਜਾਂਦੀ ਹੈ ਪਰ ਜੇਕਰ ਇਸ ਵਾਰ ਵੀ ਇਸ ਤਰ੍ਹਾਂ ਹੋਇਆ ਤਾਂ ਸਿੱਖ ਪੰਥ ਇਸ ਨੂੰ ਕਦੇ ਬਰਦਾਸ਼ਤ ਨਹੀਂ ਕਰੇਗਾ।

***

## ਚੀਨ, ਅਮਰੀਕਾ ਤੇ ਭਾਰਤ ਨੂੰ

ਦਖ਼ਲ ਨਾ ਦੇਣ ਦੀ ਧਮਕੀ ਵੀ ਦੇ ਰਿਹਾ ਹੈ। ਪੈਂਟਾਗਨਦੀ ਨੇ ਰਿਪੋਰਟ ਵਿਚ ਰੇਖਾਂਕਿਤ ਕੀਤਾ ਗਿਆ ਹੈ ਕਿ ਚੀਨ ਉਸ ਸਰਹੱਦੀ ਤਣਾਅ ਨੂੰ ਘੱਟ ਕਰਨਾ ਚਾਹੁੰਦਾ ਹੈ, ਜਿਸ ਦੇ ਕਾਰਨ ਨਵੀਂ ਦਿੱਲੀ ਵਾਸ਼ਿੰਗਟਨ ਦੇ ਹੋਰ ਕਰੀਬ ਹੋ ਰਹੀ ਹੈ। ਮਈ 2020 ਤੋਂ ਭਾਰਤੀ ਫ਼ੌਜ ਅਤੇ ਚੀਨੀ ਸੈਨਾ ਵਿਚ ਪੂਰਬੀ ਲੱਦਾਖ ਵਿਚ ਅਸਲ ਕੰਟਰੋਲ ਰੇਖਾ ਦੇ ਨਾਲ ਕਈ ਸਥਾਨਾਂ 'ਤੇ ਟਕਰਾਅ ਪੈਦਾ ਹੋਇਆ। ਪੈਂਟਾਗਨ ਨੇ ਆਪਣੀ ਰਿਪੋਰਟ ਵਿਚ ਕਿਹਾ ਕਿ ਚੀਨ ਆਪਣੀ ਪ੍ਰਮਾਣੂ ਸ਼ਕਤੀ ਨੂੰ ਵਧਾ ਰਿਹਾ ਹੈ ਅਤੇ 2035 ਤੱਕ ਉਸ ਕੋਲ ਕਰੀਬ 1500 ਪ੍ਰਮਾਣੂ ਹਥਿਆਰਾਂ ਦਾ ਭੰਡਾਰ ਹੋਣ ਦੀ ਸੰਭਾਵਨਾ ਹੈ। ਉਸ ਕੋਲ ਇਸ ਸਮੇਂ ਅੰਦਾਜ਼ਨ 400 ਦੀ ਗਿਣਤੀ ਵਿਚ ਪ੍ਰਮਾਣੂ ਹਥਿਆਰ ਹਨ। ਦੂਜੇ ਪਾਸੇ ਅਮਰੀਕੀ ਮੈਗਜ਼ੀਨ 'ਪਾਲਟਿਕੋ' ਨੇ ਕੁਝ ਨਵੀਆਂ ਸੈਟੇਲਾਈਟ ਤਸਵੀਰਾਂ ਦੇ ਹਵਾਲੇ ਨੇ ਕਿਹਾ ਹੈ ਕਿ ਚੀਨ ਨੇ ਭਾਰਤ ਨਾਲ ਲੱਗੀ ਅਸਲ ਕੰਟਰੋਲ ਰੇਖਾ ਦੇ ਕਰੀਬ ਇਕ ਨਵੀਂ ਫ਼ੌਜੀ ਚੌਂਕੀ ਤਿਆਰ ਕੀਤੀ ਹੈ, ਜਿਥੇ ਪੈਂਗੋਂਗ ਤਸੋ ਝੀਲ ਕਿਨਾਰੇ ਸੈਨਿਕਾਂ ਦੀ ਹਲਚਲ ਨੂੰ ਸਾਫ ਦੇਖਿਆ ਜਾ ਸਕਦਾ ਹੈ। ਪੈਂਟਾਗਨ ਦਾ ਕਹਿਣਾ ਹੈ ਕਿ ਚੀਨ ਚਾਹੁੰਦਾ ਹੈ ਕਿ ਭਾਰਤ ਅਮਰੀਕਾ ਦੇ ਜ਼ਿਆਦਾ ਨੇੜੇ ਨਾ ਜਾਵੇ। ਇਸ ਰਿਪੋਟ ਵਿਚ ਕਿਹਾ ਗਿਆ ਹੈ ਕਿ ਚੀਨ ਨੇ ਹਿੰਦ ਮਹਾਂਸਾਗਰ ਦੇ ਨੇੜੇ ਅਮਰੀਕੀ ਡਰੋਨ ਅਤੇ ਉਪਗ੍ਰਹਿ ਨੂੰ ਜਾਮ ਕਰਨ ਲਈ ਜ਼ਮੀਨ 'ਤੇ ਲੇਜ਼ਰ ਵੀ ਲਗਾਏ ਹਨ। ਪੈਂਟਾਗਨ ਨੇ ਆਪਣੀ ਰਿਪੋਰਟ ਵਿਚ ਇਕ ਹੋਰ ਮਹੱਤਵਪੂਰਨ ਗੱਲ ਦਾ ਜ਼ਿਕਰ ਕੀਤਾ ਹੈ ਕਿ ਚੀਨੀ ਫੌਜ ਨੇ 2021 ਵਿਚ ਐਲਏਸੀ 'ਤੇ ਆਪਣੀ ਮੌਜੂਦਗੀ ਬਣਾਈ ਰੱਖੀ ਅਤੇ ਉਥੇ ਬੁਨਿਆਦੀ ਢਾਂਚੇ ਦਾ ਨਿਰਮਾਣ ਕਰਨਾ ਜਾਰੀ ਰੱਖਿਆ। ਕੜਾਕੇ ਦੀ ਸਰਦੀ ਵਿੱਚ ਵੀ ਪੂਰਬੀ ਲੱਦਾਖ ਵਿੱਚ ਦੋਵਾਂ ਦੇਸ਼ਾਂ ਦੀਆਂ ਫ਼ੌਜਾਂ ਆਹਮੋ-ਸਾਹਮਣੇ ਤਾਇਨਾਤ ਹਨ। ਅਜਿਹੇ ਬੇਤੁਕੇ ਬਿਆਨ ਦੇਣ ਦੀ ਬਜਾਏ ਬਿਹਤਰ ਹੋਵੇਗਾ ਜੇਕਰ ਚੀਨ ਪੂਰਬੀ ਲੱਦਾਖ ਵਿੱਚ ਗਲਵਾਨ ਤੋਂ ਪਹਿਲਾਂ ਵਾਲੀ ਸਥਿਤੀ ਵਿੱਚ ਵਾਪਸ ਜਾਣ ਦੀ ਭਾਰਤ ਦੀ ਮੰਗ ਨੂੰ ਮੰਨ ਲਵੇ।

***

## ਸੁਪਰੀਮ ਕੋਰਟ ਵਲੋਂ ਪੰਜਾਬ

ਨੂੰ ਰੋਕਣ ਲਈ ਚੁੱਕੇ ਗਏ ਕਦਮਾਂ ਦੀ ਇਕ ਸੂਚੀ ਬਣਾ ਕੇ ਅਦਾਲਤ ਨੂੰ ਦੱਸਣ ਬਾਰੇ ਵੀ ਨਿਰਦੇਸ਼ ਦਿੱਤੇ ਹਨ। ਅਦਾਲਤ ਨੇ ਇਸ ਤੋਂ ਬਾਅਦ ਸਰਹੱਦ ਸੁਰੱਖਿਆ ਦਾ ਮੁੱਦਾ ਵੀ ਚੁੱਕਿਆ। ਅਦਾਲਤ ਨੇ ਕਿਹਾ ਕਿ ਪੰਜਾਬ ਇੱਕ ਸਰਹੱਦੀ ਸੂਬਾ ਹੈ ਤੇ ਜੇਕਰ ਕੋਈ ਦੇਸ਼ ਨੂੰ ਖਤਮ ਕਰਨਾ ਚਾਹੇਗਾ ਤਾਂ ਉਹ ਸਰਹੱਦ ਤੋਂ ਹੀ ਇਸ ਦੀ ਸ਼ੁਰੂਆਤ ਕਰੇਗਾ। ਸਰਕਾਰ ਵਲੋਂ ਸਰਹੱਦੀ ਸੁਰੱਖਿਆ ਸੰਬੰਧੀ ਵਿਸ਼ੇਸ਼ ਕਦਮ ਚੁੱਕਣੇ ਚਾਹੀਦੇ ਹਨ। ਜ਼ਿਕਰਯੋਗ ਹੈ ਕਿ ਸੁਪਰੀਮ ਕੋਰਟ ਪੰਜਾਬ ਤੇ ਹਰਿਆਣਾ ਹਾਈਕੋਰਟ ਦੇ ਸਤੰਬਰ 2020 ਦੇ ਇਕ ਆਦੇਸ਼ ਵਿਚੋਂ ਪੈਦਾ ਹੋਈ ਇਕ ਪਟੀਸ਼ਨ ਦੀ ਸੁਣਵਾਈ ਕਰ ਰਹੀ ਸੀ ਜਿਸ ਵਿਚ ਗੈਰ-ਕਾਨੂੰਨੀ ਸ਼ਰਾਬ ਦੇ ਉਤਪਾਦਨ, ਇਸ ਦੀ ਵਿਕਰੀ ਤੇ ਅੰਤਰਰਾਜੀ ਤਸਕਰੀ ਸੰਬੰਧੀ ਪੰਜਾਬ ਵਿਚ ਦਰਜ ਕੁਝ ਐਫ.ਆਈ.ਆਰ. ਨੂੰ ਸੀ.ਬੀ.ਆਈ. ਨੂੰ ਤਬਦੀਲ ਕਰਨ ਦੀ ਪਟੀਸ਼ਨ ਨੂੰ ਰੱਦ ਕਰ ਦਿੱਤਾ ਗਿਆ ਸੀ।ਅਦਾਲਤ ਨੇ ਮਾਮਲੇ ਦੀ ਅਗਲੀ ਸੁਣਵਾਈ 12 ਦਸੰਬਰ 'ਤੇ ਪਾ ਦਿੱਤੀ ਹੈ।

## ਆਸ਼ੀਸ਼ ਮਿਸ਼ਰਾ

ਅਗਲੀ ਸੁਣਵਾਈ 16 ਦਸੰਬਰ ਨੂੰ ਰੱਖੀ ਹੈ। ਕੇਂਦਰੀ ਮੰਤਰੀ ਦਾ ਪੁੱਤਰ ਆਸ਼ੀਸ਼ ਇਸ ਮਾਮਲੇ ਵਿਚ ਮੁੱਖ ਮੁਲਜਮ ਹੈ। ਬਾਕੀ 12 ਮੁਲਜਮਾਂ 'ਚ ਅੰਕਿਤ ਦਾਸ, ਨੰਦਨ ਸਿੰਘ ਬਿਸ਼ਟ, ਲਤੀਫ ਕਾਲੇ, ਸਤਿਅਮ ਉਰਫ ਸਤਿਆ ਪ੍ਰਕਾਸ਼ ਤ੍ਰਿਪਾਠੀ, ਸ਼ੇਖਰ ਭਾਰਤੀ, ਸੁਮਿਤ ਜੈਸਵਾਲ, ਆਸ਼ੀਸ਼ ਪਾਂਡੇ, ਲਵਕੁਸ਼ ਰਾਣਾ, ਸ਼ਿਸ਼ੂ ਪਾਲ, ਉਲਾਸ ਕੁਮਾਰ ਉਰਫ ਮੋਹਿਤ ਤ੍ਰਿਵੇਦੀ, ਰਿੰਕੂ ਰਾਣਾ ਤੇ ਧਰਮੇਂਦਰ ਬੰਜਾਰਾ ਸ਼ਾਮਲ ਹਨ। ਇਹ ਸਾਰੇ ਫਿਲਹਾਲ ਜੇਲ੍ਹ ਵਿਚ ਹਨ। 14ਵੇਂ ਮੁਲਜਮ ਵੀਰੇਂਦਰ ਸ਼ੁਕਲਾ ਜੋ ਕਿ ਜਮਾਨਤ ਉਤੇ ਬਾਹਰ ਹੈ, 'ਤੇ ਆਈਪੀਸੀ ਦੀ ਧਾਰਾ 201 ਲਾਈ ਗਈ ਹੈ। ਉਸ 'ਤੇ ਅਪਰਾਧ ਦੇ ਸਬੂਤ ਮਿਟਾਉਣ ਜਾਂ ਗਲਤ ਜਾਣਕਾਰੀ ਦੇਣ ਦਾ ਦੋਸ਼ ਹੈ। ਜ਼ਿਕਰਯੋਗ ਹੈ ਕਿ ਅਕਤੂਬਰ, 2021 ਨੂੰ ਲਖੀਮਪੁਰ ਦੇ ਤਿਕੁਨੀਆ ਵਿਚ ਹੋਈ ਹਿੰਸਾ 'ਚ 8 ਜਣੇ ਮਾਰੇ ਗਏ ਸਨ।

***

## ਸਾਬਕਾ ਰਾਸ਼ਟਰਪਤੀ ਟਰੰਪ ਦੀਆਂ ਮੁਸ਼ਕਿਲਾਂ ਵਧੀਆਂ,

ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਇਸ ਮਾਮਲੇ ਵਿਚ ਟਰੰਪ ਵਿਰੁੱਧ ਦੋਸ਼ ਨਹੀਂ ਲਾਏ ਗਏ ਸਨ ਤੇ ਮੁਕੱਦਮੇ ਦੀ ਸੁਣਵਾਈ ਦੌਰਾਨ ਉਹ ਅਦਾਲਤ ਵਿਚ ਪੇਸ਼ ਨਹੀਂ ਹੋਏ। ਬਚਾਅ ਪੱਖ ਦੇ ਵਕੀਲ ਸੂਚਨ ਨੈਕਲਸ ਨੇ ਕਿਹਾ ਹੈ ਕਿ ਸਬੂਤਾਂ ਤੋਂ ਸਾਬਤ ਹੁੰਦਾ ਹੈ ਕਿ ਟਰੰਪ ਮਾਮਲੇ ਵਿਚ ਸ਼ਾਮਿਲ ਨਹੀਂ ਹੈ। 8 ਔਰਤਾਂ ਤੇ 4 ਮਰਦਾਂ 'ਤੇ ਅਧਾਰਤ ਜਿਊਰੀ ਨੇ ਦੋ ਦਿਨ ਚੱਲੀ ਲੰਬੀ ਬਹਿਸ ਉਪਰੰਤ ਆਪਣਾ ਫੈਸਲਾ ਅਦਾਲਤ ਨੂੰ ਭੇਜ ਦਿੱਤਾ ਸੀ।

**

## ਲੋਕ ਸਾਹਿਤ ਸੰਗਮ ਰਾਜਪੁਰਾ ਪੰਜਾਬ ਦਾ ਸਤਵਾਂ

ਹਰਜਿੰਦਰ ਕੌਰ ਸੱਧਰ, ਹਰਜੀਤ ਸਿੰਘ ਸੱਧਰ, ਦਰਸ਼ਨ ਸਿੰਘ ਅਸ਼ਟ, ਪ੍ਰਮਿੰਦਰ ਸਿੰਘ ਪ੍ਰਵਾਨਾ, ਡਾ. ਗੁਰਮਿੰਦਰ ਸਿੱਧੂ, ਸਰਬਜੀਤ ਸਿੰਘ ਵਿਰਦੀ, ਡਾ. ਅਮਨਪ੍ਰੀਤ ਕੌਰ ਕੰਗ, ਸੁਰਿੰਦਰ ਕੌਰ ਬਾੜਾ, ਅਮਰਜੀਤ ਸਿੰਘ ਵੜੈਚ ਸਾਬਕਾ ਡਾਇਰੈਕਟਰ ਆਲ ਇੰਡੀਆ ਰੇਡੀਓ, ਕੀਰਤ ਸਿੰਘ ਤੱਪੀਆਂ, ਸੁਰਿੰਦਰ ਭੋਗਲ, ਸੰਤ ਸਿੰਘ ਸੋਹਲ, ਸੁਰਿੰਦਰ ਸੋਹਣਾ, ਅਮਰਜੀਤ ਸਿੰਘ ਮੋਰਿੰਡਾ, ਡਾ. ਗੁਰਵਿੰਦਰ ਅਮਨ ਆਦਿ।

ਪ੍ਰਧਾਨਗੀ ਅਤੇ ਧੰਨਵਾਦੀ ਸ਼ਬਦਾਂ ਵਿਚ ਅਜਾਇਬ ਸਿੰਘ ਚੱਠਾ ਨੇ ਕਿਹਾ ਕਿ ਦੇਸ਼ ਵਿਦੇਸ਼ ਤੋਂ ਆਏ ਸਾਹਿਤਕਾਰਾਂ ਦੇ ਉਦਮ ਦੀ ਸ਼ਲਾਘਾ ਕੀਤੀ ਜਾਂਦੀ ਹੈ। ਦੇਸ਼ ਵਿਦੇਸ਼ ਵਿਚ ਅਜਿਹੇ ਮਾਂ ਬੋਲੀ ਪੰਜਾਬੀ ਦੇ ਪ੍ਰਚਾਰ ਅਤੇ ਪ੍ਰਸਾਰ ਦੇ ਪ੍ਰੋਗਰਾਮ ਜਾਰੀ ਰਹਿਣੇ ਚਾਹੀਦੇ ਹਨ। ਬਲਦੇਵ ਸਿੰਘ ਪੁਰਾਣਾ ਵਲੋਂ ਮੰਚ ਸੰਚਾਲਨ ਬਾਖੂਬੀ ਨਿਭਾਇਆ ਗਿਆ। ਉਪਰੰਤ ਕੁਲਵੰਤ ਸਿੰਘ ਜੱਸਲ, ਅਵਤਾਰ ਪੁਆਰ, ਸ਼ਤਰੂਘਨ ਗੁਪਤਾ, ਸਨੀਤਾ ਰਾਣੀ, ਕੁਲਵੰਤ ਸ਼ਰਮਾ, ਕਰਨੈਲ ਸਿੰਘ ਪ੍ਰਵਾਨਾ, ਸੁਰੇਸ਼ ਕੱਕੜ ਅਤੇ ਸੰਗਮ ਦੇ ਸਮੂਹ ਮੈਂਬਰਾਂ ਦਾ ਭਰਪੂਰ ਯੋਗਦਾਨ ਰਿਹਾ।

***

## ਜਾਸੂਸ ਬਣੇਗੀ ਕਰੀਨਾ ਕਪੂਰ

ਸਟਾਰਾਂ ਨਾਲ ਕੰਮ ਕਰ ਚੁੱਕੀ ਹੈ ਪਰ ਜੈਦੀਪ ਅਹਿਲਾਵਤ ਅਤੇ ਵਿਜੈ ਵਰਮਾ ਦੇ ਨਾਲ ਕੰਮ ਕਰਨਾ ਉਹ ਆਪਣੀ ਜ਼ਿੰਦਗੀ ਦਾ ਵਧੀਆ ਫ਼ੈਸਲਾ ਮੰਨਦੀ ਹੈ।

ਕਰੀਨਾ ਦਾ ਕਹਿਣਾ ਹੈ ਕਿ ਬੇਸ਼ੱਕ ਦੋਵੇਂ ਕਲਾਕਾਰ ਨਵੇਂ ਹਨ ਪਰ ਐਕਟਿੰਗ ਦੇ ਮਾਮਲੇ ਵਿਚ ਇਨ੍ਹਾਂ ਦੋਵੇਂ ਅਸਲ ਅਦਾਕਾਰਾਂ ਕੋਲੋਂ ਕਾਫ਼ੀ ਕੁਝ ਸਿੱਖਿਆ ਜਾ ਸਕਦਾ ਹੈ। ਕਰੀਨਾ ਕਪੂਰ ਓ.ਟੀ.ਟੀ. ਨੂੰ ਇਕ ਬਦਲਾਅ ਦੇ ਤੌਰ 'ਤੇ ਦੇਖਦੀ ਹੈ। ਉਸ ਦਾ ਕਹਿਣਾ ਹੈ ਕਿ ਬੇਸ਼ੱਕ ਇਹ ਇਕ ਬਦਲਾਅ ਹੈ ਪਰ ਇਹ ਬਦਲਾਅ ਚੰਗੇ ਲਈ ਆਇਆ ਹੈ। ਕਰੀਨਾ ਕਪੂਰ ਨੇ ਲੰਮੇ ਸਮੇਂ ਤੱਕ ਸ਼ਾਹਿਦ ਕਪੂਰ ਨੂੰ ਡੇਟ ਕਰਨ ਤੋਂ ਬਾਅਦ 2012 ਵਿਚ ਸੈਫ਼ ਅਲੀ ਖਾਨ ਨਾਲ ਵਿਆਹ ਕੀਤਾ ਸੀ। ਅੱਜ ਕਰੀਨਾ ਦੀ ਵਿਆਹੁਤਾ ਜ਼ਿੰਦਗੀ ਨੂੰ ਪੂਰਾ ਇਕ ਦਹਾਕਾ ਹੋ ਚੁੱਕਾ ਹੈ। ਉਹ ਇਕ ਬੀਵੀ ਹੋਣ ਦੇ ਨਾਲ-ਨਾਲ ਦੋ ਬੱਚਿਆਂ ਤੈਮੂਰ ਅਤੇ ਜਹਾਂਗੀਰ ਦੀ ਮਾਂ ਵੀ ਹੈ।

ਕਰੀਨਾ ਨੇ ਹਾਲ ਹੀ ਵਿਚ ਇਕ ਇੰਟਰਵਿਊ ਦੌਰਾਨ ਦੱਸਿਆ ਸੀ ਕਿ ਜਿਸ ਸਮੇਂ ਉਨ੍ਹਾਂ ਨੇ ਸੈਫ਼ ਨਾਲ ਵਿਆਹ ਕੀਤਾ ਸੀ, ਲੋਕ ਕਹਿ ਰਹੇ ਸਨ ਕਿ ਮੈਨੂੰ ਇਹ ਵਿਆਹ ਨਹੀਂ ਸੀ ਕਰਨਾ ਚਾਹੀਦਾ ਕਿਉਂਕਿ ਵਿਆਹ ਤੋਂ ਬਾਅਦ ਮੇਰਾ ਕਰੀਅਰ ਖ਼ਤਮ ਹੋ ਜਾਵੇਗਾ ਪਰ ਵਿਆਹ ਤੋਂ ਬਾਅਦ ਵੀ ਕਰੀਨਾ ਦਾ ਕਰੀਅਰ ਅੱਜ ਵੀ ਪਹਿਲਾਂ ਦੀ ਤਰ੍ਹਾਂ ਚਲ ਰਿਹਾ ਹੈ। ਕਰੀਨਾ ਦਾ ਕਹਿਣਾ ਹੈ ਕਿ ਵਿਆਹ ਨੂੰ ਲੈ ਕੇ ਉਸ ਦੀ ਕੋਈ ਬਲਿਊ ਪ੍ਰਿੰਟ ਯੋਜਨਾ ਨਹੀਂ ਸੀ। ਉਨ੍ਹਾਂ ਨੇ ਤਾਂ ਬਸ ਉਹੀ ਕੀਤਾ ਜੋ ਉਹ ਕਰਨਾ ਚਾਹੁੰਦੀ ਸੀ।

ਬਾਲਾਜੀ ਟੈਲੀ ਫ਼ਿਲਮਜ਼ ਦੀ ਹੰਸਲ ਮਹਿਤਾ ਦੇ ਨਿਰਦੇਸ਼ਨ ਵਿਚ ਉਹ ਇਕ ਫ਼ਿਲਮ ਕਰ ਰਹੀ ਹੈ। ਇਸ ਵਿਚ ਉਹ ਇਕ ਜਾਸੂਸ ਦਾ ਕਿਰਦਾਰ ਨਿਭਾਅ ਰਹੀ ਹੈ। ਕਰੀਨਾ ਕਪੂਰ ਇਸ ਫ਼ਿਲਮ ਦੀ ਸਹਿ-ਨਿਰਮਾਤਾ ਵੀ ਹੈ। ਏਕਤਾ ਕਪੂਰ ਨਾਲ ਬਤੌਰ ਪ੍ਰੋਡਿਊਸਰ ਕੰਮ ਕਰਦੇ ਹੋਏ ਖ਼ੁਦ ਨੂੰ ਸਨਮਾਨਿਤ ਮਹਿਸੂਸ ਕਰ ਰਹੀ ਹੈ।

***

## ਐਗਜ਼ਿਟ ਪੋਲ 2022 :

ਰਾਜਨੀਤਕ ਸੱਤਾ ਦੀ ਲੁੱਟ ਅਤੇ ਧੌਂਸ ਤੋਂ ਡਰਦੇ ਸਨ, ਉਨ੍ਹਾਂ ਦੇਸ਼ ਛੱਡਣਾ ਹੀ ਬਿਹਤਰ ਸਮਝਿਆ।

ਦੂਜੀ ਹਕੀਕਤ ਇਹ ਹੈ ਕਿ ਦੇਸ਼ ਦੇ ਅੱਠ ਵੱਡੇ ਸੈਕਟਰ ਜਿਹੜੇ ਬੈਂਕ, ਸਨਅਤਾਂ ਤੋਂ ਲੈ ਕੇ ਖੇਤੀਬਾੜੀ ਨਾਲ ਜੁੜੇ ਹੋਏ ਹਨ, ਖ਼ਜ਼ਾਨਾ ਖ਼ਾਲੀ ਹੋਣ ਕਰ ਕੇ ਮਰਨ ਕੰਢੇ ਹਨ ਅਤੇ ਇਹ ਦੇਰ ਸਵੇਰ ਵੱਡੇ ਧਨਾਢਾਂ ਹਵਾਲੇ ਕਰ ਦਿੱਤੇ ਜਾਣਗੇ। ਇਨ੍ਹਾਂ ਲਈ ਰੇਲਵੇ ਤੋਂ ਲੈ ਕੇ ਹਵਾਈ ਅੱਡਿਆਂ ਤੱਕ ਵੀ ਵੇਚ ਦਿੱਤੇ ਗਏ ਹਨ। ਇੱਕ ਪਾਸੇ ਡਬਲ ਇੰਜਣ ਸਰਕਾਰ ਅਮੀਰਾਂ ਦੀ ਆਮਦਨ ਵਿਚ ਵਾਧਾ ਕਰ ਰਹੀ ਹੈ, ਦੂਜੇ ਪਾਸੇ ਦੇਸ਼ ਦੇ ਲੋਕਾਂ ਦੀ ਹਾਲਤ ਇਹ ਹੈ ਕਿ ਭੁੱਖਮਰੀ ਵਿਚ ਭਾਰਤ ਦਾ ਸਥਾਨ 107ਵਾਂ ਹੋ ਗਿਆ ਹੈ। ਮਨੁੱਖੀ ਵਿਕਾਸ ਇੰਡੈਕਸ 'ਚ ਭਾਰਤ 131ਵੇਂ ਸਥਾਨ 'ਤੇ ਹੈ। ਆਰਥਿਕ ਅਜ਼ਾਦੀ ਦਾ ਅੰਕ 127ਵਾਂ ਹੈ, ਖ਼ੁਸ਼ੀ ਤੇ ਖ਼ੁਸ਼ਹਾਲੀ ਦਾ ਸਥਾਨ ਦੁਨੀਆ ਭਰ 'ਚ 136ਵੇਂ ਹੈ। ਇਹ ਦ੍ਰਿਸ਼ ਦਰਸਾਉਂਦੇ ਹਨ ਕਿ ਇਕ ਪਾਸੇ ਸਿਆਸਤਦਾਨਾਂ ਦੀ ਛਤਰ ਛਾਇਆ ਹੇਠ ਅਮੀਰਾਂ ਲਈ ਅੰਬਾਰ ਲੱਗੇ ਹੋਏ ਹਨ, ਦੂਜੇ ਪਾਸੇ ਕਰੋੜਾਂ ਲੋਕ ਭੁੱਖਮਰੀ ਦਾ ਸ਼ਿਕਾਰ ਹਨ ਅਤੇ ਬਹੁਤ ਸਾਰੇ ਸਿੱਖਿਆ ਤੇ ਰੁਜ਼ਗਾਰ ਦੀ ਅਣਹੋਂਦ ਕਰ ਕੇ ਅਣਮਨੁੱਖੀ ਜੀਵਨ ਬਸਰ ਕਰ ਰਹੇ ਹਨ।

ਇਹ ਚੋਣ ਮੌਜੂਦਾ ਪ੍ਰਧਾਨ ਮੰਤਰੀ ਲਈ ਸਿਰਧੜ ਦੀ ਬਾਜ਼ੀ ਲਾਉਣ ਬਰਾਬਰ ਸੀ ਕਿਉਂਕਿ 2024 ਵਾਲੀਆਂ ਲੋਕ ਸਭਾ ਚੋਣਾਂ ਲਈ ਉਨ੍ਹਾਂ ਦਾ ਚਿਹਰਾ ਭਾਜਪਾ ਅਤੇ ਕਾਰਪੋਰੇਟ ਘਰਾਣਿਆਂ ਲਈ ਜ਼ਰੂਰੀ ਹੈ। ਇਸ ਕਰ ਕੇ ਰਾਸ਼ਟਰੀ ਸਵੈਮਸੇਵਕ ਸੰਘ ਦੇ ਹਰ ਕਾਰਕੁਨ ਤੋਂ ਲੈ ਕੇ ਪਾਰਟੀ ਲੀਡਰਸ਼ਿਪ ਤੱਕ ਗੁਜਰਾਤ ਦੀਆਂ ਗਲੀਆਂ ਵਿਚ ਵਿਚਰੀ।

## ਜ਼ੁੰਮੇਵਾਰੀ ਦਾ ਅਹਿਸਾਸ...

ਸ੍ਰਿਸ਼ਟੀ ਦੀ ਚਾਦਰ, ਜਗਤ ਦੀ ਚਾਦਰ, ਹਿੰਦ ਦੀ ਚਾਦਰ ਅਤੇ ਮਨੁੱਖ ਅਧਿਕਾਰਾਂ ਦੇ ਰਾਖੇ ਕਿਹਾ ਜਾਂਦਾ ਹੈ।ਗੁਰੂ ਜੀ ਦਾ ਇਕ ਦਰਬਾਰੀ ਕਵੀ ਸੈਨਾਪਤਿ ਦੱਸਦਾ ਹੈ :

ਪ੍ਰਗਟ ਭਏ ਗੁਰ ਤੇਗ ਬਹਾਦਰ।
ਸਗਲ ਸ੍ਰਿਸਟਿ ਪੈ ਢਾਪੀ ਚਾਦਰ।
ਕਰਮ ਧਰਮ ਕੀਂ ਜਿਨ ਪਤਿ ਰਾਖੀ।
ਅਟਲ ਕਰੀ ਕਲਜੁਗ ਮੈਂ ਸਾਖੀ।
ਸਗਲ ਸ੍ਰਿਸਟਿ ਜਾ ਕਾ ਜਸ ਭਯੋ।
ਜਿਹ ਤੇ ਸਰਬ ਧਰਮ ਬੰਚਯੋ।

ਗੁਰੂ ਤੇਗ਼ ਬਹਾਦਰ ਜੀ ਤੋਂ ਬਾਅਦ ਉਨ੍ਹਾਂ ਦੇ ਉੱਤਰ ਅਧਿਕਾਰੀ ਗੁਰੂ ਗੋਬਿੰਦ ਸਿੰਘ ਜੀ ਨੇ ਬਾਦਸ਼ਾਹ ਔਰੰਗਜ਼ੇਬ ਦੇ ਜ਼ੁਲਮ ਦਾ ਟਾਕਰਾ ਕਰਨ ਲਈ ਵਿਸ਼ੇਸ਼ ਤੌਰ 'ਤੇ ਕਾਰਜ ਅਰੰਭ ਕਰ ਦਿੱਤੇ ਸਨ। ਆਮ ਲੋਕਾਂ ਨੂੰ ਹਕੂਮਤ ਦੇ ਜ਼ੁਲਮ ਤੋਂ ਬਚਾਉਣ ਲਈ ਗੁਰੂ ਜੀ ਨੇ ਸਾਹਿਤ ਅਤੇ ਖ਼ਾਲਸਾ ਪੰਥ ਦੀ ਸਿਰਜਣਾ ਕੀਤੀ ਸੀ। ਇਸ ਕਾਰਜ ਵਿਚ ਸੈਂਕੜੇ ਸਿੰਘਾਂ, ਮਾਤਾ ਗੁਜਰੀ ਜੀ ਅਤੇ ਗੁਰੂ ਜੀ ਦੇ ਚਾਰੇ ਸਾਹਿਬਜ਼ਾਦੇ ਸ਼ਹੀਦ ਹੋ ਗਏ ਸਨ। ਗੁਰੂ ਜੀ ਹਰ ਹਾਲ ਜ਼ੁਲਮ ਦਾ ਖ਼ਾਤਮਾ ਕਰਨ ਅਤੇ ਆਮ ਲੋਕਾਂ ਦੇ ਸਵੈਮਾਣ ਭਰਪੂਰ ਵਾਲੀ ਜੀਵਨ ਜਾਚ ਕਾਇਮ ਕਰਨ ਵਿਚ ਲੱਗੇ ਰਹੇ। ਇਸ ਕਰਕੇ ਜਦੋਂ ਉਹ ਦੱਖਣ ਵਿਚ ਪਹੁੰਚੇ ਤਾਂ ਉਨ੍ਹਾਂ ਨੇ ਮਾਧੋ ਦਾਸ ਨੂੰ ਬੰਦਾ ਸਿੰਘ ਬਹਾਦਰ ਬਣਾ ਕੇ ਪੰਜਾਬ ਵੱਲ ਤੋਰਿਆ ਸੀ ਜਿਸ ਨੇ ਅਜਿੱਤ ਸਮਝੀ ਜਾਣ ਵਾਲੀ ਹਕੂਮਤ ਦੀਆਂ ਜੜ੍ਹਾਂ ਪੁੱਟ ਦਿੱਤੀਆਂ ਸਨ।

ਸਰਹਿੰਦ ਦੇ ਚਲੇ ਜਾਣ ਉਪਰੰਤ ਮੁਗ਼ਲ ਹਕੂਮਤ ਇਸ ਦੇਸ਼ ਵਿਚ ਸਥਿਰ ਨਹੀਂ ਰਹਿ ਸਕੀ ਸੀ ਅਤੇ ਅਖ਼ੀਰ ਹੌਲੀ-ਹੌਲੀ ਅੰਗਰੇਜ਼ ਇੱਥੇ ਆ ਕੇ ਕਾਬਜ਼ ਹੋ ਗਏ ਸਨ ਜਿਨ੍ਹਾਂ ਨੇ ਲਗਭਗ 200 ਸਾਲ ਇਸ ਦੇਸ਼ 'ਤੇ ਰਾਜ ਕੀਤਾ ਸੀ। ਜਦੋਂ ਆਮ ਲੋਕਾਂ ਨੂੰ ਇਸ ਗੱਲ ਦਾ ਅਹਿਸਾਸ ਹੋਇਆ ਕਿ ਇਹ ਹਕੂਮਤ ਵੀ ਉਹਨਾਂ ਨੂੰ ਗ਼ੁਲਾਮ ਸਮਝਦੀ ਹੈ ਤਾਂ ਗੁਰੂ ਸਾਹਿਬਾਨ ਦੇ ਸੰਦੇਸ਼ ਅਨੁਸਾਰ ਜੀਵਨ ਬਸਰ ਕਰਨ ਵਾਲੀ ਕੌਮ ਫਿਰ ਅੱਗੇ ਆਈ। ਇਸ ਦੇਸ਼ ਦੀ ਅਜ਼ਾਦੀ ਵਿਚ ਦੇਸ਼ ਦੀ ਸਭ ਤੋਂ ਘੱਟ-ਗਿਣਤੀ ਦਾ ਸਭ ਤੋਂ ਵਧੇਰੇ ਯੋਗਦਾਨ ਮੰਨਿਆ ਜਾ ਰਿਹਾ ਹੈ।

ਭਾਰਤ ਦੀ ਅਜ਼ਾਦੀ ਉਪਰੰਤ ਜਦੋਂ ਵੀ ਇਸ ਦੇਸ਼ ਵਿਚ ਕੋਈ ਸੰਕਟ ਆਇਆ ਤਾਂ ਪੰਜਾਬ ਦੇ ਲੋਕਾਂ ਨੂੰ ਸਭ ਤੋਂ ਪਹਿਲਾਂ ਆਪਣੀ ਜ਼ਿੰਮੇਵਾਰੀ ਦਾ ਅਹਿਸਾਸ ਹੋਇਆ ਹੈ। ਦੇਸ਼ ਵਿਚ ਐਮਰਜੈਂਸੀ ਲਗਾਈ ਗਈ ਤਾਂ ਇਸ ਨੂੰ ਆਮ ਲੋਕਾਂ ਦੇ ਅਧਿਕਾਰਾਂ ਵਿਚ ਰੁਕਾਵਟ ਸਮਝਿਆ ਗਿਆ ਅਤੇ ਇਸ ਸੰਦਰਭ ਵਿਚ ਸਭ ਤੋਂ ਵਧੇਰੇ ਪ੍ਰਭਾਵਸ਼ਾਲੀ ਅਵਾਜ਼ ਪੰਜਬ ਦੇ ਲੋਕਾਂ ਵੱਲੋਂ ਉਠਾਈ ਗਈ। ਹਜ਼ਾਰਾਂ ਅਕਾਲੀ ਵਰਕਰ ਜੇਲ੍ਹਾਂ ਵਿਚ ਡੱਕ ਦਿੱਤੇ ਗਏ ਅਤੇ ਕਈਆਂ ਉੱਤੇ ਭਾਰੀ ਤਸ਼ੱਦਦ ਹੋਇਆ। ਭਾਰਤ 'ਤੇ ਹਕੂਮਤ ਕਰ ਰਹੀ ਜਮਾਤ ਨੂੰ ਅਕਾਲੀਆਂ ਦੁਆਰਾ ਕੀਤਾ ਗਿਆ ਵਿਰੋਧ ਹਮੇਸ਼ਾ ਰੜਕਦਾ ਰਿਹਾ ਜਿਸ ਦੇ ਸਿੱਟੇ ਵੱਜੋਂ ਵੀ 1984 ਦਾ ਘਟਨਾਕ੍ਰਮ ਦੇਖਿਆ ਜਾ ਸਕਦਾ ਹੈ।

ਮੌਜੂਦਾ ਸਮੇਂ ਵਿਚ ਕਿਸਾਨ ਅੰਦੋਲਨ ਸਭ ਨੇ ਦੇਖਿਆ ਹੈ। ਭਾਰਤ ਸਰਕਾਰ ਦੁਆਰਾ ਖੇਤੀ ਲਈ ਬਣਾਏ ਗਏ ਬਿਲਾਂ ਨੂੰ ਕਿਸਾਨ ਵਿਰੋਧੀ ਸਮਝਿਆ ਗਿਆ ਪਰ ਪੰਜਾਬ ਦੇ ਕਿਸਾਨਾਂ ਤੋਂ ਪਹਿਲਾਂ ਕਿਸੇ ਨੇ ਵੀ ਇਸ ਵਿਰੁੱਧ ਅਵਾਜ਼ ਨਹੀਂ ਉਠਾਈ। ਜਦੋਂ ਪੰਜਾਬ ਦੇ ਕਿਸਾਨ ਦਿੱਲੀ ਵੱਲ ਹੋ ਤੁਰੇ ਤਾਂ ਹਰਿਆਣਾ, ਯੂ.ਪੀ ਅਤੇ ਭਾਰਤ ਦੇ ਹੋਰਨਾਂ ਰਾਜਾਂ ਵਿਚੋਂ ਵੀ ਕਿਸਾਨੀ ਅੰਦੋਲਨ ਦੀਆਂ ਲਹਿਰਾਂ ਦਿਖਾਈ ਦੇਣ ਲੱਗੀਆਂ। ਦਿੱਲੀ ਦੀਆਂ ਬਰੂਹਾਂ 'ਤੇ ਚੱਲੇ ਇਸ ਅੰਦੋਲਨ ਦੀ ਸਭ ਤੋਂ ਪ੍ਰਭਾਵਸ਼ਾਲੀ ਅਵਾਜ਼ ਗੁਰੂ ਸਾਹਿਬਾਨ ਦੀ ਸਿੱਖਿਆ ਅਤੇ ਸੰਦੇਸ਼ 'ਤੇ ਚੱਲਣ ਵਾਲੇ ਪੰਜਾਬ ਦੇ ਲੋਕਾਂ ਰਾਹੀਂ ਸਾਹਮਣੇ ਆਈ ਤਾਂ ਭਾਰਤ ਸਰਕਾਰ ਨੂੰ ਆਪਣੇ ਤਿਆਰ ਕੀਤੇ ਬਿਲ ਵਾਪਸ ਲੈਣੇ ਪਏ।

ਗੁਰੂ ਸਾਹਿਬਾਨ ਵੱਲੋਂ ਪ੍ਰਗਟ ਕੀਤਾ ਗਿਆ ਜ਼ਿੰਮੇਵਾਰੀ ਦਾ ਅਹਿਸਾਸ ਸੱਚਾਈ ਦੇ ਮਾਰਗ 'ਤੇ ਚੱਲਣ ਦੀ ਪ੍ਰੇਰਨਾ ਪੈਦਾ ਕਰਦਾ ਹੈ ਜਿਸ ਵਿਚੋਂ ਪ੍ਰਭੂ-ਮੁਖੀ ਸਰਬੱਤ ਦੇ ਭਲੇ ਦੀ ਭਾਵਨਾ ਪੈਦਾ ਹੁੰਦੀ ਹੈ ਅਤੇ ਜਿਹੜਾ ਵੀ ਇਸ ਦਿਸ਼ਾ ਵਿਚ ਕਾਰਜ ਕਰਦਾ ਹੈ ਉਹ ਆਪਣੇ ਆਪ ਗੁਰੂ ਸਾਹਿਬਾਨ ਦੁਆਰਾ ਦਰਸਾਏ ਗਏ ਮਾਰਗ ਦਾ ਧਾਰਨੀ ਬਣ ਜਾਂਦਾ ਹੈ।

## ਲੋਕ-ਹਿਤੈਸ਼ੀ ਪੱਤਰਕਾਰਤਾ

ਅਸਲ ਪੱਤਰਕਾਰ, ਜਿਹੜੇ ਅਸਲ ਅਰਥਾਂ 'ਚ ਲੋਕ ਅਜ਼ਾਦੀ ਘੁਲਾਟੀਏ ਹਨ, ਉਹ ਤਾਂ ਇਨ੍ਹਾਂ ਸਹੂਲਤਾਂ ਵੱਲ ਮੂੰਹ ਵੀ ਨਹੀਂ ਕਰਦੇ।

ਇੱਕ ਨਜ਼ਰ ਪੰਜਾਬੀ ਅਖ਼ਬਾਰਾਂ ਅਤੇ ਪੰਜਾਬੀ ਪੱਤਰਕਾਰੀ ਦੇ ਇਤਿਹਾਸ ਵੱਲ ਮਾਰਦਿਆਂ ਵੇਖਦੇ ਹਾਂ ਕਿ ਦੇਸ਼ ਭਗਤ, ਲੋਕ-ਪੱਖੀ ਲੋਕਾਂ ਨੇ ਆਪਣੇ ਘਰ-ਵਾਰ ਉਜਾੜਕੇ, ਜਾਨ ਜ਼ੋਖ਼ਮ 'ਚ ਪਾ ਕੇ ਅਖ਼ਬਾਰਾਂ ਚਲਾਈਆਂ। ਪੱਤਰਕਾਰੀ ਕੀਤੀ, ਲੋਕ ਸੰਘਰਸ਼ਾਂ 'ਚ ਵੱਡਾ ਯੋਗਦਾਨ ਪਾਇਆ। ਅੱਜ ਵੀ ਇਹੋ ਜਿਹੀਆਂ ਦੇਸ਼, ਵਿਦੇਸ਼ 'ਚ ਕੰਮ ਕਰਦੀਆਂ ਅਖ਼ਬਾਰਾਂ, ਪੱਤਰਕਾਰਾਂ ਦੀ ਕਮੀ ਨਹੀਂ ਹੈ।

ਆਮ ਤੌਰ 'ਤੇ ਕਿਹਾ ਜਾਂਦਾ ਹੈ ਕਿ ਅਤੇ ਕੁਝ ਲੋਕ ਇਹ ਦਾਅਵਾ ਵੀ ਕਰਦੇ ਹਨ ਕਿ ਉਹ ਨਿਰਪੱਖ ਪੱਤਰਕਾਰੀ ਕਰਦੇ ਹਨ। ਅਸਲ 'ਚ ਨਿਰਪੱਖ ਪੱਤਰਕਾਰੀ ਜਾਂ ਪੱਤਰਕਾਰ ਤਾਂ ਹੁੰਦੇ ਹੀ ਨਹੀਂ, ਉਹ ਲੋਕ-ਹਿਤੈਸ਼ੀ ਪੱਤਰਕਾਰ ਹੁੰਦੇ ਹਨ ਜਾਂ ਲੋਕ-ਵਿਰੋਧੀ ਪੱਤਰਕਾਰ, ਅੱਜ ਦਾ ਗੋਦੀ ਮੀਡੀਆ 'ਲੋਕ ਵਿਰੋਧੀ ਪੱਤਰਕਾਰੀ' ਦੀ ਵੱਡੀ ਉਦਾਹਰਨ ਹੈ, ਜੋ ਸਰਕਾਰ ਦਾ ਡੰਕਾ ਵਜਾਉਂਦਾ ਹੈ, ਧੰਨ ਕੁਬੇਰਾਂ ਲਈ ਖੜਦਾ ਹੈ ਅਤੇ ਲੋਕ-ਹਿਤੈਸ਼ੀ ਪੱਤਰਕਾਰ 'ਕਿਸਾਨ, ਲੋਕ ਅੰਦੋਲਨ, ਮਜ਼ਦੂਰ, ਵਿਦਿਆਰਥੀ ਅੰਦੋਲਨਾਂ ਦੀ ਅਵਾਜ਼ ਬਣਦਾ ਹੈ, ਮਹਿੰਗਾਈ, ਭ੍ਰਿਸ਼ਟਾਚਾਰ, ਕੁਨਬਾਪਰਵਰੀ ਵਿਰੁੱਧ ਲੋਕਾਂ ਨੂੰ ਲਾਮਬੰਦ ਕਰਨ ਲਈ ਅਵਾਜ਼ ਉਠਾਉਂਦਾ ਹੈ। ਇਹੋ ਜਿਹੇ ਲੋਕਾਂ ਦੀਆਂ ਮੁਸ਼ਕਲਾਂ ਤਾਂ ਅਵੱਲੀਆਂ ਹੀ ਹੋਣਗੀਆਂ।

ਪਹਿਲਾ ਆਪਣੀ ਹੋਂਦ ਬਚਾਉਣ ਦਾ ਮਸਲਾ, ਆਪ ਨੂੰ ਤੇ ਆਪਣੇ ਪਰਿਵਾਰ ਨੂੰ ਪਾਲਣ ਦਾ ਮਸਲਾ, ਆਪਣੀ ਅਜ਼ਾਦੀ ਬਰਕਰਾਰ ਰੱਖਣ ਦਾ ਮਸਲਾ, ਇਹ ਪੱਤਰਕਾਰ ਭਾਵੇਂ ਕਿਸੇ ਅਖ਼ਬਾਰ ਲਈ ਕੰਮ ਕਰਨ ਵਾਲੇ ਜ਼ਮੀਨੀ ਪੱਤਰਕਾਰ ਹੋਣ, ਸੋਸ਼ਲ ਮੀਡੀਆ ਲਈ ਕੰਮ ਕਰਨ ਵਾਲੇ ਕਾਰਕੁੰਨ ਹੋਣ, ਵੱਡੀਆਂ ਅਖ਼ਬਾਰਾਂ ਲਈ ਕੰਮ ਕਰਨ ਵਾਲੇ ਪੱਤਰਕਾਰ ਹੋਣ ਜਾਂ ਆਪਣਾ ਸਭ ਕੁਝ ਦਾਅ 'ਤੇ ਲਾ ਕੇ ਲੋਕ ਅਵਾਜ਼ ਬੁਲੰਦ ਕਰਨ ਵਾਲੇ ਨਿੱਜੀ ਅਖ਼ਬਾਰਾਂ ਚਲਾਉਣ ਵਾਲੇ ਮੀਡੀਆ ਹਾਊਸ, ਹਫ਼ਤਾਵਾਰੀ ਅਖ਼ਬਾਰਾਂ ਹੋਣ, ਇਨ੍ਹਾਂ ਸਭਨਾਂ ਨੂੰ ਆਰਥਿਕ ਤੰਗੀ ਤਾਂ ਝੱਲਣੀ ਹੀ ਪੈਂਦੀ ਹੈ, ਨਾਲ ਦੀ ਨਾਲ ਸਰਕਾਰਾਂ, ਹਾਕਮਾਂ ਦਾ ਵਿਰੋਧ ਵੀ ਸਹਿਣਾ ਪੈਂਦਾ ਹੈ। ਇਹਨਾ ਅਖ਼ਬਾਰਾਂ, ਮੀਡੀਆਂ ਹਾਊਸਾਂ ਨੂੰ ਸਰਕਾਰੀ ਇਸ਼ਤਿਹਾਰ ਨਹੀਂ ਮਿਲਦੇ। ਸਰਕਾਰੀ ਸਹੂਲਤਾਂ ਨਹੀਂ ਮਿਲਦੀਆਂ। ਸਰਕਾਰੇ-ਦਰਬਾਰੇ ਮਿਲਣ ਵਾਲੇ ਕਥਿਤ ਸਨਮਾਨ ਤੋਂ ਉਹ ਵਿਰਵੇ ਰਹਿੰਦੇ ਹਨ। ਅਫ਼ਸਰਾਂ-ਹਾਕਮਾਂ ਦੀ ਕਿਉਂਕਿ ਉਹ ਜੀਅ ਹਜ਼ੂਰੀ ਨਹੀਂ ਕਰਦੇ, ਇਸ ਕਰਕੇ 'ਸਰਕਾਰੀ ਖਾਨਿਆਂ' 'ਚ ਉਨ੍ਹਾਂ ਦੀ ਕੋਈ ਥਾਂ ਨਹੀਂ ਹੁੰਦੀ।

ਪ੍ਰਿੰਟ ਮੀਡੀਆ, ਇਲੈਕਟ੍ਰੋਨਿਕ ਮੀਡੀਆ ਅਤੇ ਨਿਊਏਜ਼ ਮੀਡੀਆ, ਜਿਸ ਵਿੱਚ ਵੈੱਬ ਸਰੀਜ਼ ਆਦਿ ਸ਼ਾਮਲ ਹਨ, ਵਿੱਚ ਇਨ੍ਹਾਂ ਦਿਨਾਂ 'ਚ 'ਪੇਡ ਨਿਊਜ਼' ਦੀ ਭਰਮਾਰ ਹੋਣ ਲੱਗੀ ਹੈ, ਜਿਸਨੇ ਲੋਕਤੰਤਰ ਦੇ ਥੰਮ ਪੱਤਰਕਾਰਾਂ ਲਈ ਨਵੇਂ ਚੈਲਿੰਜ ਪੈਦਾ ਕੀਤੇ ਹਨ। ਸਿਆਸੀ ਪਾਰਟੀਆਂ ਖ਼ਾਸ ਕਰਕੇ ਚੋਣਾਂ 'ਚ ਆਪਣਾ ਪੱਖ ਦੱਸਣ ਲਈ ਪੇਡ ਨਿਊਜ਼ ਦੀ ਹਾਕਮ ਧਿਰ ਇਸ਼ਤਿਹਾਰਾਂ ਰਾਹੀਂ ਲੋਕਾਂ ਨੂੰ ਪ੍ਰਭਾਵਿਤ ਕਰਨ ਹਿੱਤ ਵਰਤੋਂ ਕਰਦੇ ਹਨ, ਜੋ ਅੱਜ ਦੇ ਮੀਡੀਆ ਯੁੱਗ 'ਚ ਇੱਕ ਵੱਡਾ ਚੈਲਿੰਜ ਬਣ ਰਿਹਾ ਹੈ। ਇਸ ਤੋਂ ਵੀ ਉਪਰ ਇਹ ਗੱਲ ਵੇਖਣ ਲਈ ਮਿਲ ਰਹੀ ਹੈ ਕਿ ਧੰਨ ਕੁਬੇਰਾਂ ਦਾ ਮੀਡੀਆ ਉਤੇ ਗਲਬਾ ਪੈਂਦਾ ਜਾ ਰਿਹਾ ਹੈ, ਜਿਹੜੇ ਕਿ ਇਕੱਲੇ ਇਕਹਰੇ ਅਖ਼ਬਾਰਾਂ, ਚੈਨਲਾਂ 'ਤੇ ਕੰਟਰੋਲ ਕਰਦੇ ਹਨ ਅਤੇ ਲੋਕ-ਹਿਤਾਂ ਨੂੰ ਛਿੱਕੇ ਟੰਗਕੇ ਆਪਣੇ ਹਿੱਤਾਂ ਦੀ ਪੂਰਤੀ ਵਾਲੀ ਪੱਤਰਕਾਰੀ ਨੂੰ ਉਤਸ਼ਾਹਿਤ ਕਰਦੇ ਹਨ।

ਇਹੋ ਜਿਹੀਆਂ ਹਾਲਤਾਂ ਵਿੱਚ ਪੱਤਰਕਾਰਾਂ ਦੀਆਂ ਮੁਸ਼ਕਲਾਂ ਨਿੱਤ ਦਿਹਾੜੇ ਵਧਦੀਆਂ ਜਾ ਰਹੀਆਂ ਹਨ ਅਤੇ ਇਹਨਾ ਮੁਸ਼ਕਲਾਂ ਦੇ ਚਲਦਿਆਂ ਪੱਤਰਕਾਰੀ ਦੇ ਪਵਿੱਤਰ ਕਾਰਜ ਨੂੰ ਨੇਪਰੇ ਚਾੜ੍ਹਨ ਵਾਲੇ ਲੋਕ-ਹਿਤੈਸ਼ੀ ਪੱਤਰਕਾਰਾਂ ਦੀ ਨਫ਼ਰੀ ਘੱਟਦੀ ਜਾ ਰਹੀ ਹੈ। ਜਦਕਿ ਸਿਆਸੀ ਸੌੜੀ ਸੋਚ, ਧੱਕੇਸ਼ਾਹੀ, ਸਰਮਾਏਦਾਰੀ ਗਲਬੇ ਦੇ ਵਧਦੇ ਪ੍ਰਭਾਵ ਕਾਰਨ ਪੈਦਾ ਹੋਏ ਹਾਲਤਾਂ 'ਚ ਸੱਚੀ-ਸੁੱਚੀ ਪੱਤਰਕਾਰਤਾ ਦੀ ਅੱਜ ਭਾਰਤ ਮਹਾਨ ਨੂੰ ਵੱਡੀ ਲੋੜ ਹੈ।

***

## ਸ਼੍ਰੋਮਣੀ ਕਮੇਟੀ ਵਲੋਂ ਯੂ-ਟਿਊਬ

ਗਿਣਤੀ 600 ਤੋਂ ਵੱਧ ਹੋ ਗਈ ਸੀ। 1946 ਤਕ ਐਜੂਕੇਸ਼ਨ ਕਮੇਟੀ ਦੀਆਂ 33 ਕਾਨਫਰੰਸਾਂ ਹੋ ਚੁੱਕੀਆਂ ਸਨ। 1949 ਵਿਚ ਨਵੇਂ ਸਿਰਿਉਂ ਕਾਨਫ਼ਰੰਸਾਂ ਦਾ ਦੌਰ ਸ਼ੁਰੂ ਹੋਇਆ। 1949 ਦੀ ਕਾਨਫ਼ਰੰਸ ਪਟਿਆਲੇ ਵਿਚ ਹੋਈ। ਕਾਨਫ਼ਰੰਸ ਦਾ ਪ੍ਰਧਾਨ ਮਹਾਰਾਜਾ ਪਟਿਆਲਾ ਸੀ। ਸੁਆਗਤੀ ਕਮੇਟੀ ਦਾ ਚੇਅਰਮੈਨ ਪੈਪਸੂ ਦਾ ਮੁੱਖ ਮੰਤਰੀ ਸ: ਗਿਆਨ ਸਿੰਘ ਰਾੜੇਵਾਲਾ ਸੀ।

ਇਸ ਕਾਨਫ਼ਰੰਸ ਵਿਚ ਜੋ ਮਤੇ ਪਾਸ ਹੋਏ ਉਹ ਬੜੇ ਦੂਰ-ਰਸ ਸਨ। ਇਨ੍ਹਾਂ ਮਤਿਆਂ ਦੇ ਫਲਸਰੂਪ ਪੈਪਸੂ ਦੀ ਦਫ਼ਤਰੀ ਭਾਸ਼ਾ ਗੁਰਮੁੱਖੀ ਲਿੱਪੀ ਵਿਚ ਪੰਜਾਬੀ ਬਣੀ। ਸ਼ਹਿਰ ਵਿਚ ਇਕ ਸੀਨੀਅਰ ਸੈਕੰਡਰੀ ਸਕੂਲ, ਇਕ ਫਿਜ਼ੀਕਲ ਸਕੂਲ ਅਤੇ ਕਾਲਜ ਬਣਿਆ। ਅਧਿਆਪਕਾਂ ਦੀ ਲੋੜ ਪੂਰੀ ਕਰਨ ਲਈ ਇਕ ਟੀਚਰ ਟ੍ਰੇਨਿੰਗ ਕਾਲਜ ਵੀ ਖੁੱਲ੍ਹਿਆ। ਰਾਜਿੰਦਰ ਹਸਪਤਾਲ ਵੀ ਉਸੇ ਕਾਨਫ਼ਰੰਸ ਦੀ ਦੇਣ ਹੈ। ਇਸ ਕਾਨਫ਼ਰੰਸ ਨੇ ਸਕੂਲ ਦੀ ਵਿੱਦਿਆ ਦੇ ਨਾਲ-ਨਾਲ ਕਾਲਜ ਦੀ ਵਿੱਦਿਆ ਵੱਲ ਵੀ ਧਿਆਨ ਦਿੱਤਾ। ਹੋਣ ਵਾਲੀਆਂ ਕਾਨਫ਼ਰੰਸਾਂ ਵਿਚ ਜਿਥੇ ਪੰਜਾਬੀ ਭਾਸ਼ਾ ਦੀ ਤਰੱਕੀ ਲਈ ਗੱਲ ਕੀਤੀ ਜਾਂਦੀ ਸੀ, ਉਥੇ ਦਸਤੀ ਵਿੱਦਿਆ ਲਈ ਇੰਜੀਨੀਅਰਿੰਗ ਕਾਲਜ ਜਾਂ ਪੋਲੀਟੈਕਨਿਕ ਆਦਿ ਸੰਸਥਾਵਾਂ ਖੋਲ੍ਹਣ ਦੀ ਗੱਲ ਵੀ ਚੱਲ ਪਈ ਸੀ। 67ਵੀਂ ਵਿਸ਼ਵ ਸਿੱਖ ਵਿਦਿਅਕ ਕਾਨਫ਼ਰੰਸ ਦੇ ਅਵਸਰ 'ਤੇ ਕਾਨਫ਼ਰੰਸ ਦੇ ਪ੍ਰਬੰਧਕਾਂ ਨੂੰ ਸੋਚਣਾ ਹੋਵੇਗਾ ਕਿ ਚੰਗੀ ਤੇ ਸਾਰਥਕ ਵਿੱਦਿਆ ਦੇ ਉਦੇਸ਼ ਮਿਥਣ ਲਈ ਕਿਹੜੇ ਉਪਰਾਲੇ ਕਰਨ ਦੀ ਲੋੜ ਹੈ? ਉਦੇਸ਼ਹੀਣ ਵਿਦਿਅਕ ਨੀਤੀ ਹੋਣ ਕਾਰਨ ਸਾਡੇ ਵਾਰਸ ਬਾਰ੍ਹਵੀਂ ਪਾਸ ਕਰਨ ਉਪਰੰਤ ਵਿਦੇਸ਼ਾਂ ਨੂੰ ਜਾ ਰਹੇ ਹਨ। ਸਿਖ ਪੰਥ ਦੀ ਕਰੀਮ ਦੇ ਬਾਹਰ ਜਾਣ ਨਾਲ ਏਥੇ ਕੌਣ ਕੀ ਕੰਮ ਕਰੇਗਾ ਤੇ ਕਿਵੇਂ ਕਰੇਗਾ? ਇਨ੍ਹਾਂ ਪ੍ਰਸ਼ਨਾਂ ਦਾ ਉੱਤਰ ਕਿਸੇ ਪਾਸ ਨਹੀਂ ਹੈ। ਜੇਕਰ ਅਸੀਂ ਇਸ ਮੌਕੇ 'ਤੇ ਪੰਥ ਤੇ ਪੰਜਾਬ ਨੂੰ ਕੋਈ ਨਰੋਈ ਸੇਧ ਦੇ ਸਕੀਏ ਤਾਂ ਇਹ ਸਾਡੀ ਸਭ ਤੋਂ ਵੱਡੀ ਦੇਣ ਹੋਵੇਗੀ ਅਤੇ ਇਸੇ ਵਿਚ ਹੀ ਐਜੂਕੇਸ਼ਨ ਕਮੇਟੀ ਦੀ ਹੋਂਦ ਅਤੇ ਸਾਰਥਿਕਤਾ ਲੁਕੀ ਹੋਈ ਹੈ।

***

## ਜ਼ਿੰਦਗੀ ਜਿਊਣ ਦਾ ਢੰਗ

ਅੱਜ ਆਪਣੀ ਜ਼ਿੰਦਗੀ ਦੀ ਜੰਗ ਹਾਰਦਾ ਹੋਇਆ ਵਿਖਾਈ ਦਿੰਦਾ ਹੈ। ਅੱਜ ਉਹ ਇੰਨੇ ਤੇਜ਼ ਨੈਟਵਰਕ ਦੇ ਹੁੰਦਿਆਂ ਵੀ ਆਪਣੇ ਬਜ਼ੁਰਗਾਂ ਦੀ ਕੀਤੀ ਕਮਾਈ ਤੋਂ ਕਿਤੇ ਪਿੱਛੇ ਰਹਿ ਗਿਆ ਹੈ। ਇਨ੍ਹਾਂ ਗਿਆਨ ਅਤੇ ਵਿਗਿਆਨ ਦੇ ਨਾਲ-ਨਾਲ ਅੰਨ੍ਹਾ ਜੋਰ ਪੈਸਾ ਹੋਣ ਦੇ ਬਾਵਜੂਦ ਵੀ ਅੱਜ ਦੇ ਲੋਕ ਆਪਣੇ ਬਜੁਰਗਾਂ ਦੀ ਕੀਤੀ ਕਮਾਈ ਦਾ ਇੱਕ ਹਿੱਸਾ ਵੀ ਨਹੀਂ ਜੋੜ ਸਕਦੇ, ਸਗੋਂ ਉਨ੍ਹਾਂ ਦੁਆਰਾ ਕੀਤੀ ਕਮਾਈ ਨੂੰ ਵੀ ਵਿੱਚੇ ਹੀ ਰੋਲ਼ ਦਿੰਦੇ ਹਨ। ਇਸ ਤਰ੍ਹਾਂ ਕਿਸੇ ਸਿਆਣੇ ਨੇ ਸਹੀ ਕਿਹਾ ਹੈ ਕਿ ਜਦੋਂ ਉਲਟੀ ਵਾੜ ਹੀ ਖੇਤ ਨੂੰ ਖਾਣ ਲੱਗ ਜਾਵੇ ਤਾਂ ਉਹ ਖੇਤ ਕਿਸ ਤਰ੍ਹਾਂ ਅਬਾਦ ਹੋਣਗੇ। ਇਸ ਤਰ੍ਹਾਂ ਗੁਰਬਾਣੀ ਵਿਚ ਵੀ ਜਿਕਰ ਆਉਂਦਾ ਹੈ ਕਿ ਜਿਹਾ ਬੀਜੇਗਾ, ਵੱਡੇਗਾ, ਮਨਾਂ ਮੇਰਿਆ ਫਲ ਤੇਰੇ ਕਰਮਾਂ ਦਾ, ਜੈਸਾ ਕਰੋਗੇ ਵੈਸਾ ਭਰੋਗੇ। ਸੋ ਇਸ ਪ੍ਰਕਾਰ ਵਿਅਕਤੀ ਇਸ ਮੋਹ ਮਾਇਆ ਵਿੱਚ ਫਸਿਆ ਆਪਣੇ ਸਕੇ ਭੈਣ ਭਰਾਵਾਂ ਨੂੰ ਭੁਲਿਆ ਜਿੰਦਗੀ ਦਾ ਅਸਲ ਮਕਸਦ ਭੁੱਲ ਕੇ ਫੋਕਟ ਦੇ ਕੰਮਾਂ ਕਾਰਾਂ ਠੱਗੀਆਂ, ਧੋਖੇਧੜੀਆਂ ਕਰਦਾ ਹੋਇਆ ਆਖਿਰ ਨੂੰ ਹਾਰ ਕੇ ਬੈਠ ਜਾਂਦਾ ਹੈ ਅਤੇ ਬੀਤੇ ਸਮੇਂ ਨੂੰ ਯਾਦ ਕਰਦਾ ਹੈ ਕਿ ਨਾ ਹੀ ਉਹ ਰੱਜ ਕੇ ਜਿੰਦਗੀ ਦਾ ਆਨੰਦ ਮਾਣ ਸਕਿਆ ਅਤੇ ਨਾ ਹੀ ਢੰਗ ਨਾਲ ਮਾਤਾ-ਪਿਤਾ ਦਾ ਬਣ ਸਕਿਆ, ਆਖੀਰ ਨੂੰ ਹੋਇਆ ਉਹੀ ਜੋ ਉਸਨੇ ਆਪਣਿਆਂ ਨਾਲ ਕੀਤਾ। ਆਪਣਿਆਂ ਨੇ ਹੀ ਅੰਤ ਵਿੱਚ ਉਸਨੂੰ ਉਸ ਸਮੇਂ 'ਤੇ ਲਿਆ ਕੇ ਖੜ੍ਹਾ ਕਰ ਦਿੱਤਾ, ਜਿੱਥੋਂ ਉਸਨੇ ਸ਼ੁਰੂਆਤ ਕੀਤੀ ਸੀ। ਇਸ ਲਈ ਜਿੰਦਗੀ ਨੂੰ ਜਿਊਣ ਦਾ ਢੰਗ ਸਿੱਖੋ, ਵਿਅਰਥ ਦੇ ਵਿਖਾਵੇ, ਫੋਕਟ ਪਦਾਰਥਾਂ ਪਿੱਛੇ ਆਪਣੇ ਖ਼ੂਨ ਦੇ ਰਿਸ਼ਤਿਆਂ ਨੂੰ ਨਾ ਭੁੱਲੋ। ਕਿਉਂਕਿ ਇਹ ਰਿਸ਼ਤੇ ਸਿਰਫ ਇੱਕ ਵਾਰ ਹੀ ਜੁੜਦੇ ਹਨ ਅਤੇ ਮੁੜਕੇ ਕਦੇ ਵੀ ਇੱਕ ਨਹੀਂ ਹੋ ਸਕਦੇ।

****

## 'ਗੁਰਦਾਸ ਨੰਗਲ' ਦਾ...

ਰੋਕਾਂ ਤੋੜੀਆਂ, ਵੈਰੀਆਂ ਦੇ ਸਭ ਯਤਨ ਅਸਫਲ ਹੁੰਦੇ ਜਾ ਰਹੇ ਸਨ। ਇਸ ਤਰ੍ਹਾਂ ਕਈ ਮੌਸਮ ਅਤੇ ਕਈ ਮਹੀਨੇ ਲੰਘ ਗਏ। ਸੰਘਰਸ਼ ਜਾਰੀ ਰਿਹਾ। ਦੋਹਾਂ ਧਿਰਾਂ ਦਾ ਕਾਫ਼ੀ ਨੁਕਸਾਨ ਵੀ ਹੋਇਆ।

ਵੈਰੀ ਨੇ ਸਿੰਘਾਂ ਦੀ ਘੇਰਾਬੰਦੀ ਦੁਆਲੇ ਘੇਰਾ ਹੋਰ ਕਸ ਲਿਆ। ਘੇਰਾ ਹੋਰ ਮਜਬੂਤ ਕਰਨ ਲਈ ਉਨ੍ਹਾਂ ਜੰਗਲ ਕਟਵਾ ਕੇ ਛਾਪੇ ਅਤੇ ਦਰੱਖਤ ਹਾਤੇ ਦੇ ਦੁਆਲੇ ਬੀੜ ਦਿੱਤੇ ਕਿ ਸਿੰਘ ਬਿਲਕੁਲ ਹੀ ਬਾਹਰ ਨਾ ਆ ਸਕਣ। ਅਜਿਹੇ ਸਮੇਂ ਵਿਚ ਸਿੰਘਾਂ ਨੇ ਰਬ ਤੇ ਨਿਸ਼ਚੇ ਅਤੇ ਸੂਰਬੀਰਤਾ ਦੀ ਮਿਸਾਲ ਸੰਸਾਰ ਵਿਚ ਪੈਦਾ ਕੀਤੀ। ਵੈਰੀ ਦਾ ਘੇਰਾ ਦਿਨੋ ਦਿਨ ਤੰਗ ਹੁੰਦਾ ਉਹ ਦਰਵਾਜੇ ਤੱਕ ਪਹੁੰਚ ਗਏ। ਸਿੰਘ ਹਾਤੇ ਵਿਚੋਂ ਅਜਿਹਾ ਹਮਲਾ ਕਰਦੇ ਕਿ ਵੈਰੀ ਟਾਕਰਾ ਕਰਨ ਦਾ ਹੌਂਸਲਾ ਨਾ ਕਰਦੇ। ਪਰ ਵੈਰੀ ਦਾ ਘੇਰਾ ਵਧਦਾ ਹੀ ਗਿਆ। ਸਿੱਟੇ ਵਜੋਂ ਸਿੰਘਾਂ ਲਈ ਬਾਹਰੋਂ ਕੁੱਝ ਵੀ ਲਿਆਉਣਾ ਅਸੰਭਵ ਹੋ ਗਿਆ। ਸਿੰਘਾਂ ਦਾ ਪਹਿਲਾਂ ਕੀਤਾ ਭੰਡਾਰ ਖਤਮ ਹੋ ਗਿਆ। ਅੱਠ ਮਹੀਨੇ ਦੇ ਲੰਬੇ ਘੇਰੇ ਨੇ ਉਨ੍ਹਾਂ ਦਾ ਸਭ ਰਾਸ਼ਨ ਤੇ ਸਮਾਨ ਮੁਕਾ ਦਿੱਤਾ। ਸਿੰਘਾਂ ਦੀ ਹਾਲਤ ਭੁੱਖਮਰੀ ਤੇ ਆ ਗਈ। ਜਿਨ੍ਹਾਂ ਸਿੰਘਾਂ ਨੂੰ ਕਦੇ ਵੱਡੀਆਂ ਫੌਜਾਂ ਨਾ ਮੁਕਾ ਸਕਦੀਆਂ। ਅੱਜ ਉਹ ਭੁੱਖ ਨਾਲ ਭੰਨੇ ਗਏ। ਉਹ ਭੁੱਖ ਨਾਲ ਬੜੇ ਦੁਖੀ ਹੋ ਗਏ। ਉਨ੍ਹਾਂ ਤੇ ਬੜੇ ਕੜਾਕੇ ਦੇ ਦਿਨ ਸਨ।

ਇਸ ਮੌਕੇ ਤੇ ਬਾਬਾ ਬਿਨੋਦ ਸਿੰਘ ਅਤੇ ਬਾਬਾ ਜੀ ਵਿਚਕਾਰ ਮਤਭੇਦ ਹੋ ਗਏ। ਬਾਬਾ ਜੀ ਦਾ ਨਿਸ਼ਚਾ ਅੰਤ ਤੱਕ ਡਟੇ ਰਹਿਣ ਦਾ ਸੀ ਨਾ ਕਿ ਉਥੋਂ ਭੱਜ ਜਾਣ ਦਾ ਸੀ। ਬਾਬਾ ਬਿਨੋਦ ਸਿੰਘ ਜੀ ਦਾ ਫੈਸਲਾਕੁੰਨ ਨਿਰਣਾ ਸੀ ਕਿ ਹੰਭਲਾ ਮਾਰ ਕੇ ਨਿਕਲ ਜਾਣਾ ਚਾਹੀਦਾ ਹੈ। ਬਾਬਾ ਜੀ ਘੇਰੇ ਵਿਚੋਂ ਵੈਰੀ ਨਾਲ ਮੁਕਾਬਲਾ ਕਰਦੇ ਨਿਕਲ ਗਏ।

ਅਨਾਜ ਦੀ ਅਣਹੋਂਦ ਨਾਲ ਸਿੰਘਾਂ ਦੇ ਸਿਰ ਤੇ ਭੁੱਖ ਦਾ ਭੂਤ ਸਵਾਰ ਸੀ। ਜਦੋਂ ਕੋਈ ਚਾਰਾ ਨਾ ਰਿਹਾ ਤਾਂ ਭਾਣੇ ਨੂੰ ਮਿੱਠਾ ਕਰਕੇ ਮੰਨ ਲਿਆ। ਭੁੱਖ ਦੇ ਦੁੱਖ ਨੇ ਸਿੰਘਾਂ ਨੂੰ ਘੋੜੇ ਖਾਣੇ ਪਏ। ਚਲਦਿਆਂ ਇਸੇ ਤਰ੍ਹਾਂ ਬਲਦ ਜਾਂ ਜਿਹੜਾ ਵੀ ਜਾਨਵਰ ਲੱਭਾ ਖਾਧਾ, ਉਨ੍ਹਾਂ ਕੋਲ ਬਾਲਣ ਵੀ ਨਹੀਂ ਸੀ। ਇਸ ਲਈ ਉਹ ਕੱਚਾ ਮਾਸ ਖਾਣ ਲੱਗੇ। ਬਹੁਤ ਸਾਰੇ ਪੇਚਸ਼ ਅਤੇ ਭੁੱਖਮਰੀ ਨਾਲ ਸ਼ਹੀਦ ਹੁੰਦੇ ਗਏ। ਉਹ ਘਾਹ ਪੱਠਾ, ਦਰੱਖਤਾਂ ਦੇ ਛਿੱਲ ਟਾਹਣੀਆ ਦਾ ਆਟਾ ਪੀਹ ਕੇ ਖਾਂਦੇ ਰਹੇ। ਉਹ ਹੁਣ ਸਿਰਫ਼ ਆਪਣੀ ਜਾਨ ਬਚਾਉਣ ਲਈ ਜੂਝ ਰਹੇ ਸਨ। ਉਹ ਜਾਨਵਰਾਂ ਦੀਆਂ ਹੱਡੀਆਂ ਪੀਹ ਕੇ ਖਾਂਦੇ ਰਹੇ। ਕੁਝ ਸਿੰਘਾਂ ਨੇ ਆਪਣੇ ਪੱਟਾਂ ਦਾ ਮਾਸ ਤੱਕ ਖਾਧਾ, ਮੁਹੰਮਦ ਹਾਦੀ ਕਾਮਵਰਖਾਨ ਲਿਖਦਾ ਹੈ ਕਿ ਅਜਿਹੀ ਹਾਲਤ ਵਿਚ ਵੀ ਸਿੰਘਾਂ ਨੇ 8 ਮਹੀਨੇ ਤੱਕ ਰਲਵੀਂ ਫੌਜ ਦਾ ਟਾਕਰਾ ਕੀਤਾ ਪਰ ਕਿਸੇ ਨੇ ਆਤਮ ਸਮਰਪਣ ਕਰਨ ਦਾ ਸੋਚਿਆ ਤੱਕ ਵੀ ਨਹੀਂ।

ਪਰ ਇਹ ਕਿੰਨੀ ਕੁ ਦੇਰ ਤੱਕ ਚਲ ਸਕਦਾ ਸੀ। ਲਗਾਤਾਰ ਭੁੱਖਮਰੀ ਅਤੇ ਅਣਮਨੁੱਖੀ ਖੁਰਾਕ ਨਾਲ ਉਨ੍ਹਾਂ ਨੂੰ ਖ਼ੂਨੀ ਦਸਤ ਲਗ ਗਏ। ਸੂਰਬੀਰ ਸਰੀਰ ਤਬਾਹ ਹੋ ਗਏ। ਇਸ ਵਿਚ ਹਜ਼ਾਰਾਂ ਸਿੰਘ ਸ਼ਹੀਦ ਹੁੰਦੇ ਗਏ। ਮਰ ਗਏ ਅਤੇ ਮਰ ਰਹੇ ਸਿੰਘਾਂ ਦੇ ਸਰੀਰਾਂ ਨਾਲ ਜਾਨਵਰਾਂ ਦੀਆਂ ਸੜੀਆਂ ਗਲੀਆਂ ਲਾਸ਼ਾਂ ਦੀ ਦੁਰਗੰਧ ਆਉਣ ਲੱਗੀ। ਸਾਹ ਲੈਣਾ ਵੀ ਮੁਸ਼ਕਲ ਹੋ ਰਿਹਾ ਸੀ। ਮਨੁੱਖ ਦੇ ਰਹਿਣ ਜੋਗੀ ਜਗ੍ਹਾ ਨਹੀਂ ਸੀ ਇਹ ਹਾਤਾ। ਬਚ ਗਏ ਸਿੰਘ ਕਮਜ਼ੋਰ ਅਤੇ ਪਿੰਜਰ ਰਹਿ ਗਏ ਸਨ। ਸੁੱਕ ਕੇ ਤੀਲਾ ਹੋ ਗਏ ਸਨ ਸਰੀਰ, ਸਿੰਘ ਮਰਿਆਂ ਬਰਾਬਰ ਸਨ।

ਸਤਹੀਣ ਸਿੰਘ ਜੋ ਸੂਰਬੀਰ ਸਨ ਆਪਣੇ ਹਥਿਆਰ ਵੀ ਨਹੀਂ ਚੱਕ ਸਕਦੇ ਸਨ। ਉਨ੍ਹਾਂ ਦਾ ਜੰਗੀ ਸਮਾਨ ਖਤਮ ਹੋਣ ਤੇ ਸੀ। ਉਹ ਹੁਣ ਵਿਰੋਧ ਨਹੀਂ ਕਰ ਸਕਦੇ ਸਨ। ਬਚਾਅ ਵੀ ਨਹੀਂ ਕਰ ਸਕਦੇ ਸਨ। ਫਿਰ ਵੀ ਆਤਮ ਸਮਰਪਣ ਨਹੀਂ ਕੀਤਾ। ਅੱਠ ਹਜ਼ਾਰ ਸਿੰਘ ਸ਼ਹੀਦ ਹੋ ਚੁੱਕੇ ਸਨ।

ਅੱਠ ਮਹੀਨੇ ਦੇ ਘੇਰੇ ਤੋਂ ਬਾਅਦ 7 ਦਸੰਬਰ, 1715 ਨੂੰ ਮੁਗਲ ਫੌਜਾਂ ਨੇ ਹਾਤੇ ਤੇ ਕਬਜਾ ਕਰ ਲਿਆ। ਬਾਬਾ ਬੰਦਾ ਸਿੰਘ ਜੀ ਬਹਾਦਰ ਅਤੇ ਉਨ੍ਹਾਂ ਦੇ ਮਜਬੂਰ ਤਿੰਨ ਸੌ ਸਿੰਘਾਂ ਦੇ ਹੱਥ ਪੈਰ ਬੰਨ੍ਹ ਕੇ ਮੁਗਲ ਸੈਨਿਕਾਂ ਦੇ ਹਵਾਲੇ ਕਰ ਦਿੱਤੇ। ਜਿਨ੍ਹਾਂ ਨੇ ਬੜੀ ਬੇਰਹਿਮੀ ਨਾਲ ਉਨ੍ਹਾਂ ਦੇ ਸੀਸ ਵੱਢ ਦਿੱਤੇ। ਸ਼ਹੀਦ ਸਿੰਘਾਂ ਦੇ ਪੇਟ ਚਾਕ ਕੀਤੇ ਗਏ ਕਿ ਉਨ੍ਹਾਂ ਸੋਨੇ ਦੀਆਂ ਮੋਹਰਾਂ ਨਿਗਲ ਲਈਆਂ ਹੋਣਗੀਆਂ, ਪਰ ਕੁਝ ਨਾ ਲੱਭਾ। ਸ਼ਹੀਦ ਸਿੰਘਾਂ ਦੇ ਸੀਸ ਨੇਜਿਆਂ ਤੇ ਟੰਗ ਲਏ। ਬਾਬਾ ਜੀ ਦੀ ਸੁਪਤਨੀ ਤੇ ਉਨ੍ਹਾਂ ਦੇ ਤਿੰਨ ਵਰ੍ਹਿਆਂ ਦੇ ਪੁੱਤਰ ਅਜੈ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਵੈਰੀ ਦੀਆਂ ਫੌਜਾਂ ਨੇ ਗੁਰਦਾਸ ਨਗਲ ਦਾ ਪਿੰਡ ਬਰਬਾਦ ਕਰ ਕੇ ਥੇਹ ਬਣਾ ਦਿੱਤਾ, ਜੋ 'ਬੰਦੇ ਵਾਲੀ ਥੇਹ' ਦੇ ਨਾਂ ਤੇ ਪ੍ਰਸਿੱਧ ਹੋਇਆ।

ਬਾਬਾ ਜੀ ਦੇ ਘੇਰ ਵਿਚੋਂ ਫੜੇ ਜਾਣ ਤੇ ਜੋ ਸਮਾਨ ਮਿਲਿਆ ਜਿਵੇਂ ਤਲਵਾਰਾਂ, ਢਾਲਾਂ, ਕ੍ਰਿਪਾਨਾਂ, ਤੀਰ ਕਮਾਨ, ਰੁਪਏ, ਸੋਨੇ ਦੀਆਂ ਮੋਹਰਾਂ, ਕੀਮਤੀ ਗਹਿਣੇ, ਤੋੜੇਦਾਰ ਬੰਦੂਕਾਂ, ਕਟਾਰਾਂ ਛੂਰੇ ਆਦਿ ਮੁਗਲ ਫੌਜਾਂ ਕਹਿ ਉਠੀਆਂ ਕਿ ਇਨੇ ਘੱਟ ਸਮਾਨ ਅਤੇ ਸਾਧਨਾਂ ਦੇ ਹੁੰਦੇ ਵੀ ਸਿੰਘਾਂ ਨੇ ਇਕ ਵੱਡਾ ਫੈਸਲਾਕੁੰਨ ਟਾਕਰਾ ਕੀਤਾ ਹੈ।

ਬਾਬਾ ਜੀ ਦੇ ਘੇਰੇ ਵਿਚੋਂ ਫੜੇ ਜਾਣ ਦੀ ਖ਼ਬਰ ਮੁਗਲ ਬਾਦਸ਼ਾਹ ਫਾਰੂਖਸੀਅਰ ਨੂੰ 12 ਦਸੰਬਰ 1715 ਨੂੰ ਮਿਲੀ। ਬਾਦਸ਼ਾਹ ਨੇ ਖੁਸ਼ੀਆਂ ਦੇ ਜਸ਼ਨ ਮਨਾਏ ਅਤੇ ਫੌਜਾਂ ਨੂੰ ਇਨਾਮ ਦਿੱਤੇ। ਮੁਹੰਮਦ ਹਾਦੀ ਕਾਮਵਾਰਖਾਨ ਲਿਖਦਾ ਹੈ ਕਿ ਇਹ ਕਿਸੇ ਵੀ ਅਕਲਮੰਦੀ ਜਾਂ ਬਹਾਦਰੀ ਦਾ ਨਤੀਜਾ ਨਹੀਂ ਹੈ। ਬਲਕਿ ਰੱਬ ਦੀ ਰਜ਼ਾ ਸੀ ਕਿ ਅਜਿਹੋ ਹੋ ਗਿਆ। ਨਹੀਂ ਤਾਂ ਦੁਨੀਆ ਨੂੰ ਪਤਾ ਹੀ ਹੈ ਕਿ ਬਾਦਸ਼ਾਹ ਬਹਾਦਰ ਸ਼ਾਹ ਨੇ ਬੰਦੇ ਦੀ ਬਗਾਵਤ ਦਬਾਉਣ ਦੀਆਂ ਅਸਫ਼ਲ ਕੋਸ਼ਿਸ਼ਾਂ ਕੀਤੀਆਂ। ਹੁਣ ਉਹ ਕਾਫ਼ਰ ਸਿਖ ਅਤੇ ਸਿੰਘਾਂ ਨੂੰ ਭੁੱਖ ਦੇ ਅਧੀਨ ਹੋਣ ਲਈ ਮਜ਼ਬੂਰ ਕਰ ਦਿੱਤਾ ਹੈ।

## ਸਿੱਖ ਪੰਥ ਲਈ ਚੀਫ਼ ਖ਼ਾਲਸਾ ਦੀਵਾਨ

ਜਿਸ ਵਿਚ ਐਜੂਕੇਸ਼ਨ ਕਮੇਟੀ ਦਾ ਵਿਧਾਨ ਬਣਾਉਣ ਲਈ ਇਕ ਕਮੇਟੀ ਦਾ ਗਠਨ ਕੀਤਾ ਗਿਆ, ਜਿਸ ਦੇ ਮੈਂਬਰਾਂ ਵਿਚ ਸ: ਗੁਰਚਰਨ ਸਿੰਘ ਬੈਰਿਸਟਰ ਲਾਹੌਰ, ਸ: ਖੜਕ ਸਿੰਘ ਪਲੀਡਰ ਲਾਹੌਰ, ਸ: ਦਾਨ ਸਿੰਘ ਲਾਹੌਰ, ਭਾਈ ਜੋਧ ਸਿੰਘ ਅੰਮ੍ਰਿਤਸਰ ਅਤੇ ਬਾਬੂ ਗੁਲਾਬ ਸਿੰਘ ਗੁਜਰਾਂਵਾਲਾ ਸਨ। ਇਨ੍ਹਾਂ ਨੇ ਜੋ ਵਿਧਾਨ ਬਣਾਇਆ ਉਹ ਪ੍ਰਵਾਨ ਕਰ ਲਿਆ ਗਿਆ। ਇਹ ਵੀ ਫ਼ੈਸਲਾ ਹੋਇਆ ਕਿ ਇਸ ਦਾ ਮੁਖੀ ਆਨਰੇਰੀ ਸਕੱਤਰ ਹੋਵੇਗਾ ਅਤੇ ਮੀਟਿੰਗ ਸਮੇਂ ਆਪਣੇ ਵਿਚੋਂ ਹੀ ਕਿਸੇ ਨੂੰ ਸਭਾਪਤੀ ਚੁਣ ਲਿਆ ਜਾਏਗਾ। ਇਸੇ ਐਜੂਕੇਸ਼ਨਲ ਕਮੇਟੀ ਵਲੋਂ ਪਹਿਲੀ ਸਿੱਖ ਵਿੱਦਿਅਕ ਕਾਨਫ਼ਰੰਸ ਗੁਜਰਾਂਵਾਲਾ ਵਿਖੇ 17-19 ਅਪ੍ਰੈਲ, 1908 ਨੂੰ ਹੋਈ। ਇਸ ਕਾਨਫ਼ਰੰਸ ਦੀ ਸੁਆਗਤੀ ਕਮੇਟੀ ਦੇ ਚੇਅਰਮੈਨ ਸ: ਬਲਵੰਤ ਸਿੰਘ ਬੁਤਾਲਾ ਅਤੇ ਪ੍ਰਧਾਨ ਸ: ਬਘੇਲ ਸਿੰਘ ਕੁੱਲਾ ਸਨ। ਬਾਬੂ ਗੁਲਾਬ ਸਿੰਘ ਇਸ ਕਾਨਫ਼ਰੰਸ ਦੇ ਸਕੱਤਰ ਅਤੇ ਜਨਰਲ ਸਕੱਤਰ ਸਨ। ਸੰਗਤਾਂ ਵਿਚ ਇਸ ਦਾ ਬੜਾ ਪ੍ਰਚਾਰ ਹੋਇਆ। ਇਸ ਕਾਨਫ਼ਰੰਸ ਦੀ ਸਫ਼ਲਤਾ ਆਉਣ ਵਾਲੀਆਂ ਕਾਨਫ਼ਰੰਸਾਂ ਲਈ ਮੀਲ ਪੱਥਰ ਸਾਬਤ ਹੋਈ।

## ਗੋਲਡੀ ਬਰਾੜ ਦੀ

ਗੁੰਮਰਾਹ ਕਰਨ ਦੀ ਕੋਸ਼ਿਸ਼ ਹੋ ਸਕਦੀ ਹੈ। ਇਹ ਵੀ ਸੰਭਵ ਹੈ ਕਿ ਉਸਨੂੰ ਹਿਰਾਸਤ ਵਿੱਚ ਲੈ ਕੇ ਛੱਡ ਦਿੱਤਾ ਗਿਆ ਹੋਵੇ।

ਬਰਾੜ ਦੇ ਰਾਜੂ ਥੇਠ ਦੇ ਕਤਲ ਵਿੱਚ ਸ਼ਾਮਲ ਹੋਣ ਦੇ ਦਾਅਵੇ ਨੂੰ ਵੀ ਅਸਲ ਵਿੱਚ ਨਹੀਂ ਲਿਆ ਜਾ ਸਕਦਾ। ਲਾਰੈਂਸ ਬਿਸ਼ਨੋਈ ਗੈਂਗ ਇੱਕ ਵੱਡਾ ਅਪਰਾਧਿਕ ਨੈੱਟਵਰਕ ਹੈ ਅਤੇ ਇਹ ਜ਼ਰੂਰੀ ਨਹੀਂ ਹੈ ਕਿ ਬਰਾੜ ਹਰ ਕਤਲ ਵਿੱਚ ਸ਼ਾਮਲ ਹੋਵੇ, ਭਾਵੇਂ ਕੋਈ ਵੀ ਦਾਅਵਾ ਕੀਤਾ ਜਾ ਰਿਹਾ ਹੋਵੇ।

ਅਸਲ ਵਿੱਚ ਪੰਜਾਬ ਪੁਲਿਸ ਦੀ ਇੱਕ ਟੀਮ ਹੈ ਜੋ ਉੱਤਰੀ ਅਮਰੀਕਾ ਵਿੱਚ ਬਰਾੜ ਦੀਆਂ ਹਰਕਤਾਂ 'ਤੇ ਨਜ਼ਰ ਰੱਖ ਰਹੀ ਹੈ। ਪਰ ਇਹ ਸਪੱਸ਼ਟ ਨਹੀਂ ਹੈ ਕਿ ਕੀ ਉਸਦੀ ਮੌਜੂਦਾ 'ਗ੍ਰਿਫਤਾਰੀ/ਨਜ਼ਰਬੰਦੀ' ਵਿੱਚ ਉਨ੍ਹਾਂ ਦੀ ਕੋਈ ਭੂਮਿਕਾ ਸੀ ਜਾਂ ਕੀ ਇਹ ਪਹਿਲਾਂ ਵੀ ਹੋਇਆ ਸੀ?

ਪੰਜਾਬ ਸਰਕਾਰ ਨੇ ਅਜੇ ਤੱਕ ਗੋਲਡੀ ਬਰਾੜ ਦੀ ਅਮਰੀਕਾ ਵਿੱਚ ਗ੍ਰਿਫ਼ਤਾਰੀ ਜਾਂ ਨਜ਼ਰਬੰਦੀ ਦਾ ਕੋਈ ਦਸਤਾਵੇਜ਼ੀ ਸਬੂਤ ਨਹੀਂ ਦਿੱਤਾ ਹੈ। ਜੇਕਰ ਉਸਨੂੰ ਗ੍ਰਿਫਤਾਰ ਕੀਤਾ ਗਿਆ ਹੈ ਤਾਂ ਇਸਦੀ ਤਸਦੀਕ ਕਰਨ ਲਈ ਕਿਸੇ ਕਿਸਮ ਦਾ ਪਛਾਣ ਨੰਬਰ, ਤਸਵੀਰ ਜਾਂ ਦਸਤਾਵੇਜ਼ ਹੋਵੇਗਾ। ਅਜੇ ਤੱਕ ਪੰਜਾਬ ਸਰਕਾਰ ਵੱਲੋਂ ਅਜਿਹਾ ਕੁਝ ਨਹੀਂ ਦਿੱਤਾ ਗਿਆ ਹੈ।

ਬਰਾੜ ਦੀ ਗ੍ਰਿਫ਼ਤਾਰੀ ਬਾਰੇ ਅਮਰੀਕਾ ਦੀ ਕਿਸੇ ਏਜੰਸੀ ਨੇ ਉਨ੍ਹਾਂ ਨਾਲ ਸੰਪਰਕ ਕੀਤਾ ਹੈ ਜਾਂ ਨਹੀਂ, ਇਸ ਬਾਰੇ ਕੇਂਦਰ ਵੱਲੋਂ ਕੋਈ ਬਿਆਨ ਨਹੀਂ ਆਇਆ। ਸੀਬੀਆਈ ਉਹ ਏਜੰਸੀ ਹੈ ਜੋ ਰੈੱਡ ਕਾਰਨਰ ਨੋਟਿਸਾਂ ਦਾ ਤਾਲਮੇਲ ਕਰਦੀ ਹੈ। ਬਰਾੜ ਦੀ ਕਥਿਤ ਗ੍ਰਿਫ਼ਤਾਰੀ ਬਾਰੇ ਅਜੇ ਤੱਕ ਏਜੰਸੀ ਵੱਲੋਂ ਕੋਈ ਬਿਆਨ ਨਹੀਂ ਆਇਆ ਹੈ। ਅਮਰੀਕਾ ਵਿੱਚ ਕਿਸੇ ਵੀ ਅਥਾਰਟੀ ਵੱਲੋਂ ਕੋਈ ਸਕਾਰਾਤਮਕ ਹੁੰਗਾਰਾ ਨਾ ਮਿਲਣਾ ਇਸ ਸੰਭਾਵਨਾ ਨੂੰ ਦਰਸਾਉਂਦਾ ਹੈ ਕਿ ਗੋਲਡੀ ਬਰਾੜ ਅਮਰੀਕਾ ਵਿੱਚ ਗ੍ਰਿਫਤਾਰ ਜਾਂ ਨਜ਼ਰਬੰਦ ਨਹੀਂ ਹੈ। ਹਾਲਾਂਕਿ, ਅਸੀਂ ਉਦੋਂ ਤੱਕ ਅਧਿਕਾਰਤ ਤੌਰ 'ਤੇ ਇਹ ਕਹਿਣ ਦੀ ਸਥਿਤੀ ਵਿੱਚ ਨਹੀਂ ਹਾਂ ਜਦੋਂ ਤੱਕ ਸਾਨੂੰ FBI ਤੋਂ ਕੋਈ ਪੁਸ਼ਟੀ ਕੀਤੀ ਜਵਾਬ ਨਹੀਂ ਮਿਲਦਾ।

## ਮਾਤਾ ਗੁਜਰੀ ਜੀ ਨੇ ਜਿਨ੍ਹਾਂ

ਜਾਨੇ ਸੇ ਪਹਲੇ ਆਓ ਗਲੇ ਸੇ ਲਗਾ ਤੋ ਲੂੰ।
ਕੇਸੋਂ ਕੋ ਕੰਘੀ ਕਰੂੰ ਜ਼ਰਾ ਮੂੰਹ ਧੁਲਾ ਤੋ ਲੂੰ।
ਪਿਆਰੇ ਸੇ ਸਰੋਂ ਪੇ ਨੰਨ੍ਹੀ ਸੀ ਕਲਗੀ ਸਜਾ ਤੋ ਲੂੰ।
ਮਰਨੇ ਸੇ ਪਹਿਲੇ ਤੁਮ ਕੋ ਦੁਲਹਾ ਬਣਾ ਤੋ ਲੂੰ।

ਮਾਤਾ ਗੁਜਰੀ ਜੀ ਪਾਸੋਂ ਸਾਹਿਬਜ਼ਾਦਿਆਂ ਨੂੰ ਲਿਆ ਕੇ ਕਚਹਿਰੀ ਵਿਚ ਪੇਸ਼ ਕਰਨ ਲਈ ਸਿਪਾਹੀ ਪੈਦਲ ਹੀ ਵਜ਼ੀਰ ਖਾਂ ਦੀ ਕਚਹਿਰੀ ਵੱਲ ਤੁਰ ਪਏ। ਜਦ ਉਹ ਕਚਹਿਰੀ ਦੇ ਨੇੜੇ ਪਹੁੰਚੇ ਤਾਂ ਸਾਹਿਬਜ਼ਾਦਿਆਂ ਨੇ ਦੇਖਿਆ ਕਿ ਵੱਡਾ ਦਰਵਾਜ਼ਾ ਬੰਦ ਕਰ ਦਿੱਤਾ ਗਿਆ ਹੈ ਤੇ ਨਿੱਕੀ ਬਾਰੀ ਖੁੱਲ੍ਹੀ ਹੈ, ਜਿਸ ਦੇ ਅੰਦਰ ਜਾਣ ਲਈ ਸਿਰ ਝੁਕਾਉਣਾ ਪੈਂਦਾ ਹੈ। ਸੂਝਵਾਨ ਸਾਹਿਬਜ਼ਾਦੇ ਹਾਕਮਾਂ ਦੀ ਚਾਲ ਸਮਝ ਗਏ। ਬੜੀ ਚੁਸਤੀ ਨਾਲ ਉਨ੍ਹਾਂ ਪਹਿਲਾਂ ਪੈਰ ਅੰਦਰ ਕੀਤੇ ਅਤੇ ਬਿਨਾਂ ਸੀਸ ਝੁਕਾਏ ਅੰਦਰ ਦਾਖਲ ਹੋ ਗਏ। ਵਜ਼ੀਰ ਖਾਂ ਦੀ ਕਚਹਿਰੀ ਲੱਗੀ ਹੋਈ ਸੀ। ਸਾਹਿਬਜ਼ਾਦਿਆਂ ਨੇ ਅੰਦਰ ਪਹੁੰਚਦਿਆਂ ਹੀ ਗੱਜ ਕੇ ਫਤਿਹ ਬੁਲਾਈ :-

ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫ਼ਤਹ॥

ਉਨ੍ਹਾਂ ਦੇ ਉੱਚੇ ਜੈਕਾਰੇ ਨਾਲ ਕਚਹਿਰੀ ਗੂੰਜ ਉੱਠੀ ਤੇ ਸਭ ਦੀਆਂ ਨਜ਼ਰਾਂ ਬਹਾਦਰ ਤੇ ਨਿਡਰ ਸਾਹਿਬਜ਼ਾਦਿਆਂ ਉੱਤੇ ਟਿਕ ਗਈਆਂ। ਸੂਬੇਦਾਰ ਨੇ ਉਨ੍ਹਾਂ ਨੂੰ ਇਸਲਾਮ ਕਬੂਲ ਕਰਨ ਲਈ ਕਿਹਾ ਅਤੇ ਕਈ ਤਰ੍ਹਾਂ ਦੇ ਤਸੀਹਿਆਂ ਦੇ ਨਾਲ-ਨਾਲ ਲਾਲਚ ਵੀ ਦਿੱਤੇ ਗਏ। ਇਹ ਕਿਹਾ ਕਿ ਔਰੰਗਜ਼ੇਬ ਨਾਲ ਤੁਹਾਡੀ ਮੁਲਾਕਾਤ ਵੀ ਕਰਵਾਉਂਦੇ ਹਾਂ, ਰਾਜ ਲੈ ਦਿੰਦੇ ਹਾਂ, ਰੇਸ਼ਮੀ ਕੱਪੜੇ ਪਾਓ, ਸ਼ਹਿਜ਼ਾਦੀਆਂ ਦੇ ਡੋਲੇ ਲੈ ਲਵੋ, ਸਿਰਫ਼ ਇਸਲਾਮ ਕਬੂਲ ਕਰ ਲਵੋ :

ਤੁਮੇ ਸਾਹ ਕੇ ਮੇਲ ਕਰਾਵੈ। ਬਹੁ ਦੇਸਨ ਕੋ ਰਾਜ ਦਿਵਾਵੈ।
ਪਟ ਭੂਖਨ ਤੁਮ ਅਨਮਨ ਦੈ ਹੈ। ਦੁਖਤਰ ਸਹਿਤ ਸੂਬਤਰ ਹ੍ਵੈ ਹੈ।
ਜੇਤੀ ਨਾਰ ਚਾਹ ਜੋ ਦੇ ਹੀ। ਨੀਲ ਪਟੰਬਰ ਧਾਰੋ ਏ ਹੀ।

ਪਰ ਸੂਰਮੇ ਸਾਹਿਬਜ਼ਾਦਿਆਂ ਨੇ ਸਭ ਲਾਲਚ ਠੁਕਰਾ ਕੇ ਕਿਹਾ ਕਿ ਉਹ ਆਪਣੇ ਧਰਮ ਉੱਤੇ ਪੱਕੇ ਰਹਿਣਗੇ ਚਾਹੇ ਉਨ੍ਹਾਂ ਨੂੰ ਇਸ ਲਈ ਆਪਣੀ ਸ਼ਹਾਦਤ ਹੀ ਕਿਉਂ ਨਾ ਦੇਣੀ ਪਵੇ:

ਹਮਰੇ ਬੰਸ ਰੀਤ ਇਮ ਆਈ, ਸੀਸ ਦੇਤ ਪਰ ਧਰਮ ਨ ਜਾਈ।

ਤਾਂ ਸੁੱਚਾ ਨੰਦ ਨੇ ਕਿਹਾ :

ਇਹ ਮੁਏ ਬਿਨ ਨਹਿ ਕਲਯਾਨੀ।

'ਕਥਾ ਗੁਰੂ ਜੀ ਕੇ ਸੁਤਨ ਕੀ' ਵਿਚ ਭਾਈ ਦੁੱਨਾ ਸਿੰਘ ਨੇ ਲਿਖਿਆ ਹੈ ਕਿ ਕਿਤਨਾ ਦੁੱਖ ਦਿੱਤਾ ਗਿਆ ਪਰ ਸਾਹਿਬਜ਼ਾਦੇ ਦ੍ਰਿੜ੍ਹ ਰਹੇ :

ਬਾਲ ਬੁਲਾਇ ਲਏ ਜਬ ਹੀ, ਤਬ ਆਨ ਅਦਾਲਤ ਬੀਚ ਪਠਾਏ।
ਦੇਖਤ ਹੈ ਸਭ ਹੀ ਜਗ ਆਇ, ਮਨਹੁ ਫੂਲ ਗੁਲਾਬ ਸੁਹਾਏ।
ਤਹਿ ਮਲੇਛ ਲਗੇ ਦੁਖ ਦੇਵਨ, ਚਾਹਤ ਹੈ, ਖਲ ਦੀਨ ਮਿਲਾਏ।
ਨਾਹਿ ਮੰਨੈ ਦੁਖ ਸੀਸ ਸਹੈ, ਦ੍ਰਿੜਤਾ ਹਰਿ ਆਪ ਦਈ ਤਿਨ ਆਏ।

ਹਾਰ ਮੰਨ ਕੇ ਸੂਬੇ ਨੇ ਉਨ੍ਹਾਂ ਨੂੰ ਦੂਸਰੇ ਦਿਨ ਪੇਸ਼ ਕਰਨ ਦਾ ਹੁਕਮ ਦੇ ਦਿੱਤਾ। ਫੇਰ ਕਚਹਿਰੀ ਲੱਗ ਗਈ। ਸਾਹਿਬਜ਼ਾਦਿਆਂ ਨੂੰ ਪੇਸ਼ ਕਰਨ ਦਾ ਹੁਕਮ ਹੋਇਆ। ਉਹੀ ਪਿਆਰੇ ਬੱਚੇ ਅੱਗੇ ਨਾਲੋਂ ਵੀ ਚੜ੍ਹਦੀ ਕਲਾ ਵਿਚ ਪੇਸ਼ ਹੋਏ। ਸੂਬੇਦਾਰ ਦਾ ਗੁੱਸਾ ਆਪੇ ਤੋਂ ਬਾਹਰ ਹੁੰਦਾ ਜਾਂਦਾ ਸੀ। ਉਸ ਦੀ ਕੋਈ ਪੇਸ਼ ਨਹੀਂ ਸੀ ਜਾ ਰਹੀ। ਕਾਜ਼ੀ ਨੂੰ ਸਾਹਿਬਜ਼ਾਦਿਆਂ ਦਾ ਕਸੂਰ ਸਮਝਾ ਕੇ ਉਨ੍ਹਾਂ ਨੂੰ ਸਜ਼ਾ ਦੇਣ ਲਈ ਕਿਹਾ ਗਿਆ। ਪਰ ਕਾਜ਼ੀ ਨੇ ਕਿਹਾ ਕਿ ਇਸਲਾਮ ਮਾਸੂਮ ਬੱਚਿਆਂ ਨੂੰ ਉਨ੍ਹਾਂ ਦੇ ਬਾਪ ਦੇ ਕੀਤੇ ਅਪਰਾਧ ਦੀ ਸਜ਼ਾ ਦੇਣ ਦੀ ਇਜਾਜ਼ਤ ਨਹੀਂ ਦਿੰਦਾ। ਉਸ ਕਚਹਿਰੀ ਵਿਚ ਮਲੇਰਕੋਟਲੇ ਦਾ ਨਵਾਬ ਸ਼ੇਰ ਮੁਹੰਮਦ ਖਾਂ ਵੀ ਹਾਜ਼ਰ ਸੀ। ਸ਼ੇਰ ਮੁਹੰਮਦ ਖਾਂ ਦੇ ਜਜ਼ਬਾਤਾਂ ਨੂੰ ਭੜਕਾਉਣ ਦੀ ਕੋਸ਼ਿਸ਼ ਕੀਤੀ ਗਈ। ਉਸ ਨੂੰ ਕਿਹਾ ਗਿਆ ਕਿ ਉਸ ਦੇ ਭਰਾ ਨਾਹਰ ਖਾਂ ਨੂੰ ਅਤੇ ਉਸ ਦੇ ਭਾਣਜੇ ਖਿਜਰ ਖਾਂ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਚਮਕੌਰ ਦੇ ਯੁੱਧ ਵਿਚ ਮਾਰ ਦਿੱਤਾ ਹੈ, ਉਹ ਉਨ੍ਹਾਂ ਦਾ ਬਦਲਾ ਇਨ੍ਹਾਂ ਬੱਚਿਆਂ ਕੋਲੋਂ ਲੈ ਲਵੇ। ਨਵਾਬ ਸ਼ੇਰ ਮੁਹੰਮਦ ਖਾਂ ਨੇ ਇਸ ਦਲੀਲ ਨੂੰ ਰੱਦ ਹੀ ਨਹੀਂ ਕੀਤਾ, ਸਗੋਂ ਹਾਅ ਦਾ ਨਾਅਰਾ ਵੀ ਮਾਰਿਆ ਕਿ ਸ਼ੀਰਖੋਰਾਂ ਉੱਤੇ ਜ਼ੁਲਮ ਢਾਹੁਣਾ ਠੀਕ ਨਹੀਂ :

ਬਦਲਾ ਹੀ ਲੇਨਾ ਹੋਗਾ ਤੋ ਹਮ ਲੇਂਗੇ ਬਾਪ ਸੇ।
ਮਹਿਫ਼ੂਜ਼ ਰੱਖੇ ਹਮ ਕੋ ਖੁਦਾ ਐਸੇ ਪਾਪ ਸੇ।

ਇਸ ਦਾ ਵਰਣਨ 'ਮਹਿਮਾ ਪ੍ਰਕਾਸ਼ ਵਾਰਤਕ' ਵਿਚ ਇਸ ਤਰ੍ਹਾਂ ਕੀਤਾ ਗਿਆ ਹੈ ਕਿ :

ਇਹ ਸ਼ੀਰਖੋਰ ਲੜਕੇ ਹੈਨਿ, ਇਨ ਕੀ ਬਦੀ ਚਾਹਨਾ ਬੜਾ ਅਜਾਬ ਹੈ।

ਨਵਾਬ ਮਲੇਰਕੋਟਲੇ ਦਾ ਇਹ ਦਲੇਰੀ ਭਰਿਆ ਜਵਾਬ ਸੁਣ ਕੇ ਸੁੱਚਾ ਨੰਦ ਨੇ ਆਪਣੀ ਮਲੀਨ ਬੁੱਧੀ ਨਾਲ ਭਰਪੂਰ ਇਕ ਵਾਰ ਹੋਰ ਕੀਤਾ :

ਉਨ ਕਹਯੋ ਨਵਾਬ, ਇਹ ਸਰਪ ਬਿਸੂਰੇ। ਛੋਟੇ ਬੜੇ ਏ ਡੱਸਗ ਜ਼ਰੂਰੇ।
ਇਹ ਬਾਤ ਸੁਣ ਕੇ- ਸੂਬੇਦਾਰ ਕੋ ਖ਼ੌਫ਼ ਖੁਦਾ ਕਾ ਹੂਆ।

ਸੁੱਚਾ ਨੰਦ ਨੇ ਕਿਹਾ- ਇਹ ਸ਼ੀਰ ਨਹੀਂ, ਸ਼ੇਰ ਕੇ ਬੱਚੇ ਹੈਂ।

ਜਦ ਸਿਆਣੇ ਹੋਇੰਗੇ ਤਦ ਇਹ ਤੂਫਾਨ ਉਠਾਵੇਂਗੇ।
ਅਰ ਇਨ ਕੋ ਸਲਾਮ ਕਰਨ ਨੂੰ ਕਹਿ, ਇਹ ਨਹੀਂ ਕਰਨਗੇ।
ਵਜ਼ੀਰ ਖਾਂ ਨੇ ਕਿਹਾ- ਇਨ ਕੋ ਕਹੋ ਸਲਾਮ ਕਰੋ।
ਸੁੱਚਾ ਨੰਦ ਨੇ ਕਿਹਾ- ਸੂਬੇ ਕੋ ਸਲਾਮ ਕਰੋ।

ਤਦ ਸਾਹਿਬਜ਼ਾਦਿਆਂ ਬਚਨ ਕੀਆ :

ਜੋ ਹਮ ਨੇ ਸੱਚੇ ਪਾਤਸ਼ਾਹ ਕੋ ਸਲਾਮ ਕੀਆ ਹੈ, ਅਉਰ ਕੋ ਸਲਾਮ ਨਹੀਂ ਕਰਤੇ।
ਸੁੱਚਾ ਨੰਦ ਨੇ ਮੌਕਾ ਸੰਭਾਲ ਕਿਹਾਜੋ ਮੈਂ ਅਰਜ਼ ਕੀਆ ਸੋ ਆਪ ਨੇ ਦੇਖਾ।
ਇਸ ਬਾਤ ਕੋ ਚਿਤ ਮੇਂ ਦੇਖ ਕੇ,
ਝੂਠਾ ਨੰਦ ਦਾ ਕਹਿਣਾ ਦ੍ਰਿੜ ਭਇਆ,
ਤਦ ਉਸ ਨੇ ਜਲਾਦ ਕਉ ਕਿਹਾ।
ਇਸ ਤਰ੍ਹਾਂ ਇਹ ਕਾਰਾ ਹੂਆ।

ਅੱਜ ਵੀ ਗੱਲ ਕਿਸੇ ਕੰਢੇ ਨਾ ਲੱਗਦੀ ਦੇਖ ਕੇ ਅਗਲੀ ਪੇਸ਼ੀ 16 ਪੋਹ ਨੂੰ ਰੱਖੀ ਗਈ। ਫਿਰ ਉਹੀ ਪੁਰਾਣੀ ਰੱਟ ਕਿ ਇਸਲਾਮ ਕਬੂਲ ਕਰੋ। ਪਰ ਸਾਹਿਬਜ਼ਾਦੇ ਅਡੋਲ, ਸ਼ਾਂਤ ਤੇ ਬੇਪਰਵਾਹ ਰਹੇ। ਭਲਾ ਜਿਨ੍ਹਾਂ ਬੱਚਿਆਂ ਨੇ ਬਚਪਨ ਵਿਚ ਹੀ ਦਾਦੇ, ਪੜਦਾਦੇ ਦੀਆਂ ਬਹਾਦਰੀਆਂ ਦੇ ਕਿੱਸੇ ਆਪਣੀ ਦਾਦੀ ਤੋਂ ਸੁਣੇ ਹੋਣ, ਅਨੰਦਪੁਰ ਸਾਹਿਬ ਵਿਖੇ ਸੂਰਬੀਰ ਸਿੱਖਾਂ ਨੂੰ ਆਪਣੇ ਧਰਮ ਲਈ ਆਪਣੇ ਅੱਖੀਂ ਸ਼ਹੀਦ ਹੁੰਦਾ ਵੇਖਿਆ ਹੋਵੇ, ਭਾਈ ਬਚਿੱਤਰ ਸਿੰਘ ਵਰਗੇ ਸੂਰਮੇ ਨੂੰ ਹਾਥੀ ਨਾਲ ਲੜਦਾ ਵੇਖਿਆ ਹੋਵੇ, ਉਨ੍ਹਾਂ ਨੂੰ ਧਰਮ ਬਦਲਣ ਲਈ ਕੋਈ ਲਾਲਚ ਜਾਂ ਡਰ ਕੀ ਕਰ ਸਕਦਾ ਸੀ ? ਇਤਿਹਾਸਕਾਰ ਲਤੀਫ 'ਪੰਜਾਬ ਦਾ ਇਤਿਹਾਸ' ਵਿਚ ਲਿਖਦਾ ਹੈ ਕਿ ਜਦੋਂ ਸੂਬੇ ਨੇ ਬੱਚਿਆਂ ਨੂੰ ਪੁੱਛਿਆ ਕਿ ਜੇ ਤੁਹਾਨੂੰ ਅਜ਼ਾਦ ਕਰ ਦਿੱਤਾ ਜਾਵੇ ਤਾਂ ਤੁਸੀਂ ਕੀ ਕਰੋਗੇ ? ਸਾਹਿਬਜ਼ਾਦਿਆਂ ਦਾ ਉੱਤਰ ਸੀ- ਖਿੰਡੇ-ਪੁੰਡੇ ਸਿੱਖਾਂ ਨੂੰ ਜਥੇਬੰਦ ਕਰਾਂਗੇ, ਉਨ੍ਹਾਂ ਨੂੰ ਜੰਗੀ ਹਥਿਆਰ ਜੁਟਾਵਾਂਗੇ, ਤੁਹਾਡੇ ਨਾਲ ਲੜਾਂਗੇ ਤੇ ਤੁਹਾਨੂੰ ਮੌਤ ਦੇ ਘਾਟ ਉਤਾਰਾਂਗੇ। ਨਵਾਬ ਨੇ ਫਿਰ ਪੁੱਛਿਆ, ਜੇ ਤੁਸੀਂ ਜੰਗ ਵਿਚ ਹਾਰ ਗਏ ਤਾਂ ਫਿਰ ਕੀ ਕਰੋਗੇ ? ਇਸ 'ਤੇ ਸਾਹਿਬਜ਼ਾਦਿਆਂ ਦਾ ਫਿਰ ਉਹੀ ਉੱਤਰ ਸੀ ਕਿ ਕਰਨਾ ਕੀ ਹੈ ? ਫਿਰ ਆਪਣੀਆਂ ਫੌਜਾਂ ਇਕੱਠੀਆਂ ਕਰਾਂਗੇ ਅਤੇ ਤਦ ਤਕ ਲੜਦੇ ਰਹਾਂਗੇ ਜਦ ਤਕ ਤੁਸੀਂ ਮੁੱਕ ਨਹੀਂ ਜਾਂਦੇ ਜਾਂ ਅਸੀਂ ਸ਼ਹੀਦ ਨਹੀਂ ਹੋ ਜਾਂਦੇ।

ਇਸ ਗੱਲ ਦਾ ਵੀ ਜ਼ਿਕਰ ਮਿਲਦਾ ਹੈ ਕਿ ਬੱਚਿਆਂ ਦੀ ਪਰਖ ਕਰਨ ਲਈ ਸੁਹਣੇ-ਸੁਹਣੇ ਕੱਪੜਿਆਂ, ਖਿਡੌਣਿਆਂ, ਮਠਿਆਈਆਂ ਅਤੇ ਜੰਗੀ ਸਾਜ਼ੋ-ਸਾਮਾਨ ਦੀਆਂ ਦੁਕਾਨਾਂ ਸਜਾਈਆਂ ਗਈਆਂ। ਜਦੋਂ ਬੱਚਿਆਂ ਨੂੰ ਉਨ੍ਹਾਂ ਦੁਕਾਨਾਂ ਪਾਸ ਲਿਜਾਇਆ ਗਿਆ ਤਾਂ ਉਹ ਬਾਕੀ ਦੁਕਾਨਾਂ ਛੱਡ ਕੇ ਹਥਿਆਰਾਂ ਵਾਲੀ ਦੁਕਾਨ 'ਤੇ ਜਾ ਖੜ੍ਹੇ ਅਤੇ ਉਨ੍ਹਾਂ ਦੀ ਜਾਂਚ-ਪਰਖ ਕਰਨ ਲੱਗ ਪਏ।

ਦੂਜੇ ਪਾਸੇ ਜਦੋਂ ਸਰਹਿੰਦ ਦੀ ਸੰਗਤ ਨੇ ਮਾਤਾ ਗੁਜਰੀ ਜੀ ਦੇ ਠੰਡੇ ਬੁਰਜ ਵਿਚ ਕੈਦ ਅਤੇ ਸਾਹਿਬਜ਼ਾਦਿਆਂ ਨੂੰ ਨੀਹਾਂ ਵਿਚ ਚਿਣ ਕੇ ਸ਼ਹੀਦ ਕਰਨ ਦੇ ਫ਼ਤਵੇ ਬਾਰੇ ਸੁਣਿਆ ਤਾਂ ਮਤਾ ਪਕਾਇਆ ਕਿ ਇਨ੍ਹਾਂ ਦੇ ਤੋਲ ਦੇ ਬਰਾਬਰ ਸੋਨਾ ਦੇ ਕੇ ਬੱਚਿਆਂ ਨੂੰ ਬਚਾ ਲਈਏ। ਪਰ ਇਕ ਸਿਆਣੇ ਸਿੱਖ ਨੇ ਕਿਹਾ ਕਿ ਮੁਗ਼ਲਾਂ ਨੂੰ ਤੁਸੀਂ ਨਹੀਂ ਜਾਣਦੇ, ਭਾਣਾ ਵਰਤ ਕੇ ਰਹਿਣਾ ਹੈ। ਇਹ ਸੋਨਾ ਵੀ ਰੱਖ ਲੈਣਗੇ ਤੇ ਉਨ੍ਹਾਂ ਨੂੰ ਸ਼ਹੀਦ ਵੀ ਕਰ ਦੇਣਗੇ :

ਸੀਰੰਦ ਕੀ ਸੰਗਤ ਸਭੈ, ਮਨ ਮੈਂ ਕਰਤ ਬੀਚਾਰ।
ਤੋਲ ਸੁਇਨ ਕਰ ਦੀਜੀਐ, ਕਨਕ ਯਾਹਿ ਨਿਰਧਾਰ।
ਏਕ ਸਿੱਖ ਤਬ ਯੋਂ ਕਹੀ ਸਵਰਨ ਲੇਹਿੰਗੇ ਲੂਟ।
ਹੋਵਗ ਸੋ ਗੁਰ ਨੇ ਠਟੀ, ਹਮਰੀ ਕਹਾ ਪਹੂਚ।

ਉਧਰ ਕੋਈ ਵੀ ਜੱਲਾਦ ਸਾਹਿਬਜ਼ਾਦਿਆਂ ਨੂੰ ਸ਼ਹੀਦ ਕਰਨ ਲਈ ਨਹੀਂ ਸੀ ਮੰਨ ਰਿਹਾ। ਦਿੱਲੀ ਦੇ ਸ਼ਾਹੀ ਜੱਲਾਦ ਜੋ ਸਮਾਣੇ ਦੇ ਰਹਿਣ ਵਾਲੇ ਸਨ, ਸਾਸ਼ਲ ਬੇਗ ਤੇ ਬਾਸ਼ਲ ਬੇਗ 'ਤੇ ਇਕ ਕਤਲ ਦੇ ਸੰਬੰਧ ਵਿਚ ਸਰਹਿੰਦ ਦੀ ਕਚਹਿਰੀ ਵਿਚ ਮੁਕੱਦਮਾ ਚੱਲ ਰਿਹਾ ਸੀ। ਨਵਾਬ ਵਜ਼ੀਰ ਖਾਂ ਨੇ ਉਨ੍ਹਾਂ ਦਾ ਮੁਕੱਦਮਾ ਬਰਖ਼ਾਸਤ ਕਰਨ ਦੀ ਸ਼ਰਤ ਉੱਤੇ ਉਨ੍ਹਾਂ ਨੂੰ ਸਾਹਿਬਜ਼ਾਦਿਆਂ ਨੂੰ ਜ਼ਿਬਾਹ ਕਰਨ ਲਈ ਮਨਾ ਲਿਆ। ਇਸ ਤਰ੍ਹਾਂ ਪਹਿਲਾਂ ਮਾਸੂਮ ਸਾਹਿਬਜ਼ਾਦਿਆਂ ਨੂੰ ਜ਼ਿੰਦਾ ਹੀ ਕੰਧਾਂ ਵਿਚ ਚਿਣ ਦਿੱਤਾ ਅਤੇ ਬਾਅਦ ਵਿਚ ਜ਼ਿਬਾਹ ਕਰ ਕੇ ਸ਼ਹੀਦ ਕਰ ਦਿੱਤਾ ਗਿਆ। ਦੁਨੀਆ ਭਰ ਦੇ ਅਨੇਕਾਂ ਤਰ੍ਹਾਂ ਦੇ ਲਾਲਚਾਂ ਅਤੇ ਖਿੱਚਾਂ ਦਾ ਸਾਹਿਬਜ਼ਾਦਿਆਂ ਦੇ ਦ੍ਰਿੜ੍ਹ ਇਰਾਦਿਆਂ ਉੱਤੇ ਕੋਈ ਫ਼ਰਕ ਨਹੀਂ ਪਿਆ। ਇਸ ਦਾ ਵੱਡਾ ਕਾਰਨ ਉਹ ਪਿਤਾ-ਪੁਰਖੀ ਪੂੰਜੀ ਸੀ, ਜੋ ਉਨ੍ਹਾਂ ਨੇ ਆਪਣੇ ਵਡੇਰਿਆਂ ਤੋਂ ਪ੍ਰਾਪਤ ਕੀਤੀ ਸੀ। ਨਿਰਸੰਦੇਹ ਹੀ ਸ਼ਾਂਤੀ ਦੇ ਪੁੰਜ ਸ੍ਰੀ ਗੁਰੂ ਅਰਜਨ ਦੇਵ ਜੀ, ਸ੍ਰੀ ਗੁਰੂ ਤੇਗ ਬਹਾਦਰ ਜੀ, ਭਾਈ ਸਤੀ ਦਾਸ ਜੀ, ਭਾਈ ਮਤੀ ਦਾਸ ਜੀ ਆਦਿ ਦੁਆਰਾ ਦਿੱਤੀਆਂ ਸ਼ਹੀਦੀਆਂ ਬੱਚਿਆਂ ਦੇ ਮਨ ਨੂੰ ਅਡੋਲ ਰੱਖਣ ਵਿਚ ਸਹਾਈ ਹੋਈਆਂ। ਹਿੰਦੀ ਦੇ ਰਾਸ਼ਟਰ ਕਵੀ ਮੈਥਲੀ ਸ਼ਰਨ ਗੁਪਤ ਨੇ ਆਪਣੇ ਮਹਾਂ ਕਾਵਯ (ਭਾਰਤ ਭਾਰਤੀ) ਵਿਚ ਇਸ ਦਾ ਵਰਣਨ ਕਰਦੇ ਹੋਏ ਲਿਖਿਆ ਹੈ ਕਿ :

ਜਿਸ ਕੁਲ ਜਾਤਿ ਕੌਮ ਕੇ ਬੱਚੇ, ਦੇ ਸਕਤੇ ਹੋਂ ਯੂੰ ਬਲੀਦਾਨ,
ਉਸ ਕਾ ਵਰਤਮਾਨ ਕੁਛ ਭੀ ਹੋ, ਪਰ ਭਵਿਸ਼ਯ ਹੈ ਮਹਾਂ ਮਹਾਨ।

ਭਾਈ ਰਤਨ ਸਿੰਘ (ਭੰਗੂ) 'ਪ੍ਰਾਚੀਨ ਪੰਥ ਪ੍ਰਕਾਸ਼' ਵਿਚ ਲਿਖਦੇ ਹਨ :

ਹੁਤੇ ਉਹਾਂ ਥੋ ਛੁਰਾ ਇਕ ਵਾਰੇ, ਦੈ ਗੋਡੇ ਹੇਠ, ਕਰ ਜਿਬਾਹ ਡਾਰੇ।
ਤੜਫ ਗਈ ਜਿੰਦ ਉਡਾਇ, ਇਮ ਸ਼ੀਰ ਖੋਰ ਦੁਇ ਦਏ ਕਤਲਾਇ।

'ਸੂਰਜ ਪ੍ਰਕਾਸ਼' ਦੇ ਕਰਤਾ ਭਾਈ ਸੰਤੋਖ ਸਿੰਘ ਜੀ ਅਨੁਸਾਰ :

ਅਧਮ ਤਬੈ ਤਲਵਾਰ ਚਲਾਈ। ਸਿਰ ਜੋਰਾਬਰ ਦਯੋ ਗਿਰਾਈ।
ਬਹੁਰ ਦੂਸਰੇ ਵਾਰ ਪ੍ਰਭਾਰਾ। ਫਤੇ ਸਿੰਘ ਦੇ ਸੀਸ ਉਤਾਰਾ।

ਭਾਈ ਸੁੱਖਾ ਸਿੰਘ, 'ਗੁਰ ਬਿਲਾਸ' ਵਿਚ ਲਿਖਦੇ ਹਨ :-

ਦੋਉ ਸੀਸਨ ਕੇ ਸੀਸ ਉਤਾਰੀ, ਦਏ ਕਾਟ ਉਨ ਅਧਮ ਗਵਾਰੀ।

ਬੱਚਿਆਂ ਦੀ ਸ਼ਹੀਦੀ ਦੀ ਖ਼ਬਰ ਮਾਤਾ ਗੁਜਰੀ ਜੀ ਪਾਸ ਪਹੁੰਚਾਉਣ ਲਈ ਦੀਵਾਨ ਟੋਡਰ ਮੱਲ ਨੂੰ ਕਿਹਾ ਗਿਆ ਜੋ ਕਿ ਇਕ ਸਫ਼ਲ ਵਪਾਰੀ ਸੀ ਅਤੇ ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ ਦਾ ਅਨੁਯਾਈ ਸੀ। ਉਸ ਨੇ ਭਰੇ ਮਨ ਨਾਲ ਮਾਤਾ ਜੀ ਨੂੰ ਇਹ ਕਹਿਰ ਦੀ ਖ਼ਬਰ ਸੁਣਾਈ ਤਾਂ ਉਹ ਠੰਡੇ ਬੁਰਜ ਵਿਚ ਬੰਦ ਕਹਿਰ ਦੀ ਠੰਡ ਅਤੇ ਕੁਝ ਇਸ ਕਹਿਰ ਦੀ ਖ਼ਬਰ ਨੂੰ ਨਾ ਸਹਾਰਦੇ ਹੋਏ ਆਪਣਾ ਪੰਜ ਭੂਤਕ ਬਿਰਧ ਸਰੀਰ ਤਿਆਗ ਕੇ ਰੱਬੀ ਜੋਤ ਵਿਚ ਸਮਾ ਗਏ। ਬੱਚਿਆਂ ਨੂੰ ਸ਼ਹੀਦ ਕਰ ਕੇ ਉਨ੍ਹਾਂ ਦੀਆਂ ਅਤੇ ਮਾਤਾ ਜੀ ਦੀਆਂ ਮ੍ਰਿਤਕ ਦੇਹਾਂ ਨੂੰ ਬਾਹਰ ਰੱਖ ਦਿੱਤਾ ਗਿਆ। ਦੀਵਾਨ ਟੋਡਰ ਮੱਲ ਨੇ ਜ਼ੋਖਮ ਉਠਾਉਂਦੇ ਹੋਏ ਵਜ਼ੀਰ ਖਾਂ ਪਾਸ ਮਾਸੂਮ ਬੱਚਿਆਂ ਅਤੇ ਮਾਤਾ ਜੀ ਦਾ ਅੰਤਮ ਸਸਕਾਰ ਕਰਨ ਦੀ ਇੱਛਾ ਪ੍ਰਗਟ ਕੀਤੀ। ਵਜ਼ੀਰ ਖਾਂ ਵੱਲੋਂ ਤੁਰੰਤ ਇਕ ਫ਼ੁਰਮਾਨ ਜਾਰੀ ਕਰ ਦਿੱਤਾ ਗਿਆ ਕਿ ਇਨ੍ਹਾਂ ਦਾ ਅੰਤਮ ਸਸਕਾਰ ਸਰਹਿੰਦ ਦੀ ਧਰਤੀ ਉੱਤੇ ਨਹੀਂ ਕੀਤਾ ਜਾ ਸਕਦਾ ਕਿਉਂਕਿ ਇਹ ਸਾਰੀ ਧਰਤੀ ਮੁਗ਼ਲ ਸਲਤਨਤ ਦੀ ਹੈ। ਸਸਕਾਰ ਲਈ ਦੀਵਾਨ ਟੋਡਰ ਮੱਲ ਨੇ ਜਗ੍ਹਾ ਖਰੀਦਣ ਦੀ ਪੇਸ਼ਕਸ਼ ਕੀਤੀ ਤਾਂ ਵਜ਼ੀਰ ਖਾਂ ਨੇ ਇਸ ਉੱਤੇ ਇਕ ਬਹੁਤ ਹੀ ਸਖ਼ਤ ਸ਼ਰਤ ਰੱਖ ਦਿੱਤੀ ਕਿ ਜਿੰਨੀ ਧਰਤੀ ਖਰੀਦਣੀ ਹੈ, ਉਤਨੀ ਉੱਤੇ ਖੜ੍ਹੇ ਰੁਖ਼ ਮੋਹਰਾਂ ਚਿਣੀਆਂ ਜਾਣ। ਦੀਵਾਨ ਟੋਡਰ ਮੱਲ ਨੇ ਆਪਣੇ ਸਾਰੇ ਸਾਧਨਾਂ ਤੋਂ ਧਨ ਇਕੱਠਾ ਕਰ ਕੇ ਸਸਕਾਰ ਲਈ ਮੋਹਰਾਂ ਖੜ੍ਹੇ ਰੁਖ਼ ਚਿਣ ਕੇ ਅੱਤਾ ਨਾਂ ਦੇ ਇਕ ਜ਼ਿਮੀਂਦਾਰ ਪਾਸੋਂ ਥੋੜ੍ਹੀ ਜਿਹੀ ਜਗ੍ਹਾ ਖਰੀਦੀ, ਜਿਸ ਉੱਤੇ ਤਿੰਨਾਂ ਦਾ ਸਸਕਾਰ ਕੀਤਾ ਗਿਆ। ਇਸ ਤੋਂ ਬਾਅਦ ਵਜ਼ੀਰ ਖ਼ਾਂ ਦਾ ਗੁੱਸਾ ਦੀਵਾਨ ਟੋਡਰ ਮੱਲ ਉੱਤੇ ਕਹਿਰ ਬਣ ਕੇ ਟੁੱਟਿਆ, ਜਿਸ ਕਾਰਨ ਉਸ ਨੂੰ ਸਖ਼ਤ ਪ੍ਰਸਥਿਤੀਆਂ 'ਚੋਂ ਗੁਜ਼ਰਨਾ ਪਿਆ।

'ਸੂਰਜ ਪ੍ਰਕਾਸ਼' ਦੇ ਕਰਤਾ ਚੂੜਾਮਣਿ ਭਾਈ ਸੰਤੋਖ ਸਿੰਘ ਜੀ ਨੇ ਜ਼ਿਕਰ ਕੀਤਾ ਹੈ ਕਿ ਜਦੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਰਾਏਕੋਟ ਤੋਂ ਮਾਹੀ ਨੂੰ ਸਰਹਿੰਦ ਦਾ ਹਾਲ ਪਤਾ ਕਰਨ ਲਈ ਭੇਜਿਆ ਤਾਂ ਉਸ ਨੇ ਜਾ ਕੇ ਦੱਸਿਆ ਕਿ ਉਸ ਨਿਭਾਗੇ ਦਿਨ ਬਾਬੇ ਫੂਲ ਦਾ ਪੁੱਤਰ ਤਰਲੋਕ ਸਿੰਘ ਸਰਹਿੰਦ ਸਰਕਾਰੀ ਮਾਮਲਾ ਤਾਰਨ ਆਇਆ ਹੋਇਆ ਸੀ। ਉਸ ਨੇ ਮਾਤਾ ਜੀ ਅਤੇ ਦੋਵੇਂ ਸਾਹਿਬਜ਼ਾਦਿਆਂ ਦੇ ਸਰੀਰਾਂ ਦਾ ਬੜੇ ਸਤਿਕਾਰ ਨਾਲ ਸਸਕਾਰ ਕਰਨ ਵਿਚ ਸਾਥ ਦਿੱਤਾ।

***

## ਵਿਸ਼ਵਨਾਥਨ ਆਨੰਦ ਅਤੇ

ਬਣਨ ਦੀ ਜ਼ਬਰਦਸਤ ਸਮਰੱਥਾ ਹੈ। ਅੱਗੇ ਆਉਣ ਵਾਲੇ ਸਾਲਾਂ 'ਚ ਇਹ ਵੀ ਸੰਭਵ ਹੈ ਕਿ ਵਿਸ਼ਵ ਕਲਾਸਿਕ ਖ਼ਿਤਾਬ ਲਈ ਦੋ ਭਾਰਤੀ ਹੀ ਆਹਮੋ-ਸਾਹਮਣੇ ਹੋਣ। ਆਨੰਦ ਇਸ ਸਮੇਂ ਵੈਸਟਬ੍ਰਿਜ ਆਨੰਦ ਚੈੱਸ ਅਕਾਦਮੀ ਵਿਚ ਅੱਠ ਭਾਰਤੀ ਨੌਜਵਾਨਾਂ ਨੂੰ ਸਿਖਲਾਈ ਦੇ ਰਹੇ ਹਨ, ਜਿਨ੍ਹਾਂ ਵਿਚ ਗੁਕੇਸ਼ ਵੀ ਸ਼ਾਮਿਲ ਹਨ। ਇਸ ਅਕਾਦਮੀ ਨੂੰ ਆਨੰਦ ਨੇ ਦਸੰਬਰ 2020 ਵਿਚ ਸ਼ੁਰੂ ਕੀਤਾ ਸੀ। ਦੱਸਣਯੋਗ ਹੈ ਕਿ ਇਸ ਸਾਲ ਗੁਕੇਸ਼, ਅਰਜੁਨ ਐਰੀਗੈਸੀ ਤੇ ਆਰ. ਪ੍ਰਗਿਆਨੰਦ ਵਿਸ਼ਵ ਦੇ ਨੰਬਰ ਇਕ ਖਿਡਾਰੀ ਮੈਗਨਸ ਕਾਰਲਸਨ ਨੂੰ ਹਰਾ ਚੁੱਕੇ ਹਨ, ਜਿਸ ਕਾਰਨ ਆਨੰਦ ਭਾਰਤ 'ਚ ਸ਼ਤਰੰਜ ਦੇ ਭਵਿੱਖ ਨੂੰ ਲੈ ਕੇ ਕਾਫ਼ੀ ਉਤਸ਼ਾਹਿਤ ਹਨ। ਆਨੰਦ ਦਾ ਕਹਿਣਾ ਹੈ ਕਿ ਇਸ ਸਮੇਂ ਸਾਡੇ ਕੋਲ ਸ਼ਤਰੰਜ ਦੀ ਸੁਨਹਿਰੀ ਪੀੜ੍ਹੀ ਹੈ। ਗੁਕੇਸ਼ ਵਿਸ਼ਵ ਵਿਚ 18ਵੀਂ ਦਰਜਾਬੰਦੀ ਤੱਕ ਪਹੁੰਚ ਚੁੱਕੇ ਹਨ। ਉਹ ਸੰਸਾਰ ਦੇ ਸਿਖਰਲੇ 25 ਖਿਡਾਰੀਆਂ 'ਚ ਸ਼ਾਮਿਲ ਹਨ। ਅਰਜੁਨ ਉਨ੍ਹਾਂ ਵਿਚੋਂ ਇਕ ਜਾਂ ਦੋ ਅੰਕ ਹੀ ਪਿੱਛੇ ਹਨ। ਫਿਰ ਨਿਹਾਲ ਸਰੀਨ ਤੇ ਪ੍ਰਗਿਆਨੰਦ ਵੀ ਹਨ। ਪ੍ਰਗਿਆਨੰਦ ਨੇ ਤਾਂ ਇਸੇ ਸਾਲ ਕਾਰਲਸਨ ਨੂੰ ਪੰਜ ਵਾਰ ਹਰਾਇਆ ਹੈ। ਆਨੰਦ ਅਨੁਸਾਰ ਕਾਰਲਸਨ ਇਨ੍ਹਾਂ ਮੁਕਾਬਲਿਆਂ ਨੂੰ ਨਿੱਜੀ ਤੌਰ 'ਤੇ ਲੈਂਦੇ ਹਨ। ਇਹ ਗੱਲਾਂ ਇਨ੍ਹਾਂ ਨੌਜਵਾਨਾਂ ਨੂੰ ਬਹੁਤ ਆਤਮ-ਵਿਸ਼ਵਾਸ ਪ੍ਰਦਾਨ ਕਰਨਗੀਆਂ। ਜੇਕਰ ਸਾਡੇ ਨੌਜਵਾਨ ਖਿਡਾਰੀ ਇਕ-ਦੂਜੇ ਨੂੰ ਚੁਣੌਤੀ ਦਿੰਦੇ ਰਹਿਣਗੇ ਤਾਂ ਉਹ ਸਾਰੇ ਸਿਖਰ 'ਤੇ ਪਹੁੰਚਣ ਲਈ ਪ੍ਰੇਰਿਤ ਹੋਣਗੇ। ਆਨੰਦ ਇਨ੍ਹਾਂ ਖਿਡਾਰੀਆਂ ਨੂੰ ਕੁਝ ਲੰਬੇ ਸਮੇਂ ਲਈ ਸਿਖਲਾਈ ਦਿੰਦੇ ਰਹਿਣਗੇ।

***

## ਪੱਤਰਕਾਰ ਰਵੀਸ਼ ਕੁਮਾਰ ਦਾ

ਕਿਸੇ ਸਮੇਂ ਗ਼ਦਰ ਪਾਰਟੀ ਦੇ ਪ੍ਰਧਾਨ ਬਾਬਾ ਸੋਹਣ ਸਿੰਘ ਭਕਨਾ ਨੂੰ, ਸੰਤਾਲੀ ਮਗਰੋਂ ਦੇਸ਼ ਦੇ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਵੱਲੋਂ ਪੁੱਛੇ ਇਸ ਸਵਾਲ ਕਿ ਬਾਬਾ ਜੀ, ਤੁਹਾਡੀ ਕਮਰ ਝੁਕ ਗਈ ਹੈ, ਦੇ ਜਵਾਬ 'ਚ ਬਾਬਾ ਭਕਨਾ ਨੇ ਕਿਹਾ ਸੀ 'ਅੰਗਰੇਜ਼ ਤਾਂ ਉਨ੍ਹਾਂ ਦੀ ਪਿੱਠ 'ਚ ਕੁੱਬ ਨਾ ਪਾ ਸਕੇ, ਪਰ ਆਜ਼ਾਦ ਦੇਸ਼ ਦੀ ਆਪਣੀ ਸਰਕਾਰ ਨੇ ਜ਼ਰੂਰ ਪਾ ਦਿੱਤਾ।' ਅੱਜ ਜੇਲ੍ਹਾਂ ਅੰਦਰ ਤਾੜੇ ਬੁੱਧੀਜੀਵੀ, ਅਪਾਹਜ ਵਿਅਕਤੀ ਅਤੇ ਸਿਆਸੀ ਆਲੋਚਕ ਵੀ ਬਾਬਾ ਭਕਨਾ ਵਾਂਗ ਹੀ ਮਹਿਸੂਸ ਕਰ ਰਹੇ ਹਨ। 'ਸ਼ੇਰਾਂ ਦੀ ਮਾਰਾਂ ਤੇ ਗਿੱਦੜਾਂ ਦੀਆਂ ਕਲੋਲਾਂ' ਵਾਂਗ ਜਿਹੜੇ ਕੋੜਮੇ ਨੇ ਅਜ਼ਾਦੀ 'ਚ ਹਿੱਸਾ ਪਾਉਣ ਦੀ ਥਾਂ, ਅੰਗਰੇਜ਼-ਪ੍ਰਸਤੀ ਕੀਤੀ, ਅੱਜ ਉਹ ਅਜ਼ਾਦੀ ਦੇ ਪ੍ਰਵਾਨਿਆਂ ਤੋਂ 'ਦੇਸ਼ ਪਿਆਰ' ਦੇ ਪ੍ਰਮਾਣ ਮੰਗ ਰਹੇ ਹਨ। ਦੇਸ਼ ਅੰਦਰ ਗਰੀਬੀ, ਅਨਪੜ੍ਹਤਾ, ਬੇਰੁਜ਼ਗਾਰੀ, ਸਿਆਸਤ ਦਾ ਅਪਰਾਧੀਕਰਨ, ਭ੍ਰਿਸ਼ਟਾਚਾਰ, ਜਬਰ-ਜਿਨਾਹ ਅਤੇ ਥਾਂ-ਥਾਂ ਮਨੁੱਖੀ ਕਤਲੇਆਮ ਹੋ ਰਹੇ ਹਨ। ਅਜਿਹੀ ਹਾਲਤ 'ਚ ਹਰ ਬਸ਼ਰ ਦੇ ਜ਼ਿਹਨ 'ਚ ਅਲਾਮਾ ਇਕਬਾਲ ਦਾ ਇਹ ਸ਼ੇਅਰ ਚੋਟਾਂ ਮਾਰ ਰਿਹਾ ਹੈ,

'ਮੁੱਦਤੇਂ ਗੁਜ਼ਰੀ ਹੈਂ ਇਤਨੀ ਰੰਜੋ ਗਮ ਸਹਿਤੇ ਹੂਏ।
ਸ਼ਰਮ ਸੀ ਆਤੀ ਹੈ ਇਸ ਵਤਨ ਕੋ ਵਤਨ ਕਹਿਤੇ ਹੁਏ।'

'ਬੋਲ ਬੰਦਿਆ' ਰਾਹੀਂ ਰਵੀਸ਼ ਕੁਮਾਰ ਨੇ ਮੁੱਖ ਧਾਰਾ ਮੀਡੀਆ ਦੀ ਅਸਲੀਅਤ ਨੂੰ ਬਿਆਨ ਕਰਦਿਆਂ ਸਹੀ ਕਿਹਾ ਹੈ ਕਿ ਹੁਣ ਖੌਫ ਤੋਂ ਅਜ਼ਾਦੀ ਦਾ ਮਾਅਨਾ ਮੁੱਖ ਧਾਰਾ ਦੇ ਮੀਡੀਆ ਤੋਂ ਅਜ਼ਾਦੀ ਹੈ। ਵਿਕਾਊ ਤੇ ਗੋਦੀ ਮੀਡੀਏ ਦੀ ਦਿਸ਼ਾ ਅਤੇ ਦਸ਼ਾ ਬਾਰੇ ਪੱਤਰਕਾਰ ਨੇ ਕਰਾਰੀ ਚੋਟ ਕੀਤੀ ਹੈ। ਦੇਸ਼ ਅੰਦਰ ਫੈਲੇ ਪਾਖੰਡਵਾਦ ਅਤੇ ਬਾਬਾਵਾਦ ਬਾਰੇ ਪੱਤਰਕਾਰ ਵਿਅੰਗ ਭਰਪੂਰ ਟਿੱਪਣੀ ਕਰਦਾ ਆਖਦਾ ਹੈ :-

'ਸਾਡੇ ਦੌਰ 'ਚ ਕਈ ਤਰ੍ਹਾਂ ਦੇ ਗੁਰਮੀਤ ਰਾਮ ਰਹੀਮ, ਕਈ ਤਰ੍ਹਾਂ ਦੀ ਅਤਰ ਫੁਲੇਲਾਂ ਵਿੱਚ ਲਿਪਟੇ ਹੋਏ ਮਿਲ ਜਾਂਦੇ ਹਨ। ਇਸ ਨੂੰ ਦਿਲ ਉੱਤੇ ਲਗਾਉਣ ਦੀ ਲੋੜ ਨਹੀਂ। ਇਹ ਇੰਡੀਆ ਹੈ।'

***

## ਕੋਰੋਨਾ ਵੈਕਸੀਨ ਦੇ ਬੁਰੇ-ਪ੍ਰਭਾਵਾਂ

ਜਦਕਿ ਹੋਰਨਾਂ ਦੇਸ਼ਾਂ ਵਿੱਚ ਇਹ ਅੰਕੜਾ 0.03 ਤੋਂ 0.05 ਤੱਕ ਹੈ। ਪਰ ਸਰਕਾਰ ਦੇ ਆਪਣੇ ਅੰਕੜਿਆਂ ਮੁਤਾਬਕ ਇਸ ਵੈਕਸੀਨ ਦੇ ਗੰਭੀਰ ਬੁਰੇ-ਪ੍ਰਭਾਵਾਂ ਦੇ 89,231 ਮਾਮਲੇ ਸਾਹਮਣੇ ਆਏ ਹਨ ਜਿਨ੍ਹਾਂ ਵਿੱਚੋਂ 1148 ਲੋਕਾਂ ਦੀ ਮੌਤ ਹੋਈ ਹੈ। ਪਰ ਇਹ ਅੰਕੜਾ ਖੁਦ ਸਰਕਾਰ ਦੀ ਕੋਵਿਨ ਐਪ ਦੇ ਅੰਕੜਿਆਂ ਨਾਲ ਮੇਲ ਨਹੀਂ ਖਾਂਦਾ।

ਭਾਰਤ ਵਿੱਚ ਇਸ ਵੈਕਸੀਨ ਦੇ ਬੁਰੇ-ਪ੍ਰਭਾਵਾਂ ਦੇ ਘੱਟ ਮਾਮਲੇ ਸਾਹਮਣੇ ਆਉਣ ਦਾ ਕਾਰਨ ਇਹ ਹੈ ਕਿ ਇੱਥੇ ਸਰਕਾਰ ਜਾਣਬੁੱਝ ਕੇ ਇਨ੍ਹਾਂ ਮਾਮਲਿਆਂ ਨੂੰ ਲੁਕਾ ਰਹੀ ਹੈ। ਹੈਦਰਾਬਾਦ ਦੀ ਰਹਿਣ ਵਾਲੀ ਰੀਥਾਇਕਾ ਜਿਸਨੇ ਅਜੇ ਸਿਰਫ 12ਵੀਂ ਜਮਾਤ ਪਾਸ ਕੀਤੀ ਸੀ, ਜੂਨ 2021 ਵਿੱਚ ਉਸਦੀ ਇਸ ਵੈਕਸੀਨ ਨੂੰ ਲਗਵਾਉਣ ਤੋਂ ਕੁੱਝ ਹਫਤੇ ਬਾਅਦ ਹੀ ਦਿਮਾਗ ਵਿੱਚ ਖੂਨ ਦੇ ਥੱਕੇ ਬਣਨ ਕਾਰਨ ਮੌਤ ਹੋ ਗਈ। ਉਸਦੇ ਘਰਦਿਆਂ ਨੂੰ ਹਸਪਤਾਲ ਵੱਲੋਂ ਉਸਦੀ ਮੌਤ ਦਾ ਅਸਲ ਕਾਰਨ ਵੀ ਨਹੀਂ ਦੱਸਿਆ ਗਿਆ। ਇੱਥੋਂ ਤੱਕ ਕਿ ਪੋਸਟਮਾਰਟਮ ਰਿਪੋਰਟ ਵੀ ਉਸਦੇ ਘਰਦਿਆਂ ਨਾਲ ਸਾਂਝੀ ਨਹੀਂ ਕੀਤੀ ਗਈ। ਆਪਣੀ ਬੇਟੀ ਦੀ ਮੌਤ ਦੇ ਅਸਲ ਕਾਰਨ ਨੂੰ ਜਾਨਣ ਲਈ ਉਸਦੇ ਪਿਤਾ ਨੂੰ 3 ਵਾਰ ਭਾਰਤ ਅਤੇ ਸੂਬਾ ਸਰਕਾਰ ਕੋਲ ਸੂਚਨਾ ਅਧਿਕਾਰ ਕਨੂੰਨ ਤਹਿਤ ਅਰਜੀ ਦਾਖਲ ਕਰਨੀ ਪਈ। ਭਾਰਤ ਵਿੱਚ ਇਸ ਤਰ੍ਹਾਂ ਦੇ ਹੋਰ ਵੀ ਹਜ਼ਾਰਾਂ ਮਾਮਲੇ ਸਰਕਾਰ ਦੀ ਅਣਗਹਿਲੀ ਅਤੇ ਸੱਚ ਨੂੰ ਲੁਕਾਉਣ ਦੀ ਆਦਤ ਕਾਰਨ ਸਾਹਮਣੇ ਨਹੀਂ ਆਏ।

**ਕੀ ਹੈ ਇਸ ਵੈਕਸੀਨ ਦਾ ਮਾੜੇ-ਪ੍ਰਭਾਵ ?**

ਇਸ ਵੈਕਸੀਨ ਨੂੰ ਲਗਵਾਉਣ ਵਾਲੇ ਕੁੱਝ ਲੋਕਾਂ, ਕਾਰਨ ਖਾਸਕਰ ਘੱਟ ਉਮਰ ਦੇ ਲੋਕਾਂ ਵਿੱਚ ਥਰੋਂਬੋਸਿਸ ਥਰੋਂਬੋਸਿਟੋਪੀਨੀਆ ਨਾਮਕ ਇੱਕ ਖਤਰਨਾਕ ਬਿਮਾਰੀ ਹੋਣ ਦੀ ਸੰਭਾਵਨਾ ਵਧ ਜਾਂਦੀ ਹੈ। ਇਸ ਬਿਮਾਰੀ ਕਾਰਨ ਸਰੀਰ ਦੇ ਜ਼ਰੂਰੀ ਅੰਗ ਜਿਵੇਂ ਦਿਮਾਗ, ਫੇਫੜੇ ਆਦਿ ਵਿੱਚ ਖੂਨ ਦੇ ਥੱਕੇ ਬਣਨ ਲੱਗਦੇ ਹਨ ਅਤੇ ਮਰੀਜ ਦੇ ਖੂਨ ਵਿੱਚ ਪਲੇਟਲੈਟਸ ਦੀ ਮਾਤਰਾ ਖਤਰਨਾਕ ਹੱਦ ਤੱਕ ਘਟ ਜਾਂਦੀ ਹੈ। ਸਿਹਤ ਵਿਗਿਆਨੀਆਂ ਮੁਤਾਬਕ ਇਹ ਪਤਾ ਲਗਾਉਣਾ ਔਖਾ ਹੈ ਕਿ ਇਹ ਬਿਮਾਰੀ ਕਿਸ ਵਿਅਕਤੀ ਨੂੰ ਪ੍ਰਭਾਵਿਤ ਕਰੇਗੀ। ਇਹ ਬਿਮਾਰੀ ਇੱਕ ਤਰ੍ਹਾਂ ਦੀ ਸਵੈ-ਪ੍ਰਤੀਰੋਧ ਬਿਮਾਰੀ ਹੈ।

ਕੋਰੋਨਾ ਤੋਂ ਬਚਾਉਣ ਵਾਲੀਆਂ ਵੈਕਸੀਨਾਂ ਦੇ ਮਾਮਲੇ ਵਿੱਚ ਇਸ ਪ੍ਰਕਿਰਿਆ ਨੂੰ ਲਗਭਗ 1 ਸਾਲ ਦੇ ਵਿੱਚ ਹੀ ਖਤਮ ਕਰ ਦਿੱਤਾ ਗਿਆ। ਸਤੰਬਰ 2020 ਵਿੱਚ ਸ਼ੁਰੂਆਤੀ ਟੈਸਟਾਂ ਵਿੱਚ ਹੀ ਇਸ ਵੈਕਸੀਨ ਦੇ ਮਾਰੂ ਪ੍ਰਭਾਵ ਸਾਹਮਣੇ ਆ ਗਏ ਸਨ ਜਿਸ ਤੋਂ ਬਾਅਦ ਕੁੱਝ ਸਮਾਂ ਇਸਦੇ ਪ੍ਰੀਖਣ ਬੰਦ ਕਰ ਦਿੱਤੇ ਗਏ ਪਰ ਫਿਰ ਕੁੱਝ ਸਮੇਂ ਬਾਅਦ ਹੀ ਇਨ੍ਹਾਂ ਨੂੰ ਮਾਮੂਲੀ ਕਹਿ ਕੇ ਵੈਕਸੀਨ ਬਣਾਉਣ ਦੀ ਪ੍ਰਕਿਰਿਆ ਫਿਰ ਤੋਂ ਚਾਲੂ ਹੋ ਗਈ। ਜਲਦੀ ਮੁਨਾਫੇ ਦੀ ਦੌੜ ਵਿੱਚ ਦਵਾ ਕੰਪਨੀਆਂ ਨੇ ਸਾਰੇ ਨਿਯਮ-ਪੈਮਾਨੇ ਤੋੜ ਕੇ ਇਸ ਨੂੰ ਛੇਤੀ ਤੋਂ ਛੇਤੀ ਮੰਡੀ ਵਿੱਚ ਉਤਾਰਨ ਦੀ ਕਾਹਲ ਵਿਖਾਈ। ਲੋਕਾਂ ਨੂੰ ਇਸ ਵੈਕਸੀਨ ਨੂੰ ਲਗਵਾਉਣ ਲਈ ਮਜ਼ਬੂਰ ਕਰਨ ਲਈ ਹਾਕਮਾਂ ਦੇ ਪਾਲਤੂ ਮੀਡੀਆ ਨੇ ਟੀਵੀ ਉੱਤੇ ਸਾਰਾ-ਸਾਰਾ ਦਿਨ ਲਾਸ਼ਾਂ ਨਾਲ ਭਰੇ ਸ਼ਮਸ਼ਾਨ, ਹਸਪਤਾਲ ਦਿਖਾਏ। ਮੁਨਾਫੇ ਦੀ ਕਾਹਲ ਵਿੱਚ ਲੋਕਾਂ ਦੀ ਸਿਹਤ ਪਿੱਛੇ ਰਹਿ ਗਈ।

ਇਸ ਤੋਂ ਬਿਨਾ ਹੁਣ ਇਹ ਚੰਗੀ ਤਰ੍ਹਾਂ ਸਪੱਸ਼ਟ ਹੋ ਗਿਆ ਹੈ ਕਿ ਕਰੋਨਾ ਕੋਈ ਵੱਡੀ ਅਤੇ ਖਤਰਨਾਕ ਮਹਾਂਮਾਰੀ ਨਹੀਂ ਸੀ ਜਿਵੇਂ ਇਸਨੂੰ ਹਾਕਮਾਂ ਵੱਲੋਂ ਪ੍ਰਚਾਰਿਆ ਗਿਆ। ਜੋ ਵਾਇਰਸ ਕਰੋਨਾ ਬਿਮਾਰੀ ਕਰਦਾ ਹੈ ਉਹ ਬਹੁਤ ਤੇਜ਼ੀ ਨਾਲ ਮਿਊਟੇਟ ਹੁੰਦਾ ਹੈ ਮਤਲਬ ਬਦਲਦਾ ਹੈ।

ਵੈਕਸੀਨ ਸਿਹਤ ਵਿਗਿਆਨ ਦੀ ਇੱਕ ਮਹਾਨ ਲੱਭਤ ਹੈ ਜਿਸਦੀ ਮਦਦ ਨਾਲ ਮਨੁੱਖ ਨੇ ਪੋਲੀਓ, ਰੇਬੀਜ਼, ਹੈਜ਼ਾ, ਚੇਚਕ ਵਰਗੀਆਂ ਬਿਮਾਰੀਆਂ ਉੱਤੇ ਕਾਬੂ ਪਾਇਆ ਹੈ ਅਤੇ ਇਨਸਾਨਾਂ ਦਾ ਜੀਵਨ ਪੱਧਰ ਉੱਚਾ ਕੀਤਾ ਹੈ ਪਰ ਵਿਗਿਆਨ ਦੀਆਂ ਬਾਕੀ ਕਾਢਾਂ ਵਾਂਗ, ਅੱਜ ਦੇ ਸਰਮਾਏਦਾਰੀ ਸਮਾਜ ਵਿੱਚ ਇਸਦੀ ਵਰਤੋਂ ਵੀ ਮਨੁੱਖਾਂ ਦੀ ਸਿਹਤ ਅਤੇ ਜੀਵਨ ਦੇ ਸੁਧਾਰ ਲਈ ਨਹੀਂ ਸਗੋਂ ਮੁਨਾਫਾ ਕਮਾਉਣ ਲਈ ਕੀਤੀ ਜਾਂਦੀ ਹੈ। ਮੌਜੂਦਾ ਸਮੇਂ ਵਿੱਚ ਦਵਾ ਸਨਅਤ ਇੱਕ ਬਹੁਤ ਹੀ ਵੱਧ ਮੁਨਾਫੇ ਵਾਲਾ ਵਪਾਰ ਹੈ। ਸਰਕਾਰਾਂ ਵੀ ਆਪਣੇ ਜਮਾਤੀ ਖਾਸੇ ਕਾਰਨ ਇਨ੍ਹਾਂ ਦੀ ਹੀ ਚਾਕਰੀ ਕਰਦੀਆਂ ਹਨ। ਜਿਨ੍ਹਾਂ ਵੀ ਲੋਕਾਂ ਦੀ ਮੌਤ ਇਸ ਵੈਕਸੀਨ ਨਾਲ ਜੁੜੇ ਮਾੜੇ-ਪ੍ਰਭਾਵਾਂ ਕਾਰਨ ਹੋਈ ਹੈ, ਉਨ੍ਹਾਂ ਲਈ ਇਹ ਸਰਕਾਰਾਂ, ਇਹ ਦਵਾ ਕੰਪਨੀਆਂ ਅਤੇ ਮੁਨਾਫੇ 'ਤੇ ਟਿਕਿਆ ਇਹ ਢਾਂਚਾ ਜ਼ਿੰਮੇਵਾਰ ਹੈ।


ਰੋਜ਼ਾਨਾ ਦੇਸ਼-ਵਿਦੇਸ਼ ਦੇ ਰਾਜਨੀਤਕ, ਧਾਰਮਿਕ ਜਾਂ ਸੱਭਿਆਚਾਰਕ ਮੁੱਦਿਆਂ ਬਾਰੇ
ਜਾਣੋ ਪਲ ਪਲ ਦੀ ਖਬਰ
AJJ DA
MUDDA
ON
jus
PUNJABI HD
sling
CREDIBILITY
RELIABILITY
Minute to Minute Coverage of Punjab Elections
Punjabi Super Pack
20 channels for only $25/month on
sling
SCAN ME TO SUBSCRIBE
Get 30% off ANY Pack for the first month! w/code: SLINGER854
To Subscribe Call: +1-718-752-9290
Visit: sling.com/juspunjabi
for advertisement & more information call: +1-718-752-9293
www.jusbroadcasting.com